EVEREST TRANSPORT INC
We are Hiring
Company Drivers
Solo driver 50 cents per miles+Safety Bonus
*3000 plus miles per week.*
Call, Goldy Ph: 260-797-1122

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
*Chat House is OPEN 7 Days *New meat shop is open now, next to big bazaar
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj Shergill
*Associate Broker*



Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 37, September 14, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਕੈਪਟਨ ਦੀ ਨਾਲਾਇਕੀ ਫਿਰ ਜੱਗ ਜਾਹਰ

**ਚੰਡੀਗੜ੍ਹ:** ਬਟਾਲਾ ਵਿਚ ਪਟਾਕਿਆਂ ਵਾਲੀ ਫੈਕਟਰੀ ਵਿਚ ਧਮਾਕੇ ਕਾਰਨ 24 ਮੌਤਾਂ ਨੇ ਕੈਪਟਨ ਸਰਕਾਰ ਦੀ ਨਾਲਾਇਕੀ ਉਤੇ ਵੱਡੇ ਸਵਾਲ ਚੁੱਕੇ ਹਨ। ਸਰਕਾਰ ਭਾਵੇਂ ਮ੍ਰਿਤਕਾਂ ਦੇ ਵਾਰਸਾਂ ਲਈ ਸਹਾਇਤਾ ਦੀ ਕੁਝ ਰਕਮ ਤੇ ਨਿਆਇਕ ਜਾਂਚ ਦੇ ਹੁਕਮ ਦੇ ਕੇ ਆਪਣੀ ਜ਼ਿੰਮੇਵਾਰੀ ਨਬੇੜ ਬੈਠੀ ਹੈ ਪਰ ਸਵਾਲ ਉਠ ਰਹੇ ਹਨ ਕਿ ਭੀੜ-ਭੜੱਕੇ ਵਾਲੇ ਇਲਾਕੇ ਵਿਚ ਬਾਰੂਦ ਨਾਲ ਭਰੀ ਇਹ ਗੈਰਕਾਨੂੰਨੀ ਫੈਕਟਰੀ ਬਾਰੇ ਪ੍ਰਸ਼ਾਸਨ ਤੇ ਪੁਲਿਸ ਨੂੰ ਕੋਈ ਜਾਣਕਾਰੀ ਨਹੀਂ ਸੀ? ਰਿਹਾਇਸ਼ੀ ਖੇਤਰ ਵਿਚ ਬਣੀ ਇਸ ਫੈਕਟਰੀ ਵਿਚ 2017 ਵਿਚ ਵੀ ਧਮਾਕਾ ਹੋਇਆ ਸੀ। ਹਾਦਸੇ ਵਿਚ ਇਕ ਜਣੇ ਦੀ ਮੌਤ ਹੋ ਗਈ ਸੀ ਅਤੇ ਕਈ ਜ਼ਖਮੀ ਹੋ ਗਏ ਸਨ। ਮਾਮਲਾ ਪੁਲਿਸ ਕੋਲ ਗਿਆ ਤਾਂ ਪਟਾਕਾ ਫੈਕਟਰੀ ਦੇ ਉਸ ਸਮੇਂ ਮਾਲਕ ਜਸਪਾਲ ਸਿੰਘ ਵੱਲੋਂ ਮੁਹੱਲਾ ਵਾਸੀਆਂ ਨਾਲ ਹਲਫਨਾਮੇ ਉਤੇ ਦਸਤਖਤ ਕਰ ਕੇ ਵਾਅਦਾ ਕੀਤਾ ਕਿ ਇਥੇ ਪਟਾਕੇ ਨਹੀਂ ਬਣਨਗੇ। ਇਸ ਤੋਂ ਬਾਅਦ ਪੁਲਿਸ ਨੇ ਸਮਝੌਤਾ ਕਰਵਾ ਦਿੱਤਾ ਅਤੇ ਕੋਈ ਕਾਰਵਾਈ ਨਾ ਹੋਈ ਪਰ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਇਹ ਕੰਮ ਹੁਣ ਤੱਕ ਉਸੇ ਤਰ੍ਹਾਂ ਚੱਲਦਾ ਰਿਹਾ। ਅਸਲ ਵਿਚ ਪ੍ਰਸ਼ਾਸਨ ਹੁਣ ਵੀ ਉਸੇ ਢੰਗ ਨਾਲ ਕੰਮ ਕਰ ਰਿਹਾ ਹੈ। ਇਸ ਧਮਾਕੇ ਵਿਚ ਫੈਕਟਰੀ ਦੇ ਤਿੰਨੇ ਮਾਲਕ ਭਰਾਵਾਂ ਦੀ ਪਰਿਵਾਰ ਸਮੇਤ ਮੌਤ ਹੋ ਗਈ ਹੈ।

ਹੁਣ ਪੁਲਿਸ ਇਸ ਹਿਸਾਬ ਨਾਲ ਕਾਰਵਾਈ ਕਰ ਰਹੀ ਹੈ ਕਿ ਫੈਕਟਰੀ ਮਾਲਕਾਂ ਸਿਰ ਹੀ ਦੋਸ਼ ਮੜ੍ਹੇ ਜਾਣ; ਹਾਲਾਂਕਿ ਹੁਣ ਤੱਕ ਇਹ ਸਾਫ ਹੋ ਚੁੱਕਿਆ ਹੈ ਕਿ ਸਥਾਨਕ ਪੁਲਿਸ ਤੇ ਪ੍ਰਸ਼ਾਸਨ ਨੂੰ ਇਸ ਫੈਕਟਰੀ ਬਾਰੇ ਪੂਰੀ ਜਾਣਕਾਰੀ ਸੀ।

### ਪਟਾਕਾ ਫੈਕਟਰੀ ਧਮਾਕੇ ਨੇ ਸਰਕਾਰੀ ਤੰਤਰ ਦੀਆਂ ਨਾਕਾਮੀਆਂ ਦੀ ਪੋਲ ਖੋਲ੍ਹੀ



ਫੈਕਟਰੀ ਦੇ ਨੇੜੇ ਰਹਿੰਦੇ ਲੋਕਾਂ ਨੇ ਇਸ ਸਬੰਧੀ ਕਈ ਵਾਰ ਪ੍ਰਸ਼ਾਸਨ ਕੋਲ ਪਹੁੰਚ ਕੀਤੀ ਸੀ ਪਰ ਕੋਈ ਕਾਰਵਾਈ ਨਹੀਂ ਹੋਈ। ਇਸ ਤੋਂ ਵੀ ਵੱਡੇ ਸਵਾਲ ਇਹ ਖੜ੍ਹੇ ਹੋ ਰਹੇ ਹਨ ਕਿ ਧਮਾਕੇ ਤੋਂ ਬਾਅਦ ਸਰਕਾਰ ਨੇ ਅਜਿਹੀਆਂ ਗੈਰਕਾਨੂੰਨੀ ਫੈਕਟਰੀਆਂ ਬਾਰੇ ਸਖਤੀ ਦੇ ਹੁਕਮ ਦਿੱਤੇ ਤਾਂ ਪੁਲਿਸ ਨੇ ਇਕ ਹਫਤੇ ਵਿਚ ਦਰਜਨ ਤੋਂ ਵੱਧ ਅਜਿਹੀਆਂ ਗੈਰਕਾਨੂੰਨੀ ਫੈਕਟਰੀ ਦੀ ਨਿਸ਼ਾਨਦੇਹੀ ਕਰ ਲਈ। ਇਨ੍ਹਾਂ ਨੂੰ ਤਾਲੇ ਵੀ ਜੜ ਦਿੱਤੇ ਗਏ। ਦਰਅਸਲ, ਇਹ ਕੋਈ ਪਹਿਲਾ ਮਾਮਲਾ ਨਹੀਂ ਜਦੋਂ ਅਜਿਹੇ ਹਾਦਸੇ ਵਾਪਰਨ ਤੋਂ ਬਾਅਦ ਸਰਕਾਰ ਤੇ ਪ੍ਰਸ਼ਾਸਨ ਨੇ ਇਕਦਮ ਸਰਗਰਮੀ ਦਿਖਾਈ ਹੋਵੇ ਪਰ ਇਹ ਸਰਗਰਮੀ ਕੁਝ ਦਿਨਾਂ ਬਾਅਦ ਠੰਢੀ ਪੈ ਜਾਂਦੀ ਹੈ।

ਇਸੇ ਸਾਲ ਸੰਗਰੂਰ ਵਿਚ 5 ਸਾਲਾ ਬੱਚੇ ਦੀ ਬੋਰਵੈਲ ਵਿਚ ਡਿੱਗ ਕੇ ਮੌਤ ਇਸ ਦੀ ਤਾਜ਼ਾ ਉਦਾਹਰਨ ਹੈ। ਇਹ ਬੱਚਾ ਤਿੰਨ ਦਿਨ ਬੋਰ ਵਿਚ ਫਸਿਆ ਰਿਹਾ ਪਰ ਬੇਵੱਸ ਸਰਕਾਰੀ ਤੰਤਰ ਉਸ

*(ਬਾਕੀ ਸਫਾ 6 ਉਤੇ)*

## ਸਿੱਖ ਕਤਲੇਆਮ: ਸੱਤ ਕੇਸ ਹੋਰ ਮੁੜ ਖੋਲ੍ਹੇ

**ਨਵੀਂ ਦਿੱਲੀ:** 1984 ਸਿੱਖ ਕਤਲੇਆਮ ਨਾਲ ਜੁੜੇ ਕੇਸਾਂ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਖਿਲਾਫ ਦਰਜ ਕੇਸ ਸਮੇਤ ਸੱਤ ਕੇਸਾਂ ਦੀ ਜਾਂਚ ਮੁੜ ਖੋਲ੍ਹ ਦਿੱਤੀ ਹੈ। ਇਕ ਕੇਸ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਹੋਏ ਕਤਲੇਆਮ ਨਾਲ ਸਬੰਧਤ ਹੈ।

ਕੇਸ ਮੁੜ ਖੁੱਲ੍ਹਣ ਨਾਲ ਕਮਲ ਨਾਥ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ; ਹਾਲਾਂਕਿ ਸਿੱਖ ਜਥੇਬੰਦੀਆਂ ਵਲੋਂ ਇਹ ਖਦਸ਼ਾ ਵੀ ਜਤਾਇਆ ਜਾ ਰਿਹਾ ਹੈ ਕਿ ਕਮਲ ਨਾਥ ਇਸ ਸਮੇਂ ਮੁੱਖ ਮੰਤਰੀ ਹੈ ਤੇ ਉਸ ਦੀ ਪਹੁੰਚ ਜਾਂਚ ਵਿਚ ਅੜਿੱਕਾ ਡਾਹ ਸਕਦੀ ਹੈ। ਦੂਜੇ ਪਾਸੇ ਕਮਲ ਨਾਥ ਖਿਲਾਫ ਕੇਸ ਖੁੱਲ੍ਹਣ ਪਿੱਛੋਂ ਕਾਂਗਰਸ ਦੀਆਂ ਨੀਤੀਆਂ ਉਤੇ ਵੀ ਸਵਾਲ ਉਠ ਰਹੇ ਹਨ। ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਤੋਂ ਬਾਅਦ ਕਮਲ ਨਾਥ ਅਜਿਹਾ ਸੀਨੀਅਰ ਕਾਂਗਰਸੀ ਆਗੂ ਹੈ ਜਿਸ ਖਿਲਾਫ ਪੁਖਤਾ ਸਬੂਤ ਹੋਣ ਦਾ ਦਾਅਵਾ ਕੀਤਾ ਜਾਂਦਾ ਰਿਹਾ ਹੈ ਪਰ ਪਾਰਟੀ ਇਨ੍ਹਾਂ ਤਿੰਨਾਂ ਆਗੂਆਂ ਨੂੰ ਹਮੇਸ਼ਾ ਵੱਡੇ ਅਹੁਦਿਆਂ ਨਾਲ ਨਿਵਾਜਦੀ ਰਹੀ ਹੈ। ਪਿਛਲੇ ਸਾਲ ਕਮਲ ਨਾਥ ਨੂੰ ਮੁੱਖ ਮੰਤਰੀ ਬਣਾਉਣ ਸਮੇਂ ਪਾਰਟੀ ਦੀ ਕਾਫੀ ਆਲੋਚਨਾ ਹੋਈ ਸੀ ਪਰ ਇਸ ਦੀ ਭੋਰਾ ਪਰਵਾਹ ਨਾ ਕੀਤੀ ਗਈ। ਸੱਜਣ ਕੁਮਾਰ ਨੂੰ ਸਜ਼ਾ ਹੋਣ ਤੱਕ ਪਾਰਟੀ ਨੇ ਗਲ ਲਾਈ ਰੱਖਿਆ।

ਕਮਲ ਨਾਥ ਖਿਲਾਫ ਦਰਜ ਕੇਸ (601/84) ਵਿਚ ਮੁਖਤਿਆਰ ਸਿੰਘ ਅਤੇ ਸਾਬਕਾ ਪੱਤਰਕਾਰ ਸੰਜੇ ਸੂਰੀ, ਦੋ ਗਵਾਹ ਹਨ। ਇਨ੍ਹਾਂ ਨੇ ਨਾਨਾਵਤੀ ਕਮਿਸ਼ਨ ਅੱਗੇ ਹਲਫੀਆ ਬਿਆਨ ਦਾਇਰ ਕਰ ਕੇ ਕਮਲ ਨਾਥ ਅਤੇ ਵਸੰਤ ਸਾਠੇ ਵਲੋਂ 1984 ਸਿੱਖ ਕਤਲੇਆਮ ਵਿਚ ਨਿਭਾਈ ਭੂਮਿਕਾ ਦਾ ਖੁਲਾਸਾ ਕੀਤਾ ਸੀ। ਉਨ੍ਹਾਂ ਹਲਫੀਆ ਬਿਆਨਾਂ 'ਚ ਦੱਸਿਆ ਕਿ ਕਿਵੇਂ ਕਮਲ ਨਾਥ ਨੇ 1984 ਦੇ ਸਿੱਖ ਕਤਲੇਆਮ ਦੌਰਾਨ ਗੁਰਦੁਆਰਾ ਰਕਾਬਗੰਜ ਸਾਹਿਬ ਨੇੜੇ ਹਜੂਮ ਨੂੰ ਹਦਾਇਤਾਂ ਦੇ ਕੇ ਸਿੱਖਾਂ ਦਾ ਕਤਲੇਆਮ ਕਰਵਾਇਆ। ਇਹ ਕੇਸ ਤਕਨੀਕੀ ਕਾਰਨਾਂ ਕਰ ਕੇ ਬੰਦ ਕਰ ਦਿੱਤਾ ਗਿਆ ਸੀ ਤੇ ਕਮਲ ਨਾਥ ਦਾ ਨਾਮ ਜਾਣ-ਬੁੱਝ ਕੇ ਬਾਹਰ ਰੱਖਿਆ ਗਿਆ। ਇਹ ਸੱਤ ਕੇਸ ਵਸੰਤ ਵਿਹਾਰ, ਸਨ ਲਾਈਟ ਕਾਲੋਨੀ, ਕਲਿਆਣਪੁਰੀ, ਪਾਰਲੀਮੈਂਟ ਸਟਰੀਟ, ਕਨਾਟ ਪਲੇਸ, ਪਟੇਲ ਨਗਰ ਤੇ ਸ਼ਾਹਦਰਾ ਪੁਲਿਸ ਸਟੇਸ਼ਨਾਂ ਵਿਚ ਦਰਜ ਐਫ.ਆਈ.ਆਰਾਂ. ਨਾਲ ਸਬੰਧਤ ਹਨ। ਦਾਅਵਾ ਕੀਤਾ ਜਾ ਰਿਹਾ ਹੈ ਕਿ ਕਮਲ ਨਾਥ ਖਿਲਾਫ ਪੁਖਤਾ ਸਬੂਤ ਹਨ ਤੇ 2 ਗਵਾਹ ਵੀ ਗਵਾਹੀ ਲਈ ਤਿਆਰ ਹਨ।

## ਗੁਰਪੁਰਬ: ਕੈਪਟਨ ਨੇ ਸੁਲਤਾਨਪੁਰ ਲੋਧੀ ਜਾ ਕੇ ਕੀਤੇ ਐਲਾਨ

**ਸੁਲਤਾਨਪੁਰ ਲੋਧੀ:** ਸੁਲਤਾਨਪੁਰ ਲੋਧੀ ਵਿਚ ਕੈਬਨਿਟ ਦੀ ਬੈਠਕ ਕਰਕੇ ਕੈਪਟਨ ਨੇ ਨਾ ਸਿਰਫ ਪੰਥਕ ਸਿਆਸਤ ਵਿਚ ਨਵੀਂ ਪਿਰਤ ਪਾਈ, ਸਗੋਂ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਵੀ ਕੀਤੀ ਹੈ ਕਿ ਪੰਜਾਬ ਸਰਕਾਰ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸਮਾਗਮ ਸਭ ਤੋਂ ਉਤੇ ਹਨ।

ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 550 ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਦੋਵੇਂ ਸਦਨਾਂ ਵਿਚ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਅਪੀਲ ਕੀਤੀ ਗਈ। ਸਮੁੱਚੀ ਕੈਬਨਿਟ ਨੇ ਸੁਲਤਾਨਪੁਰ ਲੋਧੀ ਪਹੁੰਚ ਕੇ ਪਹਿਲਾਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਸੀਸ ਨਿਵਾਇਆ। ਇਸ ਦੌਰਾਨ ਕੈਪਟਨ ਵਲੋਂ ਸ਼੍ਰੋਮਣੀ ਕਮੇਟੀ ਨਾਲ ਚੱਲ ਰਹੀ ਸਮਾਗਮਾਂ ਪ੍ਰਤੀ ਖਿੱਚੋਤਾਣ ਨੂੰ ਵੀ ਠੱਲ੍ਹ ਪਾ ਦਿੱਤੀ ਗਈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਸਰਕਾਰ ਸ਼੍ਰੋਮਣੀ ਕਮੇਟੀ ਨੂੰ ਸਮਾਗਮਾਂ ਲਈ ਹਰ ਸਹਿਯੋਗ ਦੇ ਰਹੀ ਹੈ। ਇਹੀ ਨਹੀਂ, ਤਾਲਮੇਲ ਕਮੇਟੀ ਲਈ ਕੈਪਟਨ ਵੱਲੋਂ ਆਪਣੇ 2 ਮੰਤਰੀਆਂ ਦੇ ਨਾਵਾਂ ਦਾ ਐਲਾਨ ਵੀ ਕਰ ਦਿੱਤਾ ਗਿਆ। ਪਾਕਿਸਤਾਨ ਵਲੋਂ ਕਰਤਾਰਪੁਰ ਸਾਹਿਬ ਜਾਣ ਵਾਲੇ ਸਿੱਖ ਸ਼ਰਧਾਲੂਆਂ ਤੋਂ ਵਸੂਲੇ ਜਾਣ ਵਾਲੀ ਐਂਟਰੀ ਫੀਸ ਨੂੰ ਮੁੱਖ ਮੰਤਰੀ ਨੇ ਜਜ਼ੀਆ ਕਰਾਰ ਦਿੱਤਾ ਤੇ ਸਾਫ ਕੀਤਾ

*(ਬਾਕੀ ਸਫਾ 6 ਉਤੇ)*


India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550
Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
*Ph: 317-709-7800*
www.indianpalaceindy.com
www.AmberIndianRestaurantCarmel.com

BEST FARE GUARANTEE
WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

ੴ ਸਤਿ ਸ਼੍ਰੀ ਅਕਾਲ
Regal Jewels
Ph: 773-262-4377
www.Regaljewels.Com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ
Diamonds
ਡਾਇਮੰਡ
22kt Gold
22kt ਸੋਨਾ
24kt Gold
24kt ਸੋਨਾ
Rajveer S. Gill
847-907-1525
2625 W. Devon Ave.
Chicago, IL 60659
E-mail: regaljewelsinc@gmail.com

# ਮਿਸ਼ਨ ਚੰਦਰਯਾਨ: ਭਾਰਤ ਇਤਿਹਾਸ ਸਿਰਜਣ ਤੋਂ ਖੁੰਝਿਆ

**ਬੰਗਲੂਰੂ:** ਪੂਰਾ ਮੁਲਕ ਜਦੋਂ ਸਾਹ ਰੋਕੀ ਚੰਦਰਯਾਨ-2 ਦੀ ਚੰਦਰਮਾ ਦੇ ਦੱਖਣੀ ਧੁਰੇ 'ਤੇ 'ਸਾਫਟ ਲੈਂਡਿੰਗ' ਦੀ ਬੇਸਬਰੀ ਨਾਲ ਉਡੀਕ ਵਿਚ ਸੀ ਤਾਂ ਐਨ ਆਖਰੀ ਮੌਕੇ ਲੈਂਡਰ ਵਿਚ ਤਕਨੀਕੀ ਨੁਕਸ ਪੈਣ ਨਾਲ ਇਸ ਦਾ ਬੰਗਲੂਰੂ ਵਿਚਲੇ ਖੋਜ ਕੇਂਦਰ ਨਾਲੋਂ ਸੰਪਰਕ ਟੁੱਟ ਗਿਆ।

ਇਸਰੋ ਦੇ ਚੇਅਰਮੈਨ ਕੇ. ਸਿਵਾਨ ਨੇ ਕਿਹਾ ਕਿ ਯੋਜਨਾ ਮੁਤਾਬਕ ਪੜਾਅ ਵਾਰ ਸਭ ਕੁਝ ਠੀਕ ਚੱਲ ਰਿਹਾ ਸੀ ਕਿ ਚੰਦਰਮਾ ਦੀ ਸਤਹਿ ਤੋਂ ਮਹਿਜ਼ 2.1 ਕਿਲੋਮੀਟਰ ਦੂਰੀ 'ਤੇ ਉਨ੍ਹਾਂ ਦਾ ਵਿਕਰਮ ਲੈਂਡਰ ਨਾਲੋਂ ਸੰਪਰਕ ਟੁੱਟ ਗਿਆ। ਇਸਰੋ ਵਿਗਿਆਨੀਆਂ ਨੇ ਲੈਂਡਿੰਗ ਦੇ ਆਖਰੀ 15 ਮਿੰਟਾਂ ਨੂੰ ਦਹਿਸ਼ਤੀ ਕਰਾਰ ਦਿੱਤਾ ਸੀ। ਲੈਂਡਰ ਨੇ ਇਸ ਪੜਾਅ ਨੂੰ ਸ਼ੁਰੂ 'ਚ ਤਾਂ ਸੌਖਿਆਂ ਹੀ ਪਾਰ ਕਰ ਲਿਆ ਪਰ ਆਖਰੀ ਪਲਾਂ 'ਚ ਇਸ ਦਾ ਸੰਪਰਕ ਟੁੱਟ ਗਿਆ। ਹਾਲਾਂਕਿ ਬਾਅਦ ਵਿਚ 'ਵਿਕਰਮ' ਲੈਂਡਰ ਦੀਆਂ ਕੁਝ ਤਸਵੀਰਾਂ ਪ੍ਰਾਪਤ ਹੋਈਆਂ ਹਨ ਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਜੇ ਵੀ ਸੰਪਰਕ ਦੀ ਆਸ ਬਾਕੀ ਹੈ। ਇਸ ਤੋਂ ਪਹਿਲਾਂ ਇਸਰੋ ਸਮੇਤ ਪੂਰੇ ਦੇਸ਼ ਨੂੰ ਲੈਂਡਰ ਵਿਕਰਮ ਦੇ



ਧਰਤੀ ਦੀ ਸਤਹਿ 'ਤੇ ਉਤਰਨ ਵਾਲੇ ਪਲ ਦੀ ਲੰਮੇ ਸਮੇਂ ਤੋਂ ਉਡੀਕ ਸੀ। ਇਸਰੋ ਨੇ ਮਿਸ਼ਨ ਚੰਦਰਯਾਨ ਦੇ ਅਹਿਮ ਪੜਾਵਾਂ ਨੂੰ ਯੋਜਨਾ ਮੁਤਾਬਕ ਮੁਕੰਮਲ ਕੀਤੇ ਜਾਣ ਦਾ ਦਾਅਵਾ ਕੀਤਾ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੜੀਵਾਰ ਟਵੀਟਾਂ ਰਾਹੀਂ ਚੰਦਰਯਾਨ-2 ਦੀ ਸਫਲਤਾ ਦਾ ਕਰੋੜਾਂ ਭਾਰਤੀਆਂ ਨੂੰ ਲਾਹਾ ਮਿਲਣ ਦੀ ਗੱਲ ਆਖੀ ਸੀ। ਇਸਰੋ ਚੇਅਰਮੈਨ ਕੇ. ਸਿਵਜਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਪਲ ਦੀ ਬੇਸਬਰੀ ਨਾਲ ਉਡੀਕ ਸੀ ਤੇ ਹੁਣ ਤਕ ਸਭ ਕੁਝ ਯੋਜਨਾ ਮੁਤਾਬਕ ਸਿਰੇ ਚੜ੍ਹਿਆ ਹੈ। 'ਵਿਕਰਮ' ਲੈਂਡਰ ਦੇ ਵੱਡੇ ਤੜਕੇ ਡੇਢ ਤੋਂ ਢਾਈ ਵਜੇ ਦੇ ਦਰਮਿਆਨ ਚੰਦਰਮਾ ਦੀ ਸਤਹਿ 'ਤੇ ਉਤਰਨ ਦੀ ਸੰਭਾਵਨਾ ਸੀ। ਜਦੋਂਕਿ ਰੋਵਰ 'ਪ੍ਰਗਿਆਨ' ਨੇ ਮਿਥੇ ਮੁਤਾਬਕ ਵਿਕਰਮ ਦੀ ਲੈਂਡਿੰਗ ਤੋਂ ਲਗਭਗ ਤਿੰਨ ਘੰਟੇ ਮਗਰੋਂ ਸਵੇਰੇ ਸਾਢੇ ਪੰਜ ਵਜੇ ਤੋਂ ਸਾਢੇ ਛੇ ਵਜੇ ਵਿਚਾਲੇ ਲੈਂਡਰ 'ਚੋਂ ਬਾਹਰ ਨਿਕਲਣਾ ਸੀ। ਇਸ ਸਾਫਟ ਲੈਂਡਿੰਗ ਨੂੰ ਦੂਰਦਰਸ਼ਨ, ਇਸਰੋ ਦੀ ਵੈੱਬਸਾਈਟ 'ਤੇ ਵੈੱਬਕਾਸਟ ਅਤੇ ਯੂ-ਟਿਊਬ, ਫੇਸਬੁੱਕ ਤੇ ਟਵਿੱਟਰ 'ਤੇ ਲਾਈਵ ਵਿਖਾਉਣ ਦੇ ਪ੍ਰਬੰਧ ਕੀਤੇ ਗਏ ਸਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਆਨਲਾਈਨ ਕੁਇਜ ਦੇ ਦਰਜਨਾਂ ਜੇਤੂ ਵਿਦਿਆਰਥੀਆਂ, ਪੱਤਰਕਾਰ ਭਾਈਚਾਰੇ ਦੇ ਇਕ ਵੱਡੇ ਸਮੂਹ ਵੱਲੋਂ ਲੈਂਡਰ 'ਵਿਕਰਮ' ਦੇ ਚੰਦਰਮਾ ਦੀ ਸਤਹਿ ਵੱਲ ਆਖਰੀ ਸਫਰ ਨੂੰ ਇਸਰੋ ਦੇ ਟੈਲੀਮੈਟਰੀ ਟਰੈਕਿੰਗ ਤੇ ਕਮਾਂਡ ਨੈਟਵਰਕ (ਆਈ.ਐਸ.ਟੀ.ਆਰ.ਏ.ਸੀ.) ਰਾਹੀਂ ਅੱਖੀਂ ਵੇਖਿਆ। 1471 ਕਿਲੋ ਵਜਨੀ 'ਵਿਕਰਮ' ਦਾ ਨਾਂ ਭਾਰਤ ਦੇ ਪੁਲਾੜ ਪ੍ਰੋਗਰਾਮ ਦੇ ਪਿਤਾਮਾ ਡਾ. ਵਿਕਰਮ ਏ. ਸਾਰਾਭਾਈ ਦੇ ਨਾਂ 'ਤੇ ਰੱਖਿਆ ਗਿਆ ਸੀ। ਜੇ ਭਾਰਤ ਦਾ ਇਹ ਮਿਸ਼ਨ ਸਫਲ ਰਹਿੰਦਾ ਹੈ ਤਾਂ ਉਹ ਰੂਸ, ਅਮਰੀਕਾ ਤੇ ਚੀਨ ਪਿਛੋਂ ਅਜਿਹਾ ਕਰਨ ਵਾਲਾ ਚੌਥਾ ਮੁਲਕ ਬਣ ਜਾਵੇਗਾ।

## ਸਾਨੂੰ ਆਪਣੇ ਵਿਗਿਆਨੀਆਂ 'ਤੇ ਮਾਣ: ਮੋਦੀ

**ਬੰਗਲੂਰੂ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸਰੋ ਦੇ ਵਿਗਿਆਨੀਆਂ ਨੂੰ ਹੱਲਾਸ਼ੇਰੀ ਦਿੰਦਿਆਂ ਦਿਲ ਨਾ ਛੱਡਣ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਵਿਗਿਆਨ, ਦੇਸ਼ ਤੇ ਮਨੁੱਖ ਜਾਤੀ ਦੀ ਬਹੁਤ ਸੇਵਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸਰੋ ਦਾ ਸਫਰ ਇਸੇ ਤਰ੍ਹਾਂ ਜਾਰੀ ਰਹੇਗਾ ਤੇ ਉਹ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਇਸਰੋ ਵਿਗਿਆਨੀਆਂ 'ਤੇ ਮਾਣ ਹੈ। ਉਨ੍ਹਾਂ ਵਿਗਿਆਨੀਆਂ ਨੂੰ ਹੁਣ ਤਕ ਦੇ ਸਫਰ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਉਨ੍ਹਾਂ ਇਕ ਟਵੀਟ ਵਿਚ ਕਿਹਾ ਕਿ ਇਹ ਹਿੰਮਤ ਵਿਖਾਉਣ ਦਾ ਵੇਲਾ ਹੈ। ਅਸੀਂ ਅਜੇ ਵੀ ਆਸਵੰਦ ਹਾਂ ਤੇ ਆਪਣੇ ਪੁਲਾੜ ਪ੍ਰੋਗਰਾਮ ਨੂੰ ਲੈ ਕੇ ਸਖਤ ਮਿਹਨਤ ਕਰਨੀ ਜਾਰੀ ਰੱਖਾਂਗੇ।

## 60 ਸਾਲਾਂ 'ਚ 40% ਅਸਫਲ ਰਹੇ ਚੰਦਰਮਾ ਮਿਸ਼ਨ

**ਨਵੀਂ ਦਿੱਲੀ:** ਚੰਦਰਯਾਨ-2 ਦੀ ਅਸਫਲਤਾ ਨਾਲ ਪੂਰਾ ਦੇਸ਼ ਗਮਗੀਨ ਹੈ। ਸਾਰਿਆਂ ਦੇ ਮਨਾਂ ਵਿਚ ਇਹੀ ਸਵਾਲ ਉੱਠਦਾ ਹੈ ਕਿ ਆਖਰ ਗਲਤੀ ਕਿੱਥੇ ਹੋਈ? ਇਸ ਦੌਰਾਨ ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਪਿਛਲੇ 6 ਦਹਾਕਿਆਂ ਵਿਚ ਚੰਦਰਮਾ ਮਿਸ਼ਨ ਵਿਚ ਸਫ਼ਲਤਾ 60 ਫੀਸਦੀ ਮੌਕਿਆਂ 'ਤੇ ਮਿਲੀ ਹੈ। ਨਾਸਾ ਅਨੁਸਾਰ ਇਸ ਦੌਰਾਨ 109 ਚੰਦਰਮਾ ਮਿਸ਼ਨ ਸ਼ੁਰੂ ਕੀਤੇ ਗਏ, ਜਿਸ ਵਿਚੋਂ 61 ਸਫਲ ਰਹੇ ਅਤੇ 48 ਅਸਫਲ।

## ਸਾਬਕਾ ਕੇਂਦਰੀ ਮੰਤਰੀ ਰਾਮ ਜੇਠਮਲਾਨੀ ਦਾ ਦੇਹਾਂਤ

**ਨਵੀਂ ਦਿੱਲੀ:** ਸੀਨੀਅਰ ਵਕੀਲ ਤੇ ਸਾਬਕਾ ਕੇਂਦਰੀ ਮੰਤਰੀ ਰਾਮ ਜੇਠਮਲਾਨੀ ਦਾ ਦੇਹਾਂਤ ਹੋ ਗਿਆ। ਉਹ 95 ਵਰ੍ਹਿਆਂ ਦੇ ਸਨ। ਉਨ੍ਹਾਂ ਬੇਹੱਦ ਗੁੰਝਲਦਾਰ ਅਪਰਾਧਕ ਕੇਸ ਲੜੇ। ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਹੱਤਿਆ ਮਾਮਲਿਆਂ ਵਿਚ ਦੋਸ਼ੀਆਂ ਦਾ ਬਚਾਅ ਵੀ ਕੀਤਾ। ਜੇਠਮਲਾਨੀ ਨੇ ਨਵੀਂ ਦਿੱਲੀ ਸਥਿਤ ਆਪਣੀ ਰਿਹਾਇਸ਼ 'ਤੇ ਆਖਰੀ ਸਾਹ ਲਿਆ।

ਉਨ੍ਹਾਂ ਦੇ ਪੁੱਤਰ ਮਹੇਸ਼ ਜੇਠਮਲਾਨੀ ਦੱਸਿਆ



ਕਿ ਪਿਛਲੇ ਕੁਝ ਮਹੀਨਿਆਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ। 14 ਸਤੰਬਰ ਨੂੰ ਰਾਮ ਜੇਠਮਲਾਨੀ ਦਾ ਜਨਮ ਦਿਨ ਹੈ ਤੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦਾ ਦੇਹਾਂਤ ਹੋ ਗਿਆ। ਲੋਧੀ ਰੋਡ ਸ਼ਮਸ਼ਾਨਘਾਟ 'ਚ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ। ਸਾਬਕਾ ਕੇਂਦਰੀ ਮੰਤਰੀ ਦੇ ਪਰਿਵਾਰ ਵਿਚ ਪੁੱਤਰ ਤੋਂ ਇਲਾਵਾ ਧੀ ਹੈ ਜੋ ਕਿ ਅਮਰੀਕਾ ਰਹਿੰਦੀ ਹੈ। ਉਨ੍ਹਾਂ ਦੀ ਇਕ ਹੋਰ ਧੀ ਰਾਣੀ ਜੇਠਮਲਾਨੀ ਦਾ 2011 'ਚ ਦੇਹਾਂਤ ਹੋ ਗਿਆ ਸੀ। ਇਕ ਹੋਰ ਬੇਟੇ ਜਨਕ ਦੀ ਵੀ ਪਹਿਲਾਂ ਮੌਤ ਹੋ ਚੁੱਕੀ ਹੈ। ਜੇਠਮਲਾਨੀ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਕਾਰਜਕਾਲ ਦੌਰਾਨ ਕਾਨੂੰਨ ਤੇ ਸ਼ਹਿਰੀ ਵਿਕਾਸ ਮੰਤਰੀ ਸਨ। ਇਸ ਪਿਛੋਂ ਉਹ 2004 ਦੀਆਂ ਲੋਕ ਸਭਾ ਚੋਣਾਂ 'ਚ ਲਖਨਊ ਸੀਟ ਤੋਂ ਉਨ੍ਹਾਂ ਖਿਲਾਫ ਹੀ ਚੋਣ ਲੜੇ।

ਜੇਠਮਲਾਨੀ 2010 ਵਿਚ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹੇ। ਸਿੰਧ ਸੂਬੇ (ਹੁਣ ਪਾਕਿਸਤਾਨ) ਦੇ ਸ਼ਿਕਾਰਪੁਰ ਵਿਚ 1923 'ਚ ਜੰਮੇ ਜੇਠਮਲਾਨੀ ਨੇ 17 ਸਾਲ ਦੀ ਉਮਰ ਵਿਚ ਕਾਨੂੰਨ ਦੀ ਡਿਗਰੀ ਹਾਸਲ ਕੀਤੀ। ਵਕੀਲ ਦੇ ਤੌਰ 'ਤੇ ਉਨ੍ਹਾਂ ਨੂੰ ਮਕਬੂਲੀਅਤ ਕੇ. ਐਮ. ਨਾਨਾਵਤੀ ਕੇਸ ਵਿਚ ਹਾਸਲ ਹੋਈ। ਜੈਸਿਕਾ ਲਾਲ ਹੱਤਿਆ ਕੇਸ ਵਿਚ ਉਨ੍ਹਾਂ ਕਾਂਗਰਸ ਦੇ ਰਸੂਖਵਾਨ ਆਗੂ ਦੇ ਬੇਟੇ ਮਨੂ ਸ਼ਰਮਾ ਦੇ ਵਕੀਲ ਵਜੋਂ ਉਸ ਦਾ ਕੇਸ ਲੜਿਆ। ਉਹ ਸੋਹਰਾਬੂਦੀਨ ਕੇਸ ਵਿਚ ਅਮਿਤ ਸ਼ਾਹ ਦੇ ਵਕੀਲ ਵੀ ਰਹੇ। ਉਨ੍ਹਾਂ ਕਨੀਮੋੜੀ, ਲਾਲੂ ਪ੍ਰਸਾਦ ਯਾਦਵ ਤੇ ਜੈਲਲਿਤਾ ਦੇ ਕੇਸ ਵੀ ਲੜੇ। ਇਸ ਤੋਂ ਇਲਾਵਾ ਕਈ ਵੱਡੇ ਕਾਰੋਬਾਰੀਆਂ ਦੇ ਕੇਸ ਵੀ ਜੇਠਮਲਾਨੀ ਲੜਦੇ ਰਹੇ। ਕਾਂਗਰਸੀ ਆਗੂਆਂ ਸੋਨੀਆ ਗਾਂਧੀ, ਮਨਮੋਹਨ ਸਿੰਘ ਤੇ ਹੋਰਾਂ ਨੇ ਉਨ੍ਹਾਂ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਹੈ।


Gurdwara Sikh Satsang of Indianapolis

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ (ਮੁੱਖ 31 ਰਾਗਾਂ) 'ਤੇ ਆਧਾਰਤ

ਰਾਗ ਕੀਰਤਨ ਦਰਬਾਰ



Dr. Gurnam Singh ji
Dean Punjabi University Patiala
Bhai Sarabjit Singh ji
Hajoori Ragi Shri Darbar Sahib
Bhai Anantvir Singh ji
U.S.A
Bhai Karamjit Singh ji Shaant
U.S.A
Ustaad Raghbir Singh ji
U.S.A

Friday 27th Sep ਰਾਗ ਕੀਰਤਨ 5:30 PM To 9:00 PM
Saturday 28th Sep ਆਸਾ ਦੀ ਵਾਰ 6:00 AM To 9:00 AM
Saturday 28th Sep ਰਾਗ ਕੀਰਤਨ 5:30 PM To 9:00 PM
Sunday 29th Sep ਰਾਗ ਕੀਰਤਨ 10:30 AM To 2:30 PM

ਵਿਸ਼ੇਸ਼ ਸਨਮਾਨ
ਪੰਥ ਦੇ ਮਹਾਨ ਪ੍ਰਸਿੱਧ ਉਸਤਾਦ



Prof. Ranjit Singh ji

Punjab Gharana Academy of Music
ਦੇ ਬੱਚੇ ਕੀਰਤਨ ਹਾਜ਼ਰੀ ਭਰਨਗੇ

ਜੇਕਰ ਕਿਸੇ ਗੁਰਮੁਖ ਪਿਆਰੇ ਨੇ ਕਿਸੇ ਪ੍ਰਕਾਰ ਦੀ ਸੇਵਾ ਲੈਣੀ ਹੋਵੇ ਤਾਂ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

For More Information
Amandeep Singh - 317-850-2545
Chirjeev Kaur - 317-446-3539
Gurpreet Singh - 317-748-7164
Paramjit Singh - 317-408-0785

Media Coverage By

ਜਾਰੀ ਕਰਤਾ:
GURDWARA SIKH SATSANG
10950 SOUTHEASTERN AVE
INDIANAPOLIS IN 46239
GURDWARA SIKH SATSANG

# ਖੇਡ ਮੰਤਰੀ ਰਾਣਾ ਸੋਢੀ ਦੇ ਪੁੱਤਰ ਖਿਲਾਫ ਇਰਾਦਾ ਕਤਲ ਦੇ ਦੋਸ਼ ਤੈਅ

**ਫਿਰੋਜ਼ਪੁਰ:** ਅਦਾਲਤ ਵੱਲੋਂ ਛੇ ਸਾਲ ਪੁਰਾਣੇ ਝਗੜੇ ਦੇ ਇਕ ਕੇਸ ਵਿਚ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੇ ਪੁੱਤਰ ਰਘੂਮੀਤ ਸਿੰਘ ਸੋਢੀ 'ਤੇ ਇਰਾਦਾ ਕਤਲ ਦਾ ਦੋਸ਼ ਤੈਅ ਕਰਕੇ ਮੁਦਈ ਪਾਰਟੀ ਨੂੰ ਆਪਣੇ ਗਵਾਹ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਹਨ।



ਇਹ ਮਾਮਲਾ ਗੁਰੂਹਰਸਹਾਏ ਅਧੀਨ ਪੈਂਦੇ ਪਿੰਡ ਮਿਰਜ਼ਾ ਲੱਖੋ ਕੇ ਦਾ ਹੈ ਤੇ ਇਸ ਦੀ ਸ਼ਿਕਾਇਤ ਇਸ ਪਿੰਡ ਦੇ ਵਸਨੀਕ ਬਲਜੀਤ ਸਿੰਘ ਵੱਲੋਂ ਕੀਤੀ ਗਈ ਸੀ। ਗਵਾਹਾਂ ਦੀ ਪੇਸ਼ੀ ਦੀ ਤਰੀਕ 20 ਸਤੰਬਰ ਰੱਖੀ ਗਈ ਹੈ। ਸਾਲ 2013 ਵਿਚ ਬਲਜੀਤ ਸਿੰਘ 'ਤੇ ਤਿੰਨ ਵਿਅਕਤੀਆਂ ਵੱਲੋਂ ਕਾਤਲਾਨਾ ਹਮਲਾ ਕੀਤਾ ਗਿਆ ਸੀ। ਬਲਜੀਤ ਦੀ ਲੱਤ ਉਤੇ ਗੋਲੀ ਵੱਜੀ ਸੀ ਤੇ ਉਹ ਕਈ ਦਿਨ ਫਰੀਦਕੋਟ ਸਥਿਤ ਮੈਡੀਕਲ ਕਾਲਜ ਵਿਚ ਦਾਖਲ ਰਿਹਾ ਸੀ। ਸਿਆਸੀ ਪ੍ਰਭਾਵ ਕਾਰਨ ਪੁਲਿਸ ਨੇ ਕੋਈ ਮਾਮਲਾ ਦਰਜ ਨਹੀਂ ਸੀ ਕੀਤਾ। ਬਲਜੀਤ ਸਿੰਘ ਨੇ ਅਦਾਲਤ ਵਿਚ ਮੁਲਜ਼ਮਾਂ ਖਿਲਾਫ ਇਸਤਗਾਸਾ ਦਾਇਰ ਕਰ ਦਿੱਤਾ ਸੀ। ਹੁਣ ਐਡੀਸ਼ਨਲ ਸੈਸ਼ਨ ਜੱਜ ਰਜਨੀ ਛੋਕਰਾ ਨੇ ਰਘੂਮੀਤ ਸਿੰਘ ਸੋਢੀ ਸਮੇਤ ਦੋ ਹੋਰਨਾਂ ਮੁਲਜ਼ਮਾਂ ਖ਼ਿਲਾਫ ਆਈ.ਪੀ.ਸੀ. ਦੀ ਧਾਰਾ 307, 323 ਅਤੇ 34 ਅਧੀਨ ਕੇਸ ਚਲਾਉਣ ਦੇ ਹੁਕਮ ਦਿੱਤੇ ਹਨ। ਬਲਜੀਤ ਸਿੰਘ ਮੁਤਾਬਕ ਇਹ ਘਟਨਾ 7 ਮਈ 2013 ਦੀ ਹੈ ਜਦ ਰਘੂਮੀਤ ਸਿੰਘ ਸੋਢੀ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਉਸ ਨੂੰ ਰਾਹ ਵਿਚ ਘੇਰ ਕੇ ਉਸ ਦੀ ਕੁੱਟਮਾਰ ਕੀਤੀ। ਜਦ ਬਲਜੀਤ ਸਿੰਘ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਰਘੂਮੀਤ ਨੇ ਇਕ ਗੋਲੀ ਉਸ ਦੇ ਪੈਰ ਵਿਚ ਮਾਰ ਦਿੱਤੀ।

# 11ਵਾਂ ਸਾਲਾਨਾ ਵਿਰਾਸਤ-ਏ-ਪੰਜਾਬ ਸਭਿਆਚਾਰਕ ਸ਼ਾਮ ਤੇ ਫੰਡ ਰੇਜ਼ਿੰਗ ਡਿਨਰ 19 ਅਕਤੂਬਰ ਨੂੰ

**ਟਰੌਏ, ਮਿਸ਼ੀਗਨ (ਬਿਊਰੋ):** 11ਵਾਂ ਸਾਲਾਨਾ ਵਿਰਾਸਤ-ਏ-ਪੰਜਾਬ ਸਭਿਆਚਾਰਕ ਸ਼ਾਮ ਤੇ ਫੰਡ ਰੇਜ਼ਿੰਗ ਡਿਨਰ 19 ਅਕਤੂਬਰ, ਸਨਿਚਰਵਾਰ ਨੂੰ ਇਥੇ ਸੇਂਟ ਲੱਕੀ ਕਰੋਸ਼ੀਅਨ ਕੈਥੋਲਿਕ ਚਰਚ (200 ਈਸਟ ਵਾਟਲਸ ਰੋਡ, ਟਰੌਏ) ਵਿਖੇ ਕਰਵਾਇਆ ਜਾਵੇਗਾ।

ਇਹ ਪ੍ਰੋਗਰਾਮ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਖਿਆਵਾਂ ਬਾਰੇ ਬੱਚਿਆਂ ਤੇ ਵੱਡਿਆਂ ਲਈ ਸਵਾਲ-ਜਵਾਬ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ। ਬੱਚਿਆਂ ਦੇ ਦਸਤਾਰ ਅਤੇ ਕੇਸਕੀ ਸਜਾਉਣ ਸਬੰਧੀ ਵੀ ਪ੍ਰੋਗਰਾਮ ਹੋਵੇਗਾ।

ਇਸ ਤੋਂ ਇਲਾਵਾ ਪੰਜਾਬੀ ਸਭਿਆਚਾਰ ਨਾਲ ਜੁੜੀਆਂ ਵੰਨਗੀਆਂ ਵੇਖਣ ਨੂੰ ਮਿਲਣਗੀਆਂ। ਸਥਾਨਕ ਕਲਾਕਾਰ ਕੇ. ਵੀ. ਸਿੰਘ ਅਤੇ ਬੀਬੀ ਦਵਿੰਦਰ ਕੌਰ ਤੋਂ ਇਲਾਵਾ ਸੱਤੀ ਸਤਵਿੰਦਰ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਉਣਗੇ। 'ਰਾਖੇ ਵਿਰਸੇ ਦੇ' ਭੰਗੜਾ ਅਕੈਡਮੀ ਦੇ ਬੱਚਿਆਂ, ਜਵਾਨਾਂ ਤੇ ਮੁਟਿਆਰਾਂ ਵਲੋਂ ਭੰਗੜਾ ਤੇ ਗਿੱਧਾ ਪੇਸ਼ ਕੀਤਾ ਜਾਵੇਗਾ।

ਪ੍ਰੋਗਰਾਮ ਦੌਰਾਨ ਸ਼ੁੱਧ ਵੈਸ਼ਨੂੰ ਭੋਜਨ ਪਰੋਸਿਆ ਜਾਵੇਗਾ। ਕਿਸੇ ਤਰ੍ਹਾਂ ਦਾ ਨਸ਼ਾ ਤੇ ਸ਼ਰਾਬ ਪੀ ਕੇ ਆਉਣ ਦੀ ਸਖਤ ਮਨਾਹੀ ਹੈ। ਸਿਕਿਉਰਿਟੀ ਦਾ ਖਾਸ ਪ੍ਰਬੰਧ ਹੋਵੇਗਾ। ਪ੍ਰੋਗਰਾਮ ਨੂੰ ਸਪਾਂਸਰ ਕਰਨ ਅਤੇ ਟੇਬਲ ਬੁੱਕ ਕਰਨ ਜਾਂ ਟਿਕਟਾਂ ਲੈਣ ਲਈ ਅਮਰੀਕ ਸਿੰਘ ਨਾਲ ਫੋਨ: 586-604-4928, ਸਤਗੁਰੂ ਸਿੰਘ 586-873-2044, ਗੁਰਮੀਤ ਸਿੰਘ 586-489-8398 ਜਾਂ ਸੁਰਿੰਦਰਜੀਤ ਸਿੰਘ ਨਾਲ ਫੋਨ: 586-873-3444 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


**Michigan Truck Driving School**

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ


*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298



**Sistar Mortgage**

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

*Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.





**The Law Firm Of Fatima Johnson**

3737 N. Meridian St., Ste 106, Indianapolis, IN 46208

vitalvisa
THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

*Licensed to Practice Immigration Law in all 50 States.*

Ph: 317-252-0013
info@vitalvisa.com
*This is an attorney advertisement*



## ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ

ਮਹੀਨਾ ਭਾਦੋਂ ਤੇ ਅੱਸੂ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨਿੱਚਰਵਾਰ |
|---|---|---|---|---|---|---|
| 17 ਭਾਦੋਂ 1 ਸਤੰਬਰ | 18 ਭਾਦੋਂ 2 ਸਤੰਬਰ | 19 ਭਾਦੋਂ 3 ਸਤੰਬਰ | 20 ਭਾਦੋਂ 4 ਸਤੰਬਰ | 21 ਭਾਦੋਂ 5 ਸਤੰਬਰ | 22 ਭਾਦੋਂ 6 ਸਤੰਬਰ | 23 ਭਾਦੋਂ 7 ਸਤੰਬਰ |
| 24 ਭਾਦੋਂ 8 ਸਤੰਬਰ | 25 ਭਾਦੋਂ 9 ਸਤੰਬਰ | 26 ਭਾਦੋਂ 10 ਸਤੰਬਰ | 27 ਭਾਦੋਂ 11 ਸਤੰਬਰ | 28 ਭਾਦੋਂ 12 ਸਤੰਬਰ | 29 ਭਾਦੋਂ 13 ਸਤੰਬਰ | 30 ਭਾਦੋਂ 14 ਸਤੰਬਰ |
| 1 ਅੱਸੂ 15 ਸਤੰਬਰ | 2 ਅੱਸੂ 16 ਸਤੰਬਰ | 3 ਅੱਸੂ 17 ਸਤੰਬਰ | 4 ਅੱਸੂ 18 ਸਤੰਬਰ | 5 ਅੱਸੂ 19 ਸਤੰਬਰ | 6 ਅੱਸੂ 20 ਸਤੰਬਰ | 7 ਅੱਸੂ 21 ਸਤੰਬਰ |
| 8 ਅੱਸੂ 22 ਸਤੰਬਰ | 9 ਅੱਸੂ 23 ਸਤੰਬਰ | 10 ਅੱਸੂ 24 ਸਤੰਬਰ | 11 ਅੱਸੂ 25 ਸਤੰਬਰ | 12 ਅੱਸੂ 26 ਸਤੰਬਰ | 13 ਅੱਸੂ 27 ਸਤੰਬਰ | 14 ਅੱਸੂ 28 ਸਤੰਬਰ |
| 15 ਅੱਸੂ 29 ਸਤੰਬਰ | 16 ਅੱਸੂ 30 ਸਤੰਬਰ | 17 ਅੱਸੂ 1 ਅਕਤੂਬਰ | 18 ਅੱਸੂ 2 ਅਕਤੂਬਰ | 19 ਅੱਸੂ 3 ਅਕਤੂਬਰ | 20 ਅੱਸੂ 4 ਅਕਤੂਬਰ | 21 ਅੱਸੂ 5 ਅਕਤੂਬਰ |
| 22 ਅੱਸੂ 6 ਅਕਤੂਬਰ | 23 ਅੱਸੂ 7 ਅਕਤੂਬਰ | 24 ਅੱਸੂ 8 ਅਕਤੂਬਰ | 25 ਅੱਸੂ 9 ਅਕਤੂਬਰ | 26 ਅੱਸੂ 10 ਅਕਤੂਬਰ | 27 ਅੱਸੂ 11 ਅਕਤੂਬਰ | 28 ਅੱਸੂ 12 ਅਕਤੂਬਰ |

17 ਭਾਦੋਂ (1 ਸਤੰਬਰ) ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ
2 ਅੱਸੂ (16 ਸਤੰਬਰ) ਗੁਰਗੱਦੀ ਪਾਤਿਸ਼ਾਹੀ ਚੌਥੀ ਤੇ ਪੰਜਵੀਂ ਅਤੇ ਜੋਤੀ ਜੋਤਿ ਦਿਵਸ ਪਾਤਿਸ਼ਾਹੀ ਤੀਜੀ ਤੇ ਚੌਥੀ
4 ਅੱਸੂ (18 ਸਤੰਬਰ) ਗੁਰਗੱਦੀ ਦਿਵਸ ਪਾਤਿਸ਼ਾਹੀ ਦੂਜੀ
8 ਅੱਸੂ (22 ਸਤੰਬਰ) ਜੋਤੀ ਜੋਤਿ ਦਿਵਸ ਪਾਤਿਸ਼ਾਹੀ ਪਹਿਲੀ
25 ਅੱਸੂ (9 ਅਕਤੂਬਰ) ਪ੍ਰਕਾਸ਼ ਪੁਰਬ ਪਾਤਿਸ਼ਾਹੀ ਚੌਥੀ

ਉਹੀ ਤਰੀਕ ਹਰ ਸਾਲ, ਠੀਕ ਇਤਿਹਾਸ ਤਰਤੀਬ ਨਾਲ।

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਧਾਰਮਕ ਤੇ ਇਤਿਹਾਸਕ ਦਿਹਾੜੇ ਮਨਾਉਣ ਵਿਚ ਇਕਸਾਰਤਾ ਲਿਆਉਣ ਲਈ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਓ

SIKH Religious Society PALATINE GURDWARA
Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org

# ਕਰਤਾਰਪੁਰ ਲਾਂਘਾ: ਪਾਕਿਸਤਾਨ ਨੇ ਵੀਜ਼ਾ ਮੁਕਤ ਦਾਖਲੇ ਲਈ ਭਰੀ ਹਾਮੀ

**ਅਟਾਰੀ:** ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਲਾਂਘੇ ਨੂੰ ਲੈ ਕੇ ਭਾਰਤ ਤੇ ਪਾਕਿਸਤਾਨ ਦੇ ਅਧਿਕਾਰੀਆਂ ਵਿਚਾਲੇ ਅਟਾਰੀ ਸਰਹੱਦ 'ਤੇ ਹੋਈ ਤੀਜੀ ਮੀਟਿੰਗ ਦੌਰਾਨ ਭਾਵੇਂ ਦੋਵੇਂ ਮੁਲਕ ਕੁਝ ਮੁੱਦਿਆਂ 'ਤੇ ਸਹਿਮਤੀ ਨਹੀਂ ਬਣਾ ਸਕੇ, ਪਰ ਪਾਕਿਸਤਾਨ ਨੇ ਭਾਰਤੀ ਯਾਤਰੂਆਂ ਨੂੰ ਬਿਨਾਂ ਵੀਜ਼ਾ ਦੇ ਅਤੇ ਰੋਜ਼ਾਨਾ ਪੰਜ ਹਜ਼ਾਰ ਯਾਤਰੂਆਂ ਨੂੰ ਗੁਰਦੁਆਰੇ ਦੇ ਦਰਸ਼ਨ ਦੀਦਾਰ ਕਰਵਾਉਣ ਲਈ ਹਾਮੀ ਭਰ ਦਿੱਤੀ ਹੈ।

ਮੀਟਿੰਗ ਦੌਰਾਨ ਭਾਰਤ ਨੇ ਜਿਥੇ ਯਾਤਰੂਆਂ 'ਤੇ ਫੀਸ ਲਾਉਣ ਦੀ ਪਾਕਿਸਤਾਨੀ ਤਜਵੀਜ਼ ਦਾ ਵਿਰੋਧ ਕੀਤਾ, ਉਥੇ ਪਾਕਿਸਤਾਨ ਨੇ ਵਾਰੀ ਦਾ ਵੱਟਾ ਲਾਉਂਦਿਆਂ ਪ੍ਰੋਟੋਕਾਲ ਅਧਿਕਾਰੀ ਭੇਜਣ ਦੀ ਭਾਰਤੀ ਮੰਗ ਖਾਰਜ ਕਰ ਦਿੱਤੀ। ਸਕੱਤਰ ਪੱਧਰ ਦੀ ਤੀਜੇ ਦੌਰ ਦੀ ਮੀਟਿੰਗ ਵਿਚ ਪਾਕਿਸਤਾਨ ਵੱਲੋਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਤੇ ਦੱਖਣੀ ਏਸ਼ੀਆ ਤੇ ਸਾਰਕ ਮੁਲਕਾਂ ਦੇ ਮਾਮਲਿਆਂ ਦੇ ਡਾਇਰੈਕਟਰ ਜਨਰਲ ਮੁਹੰਮਦ ਫੈਸਲ ਦੀ ਅਗਵਾਈ ਹੇਠ ਲਗਭਗ 20 ਮੈਂਬਰੀ ਵਫਦ ਨੇ ਸ਼ਮੂਲੀਅਤ ਕੀਤੀ। ਭਾਰਤ ਵੱਲੋਂ ਇਸ ਮੀਟਿੰਗ ਦੀ ਅਗਵਾਈ ਗ੍ਰਹਿ ਮੰਤਰਾਲੇ ਦੇ ਜੁਆਇੰਟ ਸਕੱਤਰ ਐਸ.ਸੀ.ਐਲ. ਦਾਸ ਨੇ ਕੀਤੀ। ਉਨ੍ਹਾਂ ਨਾਲ ਵਿਦੇਸ਼ ਮੰਤਰਾਲੇ ਦੇ ਜੁਆਇੰਟ ਸਕੱਤਰ ਦੀਪਕ ਮਿੱਤਲ ਅਤੇ ਪੰਜਾਬ ਸਰਕਾਰ ਵੱਲੋਂ ਸਕੱਤਰ ਹੁਸਨ ਲਾਲ ਹਾਜ਼ਰ ਸਨ।

ਮੀਟਿੰਗ ਦੌਰਾਨ ਪਾਕਿਸਤਾਨ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਆਉਣ ਵਾਲੇ ਹਰ ਯਾਤਰੂ 'ਤੇ ਲਾਈ ਗਈ 20 ਅਮਰੀਕੀ ਡਾਲਰ ਦੀ ਫੀਸ ਅਤੇ ਭਾਰਤ ਵੱਲੋਂ ਲਾਂਘੇ ਰਾਹੀਂ ਗੁਰਦੁਆਰੇ ਦੇ ਦਰਸ਼ਨਾਂ ਲਈ ਜਾਣ ਵਾਲੇ ਯਾਤਰੂਆਂ ਨਾਲ ਪ੍ਰੋਟੋਕੋਲ ਅਧਿਕਾਰੀ ਭੇਜਣ ਦੇ ਮੁੱਦਿਆਂ 'ਤੇ ਦੋਵੇਂ ਪਾਸੇ ਸਹਿਮਤੀ ਨਹੀਂ ਬਣ ਸਕੀ। ਭਾਰਤ ਨੇ ਯਾਤਰੂਆਂ 'ਤੇ ਫੀਸ ਲਾਉਣ ਦੀ ਤਜਵੀਜ਼ ਦਾ ਵਿਰੋਧ ਕਰਦਿਆਂ ਆਖਿਆ ਕਿ ਕਿਸੇ ਵੀ ਗੁਰਦੁਆਰੇ ਵਿਚ ਦਰਸ਼ਨ ਕਰਨ ਲਈ ਕੋਈ ਫੀਸ ਨਹੀਂ ਹੁੰਦੀ। ਇਸੇ ਤਰ੍ਹਾਂ ਭਾਰਤ ਵੱਲੋਂ ਯਾਤਰੂਆਂ ਦੇ ਨਾਲ ਪ੍ਰੋਟੋਕੋਲ ਅਧਿਕਾਰੀ ਭੇਜਣ ਦੀ ਤਜਵੀਜ਼ ਨੂੰ ਪਾਕਿਸਤਾਨ ਨੇ ਰੱਦ ਕਰ ਦਿੱਤਾ। ਮੀਟਿੰਗ ਉਪਰੰਤ ਗ੍ਰਹਿ ਮੰਤਰਾਲੇ ਦੇ ਜੁਆਇੰਟ ਸਕੱਤਰ ਐਸ.ਸੀ.ਐਲ. ਦਾਸ ਨੇ ਦੱਸਿਆ ਕਿ ਉਪਰੋਕਤ ਦੋਵਾਂ ਮੁੱਦਿਆਂ ਨੂੰ ਛੱਡ ਕੇ ਬਾਕੀ ਮੁੱਦਿਆਂ ਉਤੇ ਸਹਿਮਤੀ ਬਣ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਲਾਂਘੇ ਰਾਹੀਂ ਯਾਤਰੂ ਬਿਨਾਂ ਵੀਜ਼ਾ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਮੱਥਾ ਟੇਕ ਸਕਣਗੇ। ਯਾਤਰੂਆਂ ਨੂੰ ਇਕ ਦਿਨ ਵਿਚ ਹੀ ਮੱਥਾ ਟੇਕਣ ਉਪਰੰਤ ਵਾਪਸ ਪਰਤਣਾ ਹੋਵੇਗਾ। ਕੋਈ ਵੀ ਭਾਰਤ ਵਾਸੀ ਜਿਸ ਕੋਲ ਪਾਸਪੋਰਟ ਹੈ, ਇਹ ਯਾਤਰਾ ਕਰ ਸਕੇਗਾ। ਇਸ ਤੋਂ ਇਲਾਵਾ ਭਾਰਤੀ ਮੂਲ ਦੇ ਵਸਨੀਕ, ਜੋ ਵਿਦੇਸ਼ਾਂ ਵਿਚ ਰਹਿ ਰਹੇ ਹਨ ਅਤੇ ਉਨ੍ਹਾਂ ਕੋਲ ਓ.ਸੀ.ਆਈ. (ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ) ਕਾਰਡ ਹੈ, ਵੀ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾ ਸਕਣਗੇ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਨੇ ਰੋਜ਼ਾਨਾ ਪੰਜ ਹਜ਼ਾਰ ਯਾਤਰੂਆਂ ਨੂੰ ਇਸ ਲਾਂਘੇ ਰਾਹੀਂ ਗੁਰਦੁਆਰੇ ਦੇ ਦਰਸ਼ਨ ਕਰਾਉਣ ਲਈ ਸਹਿਮਤੀ ਦਿੱਤੀ ਹੈ।

ਭਾਰਤ ਨੇ ਵਿਸਾਖੀ ਅਤੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਸਮੇਤ ਵਿਸ਼ੇਸ਼ ਮੌਕਿਆਂ ਉਤੇ 10 ਤੋਂ 15 ਹਜ਼ਾਰ ਯਾਤਰੂਆਂ ਨੂੰ ਮੱਥਾ ਟੇਕਣ ਲਈ ਭੇਜਣ ਦੀ ਮੰਗ ਰੱਖੀ ਹੈ, ਜਿਸ ਨੂੰ ਪਾਕਿਸਤਾਨ ਨੇ ਹਾਲ ਦੀ ਘੜੀ ਸਵੀਕਾਰ ਨਹੀਂ ਕੀਤਾ ਹੈ। ਪਾਕਿਸਤਾਨ ਨੇ ਕਿਹਾ ਕਿ ਉਹ ਹੌਲੀ ਹੌਲੀ ਯਾਤਰੂਆਂ ਦੀ ਸਮਰੱਥਾ ਵਿਚ ਵਾਧਾ ਕਰੇਗਾ ਕਿਉਂਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਲੋੜੀਂਦੇ ਢਾਂਚੇ ਦੀ ਵੀ ਲੋੜ ਹੈ। ਮੀਟਿੰਗ ਦੌਰਾਨ ਬੁੱਢੀ ਰਾਵੀ ਨਾਲੇ 'ਤੇ ਪੁਲ ਬਣਾਉਣ ਦਾ ਮਾਮਲਾ ਵੀ ਵਿਚਾਰਿਆ ਗਿਆ, ਪਰ ਪਾਕਿਸਤਾਨ ਨੇ ਅਜੇ ਪੁਲ ਬਣਾਉਣ ਤੋਂ ਅਸਮਰੱਥਾ ਪ੍ਰਗਟਾਈ ਹੈ। ਦੋਵਾਂ ਧਿਰਾਂ ਵੱਲੋਂ ਫਿਲਹਾਲ ਇਕ ਸਲਿਪ ਰੋਡ ਬਣਾਉਣ ਉਤੇ ਸਹਿਮਤੀ ਬਣੀ ਹੈ ਤਾਂ ਜੋ ਲਾਂਘੇ ਦੀ ਸ਼ੁਰੂਆਤ ਨਵੰਬਰ ਮਹੀਨੇ ਵਿਚ ਨਿਰਧਾਰਿਤ ਸਮੇਂ 'ਤੇ ਕੀਤੀ ਜਾ ਸਕੇ। ਇਹ ਆਰਜ਼ੀ ਪ੍ਰਬੰਧ ਹੋਵੇਗਾ ਅਤੇ ਮਗਰੋਂ ਬੁੱਢੀ ਰਾਵੀ ਨਾਲਾ 'ਤੇ ਪੁਲ ਉਸਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਯਾਤਰੂਆਂ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕੀਤਾ ਜਾਵੇਗਾ।

ਮੀਟਿੰਗ ਦੌਰਾਨ ਭਾਰਤੀ ਅਧਿਕਾਰੀਆਂ ਨੇ ਖਾਲਿਸਤਾਨ ਪੱਖੀ ਜਾਂ ਹੋਰ ਜਥੇਬੰਦੀਆਂ ਵੱਲੋਂ ਲਾਂਘੇ ਦੀ ਦੁਰਵਰਤੋਂ ਨਾ ਕਰਨ ਦੀ ਮੰਗ ਵੀ ਰੱਖੀ। ਗੁਰਦੁਆਰੇ ਦੇ ਦਰਸ਼ਨਾਂ ਲਈ ਜਾਣ ਵਾਲੇ ਯਾਤਰੂਆਂ ਨੂੰ ਲੰਗਰ ਅਤੇ ਪ੍ਰਸਾਦਿ ਵੀ ਪਾਕਿਸਤਾਨ ਵੱਲੋਂ ਮੁਹੱਈਆ ਕੀਤਾ ਜਾਵੇਗਾ। ਇਕ ਭਾਰਤੀ ਅਧਿਕਾਰੀ ਨੇ ਦੱਸਿਆ ਕਿ ਪ੍ਰੋਟੋਕਾਲ ਅਧਿਕਾਰੀ ਭੇਜਣ ਸਬੰਧੀ ਭਾਰਤ ਦੀ ਮੰਗ ਪ੍ਰਤੀ ਪਾਕਿਸਤਾਨੀ ਅਧਿਕਾਰੀਆਂ ਦਾ ਰਵੱਈਆ ਪੂਰੀ ਤਰ੍ਹਾਂ ਨਾਂਹ ਪੱਖੀ ਸੀ। ਇਸੇ ਤਰ੍ਹਾਂ ਯਾਤਰੂ ਫੀਸ ਲਾਉਣ ਬਾਰੇ ਵੀ ਉਹ ਪੂਰੀ ਤਰ੍ਹਾਂ ਬਜ਼ਿੱਦ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਲਾਂਘੇ ਦੀ ਉਸਾਰੀ ਲਈ ਪਾਕਿਸਤਾਨ ਨੇ ਕਰੋੜਾਂ ਰੁਪਏ ਖਰਚੇ ਹਨ। ਭਾਰਤੀ ਅਧਿਕਾਰੀਆਂ ਨੇ ਡੇਰਾ ਬਾਬਾ ਨਾਨਕ ਵਿਚ ਯਾਤਰੂ ਟਰਮੀਨਲ ਬਣਾਉਣ ਸਬੰਧੀ ਚੱਲ ਰਹੇ ਕੰਮ ਬਾਰੇ ਵੀ ਖੁਲਾਸਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਯਾਤਰੂ ਟਰਮੀਨਲ ਅਤੇ ਚਹੁੰ ਮਾਰਗੀ ਸੜਕ ਦਾ ਕੰਮ ਨਿਰਧਾਰਿਤ ਸਮੇਂ ਵਿਚ ਮੁਕੰਮਲ ਹੋਵੇਗਾ।



## ਸਿੱਖ ਸ਼ਰਧਾਲੂਆਂ ਨੂੰ ਦੋ ਵਰਗਾਂ 'ਚ ਵੰਡਣ ਦੀ ਤਿਆਰੀ

**ਇਸਲਾਮਾਬਾਦ:** ਕਰਤਾਰਪੁਰ 'ਚ ਦਰਬਾਰ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਲਈ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਨੇ ਦੋ ਵਰਗਾਂ 'ਚ ਵੰਡਣ ਦਾ ਫੈਸਲਾ ਲਿਆ ਹੈ। ਮੀਡੀਆ ਰਿਪੋਰਟ ਮੁਤਾਬਕ ਇਕ ਵਰਗ 'ਚ ਭਾਰਤ ਦੇ ਅਤੇ ਦੂਜੇ 'ਚ ਬਾਕੀ ਦੁਨੀਆਂ ਦੇ ਸਿੱਖ ਸ਼ਰਧਾਲੂ ਸ਼ਾਮਲ ਹੋਣਗੇ। ਡਾਅਨ ਦੀ ਰਿਪੋਰਟ ਮੁਤਾਬਕ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਸਿੱਖ ਸ਼ਰਧਾਲੂਆਂ ਲਈ ਆਨਲਾਈਨ ਵੀਜ਼ਾ ਪ੍ਰਣਾਲੀ 'ਚ ਧਾਰਮਿਕ ਸੈਰ ਸਪਾਟਾ ਵਰਗ ਜੋੜਨ ਦਾ ਫੈਸਲਾ ਲਿਆ ਹੈ। ਰਿਪੋਰਟ ਮੁਤਾਬਕ ਵਿਦੇਸ਼ ਮੰਤਰਾਲੇ ਵੱਲੋਂ ਵੀਜ਼ਾ ਅਰਜ਼ੀਆਂ ਨੂੰ ਦੋ ਵੱਖੋ ਵੱਖਰੇ ਵਰਗਾਂ 'ਚ ਰੱਖਿਆ ਜਾਵੇਗਾ। ਪਹਿਲੇ ਵਰਗ 'ਚ ਭਾਰਤੀ ਮੂਲ ਦੇ ਦੁਨੀਆਂ 'ਚ ਵਸਦੇ ਸਿੱਖ ਸ਼ਰਧਾਲੂ ਹੋਣਗੇ ਜਦਕਿ ਦੂਜੇ 'ਚ ਭਾਰਤ ਆਧਾਰਿਤ ਸਿੱਖ ਸ਼ਰਧਾਲੂ ਹੋਣਗੇ। ਪ੍ਰਸਤਾਵਿਤ ਕਦਮ ਲਈ ਵਿਦੇਸ਼ ਮੰਤਰਾਲੇ ਵੱਲੋਂ ਕੈਬਨਿਟ ਤੋਂ ਨੀਤੀ 'ਚ ਸੋਧ ਕਰਨ ਦੀ ਮੰਗ ਕੀਤੀ ਜਾਵੇਗੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਕਰਤਾਰਪੁਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਦੀਆਂ ਵੀਜ਼ਾ ਅਰਜ਼ੀਆਂ ਦਾ ਨਿਬੇੜਾ ਸੱਤ ਤੋਂ 10 ਦਿਨਾਂ ਦੇ ਅੰਦਰ ਕੀਤਾ ਜਾਵੇਗਾ।

## ਯਾਤਰੂਆਂ 'ਤੇ ਫੀਸ ਲਾਉਣ ਦੀ ਨਿਖੇਧੀ

**ਅੰਮ੍ਰਿਤਸਰ:** ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਲਾਂਘੇ ਦੇ ਸ਼ੁਰੂ ਹੋਣ ਮਗਰੋਂ ਦਰਸ਼ਨ ਲਈ ਜਾਣ ਵਾਲੇ ਹਰ ਯਾਤਰੂ ਕੋਲੋਂ ਪਾਕਿਸਤਾਨ ਵੱਲੋਂ 20 ਅਮਰੀਕੀ ਡਾਲਰ ਸਰਵਿਸ ਫੀਸ ਵਜੋਂ ਵਸੂਲੇ ਜਾਣ ਦੀ ਪ੍ਰਸਤਾਵਿਤ ਯੋਜਨਾ ਦਾ ਸਿੱਖ ਸ਼ਖਸੀਅਤਾਂ ਨੇ ਵੀ ਵਿਰੋਧ ਕੀਤਾ ਹੈ। ਇਸ ਤੋਂ ਪਹਿਲਾਂ ਲਾਂਘੇ ਸਬੰਧੀ ਹੋਈ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਦੀ ਮੀਟਿੰਗ ਵਿਚ ਕੇਂਦਰੀ ਤੇ ਪੰਜਾਬ ਦੇ ਅਧਿਕਾਰੀਆਂ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਚੁੱਕਾ ਹੈ। ਫਿਲਹਾਲ ਪਾਕਿਸਤਾਨ ਇਹ ਯਾਤਰੂ ਜਾਂ ਸਰਵਿਸ ਫੀਸ ਲਾਉਣ ਲਈ ਬਜ਼ਿੱਦ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨ ਲਈ ਜਾਣ ਵਾਸਤੇ ਕੋਈ ਫੀਸ ਨਹੀਂ ਹੋਣੀ ਚਾਹੀਦੀ। ਉਨ੍ਹਾਂ ਆਖਿਆ ਕਿ ਗੁਰੂ ਘਰ ਹਰ ਧਰਮ ਅਤੇ ਹਰ ਵਰਗ ਦੇ ਲੋਕਾਂ ਲਈ ਖੁੱਲ੍ਹੇ ਹਨ ਅਤੇ ਗੁਰਦੁਆਰੇ ਜਾਣ ਵਾਸਤੇ ਕਿਸੇ ਨੂੰ ਕੋਈ ਫੀਸ ਨਹੀਂ ਦੇਣੀ ਪੈਂਦੀ।

# ਲਾਹੌਰ ਮਿਊਜ਼ੀਅਮ 'ਚ ਪਹਿਲੀ ਵਾਰ ਲੱਗੀ ਸਿੱਖ ਪ੍ਰਦਰਸ਼ਨੀ

**ਲਾਹੌਰ:** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਲਾਹੌਰ ਮਿਊਜ਼ੀਅਮ 'ਚ ਪਹਿਲੀ ਵਾਰ ਸਿੱਖ ਪ੍ਰਦਰਸ਼ਨੀ ਲਗਾਈ ਗਈ ਹੈ। ਇਹ ਪ੍ਰਦਰਸ਼ਨੀ 30 ਸਤੰਬਰ ਨੂੰ ਸਮਾਪਤ ਹੋਵੇਗੀ। ਲਾਹੌਰ 'ਚ ਬੀਤੇ ਦਿਨੀਂ ਗਵਰਨਰ ਹਾਊਸ ਵਿਚ ਕਰਵਾਈ ਗਈ ਤਿੰਨ ਰੋਜ਼ਾ 'ਬਾਬਾ ਗੁਰੂ ਨਾਨਕ ਅਤੇ ਉਨ੍ਹਾਂ ਦਾ ਯੁੱਗ' ਕੌਮਾਂਤਰੀ ਸਿੱਖ ਕਨਵੈਨਸ਼ਨ ਦੌਰਾਨ ਉਕਤ ਪ੍ਰਦਰਸ਼ਨੀ ਦਾ ਉਦਘਾਟਨ ਅਜਾਇਬ-ਘਰ ਦੇ ਪ੍ਰਬੰਧਕ ਤਾਰੀਖ ਮਹਿਮੂਦ ਨੇ ਕੀਤਾ ਸੀ।

ਉਕਤ ਪ੍ਰਦਰਸ਼ਨੀ 'ਚ ਲਾਹੌਰ ਦਰਬਾਰ ਦੇ ਕੌਮੀ ਖਜਾਨੇ ਦੀਆਂ ਕਈ ਇਤਿਹਾਸਕ ਨਿਸ਼ਾਨੀਆਂ ਸਮੇਤ ਸਿੱਖ ਸੰਗਤ ਵਲੋਂ ਲਾਹੌਰ ਮਿਊਜ਼ੀਅਮ ਨੂੰ ਭੇਟ ਕੀਤੀ ਗਈ ਪਾਲਕੀ ਵੀ ਸ਼ਾਮਿਲ ਕੀਤੀ ਗਈ ਹੈ, ਜਿਸ 'ਚ ਅਜਾਇਬ-ਘਰ ਦੇ ਪ੍ਰਬੰਧਕਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕੀਤਾ ਗਿਆ ਹੈ। ਪ੍ਰਦਰਸ਼ਨੀ 'ਚ ਸਿੱਖ ਰਾਜ ਵੇਲੇ ਯੂਰਪੀ ਚਿੱਤਰਕਾਰਾਂ ਦੁਆਰਾ ਬਣਾਏ ਬੇਸ਼ਕੀਮਤੀ ਤੇਲ ਚਿੱਤਰ, ਜਲ ਚਿੱਤਰ, ਹਾਥੀ-ਦੰਦ ਚਿੱਤਰ, ਧਾਤੂ ਦੇ ਬਣੇ ਮਾਡਲ ਸਮੇਤ ਕਈ ਹੋਰ ਵਸਤੂਆਂ ਸ਼ਾਮਲ ਹਨ। ਉਕਤ ਤੇਲ ਚਿੱਤਰਾਂ 'ਚ ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਦਰਬਾਰ ਵਾਲੀ ਪੇਂਟਿੰਗ, ਮਹਾਰਾਜਾ ਸ਼ੇਰ ਸਿੰਘ ਦੀ ਕਾਸਲ ਅਤੇ ਸ਼ੇਰ-ਏ-ਪੰਜਾਬ ਦੀ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ 'ਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਬੈਠਿਆਂ ਦੀ ਪੇਂਟਿੰਗ ਸਮੇਤ ਸ਼ਹਿਜ਼ਾਦਾ ਦਲੀਪ ਸਿੰਘ ਦੀ ਘੋੜੇ 'ਤੇ ਸਵਾਰੀ ਕਰਦਿਆਂ ਦੀ, ਉਨ੍ਹਾਂ ਦੇ ਪੁੱਤਰ ਫਰੈਡਰਿਕ ਦਲੀਪ ਸਿੰਘ, ਗੁਲਾਬ ਸਿੰਘ ਡੋਗਰਾ, ਧਿਆਨ ਸਿੰਘ ਡੋਗਰਾ, ਤੇਜਾ ਸਿੰਘ, ਮਹਾਰਾਜਾ ਸ਼ੇਰ ਸਿੰਘ, ਸ਼ੇਰ ਸਿੰਘ ਅਟਾਰੀਵਾਲਾ, ਚਤਰ ਸਿੰਘ ਤੇ ਸ਼ਾਮ ਸਿੰਘ ਅਟਾਰੀਵਾਲਾ, ਜਰਨੈਲ ਹਰੀ ਸਿੰਘ ਨਲਵਾ, ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਲਿਬਾਸ 'ਚ ਹਾਥੀ 'ਤੇ ਬੈਠੇ ਦੀ ਸਿਲਵਰ ਪੇਂਟਿੰਗ ਵਧੇਰੇ ਵਰਨਣਯੋਗ ਹੈ।




ਇਨ੍ਹਾਂ ਚਰਚਿਤ ਪੇਂਟਿੰਗਜ਼ ਦੇ ਇਲਾਵਾ ਮਹਾਰਾਜਾ ਦੀ ਅਖਰੋਟ ਦੀ ਲੱਕੜੀ ਨਾਲ ਬਣੀ ਕੁਰਸੀ, ਜਿਸ ਦੇ ਉਪਰ ਦੋ ਮੋਰ ਅਤੇ ਬੰਸਰੀ ਵਜਾਉਂਦੇ ਇਕ ਪੁਰਸ਼ ਤੇ ਦੋ ਔਰਤਾਂ ਦੀਆਂ ਮੂਰਤਾਂ ਉਕਰੀਆਂ ਹੋਈਆਂ ਹਨ, ਵੀ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ।

ਮਹਾਰਾਜਾ ਰਣਜੀਤ ਸਿੰਘ ਦੀਆਂ ਹੀਰੇ ਮੋਤੀ ਜੜੀਆਂ ਸ਼ਾਹੀ ਪੁਸ਼ਾਕਾਂ, ਹੀਰਿਆਂ ਦੇ ਹਾਰ ਅਤੇ ਕੀਮਤੀ ਧਾਤੂਆਂ ਦੀਆਂ ਬਣੀਆਂ ਮੂਰਤੀਆਂ ਸਮੇਤ ਰਾਣੀ ਮੋਰਾਂ ਦੀ ਧਾਤੂ ਦੀ ਬਣੀ ਕੁਰਸੀ, ਸਿੱਖ ਦਰਬਾਰ ਦੇ ਸ਼ਸਤਰ, ਹੋਰ ਸ਼ਾਹੀ ਪੋਸ਼ਾਕਾਂ, ਸ਼ਾਹੀ ਫਰਨੀਚਰ ਅਤੇ ਸਿੱਖ ਦਰਬਾਰ ਦੇ ਸਿੱਕਿਆਂ ਸਮੇਤ ਮਿਸਤਰੀ ਭਾਈ ਰਾਮ ਸਿੰਘ, ਦਿਆਲ ਸਿੰਘ ਮਜੀਠੀਆ ਅਤੇ ਕੁਝ ਸਮਾਰਕਾਂ ਦੀਆਂ ਕੈਮਰੇ ਨਾਲ ਲਈਆਂ ਗਈਆਂ ਤਸਵੀਰਾਂ ਵੀ ਸ਼ਾਮਲ ਹਨ।

# ਅਕਾਲੀ ਦਲ ਵੱਲੋਂ ਸੁਲਤਾਨਪੁਰ ਲੋਧੀ ਨੂੰ ਸਫੈਦ ਰੰਗ 'ਚ ਰੰਗਣ ਦਾ ਕੰਮ ਸ਼ੁਰੂ

**ਸੁਲਤਾਨਪੁਰ ਲੋਧੀ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਸਫੈਦ ਰੰਗ 'ਚ ਰੰਗਣ ਦਾ ਕਾਰਜ ਅਰਦਾਸ ਉਪਰੰਤ ਸ਼ੁਰੂ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਸੁਰਜੀਤ ਸਿੰਘ ਸਭਰਾ ਨੇ ਅਰਦਾਸ ਕੀਤੀ, ਉਪਰੰਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਹੋਰ ਸੰਤ ਮਹਾਂਪੁਰਸ਼ਾਂ ਨੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਸਾਹਮਣੇ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਦੀ ਡਿਉੜੀ ਦੇ ਬਾਹਰ ਰੰਗ ਰੋਗਨ ਦੀ ਸੇਵਾ ਦੇ ਕਾਰਜ ਦੀ ਸ਼ੁਰੂਆਤ ਕੀਤੀ।



ਵਰਣਨਯੋਗ ਹੈ ਕਿ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਵਿਚਲੀਆਂ 4 ਹਜ਼ਾਰ ਦੇ ਕਰੀਬ ਇਮਾਰਤਾਂ ਤੇ ਕਾਰੋਬਾਰੀ ਅਦਾਰਿਆਂ ਨੂੰ ਚਿੱਟੇ ਰੰਗ 'ਚ ਰੰਗਣ ਦੀ ਸੇਵਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਰਵਾਈ ਜਾ ਰਹੀ ਹੈ, ਜਿਸ 'ਤੇ 5 ਕਰੋੜ ਰੁਪਏ ਖਰਚ ਆਉਣ ਦੀ ਆਸ ਹੈ। ਇਸ ਕਾਰਜ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਸੰਤ ਮਹਾਂਪੁਰਸ਼ਾਂ ਤੇ ਦਾਨੀ ਸ਼ਖਸੀਅਤਾਂ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਭਾਈ ਮਰਦਾਨਾ ਹਾਲ 'ਚ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਅਜੋਕੇ ਸਮੇਂ 'ਚ ਦੁਨੀਆਂ ਵਿਚ ਹਾਲਾਤ ਬਹੁਤ ਹੀ ਬਦਤਰ ਹਨ ਤੇ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਤੇ ਉਪਦੇਸ਼ ਨੂੰ ਸੰਸਾਰ 'ਚ ਫੈਲਾਉਣ ਲਈ ਸੰਤ ਸਮਾਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸੰਸਥਾਵਾਂ ਨੂੰ ਮੋਹਰੀ ਭੂਮਿਕਾ ਅਦਾ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਬੁੱਧ ਧਰਮ ਦੇ ਪ੍ਰਮੁੱਖ ਕੇਂਦਰ ਤੋਂ ਇਲਾਵਾ ਲੋਧੀ ਕਾਲ ਦੌਰਾਨ ਵਪਾਰਕ ਕੇਂਦਰ ਰਿਹਾ ਹੈ ਤੇ ਦੁਨੀਆਂ ਦਾ ਇਹ ਇਕੋ ਇਕ ਰੂਹਾਨੀਅਤ ਦਾ ਕੇਂਦਰ ਹੈ, ਜਿਥੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ।

ਸਾਬਕਾ ਮੁੱਖ ਮੰਤਰੀ ਨੇ ਸ਼੍ਰੋਮਣੀ ਕਮੇਟੀ ਨੂੰ ਕਿਹਾ ਕਿ ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ 'ਚ ਧਾਰਮਿਕ ਸਿੱਖਿਆ ਲਈ ਇਕ ਪੀਰੀਅਡ ਲਾਜ਼ਮੀ ਕੀਤਾ ਜਾਵੇ ਤੇ ਹਰ ਸਕੂਲ-ਕਾਲਜ ਵਿਚ 12ਵੀਂ ਤੱਕ ਦੇ ਬੱਚਿਆਂ ਨੂੰ 5 ਬਾਣੀਆਂ ਦੇ ਪਾਠ ਦੇ ਅਰਥ ਸਮਝਾਏ ਜਾਣ ਤੇ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਅਰਥਾਂ ਸਹਿਤ ਸਮਝਾਉਣੀ ਯਕੀਨੀ ਬਣਾਈ ਜਾਵੇ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਨੂੰ ਸਫੈਦ ਰੰਗ 'ਚ ਰੰਗਣ ਦੇ ਕਾਰਜ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਵਰਕਰ ਵੱਧ ਚੜ੍ਹ ਕੇ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ 550 ਸਾਲਾ ਪ੍ਰਕਾਸ਼ ਪੁਰਬ ਤੱਕ ਸੁਲਤਾਨਪੁਰ ਲੋਧੀ ਦਾ ਸੁੰਦਰੀਕਰਨ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਮੁੱਚੀ ਸਿੱਖ ਕੌਮ ਦੀ ਨੁਮਾਇੰਦਾ ਜਮਾਤ ਹੈ। ਅਕਾਲੀ ਦਲ ਨੇ ਹਮੇਸ਼ਾ ਧਾਰਮਿਕ, ਰਾਜਨੀਤਕ ਖੇਤਰ ਤੋਂ ਇਲਾਵਾ ਪੰਜਾਬੀਆਂ ਦੇ ਹੱਕਾਂ ਲਈ ਸਮੇਂ-ਸਮੇਂ ਸੰਘਰਸ਼ ਲੜੇ ਤੇ ਇਸ ਤੋਂ ਇਲਾਵਾ ਹੋਰ ਸੇਵਾ ਦੇ ਕਾਰਜਾਂ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ।

## 74 ਸਾਲਾ ਔਰਤ ਜੌੜੇ ਬੱਚਿਆਂ ਦੀ ਮਾਂ ਬਣੀ

**ਅਮਰਾਵਤੀ:** ਆਂਧਰਾ ਪ੍ਰਦੇਸ਼ ਦੀ 74 ਸਾਲਾ ਔਰਤ ਨੇ ਜੌੜਿਆਂ ਬੱਚਿਆਂ ਨੂੰ ਜਨਮ ਦਿੱਤਾ ਹੈ। ਡਾਕਟਰਾਂ ਅਨੁਸਾਰ ਇਹ ਨਵਾਂ ਵਿਸ਼ਵ ਰਿਕਾਰਡ ਹੈ। ਗਿੰਨੀਜ਼ ਵਰਲਡ ਰਿਕਾਰਡ ਅਨੁਸਾਰ ਇਸ ਤੋਂ ਪਹਿਲਾਂ 66 ਸਾਲਾ ਸਪੇਨੀ ਔਰਤ ਨੇ ਜੌੜਿਆਂ ਨੂੰ ਜਨਮ ਦਿੱਤਾ ਸੀ। ਡਾਕਟਰਾਂ ਨੇ ਦੱਸਿਆ ਕਿ ਈ ਮੰਗਲਾਯਾਮਾ ਦੀ ਆਈ.ਵੀ.ਐਫ. ਵਿਧੀ ਨਾਲ ਦੋ ਲੜਕੀਆਂ ਹੋਈਆਂ। ਇਸ ਵੇਲੇ ਜੱਚਾ ਤੇ ਬੱਚਾ ਠੀਕ ਹਨ। ਮੰਗਲਾਯਾਮਾ ਦਾ ਸਾਲ 1962 ਵਿਚ ਵਿਆਹ ਹੋਇਆ ਸੀ।

# ਕਾਂਗਰਸ, 'ਆਪ' ਤੇ ਅਕਾਲੀ-ਭਾਜਪਾ ਲਈ ਵੱਡੀ ਚੁਣੌਤੀ ਹੋਣਗੀਆਂ ਜ਼ਿਮਨੀ ਚੋਣਾਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ ਉਪ ਚੋਣਾਂ ਸਿਰ ਉਤੇ ਹਨ। ਸਿਆਸੀ ਪਾਰਟੀਆਂ ਵਿਚ ਵੀ ਹਿਲਜੁਲ ਨਜ਼ਰ ਆ ਰਹੀ ਹੈ। ਆਮ ਆਦਮੀ ਪਾਰਟੀ ਹੁਣ ਤੱਕ ਸਾਰੀਆਂ ਸੀਟਾਂ ਉਤੇ ਚੋਣਾਂ ਲੜਨ ਦਾ ਐਲਾਨ ਕਰ ਚੁੱਕੀ ਹੈ। ਜਦੋਂ ਕਿ ਲੋਕ ਇਨਸਾਫ ਪਾਰਟੀ ਵੱਲੋਂ ਦਾਖਾ ਅਤੇ ਫਗਵਾੜਾ ਦੋ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕੀਤੇ ਜਾਣ ਦੇ ਆਸਾਰ ਹਨ। ਇਹ ਉਪ ਚੋਣਾਂ ਹੁਕਮਰਾਨ ਕਾਂਗਰਸ, 'ਆਪ' ਅਤੇ ਅਕਾਲੀ-ਭਾਜਪਾ ਗੱਠਜੋੜ ਲਈ ਚੁਣੌਤੀ ਤੋਂ ਘੱਟ ਨਹੀਂ ਹਨ, ਕਿਉਂਕਿ ਇਨ੍ਹਾਂ ਚੋਣਾਂ ਦੇ ਨਤੀਜੇ ਇਨ੍ਹਾਂ ਤਿੰਨਾਂ ਪਾਰਟੀਆਂ ਦੀ ਭਵਿੱਖ ਦੀ ਰਾਜਨੀਤੀ ਦੀ 'ਦਿਸ਼ਾ ਅਤੇ ਦਸ਼ਾ' ਤੈਅ ਕਰਨ ਵਾਲੇ ਹੋਣਗੇ।

ਕੈਪਟਨ ਸਰਕਾਰ ਵੱਲੋਂ 'ਆਪ' ਦੇ ਅਸਤੀਫਾ ਦੇ ਚੁੱਕੇ ਵਿਧਾਇਕਾਂ ਦੇ ਅਸਤੀਫੇ ਲਟਕਾਈ ਰੱਖਣ ਤੋਂ ਇਹੀ ਪ੍ਰਭਾਵ ਬਣਦਾ ਹੈ ਕਿ ਕਾਂਗਰਸ ਸਮਝਦੀ ਹੈ ਕਿ ਜੇ ਕਈ ਥਾਵਾਂ 'ਤੇ ਉਪ ਚੋਣ ਹੁੰਦੀ ਹੈ ਤਾਂ ਸ਼ਾਇਦ ਉਹ ਹੁਕਮਰਾਨ ਹੋਣ ਕਾਰਨ ਹੋਣ ਵਾਲੇ ਫਾਇਦੇ ਨਹੀਂ ਉਠਾ ਸਕੇਗੀ। ਭਾਵੇਂ ਆਮ ਤੌਰ 'ਤੇ ਇਹ ਸਮਝਿਆ ਜਾਂਦਾ ਹੈ ਕਿ ਉਪ ਚੋਣਾਂ ਵਿਚ ਹੁਕਮਰਾਨ ਪਾਰਟੀ ਹੀ ਜੇਤੂ ਰਹਿੰਦੀ ਹੈ ਪਰ ਵਿਧਾਨ ਸਭਾ ਦੀਆਂ 2017 ਅਤੇ ਲੋਕ ਸਭਾ ਦੀਆਂ 2019 ਦੀਆਂ ਚੋਣਾਂ ਵਿਚ ਪਈਆਂ ਵੋਟਾਂ ਦੇ ਅੰਕੜੇ ਤੇ ਤੱਥ ਜਿਸ ਸਥਿਤੀ ਵੱਲ ਇਸ਼ਾਰਾ ਕਰ ਰਹੇ ਹਨ, ਉਨ੍ਹਾਂ ਤੋਂ ਜਾਪਦਾ ਹੈ ਕਿ ਜਲਾਲਾਬਾਦ ਤੇ ਮੁਕੇਰੀਆਂ ਹਲਕਿਆਂ ਵਿਚ ਕਾਂਗਰਸ ਲਈ ਉਪ ਚੋਣ ਜਿੱਤਣਾ 'ਖਾਲਾ ਜੀ ਦਾ ਵਾੜਾ' ਨਹੀਂ ਹੋਵੇਗਾ ਜਦੋਂ ਕਿ ਦਾਖਾ ਅਤੇ ਫਗਵਾੜਾ ਵਿਚ ਵੀ ਮੁਕਾਬਲਾ ਸਖਤ ਹੋਣ ਦੇ ਆਸਾਰ ਜਾਪਦੇ ਹਨ। ਭਾਵੇਂ 'ਆਪ' ਨੇ ਸਾਰੀਆਂ ਉਪ ਚੋਣਾਂ ਲੜਨ ਦਾ ਫੈਸਲਾ ਕਰ ਲਿਆ ਹੈ ਪਰ ਅੰਕੜੇ ਤੇ ਸਥਿਤੀਆਂ 'ਆਪ' ਦੇ ਹੱਕ ਵਿਚ ਨਹੀਂ ਜਾਪਦੀਆਂ।

ਤੀਜੇ ਪਾਸੇ ਪੰਜਾਬ ਵਿਚ ਅਜੇ ਵੀ ਅਕਾਲੀ ਦਲ ਨੂੰ ਲੋਕ ਬੇਅਦਬੀਆਂ ਲਈ ਮੁਆਫ ਕਰਦੇ ਨਹੀਂ ਦਿਖਦੇ। ਪਰ ਇਸ ਦੇ ਨਾਲ ਹੀ ਲੋਕ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਨੂੰ ਸ਼ਹਿਰੀ ਖੇਤਰਾਂ ਵਿਚ ਵਧੀ ਵੋਟ ਇਹ ਪ੍ਰਭਾਵ ਦਿੰਦੀ ਹੈ ਕਿ ਹਿੰਦੂ ਵੋਟ ਵਿਚ ਮੋਦੀ ਲਹਿਰ ਦਾ ਅਸਰ ਸੀ। ਦੂਜੇ ਪਾਸੇ ਉਪ ਚੋਣਾਂ ਵਾਲੇ ਵਿਧਾਨ ਸਭਾ ਹਲਕਿਆਂ ਵਿਚੋਂ 3 ਦੇ ਤੱਥ ਤੇ ਅੰਕੜੇ ਅਕਾਲੀ-ਭਾਜਪਾ ਗੱਠਜੋੜ ਦੇ ਹੱਕ ਵਿਚ ਜਾਂਦੇ ਹਨ ਜਦੋਂ ਕਿ ਦਾਖਾ ਵਿਧਾਨ ਸਭਾ ਚੋਣ ਵਿਚ ਵਿਧਾਨ ਸਭਾ ਚੋਣਾਂ ਤੇ ਲੋਕ ਸਭਾ ਚੋਣਾਂ ਦੇ ਤੱਥ ਤੇ ਅੰਕੜੇ ਲੋਕ ਇਨਸਾਫ ਪਾਰਟੀ ਨੂੰ ਅਕਾਲੀ ਦਲ ਤੋਂ ਉੱਪਰ ਦਿਖਾ ਰਹੇ ਹਨ। ਲੋਕ ਸਭਾ ਚੋਣ ਵਿਚ 'ਆਪ' ਵੱਲੋਂ ਵਿਧਾਨ ਸਭਾ ਚੋਣ ਵਿਚ ਲਈ ਗਈ ਕਾਫੀ ਵੋਟ ਲੋਕ ਇਨਸਾਫ ਪਾਰਟੀ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਨੂੰ ਪਈ ਲੱਗਦੀ ਹੈ।

ਇਹ ਉਪ ਚੋਣਾਂ ਭਾਜਪਾ ਲਈ ਨਹੀਂ ਸਗੋਂ ਅਕਾਲੀ ਦਲ ਖਾਸ ਕਰਕੇ ਸੁਖਬੀਰ ਸਿੰਘ ਬਾਦਲ ਲਈ ਬਹੁਤ ਜ਼ਿਆਦਾ ਅਹਿਮ ਹਨ। ਇਨ੍ਹਾਂ 4 ਉਪ ਚੋਣਾਂ ਵਿਚ ਅਕਾਲੀ ਦਲ ਤੇ ਭਾਜਪਾ ਵੱਲੋਂ 2-2 ਸੀਟਾਂ ਲੜੇ ਜਾਣ ਦੇ ਆਸਾਰ ਹਨ। ਇਹ ਸਪਸ਼ਟ ਹੈ ਕਿ ਜੇਕਰ ਅਕਾਲੀ ਦਲ ਆਪਣੇ ਹਿੱਸੇ ਦੀਆਂ ਦੋਵੇਂ ਸੀਟਾਂ ਜਿੱਤ ਜਾਂਦਾ ਹੈ ਤਾਂ ਉਹ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੀ ਸੱਤਾ ਵਿਚ ਵਾਪਸੀ ਵੱਲ ਇਕ ਮਜ਼ਬੂਤ ਕਦਮ ਮੰਨਿਆ ਜਾਵੇਗਾ ਪਰ ਜੇਕਰ ਅਕਾਲੀ ਦਲ ਇਹ ਦੋਵੇਂ ਸੀਟਾਂ ਹਾਰ ਗਿਆ ਤਾਂ ਯਕੀਨੀ ਤੌਰ 'ਤੇ ਇਹ ਹਾਰ ਅਕਾਲੀ ਦਲ ਅਤੇ ਇਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਾਜਨੀਤੀ ਦੀ ਹਾਰ 'ਤੇ ਇਕ ਮੋਹਰ ਲੱਗਣ ਵਰਗੀ ਗੱਲ ਹੋਵੇਗੀ। ਦਾਖਾ ਵਿਧਾਨ ਸਭਾ ਹਲਕੇ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਐਡਵੋਕੇਟ ਐਚ.ਐਸ. ਫੂਲਕਾ 58,923 ਵੋਟਾਂ ਲੈ ਕੇ ਜਿੱਤੇ ਸਨ। ਉਨ੍ਹਾਂ ਦੇ ਮੁਕਾਬਲੇ ਅਕਾਲੀ-ਭਾਜਪਾ ਗੱਠਜੋੜ ਦੇ ਮਨਪ੍ਰੀਤ ਸਿੰਘ ਇਆਲੀ ਨੂੰ 54,754 ਵੋਟਾਂ ਪਈਆਂ ਸਨ। ਪਰ ਇਨ੍ਹਾਂ ਚੋਣਾਂ ਵਿਚ ਕੈਪਟਨ ਦੇ ਹੱਕ ਵਿਚ ਲਹਿਰ ਬਣ ਜਾਣ ਦੇ ਬਾਵਜੂਦ ਕਾਂਗਰਸੀ ਉਮੀਦਵਾਰ ਹਾਰਨ ਵਾਲੇ ਅਕਾਲੀ ਉਮੀਦਵਾਰ ਤੋਂ ਵੀ 16 ਹਜ਼ਾਰ ਵੋਟਾਂ ਪਿੱਛੇ ਰਹਿ ਗਏ ਸਨ। ਕਾਂਗਰਸ ਦੇ ਉਮੀਦਵਾਰ ਮੇਜਰ ਸਿੰਘ ਭੈਣੀ ਨੂੰ 28,571 ਵੋਟਾਂ ਹੀ ਮਿਲੀਆਂ ਸਨ।

ਹੁਣ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਵੇਂ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਲੁਧਿਆਣਾ ਸੀਟ ਜਿੱਤ ਗਏ ਪਰ ਲੁਧਿਆਣਾ ਵਿਚ ਪੈਂਦੇ ਵਿਧਾਨ ਸਭਾ ਹਲਕੇ ਦਾਖਾ ਵਿਚ ਉਹ ਲੋਕ ਇਨਸਾਫ ਪਾਰਟੀ ਦੇ ਮੁਖੀ ਸਿਮਰਨਜੀਤ ਸਿੰਘ ਬੈਂਸ ਤੋਂ ਥੋੜ੍ਹਾ ਪਿੱਛੇ ਹੀ ਰਹੇ। ਇਥੋਂ ਬੈਂਸ ਨੂੰ 44,938 ਵੋਟਾਂ ਪਈਆਂ ਅਤੇ ਬਿੱਟੂ ਨੂੰ 43,644 ਵੋਟਾਂ ਮਿਲੀਆਂ। ਇਥੋਂ ਅਕਾਲੀ ਦਲ 2017 ਨਾਲੋਂ ਵੀ ਬਹੁਤ ਹੇਠਾਂ ਚਲਾ ਗਿਆ। ਅਕਾਲੀ ਦਲ ਦੇ ਮਹੇਸ਼ਇੰਦਰ ਸਿੰਘ ਗਰੇਵਾਲ ਨੂੰ 28,896 ਵੋਟਾਂ ਹੀ ਮਿਲੀਆਂ।

2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਲਾਲਾਬਾਦ ਹਲਕੇ ਤੋਂ ਉਸ ਵੇਲੇ ਦੇ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 75,271 ਵੋਟਾਂ ਲਈਆਂ ਸਨ। ਦੂਜੇ ਨੰਬਰ 'ਤੇ 'ਆਪ' ਦੇ ਭਗਵੰਤ ਮਾਨ ਰਹੇ ਸਨ, ਜਿਨ੍ਹਾਂ ਨੇ 56,771 ਵੋਟਾਂ ਪ੍ਰਾਪਤ ਕੀਤੀਆਂ, ਜਦੋਂ ਕਿ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ 31,539 ਵੋਟਾਂ ਲੈ ਕੇ ਤੀਸਰੇ ਨੰਬਰ 'ਤੇ ਰਹੇ ਸਨ। ਪਰ ਹੁਣ ਲੋਕ ਸਭਾ ਚੋਣਾਂ ਵਿਚ ਸੁਖਬੀਰ ਸਿੰਘ ਬਾਦਲ ਵਿਧਾਨ ਸਭਾ ਚੋਣਾਂ ਤੋਂ ਵੀ ਕਰੀਬ ਸਾਢੇ 13 ਹਜ਼ਾਰ ਵੋਟਾਂ ਵੱਧ ਲੈਣ 'ਚ ਸਫਲ ਰਹੇ।

ਹਾਲਾਂਕਿ ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ ਨੇ ਵੀ 2019 ਵਿਚ 2017 ਵਿਚ ਕਾਂਗਰਸ ਵੱਲੋਂ ਲਈਆਂ ਵੋਟਾਂ ਵਿਚ 26 ਹਜ਼ਾਰ ਦੇ ਕਰੀਬ ਵੋਟਾਂ ਦਾ ਵਾਧਾ ਦਰਜ ਕਰਕੇ 57,944 ਵੋਟਾਂ ਲਈਆਂ ਪਰ 'ਆਪ' ਦੇ ਉਮੀਦਵਾਰ ਹਰਜਿੰਦਰ ਸਿੰਘ ਕਾਕਾ ਸਰਾਂ ਨੂੰ ਭਗਵੰਤ ਮਾਨ ਵੱਲੋਂ 2017 ਵਿਚ ਲਈਆਂ ਵੋਟਾਂ ਨਾਲੋਂ 2019 ਦੀਆਂ ਲੋਕ ਸਭਾ ਚੋਣਾਂ ਵਿਚ ਜਲਾਲਾਬਾਦ ਵਿਧਾਨ ਸਭਾ ਹਲਕੇ ਤੋਂ ਕਰੀਬ 53 ਹਜ਼ਾਰ ਵੋਟਾਂ ਘੱਟ ਮਿਲੀਆਂ। ਉਨ੍ਹਾਂ ਨੂੰ ਸਿਰਫ 3304 ਵੋਟਾਂ ਹੀ ਪਈਆਂ।

## ਜ਼ਿਮਨੀ ਚੋਣਾਂ ਲਈ ਹਾਕਮ ਧਿਰ ਦੀ ਚਾਲ ਸੁਸਤ

**ਚੰਡੀਗੜ੍ਹ:** ਚੋਣ ਕਮਿਸ਼ਨ ਵੱਲੋਂ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦਾ ਐਲਾਨ ਅਗਲੇ ਹਫਤੇ ਕਰਨ ਦੀਆਂ ਤਿਆਰੀਆਂ ਹਨ ਪਰ ਹਾਕਮ ਧਿਰ ਕਾਂਗਰਸ ਵੱਲੋਂ ਇਨ੍ਹਾਂ ਹਲਕਿਆਂ ਦੀਆਂ ਚੋਣਾਂ ਲਈ ਕੋਈ ਖਾਸ ਤਿਆਰੀ ਕੀਤੀ ਨਹੀਂ ਜਾਪਦੀ। ਕਾਂਗਰਸ ਨੇ ਇਕ ਹਲਕੇ ਤੋਂ ਉਮੀਦਵਾਰ ਦੀ ਚੋਣ ਲਗਭਗ ਕਰ ਲਈ ਹੈ ਪਰ ਬਾਕੀ ਤਿੰਨ ਹਲਕਿਆਂ ਬਾਰੇ ਭੰਬਲਭੂਸਾ ਬਰਕਰਾਰ ਹੈ। ਜਲਾਲਾਬਾਦ ਪੱਛਮੀ, ਫਗਵਾੜਾ, ਮੁੱਲਾਂਪੁਰ ਦਾਖਾ ਅਤੇ ਮੁਕੇਰੀਆਂ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਕਰਵਾਈਆਂ ਜਾਣੀਆਂ ਹਨ। ਜਲਾਲਾਬਾਦ ਪੱਛਮੀ ਤੇ ਫਗਵਾੜਾ ਤੋਂ ਕ੍ਰਮਵਾਰ ਵਿਧਾਇਕ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਆਗੂ ਸੋਮ ਪ੍ਰਕਾਸ਼ ਲੋਕ ਸਭਾ ਮੈਂਬਰ ਬਣ ਗਏ ਹਨ ਤੇ ਮੁੱਲਾਂਪੁਰ ਦਾਖਾ ਤੋਂ ਆਮ ਆਦਮੀ ਪਾਰਟੀ (ਆਪ) ਦੇ ਆਗੂ ਤੇ ਵਕੀਲ ਐਚ.ਐਸ. ਫੂਲਕਾ ਨੇ ਅਸਤੀਫਾ ਦੇ ਦਿੱਤਾ ਸੀ। ਚੌਥੀ ਸੀਟ ਮੁਕੇਰੀਆਂ ਹਲਕੇ ਦੇ ਕਾਂਗਰਸੀ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦੀ ਮੌਤ ਮਗਰੋਂ ਖਾਲੀ ਹੋਈ ਹੈ। ਜੇ ਵਿਧਾਨ ਸਭਾ ਦੇ ਸਪੀਕਰ 4 ਹੋਰ ਵਿਧਾਇਕਾਂ, ਜਿਨ੍ਹਾਂ ਨੇ ਕੁਝ ਮਹੀਨੇ ਪਹਿਲਾਂ ਅਸਤੀਫੇ ਦਿੱਤੇ ਹਨ, ਦੇ ਅਸਤੀਫੇ ਪ੍ਰਵਾਨ ਕਰ ਲੈਂਦੇ ਤਾਂ ਸੂਬੇ ਵਿਚ ਚਾਰ ਦੀ ਥਾਂ 8 ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਹੋਣੀਆਂ ਸਨ ਤੇ ਇਸ ਕਾਰਨ 'ਆਪ' ਕੋਲੋਂ ਵਿਰੋਧੀ ਧਿਰ ਦਾ ਤਾਜ ਵੀ ਖੁੱਸ ਜਾਣਾ ਸੀ।

# 18 ਸਰਕਾਰੀ ਬੈਂਕਾਂ ਨਾਲ 31,898 ਕਰੋੜ ਦੀ ਠੱਗੀ

**ਇੰਦੌਰ:** ਮੌਜੂਦਾ ਵਿੱਤੀ ਵਰ੍ਹੇ ਦੀ ਪਹਿਲੀ ਤਿਮਾਹੀ (ਅਪਰੈਲ ਤੋਂ ਜੂਨ) ਦੌਰਾਨ ਜਨਤਕ ਖੇਤਰ ਦੇ 18 ਬੈਂਕਾਂ ਵਿਚ ਕੁੱਲ 31,898.63 ਕਰੋੜ ਰੁਪਏ ਦੀ ਧੋਖਾਧੜੀ ਦੇ 2480 ਮਾਮਲੇ ਸਾਹਮਣੇ ਆਏ ਹਨ। ਦੇਸ਼ ਦਾ ਮੋਹਰੀ ਬੈਂਕ ਭਾਰਤੀ ਸਟੇਟ ਬੈਂਕ ਇਸ ਸਮੇਂ ਦੌਰਾਨ ਧੋਖਾਧੜੀ ਦਾ ਸਭ ਤੋਂ ਵੱਡਾ ਸ਼ਿਕਾਰ ਬਣਿਆ, ਕਿਉਂਕਿ ਧੋਖਾਧੜੀ ਵਾਲੀ ਉਕਤ ਰਕਮ 'ਚੋਂ ਕਰੀਬ 38% ਧਨ ਰਾਸ਼ੀ ਨਾਲ ਜੁੜੇ ਮਾਮਲੇ ਸਿਰਫ ਭਾਰਤੀ ਸਟੇਟ ਬੈਂਕ ਵੱਲੋਂ ਜ਼ਾਹਿਰ ਕੀਤੇ ਗਏ ਹਨ।

ਮੱਧ ਪ੍ਰਦੇਸ਼ ਦੇ ਨੀਮਚ ਵਾਸੀ ਤੇ ਆਰ.ਟੀ.ਆਈ. ਕਾਰਕੁਨ ਚੰਦਰਸ਼ੇਖਰ ਗੌੜ ਨੇ ਦੱਸਿਆ ਕਿ ਭਾਰਤੀ ਰਿਜ਼ਰਵ ਬੈਂਕ ਦੇ ਇਕ ਅਧਿਕਾਰੀ ਨੇ ਉਸ ਨੂੰ ਇਹ ਜਾਣਕਾਰੀ ਦਿੱਤੀ ਹੈ। ਆਰ.ਟੀ.ਆਈ. ਤਹਿਤ ਗੌੜ ਨੂੰ ਭੇਜੇ ਗਏ ਜਵਾਬ ਤੋਂ ਪਤਾ ਲੱਗਦਾ ਹੈ ਕਿ 30 ਜੂਨ ਨੂੰ ਸਮਾਪਤ ਹੋਈ ਪਹਿਲੀ ਤਿਮਾਹੀ ਵਿਚ ਭਾਰਤੀ ਸਟੇਟ ਬੈਂਕ 'ਚ ਧੋਖਾਧੜੀ ਦੇ 1197 ਮਾਮਲਿਆਂ ਦਾ ਪਤਾ ਲੱਗਿਆ ਜੋ ਕੁੱਲ 12,012.77 ਕਰੋੜ ਰੁਪਏ ਦੀ ਰਾਸ਼ੀ ਨਾਲ ਸਬੰਧਤ ਸਨ।

ਇਸ ਸਮੇਂ ਦੌਰਾਨ ਬੈਂਕਿੰਗ ਧੋਖਾਧੜੀ ਦੇ ਦਾਇਰੇ ਵਿਚ ਆਈ ਸਭ ਤੋਂ ਵੱਧ ਧਨ ਰਾਸ਼ੀ ਦੇ ਪੈਮਾਨੇ 'ਤੇ ਇਲਾਹਾਬਾਦ ਬੈਂਕ ਦੂਜੇ ਸਥਾਨ 'ਤੇ ਰਿਹਾ। ਇਲਾਹਾਬਾਦ ਬੈਂਕ ਵਿਚ ਕੁੱਲ 2855.46 ਕਰੋੜ ਰੁਪਏ ਦੀ ਠੱਗੀ ਦੇ 381 ਮਾਮਲੇ ਸਾਹਮਣੇ ਆਏ। ਪੰਜਾਬ ਨੈਸ਼ਨਲ ਬੈਂਕ ਕੁੱਲ 2526.55 ਕਰੋੜ ਰੁਪਏ ਦੀ ਧੋਖਾਧੜੀ ਦੇ 99 ਮਾਮਲਿਆਂ ਨਾਲ ਇਸ ਸੂਚੀ ਵਿਚ ਤੀਜੇ ਨੰਬਰ 'ਤੇ ਰਿਹਾ।

ਭਾਰਤੀ ਰਿਜ਼ਰਵ ਬੈਂਕ ਵੱਲੋਂ ਦਿੱਤੀ ਗਈ ਜਾਣਕਾਰੀ ਵਿਚ ਬੈਂਕਿੰਗ ਧੋਖਾਧੜੀ ਦੀ ਕਿਸਮ ਤੇ ਧੋਖਾਧੜੀ ਦੇ ਸ਼ਿਕਾਰ ਬੈਂਕ ਜਾਂ ਉਸ ਦੇ ਗਾਹਕਾਂ ਨੂੰ ਹੋਏ ਨੁਕਸਾਨ ਦਾ ਅਸਲ ਬਿਓਰਾ ਨਹੀਂ ਦਿੱਤਾ ਗਿਆ ਹੈ। ਸੂਚਨਾ ਦੇ ਅਧਿਕਾਰੀ ਐਕਟ ਤਹਿਤ ਦਿੱਤੀ ਗਈ ਅਰਜ਼ੀ ਵਿਚ ਸ੍ਰੀ ਗੌੜ ਦੇ ਇਕ ਸਵਾਲ 'ਤੇ ਭਾਰਤੀ ਰਿਜ਼ਰਵ ਬੈਂਕ ਨੇ ਕਿਹਾ ਕਿ ਉਸ ਕੋਲ ਇਸ ਦੇ ਅੰਕੜੇ ਉਪਲਬਧ ਨਹੀਂ ਹਨ।

ਮੌਜੂਦਾ ਵਿੱਤੀ ਵਰ੍ਹੇ ਦੀ ਪਹਿਲੀ ਤਿਮਾਹੀ ਵਿਚ ਬੈਂਕ ਆਫ ਬੜੌਦਾ 'ਚ 2297.05 ਕਰੋੜ ਰੁਪਏ ਦੀ ਧੋਖਾਧੜੀ ਦੇ 75 ਮਾਮਲੇ, ਓਰੀਐਂਟਲ ਬੈਂਕ ਆਫ ਕਾਮਰਸ 'ਚ 2133.08 ਕਰੋੜ ਰੁਪਏ ਦੀ ਧੋਖਾਧੜੀ ਦੇ 45 ਮਾਮਲੇ, ਕੇਨਰਾ ਬੈਂਕ ਵਿਚ 2035.81 ਕਰੋੜ ਦੀ ਧੋਖਾਧੜੀ ਦੇ 69 ਮਾਮਲੇ, ਸੈਂਟਰਲ ਬੈਂਕ ਆਫ ਇੰਡੀਆ 'ਚ 1982.27 ਕਰੋੜ ਦੀ ਧੋਖਾਧੜੀ ਦੇ 194 ਮਾਮਲੇ, ਯੂਨਾਈਟਿਡ ਬੈਂਕ ਆਫ ਇੰਡੀਆ 'ਚ 1196 ਕਰੋੜ ਰੁਪਏ ਦੀ ਧੋਖਾਧੜੀ ਦੇ 31 ਮਾਮਲੇ ਸਾਹਮਣੇ ਆਏ। ਕਾਰਪੋਰੇਸ਼ਨ ਬੈਂਕ 'ਚ 16 ਮਾਮਲਿਆਂ ਵਿਚ 960.80 ਕਰੋੜ, ਇੰਡੀਅਨ ਓਵਰਸੀਜ਼ ਬੈਂਕ 'ਚ 46 ਮਾਮਲਿਆਂ ਵਿਚ 934.67 ਕਰੋੜ ਅਤੇ ਬੈਂਕ ਆਫ ਇੰਡੀਆ 'ਚ 42 ਮਾਮਲਿਆਂ 'ਚ 517.20 ਕਰੋੜ ਰੁਪਏ ਦੀ ਧੋਖਾਧੜੀ ਹੋਈ ਹੈ ਅਤੇ ਸਭ ਤੋਂ ਘੱਟ ਸਿਰਫ ਇਕ ਮਾਮਲੇ 'ਚ 2.2 ਲੱਖ ਰੁਪਏ ਦੀ ਧੋਖਾਧੜੀ ਪੰਜਾਬ ਐਂਡ ਸਿੰਧ ਬੈਂਕ ਵਿਚ ਹੋਈ।

# ਸ਼ਰਾਬ ਪੀਣ ਵਿਚ ਭਾਰਤੀ ਔਰਤਾਂ ਨੇ ਤੋੜੇ ਰਿਕਾਰਡ

**ਨਵੀਂ ਦਿੱਲੀ:** ਇਕ ਸਰਵੇਖਣ ਵਿਚ ਪਤਾ ਲੱਗਾ ਹੈ ਕਿ ਔਰਤਾਂ ਵਿਚ ਸ਼ਰਾਬ ਪੀਣ ਦੀ ਆਦਤ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਹ ਸਰਵੇਖਣ ਦਿੱਲੀ ਵਿਚ 18 ਤੋਂ 70 ਸਾਲ ਤੱਕ ਦੀਆਂ ਕਰੀਬ 5,000 ਔਰਤਾਂ ਉਤੇ 'ਕਮਿਊਨਿਟੀ ਅਗੇਂਸਟ ਡਰੰਕਨ ਡਰਾਈਵਿੰਗ' ਵੱਲੋਂ ਕੀਤਾ ਗਿਆ ਹੈ। ਸ਼ਰਾਬ ਸੇਵਨ ਦੇ ਮਾਮਲੇ ਵਿਚ ਭਾਰਤ ਪਹਿਲਾਂ ਹੀ ਦੁਨੀਆਂ 'ਚ ਨੰਬਰ ਇਕ ਹੈ ਤੇ ਭਾਰਤੀਆਂ ਦੀ ਸ਼ਰਾਬ ਲਈ ਮੁਹੱਬਤ ਵਧਦੀ ਹੀ ਜਾ ਰਹੀ ਹੈ।

ਸਰਵੇਖਣ ਕਰਨ ਵਾਲੇ ਸੰਗਠਨ ਮੁਤਾਬਕ ਭਾਰਤੀਆਂ ਵਿਚ ਸ਼ਰਾਬ ਸੇਵਨ 2005 ਵਿਚ 2.4 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਸਾਲ ਤੋਂ ਲੈ ਕੇ 2016 ਵਿਚ 5.7 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਸਾਲ ਵਧ ਗਿਆ ਹੈ। ਵਿਸ਼ਵ ਸਿਹਤ ਸੰਗਠਨ ਦੀ ਇਕ ਰਿਪੋਰਟ ਮੁਤਾਬਕ 2010-17 ਤੱਕ ਭਾਰਤ ਵਿਚ ਸ਼ਰਾਬ ਸੇਵਨ 38 ਫੀਸਦੀ ਵਧਿਆ ਹੈ। ਇਸ ਵਧਣੇ ਵਿਚ ਔਰਤਾਂ ਦਾ ਕਾਫੀ ਯੋਗਦਾਨ ਰਿਹਾ ਹੈ। ਇਹ ਸਰਵੇਖਣ ਮੌਜੂਦਾ ਸੇਵਨ, ਖਰਚਿਆਂ, ਪੀਣ ਦੀਆਂ ਆਦਤਾਂ ਤੇ ਥਾਵਾਂ ਦੇ ਨੁਕਤਿਆਂ ਤੋਂ ਕੀਤਾ ਗਿਆ ਹੈ। ਰਵਾਇਤੀ ਤੌਰ 'ਤੇ ਇਸ ਤੋਂ ਪਹਿਲਾਂ ਦਹਾਕਿਆਂ ਤੱਕ ਸ਼ਰਾਬ ਤੋਂ ਦੂਰ ਰਹਿਣ ਵਾਲੀਆਂ ਭਾਰਤੀ ਔਰਤਾਂ ਦੀ ਸ਼ਰਾਬ ਬਾਜ਼ਾਰ ਵਿਚ ਹਿੱਸੇਦਾਰੀ ਅਗਲੇ ਪੰਜ ਸਾਲਾਂ ਦੌਰਾਨ 25 ਫੀਸਦੀ ਤੱਕ ਵਧਣ ਦੀ ਸੰਭਾਵਨਾ ਹੈ। ਇਸ ਲਈ ਭਾਰਤ ਸਰਕਾਰ ਦੇ 'ਸੈਂਟਰ ਫਾਰ ਅਲਕੋਹਲ ਸਟੱਡੀਜ਼' ਦੇ ਅੰਕੜਿਆਂ ਦਾ ਹਵਾਲਾ ਵੀ ਦਿੱਤਾ ਗਿਆ ਹੈ।

ਸੰਗਠਨ ਮੁਤਾਬਕ ਫਿਲਮਾਂ ਤੇ ਟੀਵੀ ਵੀ ਇਸ ਵਰਤਾਰੇ ਵਿਚ ਵੱਡਾ ਯੋਗਦਾਨ ਦੇ ਰਹੇ ਹਨ। ਏਮਜ਼ ਦੀ ਰਿਪੋਰਟ ਮੁਤਾਬਕ ਦਿੱਲੀ ਵਿਚ ਕਰੀਬ 15 ਲੱਖ ਔਰਤਾਂ ਸ਼ਰਾਬ ਪੀਂਦੀਆਂ ਹਨ। ਇਸ ਦਾ ਕਾਰਨ ਹੈ ਕਿ ਬਹੁਤੀਆਂ ਸਮਾਜਿਕ ਗਤੀਵਿਧੀਆਂ ਸ਼ਰਾਬ ਦੁਆਲੇ ਘੁੰਮਦੀਆਂ ਹਨ ਤੇ ਗੱਲਬਾਤ ਦੌਰਾਨ ਇਸ ਦੇ ਸੇਵਨ ਨੂੰ ਲੋਕ ਚੰਗਾ ਵੀ ਸਮਝਦੇ ਹਨ। ਇਸ ਤੋਂ ਇਲਾਵਾ ਜਦ ਹਰ ਕੋਈ ਪੀ ਰਿਹਾ ਹੁੰਦਾ ਹੈ ਤਾਂ ਇਹ ਕੋਈ ਸਮੱਸਿਆ ਨਹੀਂ ਜਾਪਦੀ।

# ਮਹਾਰਾਸ਼ਟਰ ਸਰਕਾਰ ਵੱਲੋਂ ਤਖਤ ਹਜ਼ੂਰ ਸਾਹਿਬ ਦਾ 61 ਕਰੋੜ ਦਾ ਕਰਜ਼ਾ ਮੁਆਫ

**ਨਵੀਂ ਦਿੱਲੀ:** ਸਿੱਖ ਸੰਗਤ ਦੀ ਬੇਨਤੀ 'ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੇ ਤਖਤ ਹਜ਼ੂਰ ਸਾਹਿਬ ਨੂੰ 2008 ਵਿਚ ਦਿੱਤੇ ਗਏ 61 ਕਰੋੜ ਰੁਪਏ ਦੇ ਕਰਜ਼ੇ ਨੂੰ ਮੁਆਫ ਕਰ ਦਿੱਤਾ ਹੈ। ਇਸ ਰਕਮ ਨੂੰ ਸੂਬਾ ਸਰਕਾਰ ਨੇ ਕਰਜ਼ਾ ਮੰਨ ਲਿਆ ਸੀ। ਜਾਣਕਾਰੀ ਅਨੁਸਾਰ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਪ੍ਰਧਾਨ ਭੁਪਿੰਦਰ ਸਿੰਘ ਮਿਨਹਾਸ, ਮੀਤ ਪ੍ਰਧਾਨ ਗੁਰਿੰਦਰ ਸਿੰਘ ਬਾਵਾ ਤੇ ਨਾਂਦੇੜ ਦੇ ਸੰਸਦ ਮੈਂਬਰ ਪ੍ਰਤਾਪ ਰਾਓ ਪਾਟਿਲ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੂੰ ਕਰਜ਼ਾ ਮੁਆਫ ਕਰਨ ਬਾਰੇ ਬੇਨਤੀ ਕੀਤੀ ਸੀ।

ਦੱਸਣਯੋਗ ਹੈ ਕਿ 2008 ਵਿਚ ਮਨਾਏ ਗਏ 300 ਸਾਲਾ ਗੁਰਗੱਦੀ ਦਿਵਸ ਮੌਕੇ ਡਾ. ਪੀ.ਐਸ. ਪਸਰੀਚਾ (ਰਿਟਾ. ਡੀ.ਜੀ.ਪੀ.) ਚੇਅਰਮੈਨ ਗੁਰਦੁਆਰਾ ਤਖਤ ਹਜ਼ੂਰ ਸਾਹਿਬ ਨਾਂਦੇੜ ਨੂੰ 61 ਕਰੋੜ ਰੁਪਏ ਵਿਕਾਸ ਲਈ ਦਿੱਤੇ ਗਏ ਸਨ, ਜਿਸ ਨੂੰ ਮਹਾਰਾਸ਼ਟਰ ਸਰਕਾਰ ਨੇ ਕਰਜ਼ੇ ਦੇ ਰੂਪ ਵਿਚ ਦਿਖਾਇਆ। ਗੁਰਦੁਆਰਾ ਹਜ਼ੂਰ ਸਾਹਿਬ ਨਾਂਦੇੜ ਵੱਲੋਂ ਕਈ ਸਾਲਾਂ ਤੋਂ ਸਰਕਾਰ ਨਾਲ ਪੱਤਰ-ਵਿਹਾਰ ਕੀਤੇ ਗਏ ਪਰ ਸਰਕਾਰ ਨੇ ਇਸ ਕਰਜ਼ੇ ਨੂੰ ਮੁਆਫ ਨਹੀਂ ਕੀਤਾ ਸੀ। ਕੁਝ ਸਮਾਂ ਪਹਿਲਾਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੇ ਇਸ ਕਰਜ਼ੇ ਨੂੰ ਮੁਆਫ ਕਰਨ ਦਾ ਭਰੋਸਾ ਦਿੱਤਾ ਸੀ। ਦੱਸਣਯੋਗ ਹੈ ਕਿ ਇਹ ਰਾਸ਼ੀ ਤਖਤ ਸਾਹਿਬ ਦੇ ਵਿਕਾਸ 'ਤੇ ਨਹੀਂ ਲਗਾਈ ਗਈ ਬਲਕਿ ਸਾਰੀ ਰਾਸ਼ੀ ਤਖਤ ਸਾਹਿਬ ਦੇ ਬਾਹਰ ਵਿਕਾਸ ਉੱਪਰ ਲਗਾਈ ਗਈ।

ਹੁਣ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੇ ਆਪਣੇ ਵੱਲੋਂ ਦਿੱਤੇ ਭਰੋਸੇ ਨੂੰ ਪੂਰਾ ਕਰ ਦਿੱਤਾ ਹੈ। ਤਖਤ ਹਜ਼ੂਰ ਸਾਹਿਬ ਦੇ ਜਥੇਦਾਰ, ਸਮੂਹ ਪੰਜ ਪਿਆਰੇ, ਬੋਰਡ ਦੇ ਪ੍ਰਧਾਨ, ਮੀਤ ਪ੍ਰਧਾਨ, ਸਕੱਤਰ ਅਤੇ ਸਮੂਹ ਮੈਂਬਰਾਂ ਦੇ ਨਾਲ ਸੰਗਤ ਵੱਲੋਂ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਗਿਆ ਹੈ।

# ਹੜ੍ਹਾਂ ਦੀ ਮਾਰ: ਸਰਕਾਰੀ ਨਾਲਾਇਕੀ ਨੇ ਦਿੱਤਾ ਆਫਤ ਨੂੰ ਸੱਦਾ

**ਚੰਡੀਗੜ੍ਹ:** ਪੰਜਾਬ 'ਚ ਆਏ ਹੜ੍ਹਾਂ ਨੂੰ ਕੁਦਰਤੀ ਆਫਤ ਮੰਨਣ ਦੀ ਥਾਂ ਕਈ ਧਿਰਾਂ ਇਸ ਦਾ ਦੋਸ਼ ਭਾਖੜਾ ਡੈਮ ਦੇ ਪ੍ਰਬੰਧਕਾਂ ਸਿਰ ਮੜ੍ਹ ਰਹੀਆਂ ਹਨ। ਇਸ ਦਾ ਇਕ ਕਾਰਨ ਸੂਬਾ ਸਰਕਾਰ ਵੱਲੋਂ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਮਨਜ਼ੂਰ ਕੀਤੇ ਗਏ 100 ਕਰੋੜ 'ਚੋਂ ਵੀ ਕਾਰਨ ਹੋਇਆ ਜਾਨੀ ਨੁਕਸਾਨ ਵੱਖਰਾ ਹੈ। ਡਰੇਨੇਜ ਵਿਭਾਗ ਨੇ ਵਿੱਤ ਵਿਭਾਗ ਕੋਲੋਂ ਧੁੱਸੀ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਜੁਲਾਈ 'ਚ ਪੈਸੇ ਮੰਗੇ ਸਨ ਤੇ 18 ਅਗਸਤ ਨੂੰ ਹੜ੍ਹਾਂ ਨੇ ਤਬਾਹੀ ਮਚਾ ਦਿੱਤੀ ਸੀ।

ਜਾਣਕਾਰੀ ਅਨੁਸਾਰ ਡਰੇਨੇਜ ਵਿਭਾਗ ਨੇ



ਅੱਧੇ ਪੈਸੇ ਦੇਣ ਨੂੰ ਮੰਨਿਆ ਜਾ ਰਿਹਾ ਹੈ।

ਡਰੇਨੇਜ ਵਿਭਾਗ ਨੇ ਪੰਜਾਬ ਦੇ ਵਿੱਤ ਵਿਭਾਗ ਕੋਲੋਂ ਦਰਿਆਵਾਂ ਦੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਲਈ 300 ਕਰੋੜ ਰੁਪਏ ਦੀ ਮੰਗ ਕੀਤੀ ਸੀ। ਸੂਬਾ ਸਰਕਾਰ ਨੇ ਕੇਵਲ 100 ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਸੀ ਪਰ ਉਸ ਵਿਚੋਂ ਵੀ ਅੱਧੇ ਪੈਸੇ 50 ਕਰੋੜ ਰੁਪਏ ਦਿੱਤੇ ਗਏ। ਪੰਜਾਬ ਦੇ ਵਿੱਤ ਵਿਭਾਗ ਨੇ ਡਰੇਨੇਜ ਵਿਭਾਗ ਨੂੰ 250 ਕਰੋੜ ਰੁਪਏ ਦੇਣ ਤੋਂ ਸਰਫਾ ਕਰ ਲਿਆ ਸੀ ਪਰ ਹੜ੍ਹਾਂ ਦੀ ਮਾਰ ਨੇ ਪੰਜਾਬ ਦੇ ਲੋਕਾਂ ਦਾ 2000 ਕਰੋੜ ਤੋਂ ਵੱਧ ਦਾ ਨੁਕਸਾਨ ਕਰ ਦਿੱਤਾ ਹੈ। ਹੜ੍ਹ 300 ਕਰੋੜ ਰੁਪਏ ਧੁੱਸੀ ਬੰਨ੍ਹਾਂ ਲਈ ਇਸ ਕਰ ਕੇ ਮੰਗੇ ਸਨ ਕਿ ਸੂਬੇ ਭਰ ਦੇ ਡਿਪਟੀ ਕਮਿਸ਼ਨਰਾਂ ਨੇ ਆਪੋ-ਆਪਣੇ ਜ਼ਿਲ੍ਹਿਆਂ ਦੇ ਦਰਿਆਵਾਂ, ਡਰੇਨਾਂ ਤੇ ਨਹਿਰੀ ਸਿਸਟਮ ਬਾਰੇ ਰਿਪੋਰਟਾਂ ਭੇਜੀਆਂ ਸਨ, ਜਿੱਥੇ ਉਨ੍ਹਾਂ ਦੀ ਮਜ਼ਬੂਤੀ ਲਈ ਪੈਸਿਆਂ ਦੀ ਲੋੜ ਸੀ। ਦੋਆਬਾ ਖਿੱਤੇ ਦੇ ਡਰੇਨੇਜ ਵਿਭਾਗ ਨਾਲ ਸਬੰਧਤ ਇਕ ਅਧਿਕਾਰੀ ਨੇ ਦੱਸਿਆ ਕਿ ਏਨੀ ਛੋਟੀ ਰਕਮ ਨਾਲ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨਾ ਔਖਾ ਸੀ। ਜ਼ਿਕਰਯੋਗ ਹੈ ਕਿ ਸੂਬੇ 'ਚ ਕੋਈ 1500 ਕਿਲੋਮੀਟਰ ਡਰੇਨਾਂ ਹਨ, ਜੋ ਬਰਸਾਤਾਂ ਤੋਂ ਪਹਿਲਾਂ ਸਾਫ ਕਰਨੀਆਂ ਜ਼ਰੂਰੀ ਹੁੰਦੀਆਂ ਹਨ।

# ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਲਈ 11 ਨਵੇਂ ਮੈਂਬਰ ਨਿਯੁਕਤ

**ਚੰਡੀਗੜ੍ਹ:** ਸੂਬਾ ਸਰਕਾਰ ਨੇ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ (ਪੀ. ਐਸ. ਐਸ. ਐਸ.ਬੀ.) ਲਈ 11 ਨਵੇਂ ਮੈਂਬਰਾਂ ਦੀ ਨਿਯੁਕਤੀ ਕੀਤੀ। ਜਿਸ ਤਹਿਤ ਪੰਜਾਬ ਕਾਂਗਰਸ ਦੇ ਮੀਡੀਆ ਇੰਚਾਰਜ ਜਸਪਾਲ ਸਿੰਘ ਢਿੱਲੋਂ ਨੂੰ ਵੀ ਮੈਂਬਰ ਨਿਯੁਕਤ ਕੀਤਾ ਹੈ। ਇਸ ਸਬੰਧੀ ਹੁਕਮ ਵੀ ਸਰਕਾਰ ਵੱਲੋਂ ਜਾਰੀ ਕਰ ਦਿੱਤੇ ਗਏ ਹਨ। ਇਸ ਦੇ ਇਲਾਵਾ 10 ਹੋਰ ਮੈਂਬਰਾਂ ਦੀ ਨਿਯੁਕਤੀ ਵੀ ਕੀਤੀ ਗਈ ਹੈ।

ਦੱਸਣਯੋਗ ਹੈ ਕਿ ਜਿਥੇ ਢਿੱਲੋਂ ਪਿਛਲੇ ਲੰਮੇ ਸਮੇਂ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੀਡੀਆ ਟੀਮ 'ਚ ਸਰਕਾਰ ਬਣਨ ਤੋਂ ਵੀ ਪਹਿਲਾਂ ਤੋਂ ਸਰਗਰਮੀ ਨਾਲ ਕੰਮ ਕਰ ਰਹੇ ਹਨ, ਉਥੇ ਕੈਪਟਨ ਦੇ ਕਰੀਬੀ ਵੀ ਮੰਨੇ ਜਾਂਦੇ ਹਨ। ਉਹ ਇਸ ਵੇਲੇ ਪੰਜਾਬ ਕਾਂਗਰਸ ਦੇ ਮੀਡੀਆ ਇੰਚਾਰਜ ਤੇ ਐਨ.ਆਰ.ਆਈ. ਵਿੰਗ ਦੇ ਇੰਚਾਰਜ ਵਜੋਂ ਵੀ ਸੇਵਾ ਨਿਭਾ ਰਹੇ ਹਨ। ਉਨ੍ਹਾਂ 2013 'ਚ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਅਧੀਨ ਫਿਲਮ ਸੈਂਸਰ ਬੋਰਡ 'ਚ ਬਤੌਰ ਮੈਂਬਰ ਵਜੋਂ ਵੀ ਸੇਵਾ ਨਿਭਾਈ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗਿਆਨੀ ਰਣਜੀਤ ਸਿੰਘ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਨਿਯੁਕਤ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੀ ਮੀਟਿੰਗ ਵਿਚ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਵਜੋਂ ਪ੍ਰਸਿੱਧ ਕਥਾਵਾਚਕ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਦੀ ਨਿਯੁਕਤੀ ਕੀਤੀ ਗਈ ਹੈ ਜਿਨ੍ਹਾਂ ਨੂੰ ਧਾਰਮਿਕ ਆਗੂਆਂ ਵਲੋਂ ਸਿਰੋਪਾਉ ਦਿੱਤੇ ਗਏ।

ਗਿਆਨੀ ਇਕਬਾਲ ਸਿੰਘ ਦੇ ਅਸਤੀਫੇ ਮਗਰੋਂ ਤਖਤ ਸ੍ਰੀ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਗਿਆਨੀ ਰਾਜਿੰਦਰ ਸਿੰਘ ਨੂੰ ਜਥੇਦਾਰ ਬਣਾਇਆ ਗਿਆ ਸੀ ਅਤੇ ਹੁਣ ਗਿਆਨੀ ਰਣਜੀਤ ਸਿੰਘ ਨੂੰ ਪੱਕੇ ਜਥੇਦਾਰ ਵਜੋਂ ਨਿਯੁਕਤ ਕੀਤਾ ਗਿਆ ਹੈ। ਗਿਆਨੀ ਇਕਬਾਲ ਸਿੰਘ ਦੇ ਅਸਤੀਫੇ ਮਗਰੋਂ ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਵਾਸਤੇ ਜ਼ਿੰਮੇਵਾਰੀ ਸੌਂਪੀ ਗਈ ਸੀ, ਜਿਨ੍ਹਾਂ ਇਸ ਸਬੰਧੀ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਵੱਲੋਂ ਵੱਖ-ਵੱਖ ਸਿੱਖ ਵਿਦਵਾਨਾਂ ਦੇ ਨਾਂ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਵਜੋਂ ਪੇਸ਼ ਕੀਤੇ ਗਏ ਸਨ, ਜਿਨ੍ਹਾਂ ਵਿਚੋਂ ਗਿਆਨੀ ਰਣਜੀਤ ਸਿੰਘ ਦੇ ਨਾਂ ਦੀ ਤਜਵੀਜ਼ ਭੇਜੀ ਗਈ ਸੀ ਜਿਸ ਨੂੰ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਹੈ ਅਤੇ ਬਤੌਰ ਜਥੇਦਾਰ ਐਲਾਨਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਗਿਆਨੀ ਰਣਜੀਤ ਸਿੰਘ ਨੂੰ ਤਖਤ ਸ੍ਰੀ ਪਟਨਾ ਸਾਹਿਬ ਦਾ ਜਥੇਦਾਰ ਨਿਯੁਕਤ ਕੀਤੇ ਜਾਣ 'ਤੇ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਉ ਵੀ ਭੇਟ ਕੀਤਾ ਗਿਆ। ਗਿਆਨੀ ਰਣਜੀਤ ਸਿੰਘ ਦਾ ਜਨਮ ਪਿੰਡ ਦੌਲਤਪੁਰ ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਜਵੰਦ ਸਿੰਘ ਬਾਜਵਾ ਬਰਤਾਨਵੀ ਫੌਜ ਵਿਚ ਰਹੇ ਹਨ ਅਤੇ ਉਨ੍ਹਾਂ ਦੂਜੀ ਵੱਡੀ ਜੰਗ ਵਿਚ ਹਿੱਸਾ ਲਿਆ ਸੀ। ਗਿਆਨੀ ਰਣਜੀਤ ਸਿੰਘ ਨੇ ਰਾਂਚੀ ਯੂਨੀਵਰਸਿਟੀ ਦੇ ਪ੍ਰਬੰਧ ਹੇਠਲੇ ਆਰ.ਐਸ.ਪੀ. ਕਾਲਜ ਝਰੀਆ (ਧਨਬਾਦ) ਤੋਂ ਗਰੈਜੂਏਸ਼ਨ ਕੀਤੀ। ਉਨ੍ਹਾਂ ਦਾ ਅਨੰਦ ਕਾਰਜ ਸਾਲ 1984 ਵਿਚ ਬੀਬੀ ਰਣਜੀਤ ਕੌਰ ਨਾਲ ਹੋਇਆ। ਸੰਤ ਸਿੰਘ ਮਸਕੀਨ ਤੋਂ ਬਾਅਦ ਪਿਛਲੇ 13 ਸਾਲਾਂ ਤੋਂ ਉਹ ਸ੍ਰੀ ਦਰਬਾਰ ਸਾਹਿਬ ਸਥਿਤ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਬਾਣੀ ਦੀ ਕਥਾ ਦੀ ਸੇਵਾ ਨਿਭਾਅ ਰਹੇ ਹਨ।

# ਵਿਧਾਇਕ ਸਿਮਰਜੀਤ ਬੈਂਸ ਤੇ ਸਾਥੀਆਂ ਖਿਲਾਫ ਕੇਸ ਦਰਜ

**ਬਟਾਲਾ:** ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਵਿਪੁਲ ਉਜਵਲ ਨੂੰ ਧਮਕਾਉਣ, ਬਦਸਲੂਕੀ ਕਰਨ, ਉਨ੍ਹਾਂ ਦੀ ਇੱਜ਼ਤ ਤੇ ਵੱਕਾਰ ਨੂੰ ਖਰਾਬ ਕਰਨ ਅਤੇ ਡਿਊਟੀ 'ਚ ਵਿਘਨ ਪਾਉਣ ਨੂੰ ਲੈ ਕੇ ਬਟਾਲਾ ਪੁਲਿਸ ਵੱਲੋਂ ਆਤਮ ਨਗਰ (ਲੁਧਿਆਣਾ) ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਥਾਣਾ ਸਿਟੀ ਜ਼ਿਲ੍ਹਾ ਬਟਾਲਾ ਵਿਚ ਐਸ.ਡੀ.ਐਮ. ਬਟਾਲਾ ਬਲਬੀਰ ਰਾਜ ਸਿੰਘ ਦੇ ਬਿਆਨਾਂ 'ਤੇ ਇਹ ਮਾਮਲਾ ਦਰਜ ਹੋਇਆ ਹੈ।

ਪੁਲਿਸ ਨੂੰ ਲਿਖਾਈ ਰਿਪੋਰਟ 'ਚ ਐਸ.ਡੀ.ਐਮ. ਨੇ ਦੱਸਿਆ ਕਿ 4 ਸਤੰਬਰ ਨੂੰ ਬਟਾਲਾ ਵਿਚ ਇਕ ਪਟਾਕਾ ਫੈਕਟਰੀ 'ਚ ਹੋਏ ਧਮਾਕੇ ਸਬੰਧੀ ਸਿਵਲ ਹਸਪਤਾਲ ਬਟਾਲਾ ਵਿਚ ਸੀਨੀਅਰ ਮੈਡੀਕਲ ਅਫਸਰ ਦੇ ਦਫ਼ਤਰ 'ਚ ਡਿਪਟੀ ਕਮਿਸ਼ਨਰ ਨੇ ਆਪਣਾ ਆਰਜ਼ੀ ਦਫਤਰ ਬਣਾਇਆ ਹੋਇਆ ਸੀ, ਜਿਥੇ ਉਹ ਪੂਰੇ ਬਚਾਅ ਕਾਰਜਾਂ, ਜਖਮੀਆਂ ਨੂੰ ਡਾਕਟਰੀ ਸਹੂਲਤਾਂ, ਮ੍ਰਿਤਕਾਂ ਦੀ ਸ਼ਨਾਖਤ, ਪੋਸਟਮਾਰਟਮ, ਅੰਤਿਮ ਸੰਸਕਾਰ ਤੇ ਮ੍ਰਿਤਕਾਂ ਦੇ ਵਾਰਸਾਂ ਨੂੰ ਦਿੱਤੀ ਜਾਣ ਵਾਲੀ ਸਰਕਾਰੀ ਸਹਾਇਤਾ ਸਬੰਧੀ ਹਰ ਕਾਰਵਾਈ ਨੂੰ ਆਪਣੀ ਦੇਖ-ਰੇਖ ਹੇਠ ਕਰਵਾ ਰਹੇ ਸਨ।

5 ਸਤੰਬਰ ਨੂੰ ਇਥੇ ਇਕ ਮੀਟਿੰਗ ਚੱਲ ਰਹੀ ਸੀ ਕਿ ਵਿਧਾਇਕ ਬੈਂਸ ਨੇ ਆਪਣੇ 20 ਸਾਥੀਆਂ ਸਮੇਤ ਐਸ.ਐਮ.ਓ. ਦਫਤਰ 'ਚ ਜ਼ਬਰਦਸਤੀ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਉਥੇ ਮੌਜੂਦ ਅਧਿਕਾਰੀਆਂ ਦੇ ਗੰਨਮੈਨਾਂ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਅੰਦਰ ਜ਼ਰੂਰੀ ਮੀਟਿੰਗ ਚੱਲ ਰਹੀ ਹੈ, ਆਪ-ਆਪਣੇ ਕੁਝ ਸਾਥੀਆਂ ਨੂੰ ਲੈ ਕੇ ਅੰਦਰ ਚਲੇ ਜਾਓ, ਪਰ ਸਿਮਰਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਸਾਥੀ ਗੰਨਮੈਨਾਂ ਨੂੰ ਜਬਰਨ ਧੱਕਦੇ ਤੇ ਉਨ੍ਹਾਂ ਦੀ ਡਿਊਟੀ 'ਚ ਵਿਘਨ ਪਾਉਂਦੇ ਹੋਏ ਦਫਤਰ 'ਚ ਦਾਖਲ ਹੋ ਗਏ। ਬੈਂਸ ਨੇ ਡਿਪਟੀ ਕਮਿਸ਼ਨਰ ਨੂੰ ਧਮਕੀ ਭਰੇ ਲਹਿਜੇ 'ਚ ਸੰਬੋਧਨ ਕੀਤਾ ਤੇ ਉਨ੍ਹਾਂ ਦੇ ਅਹੁਦੇ ਦੇ ਸਨਮਾਨ ਦਾ ਧਿਆਨ ਨਾ ਰੱਖਦੇ ਹੋਏ ਸੀਨੀਅਰ ਅਧਿਕਾਰੀਆਂ ਦੀ ਹਾਜ਼ਰੀ 'ਚ ਮਾੜੀ ਸ਼ਬਦਾਵਲੀ ਬੋਲੀ ਤੇ ਉਨ੍ਹਾਂ ਦੀ ਡਿਊਟੀ 'ਚ ਵਿਘਨ ਪਾਇਆ।

## ਮੇਰੇ ਕਹਿਣ 'ਤੇ ਹੋਈ ਕਾਰਵਾਈ: ਕੈਪਟਨ

**ਮੁਹਾਲੀ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਈ.ਏ.ਐਸ. ਤੇ ਹੋਰ ਸਿਵਲ ਤੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਹੱਕ ਵਿਚ ਖੁੱਲ੍ਹ ਕੇ ਸਾਹਮਣੇ ਆ ਗਏ ਹਨ। ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਨਾਲ ਦੁਰਵਿਹਾਰ ਦੀ ਘਟਨਾ ਨੂੰ ਮੰਦਭਾਗਾ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੀਨੀਅਰ ਅਧਿਕਾਰੀਆਂ ਨਾਲ ਬਦਸਲੂਕੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਡੀਸੀ ਨਾਲ ਦੁਰਵਿਹਾਰ ਦੀ ਵੀਡੀਓ ਖੁਦ ਦੇਖਣ ਮਗਰੋਂ ਹੀ ਉਨ੍ਹਾਂ ਬੈਂਸ ਖਿਲਾਫ ਪੁਲਿਸ ਕਾਰਵਾਈ ਲਈ ਲੋੜੀਂਦੀਆਂ ਹਦਾਇਤਾਂ ਕੀਤੀਆਂ ਸਨ।

# ਪਾਕਿਸਤਾਨ ਦੇ ਸਾਬਕਾ ਵਿਧਾਇਕ ਨੇ ਪੰਜਾਬ ਪੁੱਜ ਕੇ ਪਨਾਹ ਮੰਗੀ

**ਖੰਨਾ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦਾ ਸਾਬਕਾ ਵਿਧਾਇਕ ਬਲਦੇਵ ਕੁਮਾਰ (43) ਆਪਣੇ ਪਰਿਵਾਰ ਸਮੇਤ ਜਾਨ ਬਚਾ ਕੇ ਆਪਣੇ ਸਹੁਰੇ ਘਰ ਖੰਨਾ ਪਹੁੰਚ ਗਿਆ ਹੈ। ਪਾਕਿਸਤਾਨ ਵਿਚ ਘੱਟ ਗਿਣਤੀ ਵਰਗਾਂ 'ਤੇ ਹੁੰਦੇ ਜ਼ੁਲਮਾਂ ਕਾਰਨ ਉਸ ਨੇ ਮੁੜ ਆਪਣੇ ਮੁਲਕ ਵਾਪਸੀ ਕਰਨ ਤੋਂ ਤੌਬਾ ਕੀਤੀ ਹੈ।

ਇਥੇ ਬਲਦੇਵ ਕੁਮਾਰ ਨੇ ਦੱਸਿਆ ਕਿ ਉਸ ਦਾ ਵਿਆਹ 2007 'ਚ ਖੰਨਾ ਵਾਸੀ ਭਾਵਨਾ ਨਾਲ ਹੋਇਆ ਸੀ। ਉਨ੍ਹਾਂ ਦੀ 11 ਸਾਲਾਂ ਦੀ ਧੀ ਰੀਆ ਤੇ 10 ਸਾਲਾਂ ਦਾ ਪੁੱਤਰ ਸੈਮ ਪਾਕਿਸਤਾਨੀ ਨਾਗਰਿਕ ਹਨ। ਵਿਆਹ ਸਮੇਂ ਉਹ ਪਾਕਿਸਤਾਨ ਵਿਚ ਕੌਂਸਲਰ ਸੀ ਅਤੇ ਵਿਆਹ ਮਗਰੋਂ ਉਹ ਖੈਬਰ ਪਖਤੂਨਖਵਾ (ਕੇ.ਪੀ.ਏ.) ਵਿਧਾਨ ਸਭਾ ਸੀਟ ਬਾਰੀਕੋਟ (ਰਿਜ਼ਰਵ) ਤੋਂ ਵਿਧਾਇਕ ਚੁਣਿਆ ਗਿਆ ਸੀ। ਸਾਲ 2016 ਵਿਚ ਉਸ ਨੂੰ ਪਾਰਟੀ ਦੇ ਹੀ ਵਿਧਾਇਕ ਸੂਰਨ ਸਿੰਘ ਦੇ ਕਤਲ ਦੇ ਦੋਸ਼ ਲਾ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ।

ਆਪਣਾ ਕਾਰਜਕਾਲ ਖਤਮ ਹੋਣ ਤੋਂ ਦੋ ਦਿਨ ਪਹਿਲਾਂ ਉਹ ਕੇਸ 'ਚੋਂ ਬਰੀ ਹੋ ਗਿਆ ਸੀ ਅਤੇ ਵਿਧਾਨ ਸਭਾ ਵਿਚ ਸਹੁੰ ਚੁੱਕ ਕੇ ਡੇਢ ਦਿਨ ਲਈ ਐਮ.ਪੀ.ਏ. (ਵਿਧਾਇਕ) ਬਣਿਆ ਸੀ। ਉਸ ਨੇ ਦੱਸਿਆ ਕਿ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਉਸ ਨੂੰ ਉਮੀਦ ਸੀ ਕਿ ਉਹ ਨਵਾਂ ਪਾਕਿਸਤਾਨ ਬਣਾਉਣਗੇ ਪਰ ਘੱਟ ਗਿਣਤੀ ਵਰਗਾਂ 'ਤੇ ਜ਼ੁਲਮ ਹੋਰ ਵਧ ਗਏ। ਆਪਣੀ ਤੇ ਪਰਿਵਾਰ ਦੀ ਜਾਨ ਨੂੰ ਖਤਰਾ ਭਾਂਪਦਿਆਂ ਉਸ ਨੇ ਈਦ ਤੋਂ ਪਹਿਲਾਂ ਆਪਣਾ ਪਰਿਵਾਰ ਖੰਨਾ ਭੇਜ ਦਿੱਤਾ ਸੀ ਅਤੇ 12 ਅਗਸਤ ਨੂੰ ਉਹ ਖੁਦ ਤਿੰਨ ਮਹੀਨੇ ਦੇ ਵੀਜ਼ੇ ਉਪਰ ਭਾਰਤ ਪੁੱਜ ਗਿਆ। ਉਸ ਨੇ ਪੈਦਲ ਅਟਾਰੀ ਸਰਹੱਦ ਪਾਰ ਕੀਤੀ ਤੇ ਫਿਰ ਬੱਸ ਰਾਹੀਂ ਖੰਨਾ ਪਹੁੰਚੇ। ਹੁਣ ਉਹ ਕਿਸੇ ਵੀ ਕੀਮਤ 'ਤੇ ਪਾਕਿਸਤਾਨ ਨਹੀਂ ਜਾਣਾ ਚਾਹੁੰਦੇ।

# ਰਾਜਧਾਨੀ ਚੰਡੀਗੜ੍ਹ ਬਾਰੇ ਫਿਰ ਰੌਲਾ ਪਿਆ

**ਚੰਡੀਗੜ੍ਹ:** ਚੰਡੀਗੜ੍ਹ 'ਤੇ ਹੱਕ ਬਾਰੇ ਆਪਣਾ ਪੱਖ ਸਪਸ਼ਟ ਕਰਦਿਆਂ ਹਰਿਆਣਾ ਨੇ ਸਾਫ ਕਹਿ ਦਿੱਤਾ ਹੈ ਕਿ ਚੰਡੀਗੜ੍ਹ ਹਰਿਆਣਾ ਦਾ ਖੇਤਰ ਨਹੀਂ ਹੈ। ਸੂਬੇ ਦੇ ਮੁੱਖ ਕਾਨੂੰਨ ਅਫਸਰ ਐਡਵੋਕੇਟ ਜਨਰਲ ਬਲਦੇਵ ਰਾਜ ਮਹਾਜਨ ਨੇ ਜਸਟਿਸ ਰਾਕੇਸ਼ ਜੈਨ ਦੀ ਬੈਂਚ ਮੂਹਰੇ ਕਿਹਾ ਕਿ ਚੰਡੀਗੜ੍ਹ ਹਰਿਆਣਾ ਪ੍ਰਦੇਸ਼ ਦੀ ਰਾਜਧਾਨੀ ਜ਼ਰੂਰ ਹੈ ਤੇ ਹਰਿਆਣਾ 'ਚ ਚੰਡੀਗੜ੍ਹ ਦੇ ਲੋਕਾਂ ਨੂੰ ਕਿਸੇ ਤਰ੍ਹਾਂ ਵੀ ਨੌਕਰੀਆਂ 'ਚ ਕੋਟੇ ਦਾ ਰਾਖਵਾਂਕਰਨ ਨਹੀਂ ਦਿੱਤਾ ਜਾ ਸਕਦਾ।

ਕੁੱਲ ਮਿਲਾ ਕੇ ਹਰਿਆਣਾ ਨੇ ਸਿੱਧੇ ਤੌਰ 'ਤੇ ਚੰਡੀਗੜ੍ਹ ਉਤੇ ਆਪਣਾ ਹੱਕ ਨਹੀਂ ਜਤਾਇਆ ਹੈ। ਦੂਜੇ ਪਾਸੇ ਪੰਜਾਬ ਸਰਕਾਰ ਨੇ ਕਿਹਾ ਕਿ ਕਈ ਮਾਮਲਿਆਂ 'ਚ ਚੰਡੀਗੜ੍ਹ ਉਤੇ ਪੰਜਾਬ ਦਾ ਹੱਕ ਬਣਦਾ ਹੈ। ਐਡਵੋਕੇਟ ਜਨਰਲ ਅਤੁਲ ਨੰਦਾ ਨੇ ਸੁਪਰੀਮ ਕੋਰਟ ਦੇ ਕਈ ਫੈਸਲਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਬਣਦਾ ਹੈ। ਇਹ ਵੀ ਕਿਹਾ ਕਿ ਇਥੇ ਪੰਜਾਬ ਦੇ ਨਿਯਮ ਲਾਗੂ ਹੁੰਦੇ ਹਨ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ। ਹਾਲਾਂਕਿ ਪੰਜਾਬ ਨੇ ਵੀ ਹਰਿਆਣਾ ਵਾਂਗ ਇਸ ਗੱਲ ਤੋਂ ਪੱਲਾ ਝਾੜ ਲਿਆ ਕਿ ਚੰਡੀਗੜ੍ਹ ਦੇ ਲੋਕਾਂ ਨੂੰ ਪੰਜਾਬ ਦੀਆਂ ਨੌਕਰੀਆਂ 'ਚ ਰਾਖਵਾਂਕਰਨ ਨਹੀਂ ਦਿੱਤਾ ਜਾ ਸਕਦਾ। ਹਾਈਕੋਰਟ ਨੇ ਪੰਜਾਬ ਨੂੰ ਹਦਾਇਤ ਕੀਤੀ ਹੈ ਕਿ ਇਨ੍ਹਾਂ ਤੱਥਾਂ ਬਾਰੇ ਲਿਖਤੀ ਤੌਰ 'ਤੇ ਹਲਫਨਾਮੇ ਰਾਹੀਂ ਜਾਣਕਾਰੀ ਦਿੱਤੀ ਜਾਵੇ।

# ਕੈਪਟਨ ਦੀ ਨਾਲਾਇਕੀ ਫਿਰ ਜੱਗ ਜਾਹਰ

*(ਸਫਾ ਇਕ ਦੀ ਬਾਕੀ)*

ਦੀ ਕੋਈ ਮਦਦ ਨਾ ਕਰ ਸਕਿਆ। ਇਸ ਤੋਂ ਬਾਅਦ ਲੋਕ ਰੋਹ ਦੇਖਦਿਆਂ ਸਰਕਾਰ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਸਖਤ ਹੁਕਮ ਦਿੱਤੇ ਕਿ ਪੁਰਾਣੇ ਬੋਰਵੈਲਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਤੇ ਇਨ੍ਹਾਂ ਨੂੰ ਤੁਰਤ ਬੰਦ ਕੀਤਾ ਜਾਵੇ ਪਰ ਇਹ ਕਾਰਵਾਈ ਡੇਢ ਕੁ ਹਫਤਾ ਚੱਲੀ ਤੇ ਹੁਣ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਹੈ। ਪੰਜਾਬ ਵਿਚ ਆਏ ਤਾਜ਼ਾ ਹੜ੍ਹ ਸਰਕਾਰ ਦੀ ਨਾਲਾਇਕੀ ਦੀ ਇਕ ਹੋਰ ਵੱਡੀ ਉਦਾਹਰਨ ਹਨ। ਹੜ੍ਹਾਂ ਕਾਰਨ ਹਜ਼ਾਰਾਂ ਏਕੜ ਫਸਲ ਬਰਬਾਦ ਹੋ ਗਈ। ਵੱਡੀ ਗਿਣਤੀ ਪਿੰਡਾਂ ਵਿਚ ਜ਼ਿੰਦਗੀ ਲੀਹੋਂ ਲਹਿ ਗਈ। ਮੁਢਲੇ ਤੌਰ ਉਤੇ ਇਹੀ ਤੱਥ ਸਾਹਮਣੇ ਆਏ ਹਨ ਕਿ ਤਬਾਹੀ ਸਰਕਾਰੀ ਬਦ-ਇੰਤਜ਼ਾਮੀ ਕਾਰਨ ਹੋਈ। ਬਾਰਸ਼ਾਂ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਸਰਕਾਰ ਵਲੋਂ ਨਦੀ-ਨਾਲਿਆਂ ਦੀ ਸਾਫ ਸਫਾਈ ਸਿਰਫ ਕਾਗਜ਼ਾਂ ਵਿਚ ਹੀ ਹੋਈ ਸੀ। ਦਰਅਸਲ, ਵਿਰੋਧੀ ਧਿਰਾਂ, ਇਥੋਂ ਤੱਕ ਕਿ ਸਰਕਾਰ ਦੇ ਆਪਣੇ ਵਿਧਾਇਕ ਕੈਪਟਨ ਸਰਕਾਰ ਉਤੇ ਹੀ ਦੋਸ਼ ਲਾਉਂਦੇ ਰਹੇ ਹਨ ਕਿ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ। ਖਾਸ ਕਰ ਚੋਣ ਵਾਅਦਿਆਂ ਉਤੇ ਕੈਪਟਨ ਸਰਕਾਰ ਹਮੇਸ਼ਾ ਘਿਰਦੀ ਰਹੀ ਹੈ।

ਸੂਬੇ ਵਿਚ ਚਾਰ ਹਫਤਿਆਂ ਵਿਚ ਨਸ਼ਿਆਂ ਦਾ ਖਾਤਮਾ, ਰੇਤ ਮਾਫੀਆ ਨੂੰ ਨੱਥ, ਕਿਸਾਨਾਂ ਦੀ ਕਰਜ਼ ਮੁਆਫੀ, ਬੇਰੁਜ਼ਗਾਰਾਂ ਨੂੰ ਨੌਕਰੀਆਂ ਸਮੇਤ ਕਈ ਚੋਣ ਵਾਅਦੇ ਹਨ ਜੋ ਕੈਪਟਨ ਅਮਰਿੰਦਰ ਸਿੰਘ ਭੁੱਲ-ਭੁਲਾ ਗਏ ਹਨ। ਸਰਕਾਰ ਇਨ੍ਹਾਂ ਮੁੱਦਿਆਂ ਉਤੇ ਕਿੰਨੀ ਕੁ ਗੰਭੀਰ ਹੈ, ਕੈਪਟਨ ਦਾ ਇਸੇ ਹਫਤੇ ਦਿੱਤਾ ਇਕ ਬਿਆਨ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕੈਪਟਨ ਨੂੰ ਪੰਜਾਬ ਵਿਚ ਰੇਤ ਮਾਫੀਆ ਦੀਆਂ ਸਰਗਰਮੀਆਂ ਬਾਰੇ ਸਵਾਲ ਕੀਤਾ ਗਿਆ ਸੀ। ਅੱਗੋਂ ਕੈਪਟਨ ਨੇ ਜਵਾਬ ਦਿੱਤਾ- 'ਲੀਗਲ ਤਾਂ ਕੁਝ ਵੀ ਨਹੀਂ, ਚੋਰੀ-ਡਕੈਤੀ ਤੇ ਨਸ਼ਾ ਤਸਕਰੀ ਵੀ ਗੈਰਕਾਨੂੰਨੀ ਹੈ, ਇਹ ਕਦੇ ਬੰਦ ਹੋਏ? ਫਿਰ ਰੇਤ ਕਾਰੋਬਾਰ ਇਸ ਤੋਂ ਬਾਹਰ ਨਹੀਂ।' ਕੈਪਟਨ ਦਾ ਇਹ ਬਿਆਨ ਇਹ ਸਾਬਤ ਕਰਨ ਲਈ ਕਾਫੀ ਹੈ ਕਿ ਸਰਕਾਰ ਨੇ ਇਨ੍ਹਾਂ ਮੁੱਦਿਆਂ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ।

ਬਟਾਲਾ ਹਾਦਸੇ ਦੀ ਗੱਲ ਕੀਤੀ ਜਾਵੇ ਤਾਂ ਇਹ ਅਜਿਹਾ ਪਹਿਲਾ ਹਾਦਸਾ ਨਹੀਂ ਹੈ। ਪਿਛਲੇ ਸਾਲ ਅੰਮ੍ਰਿਤਸਰ ਵਿਚ ਇਕ ਅਜਿਹੀ ਹੀ ਨਾਜਾਇਜ਼ ਫੈਕਟਰੀ ਵਿਚ ਧਮਾਕਾ ਹੋਣ ਨਾਲ ਵੱਡੀ ਗਿਣਤੀ ਵਿਚ ਲੋਕ ਜ਼ਖਮੀ ਹੋਏ ਸਨ। ਪਿਛਲੇ ਸਾਲ ਹੀ ਅੰਮ੍ਰਿਤਸਰ ਵਿਚ ਅਜਿਹੇ ਧਮਾਕੇ ਨਾਲ ਵੱਡਾ ਨੁਕਸਾਨ ਹੋਇਆ। ਸਾਲ 2017 ਵਿਚ ਸੰਗਰੂਰ ਦੇ ਦਿੜ੍ਹਬਾ ਇਲਾਕੇ ਵਿਚ ਇਕ ਫੈਕਟਰੀ ਵਿਚ ਧਮਾਕਾ ਹੋਣ ਨਾਲ 5 ਬੰਦੇ ਮਾਰੇ ਗਏ ਸਨ। ਕੁਝ ਸਾਲ ਪਹਿਲਾਂ ਮੋਗਾ ਵਿਚ ਵੀ ਪਟਾਕਿਆਂ ਵਾਲੀ ਫੈਕਟਰੀ ਵਿਚ ਧਮਾਕਾ ਹੋਣ ਨਾਲ 4 ਬੰਦੇ ਮਾਰੇ ਗਏ ਸਨ।

# ਗੁਰਪੁਰਬ: ਕੈਪਟਨ ਨੇ ਸੁਲਤਾਨਪੁਰ ਲੋਧੀ ਜਾ ਕੇ ਕੀਤੇ ਐਲਾਨ

*(ਸਫਾ ਇਕ ਦੀ ਬਾਕੀ)*

ਹੈ ਕਿ ਪੰਜਾਬ ਸਰਕਾਰ ਕੋਈ ਐਂਟਰੀ ਟੈਕਸ ਨਹੀਂ ਲੱਗਣ ਦੇਵੇਗੀ। ਨਾਲ ਹੀ ਉਨ੍ਹਾਂ ਭਾਰਤ ਸਰਕਾਰ ਨੂੰ ਪਾਕਿਸਤਾਨ ਦੀ ਮੰਗ ਪ੍ਰਵਾਨ ਨਾ ਕਰਨ ਦੀ ਵੀ ਅਪੀਲ ਕੀਤੀ।

ਇਸ ਉਪਰੰਤ ਮੁੱਖ ਮੰਤਰੀ ਨੇ 550 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਤਿਆਰੀਆਂ ਦਾ ਜਾਇਜ਼ਾ ਲੈਣ ਤੋਂ ਬਾਅਦ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਸਾਰੇ ਕੰਮ ਤੈਅ ਸਮੇਂ ਮੁਤਾਬਕ 30 ਸਤੰਬਰ ਤੱਕ ਪੂਰੇ ਕਰ ਲਏ ਜਾਣਗੇ। ਇਸੇ ਦੌਰਾਨ ਕੈਬਨਿਟ ਮੀਟਿੰਗ ਵਿਚ ਸੁਲਤਾਨਪੁਰ ਲੋਧੀ ਲਈ ਸੁਪਰ ਸਪੈਸ਼ਲਿਟੀ ਹਸਪਤਾਲ ਤੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੱਕ ਮੇਨ ਸੜਕ ਦੀ ਮੰਗ ਨੂੰ ਮਨਜ਼ੂਰੀ ਦੇ ਦਿੱਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਬਟਾਲਾ ਦੀ ਪਟਾਕਾ ਫੈਕਟਰੀ 'ਚ ਧਮਾਕਾ 24 ਮੌਤਾਂ, 30 ਜਖਮੀ

**ਬਟਾਲਾ:** ਬਟਾਲਾ ਦੇ ਜਲੰਧਰ ਰੋਡ 'ਤੇ ਹੰਸਲੀ ਨਾਲੇ ਕਿਨਾਰੇ ਰਿਹਾਇਸ਼ੀ ਇਲਾਕੇ ਵਿਚ ਸਥਿਤ ਇਕ ਪਟਾਕਾ ਫੈਕਟਰੀ ਵਿਚ ਜ਼ੋਰਦਾਰ ਧਮਾਕੇ ਕਾਰਨ 24 ਲੋਕਾਂ ਦੀ ਮੌਤ ਹੋ ਗਈ ਅਤੇ 30 ਦੇ ਕਰੀਬ ਜ਼ਖਮੀ ਹੋ ਗਏ। ਮ੍ਰਿਤਕਾਂ ਵਿਚ ਇਕੋ ਪਰਿਵਾਰ ਦੇ 4 ਜੀਅ ਸ਼ਾਮਲ ਹਨ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਕਈ ਕਿਲੋਮੀਟਰ ਤੱਕ ਇਸ ਦੀ ਆਵਾਜ਼ ਸੁਣੀ ਗਈ ਅਤੇ ਕਰੀਬ 500 ਮੀਟਰ ਤੋਂ ਵੱਧ ਦੂਰੀ ਤੱਕ ਧਮਾਕੇ ਦੀ ਧਮਕ ਮਹਿਸੂਸ ਕੀਤੀ ਗਈ। ਦੁਕਾਨਾਂ ਅਤੇ ਘਰਾਂ ਦੇ ਸ਼ੀਸ਼ੇ ਅਤੇ ਫਲੈਕਸ ਬੋਰਡ ਵੀ ਟੁੱਟ ਗਏ। ਧਮਾਕੇ ਕਾਰਨ ਫੈਕਟਰੀ ਪੂਰੀ ਤਰ੍ਹਾਂ ਮਲਬੇ ਦੇ ਢੇਰ ਵਿਚ ਬਦਲ ਗਈ ਜਦ ਕਿ ਨਾਲ ਲੱਗਦੇ ਇਕ ਘਰ ਦਾ ਲੈਂਟਰ ਵੀ ਡਿੱਗ ਗਿਆ ਅਤੇ 2 ਹੋਰ ਘਰਾਂ ਦਾ ਵੀ ਕਾਫੀ ਨੁਕਸਾਨ ਹੋਇਆ ਹੈ। ਫੈਕਟਰੀ ਦੇ ਬਾਹਰ ਸੜਕ ਉਤੇ ਖੜ੍ਹੀਆਂ ਕਾਰਾਂ ਅਤੇ ਮੋਟਰ ਸਾਈਕਲ ਹਵਾ ਵਿਚ ਉੱਡਦੇ ਹੋਏ ਨਾਲ ਲੱਗਦੇ ਹੰਸਲੀ ਨਾਲੇ ਵਿਚ ਜਾ ਡਿੱਗੇ।

ਪ੍ਰਤੱਖਦਰਸ਼ੀਆਂ ਅਨੁਸਾਰ ਜਦੋਂ ਧਮਾਕਾ ਹੋਇਆ ਤਾਂ ਪੂਰੀ ਕਾਲੋਨੀ ਵਿਚ ਇਕ ਜ਼ੋਰਦਾਰ ਧਮਕ ਮਹਿਸੂਸ ਕੀਤੀ ਗਈ ਅਤੇ ਇੰਜ ਮਹਿਸੂਸ ਹੋਇਆ ਜਿਵੇਂ ਬੰਬ ਬਲਾਸਟ ਹੋਇਆ ਹੋਵੇ। ਉਨ੍ਹਾਂ ਕਿਹਾ ਕਿ ਧਮਾਕੇ ਤੋਂ ਬਾਅਦ ਤੁਰਤ ਜਦ ਉਨ੍ਹਾਂ ਨੇ ਬਾਹਰ ਨਿਕਲ ਕੇ ਵੇਖਿਆ ਤਾਂ ਪਟਾਕਾ ਫੈਕਟਰੀ ਦੀ ਇਮਾਰਤ ਪੂਰੀ ਤਰ੍ਹਾਂ ਮਲਬੇ ਦਾ ਢੇਰ ਬਣ ਚੁੱਕੀ ਸੀ। ਇਹ ਪਟਾਕਾ ਫੈਕਟਰੀ 3 ਸਕੇ ਭਰਾਵਾਂ ਦੀ ਸੀ ਅਤੇ ਉਹ ਆਪਣੇ ਪਰਿਵਾਰਕ ਮੈਂਬਰਾਂ ਅਤੇ ਹੋਰ ਵਰਕਰਾਂ ਨਾਲ ਇਥੇ ਆਤਿਸ਼ਬਾਜ਼ੀ ਦਾ ਸਾਮਾਨ ਬਣਾਉਣ ਦਾ ਕੰਮ ਕਰਦੇ ਸਨ ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਲ ਸਨ।

ਭਾਵੇਂ ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਬਟਾਲਾ ਧਮਾਕੇ ਵਿਚ ਮਾਰੇ ਗਏ ਲੋਕਾਂ ਦੇ ਪੀੜਤ ਪਰਿਵਾਰਾਂ ਨੂੰ 2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50 ਹਜ਼ਾਰ ਰੁਪਏ ਤੱਕ ਮਾਲੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਹੈ ਪਰ ਇਸ ਘਟਨਾ ਵਿਚ ਜਿਹੜੇ ਲੋਕਾਂ ਦੀ ਲੱਖਾਂ ਰੁਪਏ ਦੀ ਜਾਇਦਾਦ ਦਾ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਕੌਣ ਕਰੇਗਾ, ਇਹ ਸਵਾਲ ਬਣਿਆ ਹੋਇਆ ਹੈ।

ਸਿਵਲ ਹਸਪਤਾਲ ਵਿਚ ਦਾਖਲ ਘਟਨਾ 'ਚ ਜਖਮੀ ਹੋਏ ਸਤਨਾਮ ਸਿੰਘ ਨੇ ਦੱਸਿਆ ਕਿ ਪਟਾਕਾ ਫੈਕਟਰੀ ਨੇੜੇ ਉਸ ਦੀ ਕਾਰਾਂ ਦੀ ਵਰਕਸ਼ਾਪ ਸੀ ਤੇ ਧਮਾਕੇ ਕਾਰਨ ਉਸ ਦਾ ਘੱਟੋ-ਘੱਟ ਡੇਢ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਹਾਦਸੇ ਵਿਚ ਦਰਜਨਾਂ ਕਾਰਾਂ ਅਤੇ ਇਮਾਰਤਾਂ ਨੁਕਸਾਨੀਆਂ ਗਈਆਂ ਹਨ। ਸਵਾਲ ਇਹ ਉੱਠਦਾ ਹੈ ਕਿ ਇਨ੍ਹਾਂ ਇਮਾਰਤਾਂ ਤੇ ਵਾਹਨਾਂ ਦੇ ਨੁਕਸਾਨ ਦੀ ਭਰਪਾਈ ਕੌਣ ਕਰੇਗਾ? ਹਾਦਸੇ ਵਿਚ ਦਰਜਨ ਤੋਂ ਵੱਧ ਘਰਾਂ ਦਾ ਨੁਕਸਾਨ ਹੋਇਆ ਹੈ। ਆਸ-ਪਾਸ ਦੀਆਂ ਦੁਕਾਨਾਂ ਦੇ ਸ਼ੀਸ਼ੇ ਟੁੱਟ ਗਏ ਤੇ ਕਈ ਕੰਧਾਂ ਵਿਚ ਪਾੜ ਪੈ ਗਏ ਹਨ। ਅਕਾਲੀ ਦਲ ਦੇ ਸਾਬਕਾ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹ ਘਟਨਾ 'ਚ ਨੁਕਸਾਨੇ ਵਾਹਨ ਅਤੇ ਇਮਾਰਤਾਂ ਦੀ ਜਾਂਚ ਕਰ ਕੇ ਪੀੜਤਾਂ ਨੂੰ ਉਚਿਤ ਮੁਆਵਜ਼ਾ ਦੇਵੇ।

## ਕੈਪਟਨ ਵੱਲੋਂ ਘਟਨਾ ਦੀ ਮੈਜਿਸਟ੍ਰੇਟੀ ਜਾਂਚ ਦੇ ਹੁਕਮ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਧਮਾਕੇ ਦੀ ਮੈਜਿਸਟ੍ਰੇਟੀ ਜਾਂਚ ਦੇ ਹੁਕਮ ਦੇ ਦਿੱਤੇ ਹਨ। ਮੁੱਖ ਮੰਤਰੀ ਨੇ ਇਸ ਘਟਨਾ ਵਿਚ ਮਾਰੇ ਗਏ ਹਰੇਕ ਵਿਅਕਤੀ ਦੇ ਵਾਰਸ ਨੂੰ 2 ਲੱਖ ਰੁਪਏ ਐਕਸਗ੍ਰੇਸ਼ੀਆ ਗਰਾਂਟ ਦੇਣ ਦਾ ਐਲਾਨ ਵੀ ਕੀਤਾ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਮੈਡੀਕਲ ਕਾਲਜ ਲਈ ਰੈਫਰ ਕੀਤੇ ਹਰੇਕ ਗੰਭੀਰ ਜਖਮੀ ਨੂੰ 50 ਹਜ਼ਾਰ ਰੁਪਏ ਅਤੇ ਘੱਟ ਜਖਮੀ ਨੂੰ 25 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਇਸ ਦੁੱਖ ਦੇ ਇਨ੍ਹਾਂ ਪਲਾਂ ਵਿਚ ਪੀੜਤਾਂ ਨੂੰ ਹਰ ਸੰਭਵ ਮਦਦ ਦੇਣ ਲਈ ਜ਼ਿਲ੍ਹਾ ਗੁਰਦਾਸਪੁਰ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਆਦੇਸ਼ ਦਿੱਤੇ ਗਏ ਹਨ।

## ਜਲਣਸ਼ੀਲ ਜ਼ਖੀਰੇ ਰਿਹਾਇਸ਼ੀ ਖੇਤਰ 'ਚੋਂ ਬਾਹਰ ਕੱਢੇ ਜਾਣ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਬਟਾਲਾ ਵਿਚ ਪਟਾਕਾ ਫੈਕਟਰੀ 'ਚ ਧਮਾਕੇ ਕਾਰਨ ਗਈਆਂ ਜਾਨਾਂ 'ਤੇ ਦੁੱਖ ਪ੍ਰਗਟ ਕਰਦਿਆਂ ਇਸ ਹਾਦਸੇ ਦੀ ਸਮਾਂਬੱਧ ਨਿਆਇਕ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਸ੍ਰੀ ਮਾਨ ਨੇ ਮ੍ਰਿਤਕਾਂ ਦੇ ਵਾਰਸਾਂ ਅਤੇ ਜਖਮੀਆਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਸਰਕਾਰੀਤੰਤਰ ਆਪਣੀ ਜ਼ਿੰਮੇਵਾਰੀ ਕਾਨੂੰਨਾਂ ਅਨੁਸਾਰ ਨਿਭਾਉਂਦਾ ਤਾਂ ਮੰਦਭਾਗੀ ਘਟਨਾ ਤੋਂ ਬਚਾਅ ਹੋ ਸਕਦਾ ਸੀ। ਉਨ੍ਹਾਂ ਕਿਹਾ ਕਿ ਬਟਾਲਾ 'ਚ ਅਜਿਹੀ ਘਟਨਾ ਦੂਜੀ ਵਾਰ ਵਾਪਰੀ ਹੈ, ਜਦਕਿ ਸੂਲਰ ਘਰਾਟ (ਸੰਗਰੂਰ) ਅਤੇ ਜਲੰਧਰ 'ਚ ਵੀ ਇਸ ਤਰ੍ਹਾਂ ਦੇ ਹਾਦਸੇ ਵਾਪਰ ਚੁੱਕੇ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਜਖਮੀਆਂ ਦੇ ਮੁਫਤ ਇਲਾਜ ਦਾ ਭਰੋਸਾ

**ਅੰਮ੍ਰਿਤਸਰ:** ਬਟਾਲਾ ਵਿਚ ਪਟਾਕਾ ਫੈਕਟਰੀ ਵਿਚ ਧਮਾਕੇ ਕਾਰਨ ਜਖਮੀਆਂ ਦਾ ਇਲਾਜ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਚ ਮੁਫਤ ਕਰਨ ਦਾ ਐਲਾਨ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਧਮਾਕਾ ਹੋਣ ਕਾਰਨ ਹੋਏ ਜਾਨੀ ਮਾਲੀ ਨੁਕਸਾਨ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਹਾਦਸੇ ਵਿਚ ਚਲਾਣਾ ਕਰ ਗਏ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੁਖਦਾਈ ਸਮੇਂ ਸ਼੍ਰੋਮਣੀ ਕਮੇਟੀ ਪੀੜਤਾਂ ਦੇ ਨਾਲ ਹੈ ਅਤੇ ਜਖਮੀਆਂ ਦੇ ਇਲਾਜ ਲਈ ਮੁਫਤ ਸੇਵਾਵਾਂ ਦਿੱਤੀਆਂ ਜਾਣਗੀਆਂ।


SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

Domestic fares available



## ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਅੰਬਰ ਇੰਡੀਅਨ ਰੈਸਟੋਰੈਂਟ ਅਤੇ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ (ਡਿਸ਼ ਵਾਸ਼ਰ) ਦੀ ਲੋੜ ਹੈ।

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਲਖਵੀਰ ਸਿੰਘ ਜੌਹਲ

ਫੋਨ: 317-709-7800

34-



## ਟਰੱਕ ਰਿਪੇਅਰ ਮਕੈਨਿਕ ਦੀ ਲੋੜ ਹੈ

ਓਹਾਇਓ ਸਟੇਟ ਵਿਚ ਇੰਟਰਸਟੇਟ-80 'ਤੇ ਪੈਂਦੀ ਟਰੱਕ ਰਿਪੇਅਰ ਸ਼ਾਪ ਲਈ ਟਰੱਕ ਰਿਪੇਅਰ ਮਕੈਨਿਕ ਦੀ ਲੋੜ ਹੈ।

ਚੰਗਾ ਤਜਰਬਾ ਹੋਵੇ

ਤਨਖਾਹ $6000 ਡਾਲਰ

ਸ਼ਾਪ ਲੀਜ਼ 'ਤੇ ਦੇਣ 'ਤੇ ਵੀ ਵਿਚਾਰ ਹੋ ਸਕਦੀ ਹੈ

ਹੈਰੀ ਸਿੰਘ, ਫੋਨ: 917-428-7633

**E-mail: singhharryc@aol.com**

36-37



## Matrimonials

### ਲੜਕੀ ਦੀ ਲੋੜ ਹੈ

ਗਰੀਨ ਕਾਰਡ ਹੋਲਡਰ ਰਾਮਗੜ੍ਹੀਆ ਸਿੱਖ ਲੜਕੇ, ਉਮਰ 30 ਸਾਲ, ਕੱਦ 5'-6", ਕਲੀਨ ਸ਼ੇਵ, ਟਰੱਕ ਡਰਾਈਵਰ ਲਈ ਗਰੀਨ ਕਾਰਡ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 661-444-3657 (ਕੈਲੀਫੋਰਨੀਆ ਟਾਈਮ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ) 35-38

ਰਵਿਦਾਸੀਆ ਸਿੱਖ ਲੜਕੇ, ਉਮਰ 44, 5'-7", ਕਲੀਨ ਸ਼ੇਵ, ਵੈਸ਼ਨੂੰ, ਚੰਗੀ ਜੌਬ ਕਰਦੇ ਅਮਰੀਕਨ ਇਮੀਗਰਾਂਟ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 916-730-8029 33-36

### ਲੜਕੇ ਦੀ ਲੋੜ ਹੈ

Suitable match for a beautiful US born divorcee Nai girl of 31, 5'-2", doing final year of law, all family well settled in New York. Please contact: 516-590-9117 36-39

Looking for a well qualified Manglik male, Engineer or Doctor, US citizen or green card holder for Sikh Ramdasia girl, 34 yrs, 5'-5", Software Engineer, working as Manager in a reputed MNC in USA, Interested please contact: 1-732-749-0791; email: nina.matrimony@gmail.com 35-38

### ਜੀਵਨ ਸਾਥੀ ਦੀ ਲੋੜ ਹੈ

ਇੰਡੀਆ ਰਹਿੰਦੀ ਜੱਟ ਸਿੱਖ 40 ਸਾਲਾ ਕੱਦ 5' 2" ਵਿਧਵਾ ਲਈ ਅਮਰੀਕਨ ਸਿਟੀਜ਼ਨ ਤਲਾਕਸ਼ੁਦਾ ਜਾਂ ਅਣਵਿਆਹੇ ਜੀਵਨ ਸਾਥੀ ਦੀ ਲੋੜ ਹੈ, ਜੋ 35 ਤੋਂ 45 ਸਾਲ ਦਾ ਹੋਵੇ। ਆਪਣੇ ਬੱਚੇ ਹੋਣ ਤਾਂ ਕੋਈ ਗੱਲ ਨਹੀਂ, ਪਰ ਹੋਰ ਬੱਚਾ ਨਾ ਚਾਹੁੰਦਾ ਹੋਵੇ। ਲੜਕੀ ਦੀਆਂ 4 ਤੇ 12 ਸਾਲ ਦੀਆਂ ਦੋ ਬੇਟੀਆਂ ਹਨ, ਅਤੇ ਉਸ ਦੇ ਨਾਂ 5 ਕਿੱਲੇ ਜ਼ਮੀਨ ਹੈ। ਉਹ ਮਾਪਿਆਂ ਦੀ ਸੇਵਾ ਅਤੇ ਪਰਿਵਾਰ ਨਾਲ ਤੇਹ-ਮੋਹ ਕਰਨ ਵਾਲੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦਾ ਭਰਾ ਅਮਰੀਕਾ ਵਿਚ ਵੈਲ ਸੈਟਲਡ ਹੈ ਅਤੇ ਉਸ ਦਾ ਚੰਗਾ ਬਿਜਨਸ ਹੈ। ਲੋੜਵੰਦ ਅਤੇ ਮਿਹਨਤੀ ਲੜਕੇ ਦੀ ਸੈਟ ਕਰਨ ਵਿਚ ਮਦਦ ਕੀਤੀ ਜਾ ਸਕਦੀ ਹੈ। ਗੰਭੀਰ ਤੇ ਲੋੜਵੰਦ ਵੇਰਵੇ ਅਤੇ ਫੋਟੋ ਸਮੇਤ ਸੰਪਰਕ ਕਰਨ। ਈਮੇਲ: jhajjkaur2501@yahoo.com 34-37



## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+



## ਤੰਦੂਰੀਏ, ਕੁੱਕ ਅਤੇ ਡਿਸ਼ ਵਾਸ਼ਰ ਲੋੜ ਹੈ

ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁੱਕ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

*ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ*

ਸੰਪਰਕ ਕਰੋ:

ਫੋਨ: 916-468-8885

36-37

*ਜੰਮੂ ਕਸ਼ਮੀਰ ਦੇ ਹਾਲਾਤ ਬਾਰੇ ਇਹ ਰਿਪੋਰਟ 'ਕਸ਼ਮੀਰ ਕੇਜਡ' (ਕੈਦ ਕਸ਼ਮੀਰ) ਮਸ਼ਹੂਰ ਅਰਥ ਸ਼ਾਸਤਰੀ ਜੀਨ ਡਰੈਜ਼, ਸੀ. ਪੀ. ਆਈ. (ਐਮ. ਐਲ.)-ਲਿਬਰੇਸ਼ਨ ਦੀ ਆਗੂ ਤੇ ਨਾਰੀਵਾਦੀ ਕਾਰਕੁਨ ਕਵਿਤਾ ਕ੍ਰਿਸ਼ਨਨ, ਸਰਵ ਭਾਰਤੀ ਜਨਵਾਦੀ ਮਹਿਲਾ ਐਸੋਸੀਏਸ਼ਨ (ਏਡਵਾ) ਦੀ ਆਗੂ ਮੈਮਨਾ ਮੁੱਲਾ ਅਤੇ ਨੈਸ਼ਨਲ ਅਲਾਇੰਸ ਆਫ ਪੀਪਲਜ਼ ਮੂਵਮੈਂਟ (ਐਨ. ਏ. ਪੀ. ਐਮ.) ਦੇ ਆਗੂ ਵਿਮਲ ਭਾਈ 'ਤੇ ਆਧਾਰਤ ਚਾਰ ਮੈਂਬਰੀ ਟੀਮ ਨੇ ਤਿਆਰ ਕੀਤੀ ਹੈ। ਟੀਮ ਨੇ ਕਸ਼ਮੀਰ ਦਾ ਵਿਸ਼ੇਸ਼ ਦੌਰਾ ਕੀਤਾ, ਕਸ਼ਮੀਰੀਆਂ ਨਾਲ ਸਿੱਧੀ ਗੱਲਬਾਤ ਕੀਤੀ ਅਤੇ ਤੱਥ ਇਕੱਠੇ ਕੀਤੇ। ਇਹ ਰਿਪੋਰਟ ਕਸ਼ਮੀਰ ਦੀ ਜ਼ਮੀਨੀ ਹਕੀਕਤ ਬਾਰੇ ਸੰਘ ਬ੍ਰਿਗੇਡ ਦੇ ਝੂਠ ਦਾ ਤੱਥਾਂ ਸਹਿਤ ਪਰਦਾਫਾਸ਼ ਕਰਦੀ ਹੈ। ਅੰਗਰੇਜ਼ੀ ਵਿਚ ਤਿਆਰ ਇਸ ਰਿਪੋਰਟ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

## ਕਸ਼ਮੀਰ ਦੇ ਹਕੀਕੀ ਹਾਲਾਤ ਬਾਰੇ ਰਿਪੋਰਟ

# ਕੈਦ ਕਸ਼ਮੀਰ

ਅਸੀਂ 9 ਤੋਂ 13 ਅਗਸਤ ਤਕ-ਪੰਜ ਦਿਨ ਕਸ਼ਮੀਰ ਦੇ ਦੌਰੇ 'ਤੇ ਗੁਜ਼ਾਰੇ। ਭਾਰਤ ਸਰਕਾਰ ਵਲੋਂ ਧਾਰਾ 370 ਤੇ 35-ਏ ਨੂੰ ਮਨਸੂਖ ਕਰਨ ਅਤੇ ਜੰਮੂ ਕਸ਼ਮੀਰ ਰਿਆਸਤ ਖਤਮ ਕਰਕੇ ਇਸ ਨੂੰ ਦੋ ਕੇਂਦਰ ਸ਼ਾਸਤ ਖੇਤਰਾਂ ਵਿਚ ਵੰਡਣ ਤੋਂ ਚਾਰ ਦਿਨ ਪਿਛੋਂ 9 ਅਗਸਤ ਨੂੰ ਅਸੀਂ ਸਫਰ ਸ਼ੁਰੂ ਕੀਤਾ।

ਅਸੀਂ ਸ੍ਰੀਨਗਰ ਪਹੁੰਚੇ ਤਾਂ ਦੇਖਿਆ ਕਿ ਕਰਫਿਊ ਕਾਰਨ ਸ਼ਹਿਰ ਖਾਮੋਸ਼ ਹੈ ਅਤੇ ਉਜਾੜ ਨਜ਼ਰ ਆ ਰਿਹਾ ਹੈ। ਭਾਰਤੀ ਫੌਜ ਤੇ ਨੀਮ-ਫੌਜੀ ਲਸ਼ਕਰਾਂ ਦੀ ਭਰਮਾਰ ਹੈ। ਗਲੀਆਂ ਸੁੰਨ-ਮਸਾਨ ਸਨ ਅਤੇ ਸ਼ਹਿਰ ਦੀਆਂ ਸਭ ਸੰਸਥਾਵਾਂ (ਦੁਕਾਨਾਂ, ਸਕੂਲ, ਲਾਇਬ੍ਰੇਰੀਆਂ, ਪੈਟਰੋਲ ਪੰਪ, ਸਰਕਾਰੀ ਦਫਤਰ, ਬੈਂਕ ਆਦਿ) ਬੰਦ ਸਨ। ਸਿਰਫ ਕੁਝ ਏ. ਟੀ. ਐਮ., ਦਵਾਈਆਂ ਦੀਆਂ ਦੁਕਾਨਾਂ ਅਤੇ ਥਾਣੇ ਹੀ ਖੁੱਲ੍ਹੇ ਸਨ। ਲੋਕ ਇਕ-ਇਕ ਜਾਂ ਦੋ-ਦੋ ਜਣੇ ਹੀ ਇਧਰ-ਉਧਰ ਆ ਜਾ ਰਹੇ ਸਨ।

ਅਸੀਂ ਸ੍ਰੀਨਗਰ ਦੇ ਅੰਦਰ ਅਤੇ ਬਾਹਰ ਕਾਫੀ ਘੁੰਮੇ। ਭਾਰਤੀ ਮੀਡੀਆ ਸਿਰਫ ਸ੍ਰੀਨਗਰ



*ਰਿਪੋਰਟ 'ਕੈਦ ਕਸ਼ਮੀਰ' ਜਾਰੀ ਕਰਨ ਮੌਕੇ (ਖੱਬਿਓਂ) ਮੈਮਨਾ ਮੁੱਲਾ, ਕਵਿਤਾ ਕ੍ਰਿਸ਼ਨਨ, ਵਿਮਲ ਭਾਈ ਅਤੇ ਜੀਨ ਡਰੈਜ਼।*

ਦੇ ਨਿੱਕੇ ਜਿਹੇ ਇਲਾਕੇ ਵਿਚ ਹੀ ਖੁਦ ਨੂੰ ਸੀਮਤ ਰੱਖਦਾ ਹੈ। ਉਸ ਨਿੱਕੇ ਜਿਹੇ ਇਲਾਕੇ ਵਿਚ ਕਦੇ-ਕਦੇ ਹਾਲਾਤ ਆਮ ਜਿਹੇ ਨਜ਼ਰ ਆਉਂਦੇ ਹਨ। ਇਸੇ ਆਧਾਰ 'ਤੇ ਭਾਰਤੀ ਮੀਡੀਆ ਦਾਅਵਾ ਕਰਦਾ ਹੈ ਕਿ ਕਸ਼ਮੀਰ ਵਿਚ ਹਾਲਾਤ ਆਮ ਹੋ ਗਏ ਹਨ। ਇਸ ਤੋਂ ਵੱਡਾ ਝੂਠ ਹੋਰ ਕੋਈ ਨਹੀਂ।

ਅਸੀਂ ਸ੍ਰੀਨਗਰ ਸ਼ਹਿਰ ਅਤੇ ਕਸ਼ਮੀਰ ਦੇ ਪਿੰਡਾਂ ਤੇ ਛੋਟੇ ਕਸਬਿਆਂ ਵਿਚ ਪੰਜ ਦਿਨ ਆਮ ਲੋਕਾਂ ਨਾਲ ਗੱਲਬਾਤ ਕਰਦਿਆਂ ਗੁਜ਼ਾਰੇ। ਔਰਤਾਂ, ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ, ਦੁਕਾਨਦਾਰਾਂ, ਪੱਤਰਕਾਰਾਂ, ਛੋਟੇ-ਮੋਟੇ ਕਾਰੋਬਾਰੀਆਂ, ਦਿਹਾੜੀਦਾਰਾਂ, ਯੂ. ਪੀ., ਪੱਛਮੀ ਬੰਗਾਲ ਅਤੇ ਹੋਰ ਰਾਜਾਂ ਤੋਂ ਆਏ ਹੋਏ ਮਜ਼ਦੂਰਾਂ ਤੋਂ ਇਲਾਵਾ ਘਾਟੀ 'ਚ ਰਹਿੰਦੇ ਕਸ਼ਮੀਰੀ ਪੰਡਿਤਾਂ, ਸਿੱਖਾਂ ਅਤੇ ਮੁਸਲਮਾਨਾਂ ਨਾਲ ਗੱਲਬਾਤ ਕੀਤੀ।

ਹਰ ਥਾਂ ਲੋਕ ਗਰਮਜੋਸ਼ੀ ਨਾਲ ਮਿਲੇ। ਜੋ ਲੋਕ ਬਹੁਤ ਗੁੱਸੇ ਵਿਚ ਵੀ ਸਨ ਅਤੇ ਸਾਡੇ ਮਕਸਦ ਬਾਰੇ ਸ਼ੱਕੀ ਸਨ, ਉਨ੍ਹਾਂ ਦੀ ਗਰਮਜੋਸ਼ੀ ਵਿਚ ਵੀ ਕੋਈ ਕਮੀ ਨਹੀਂ ਸੀ। ਭਾਰਤ ਸਰਕਾਰ ਪ੍ਰਤੀ ਰੋਹ, ਗੁੱਸੇ ਅਤੇ ਵਿਸ਼ਵਾਸਘਾਤ ਦੀ ਗੱਲ ਕਰਨ ਵਾਲੇ ਲੋਕਾਂ ਨੇ ਵੀ ਗਰਮਜੋਸ਼ੀ ਅਤੇ ਪ੍ਰਾਹੁਣਾਚਾਰੀ ਵਿਚ ਕੋਈ ਕਸਰ ਬਾਕੀ ਨਾ ਛੱਡੀ।

ਕਸ਼ਮੀਰ ਮਾਮਲਿਆਂ ਦੇ ਭਾਜਪਾ ਦੇ ਬੁਲਾਰੇ ਤੋਂ ਇਲਾਵਾ ਸਾਨੂੰ ਇਕ ਵੀ ਐਸਾ ਸ਼ਖਸ ਨਹੀਂ ਮਿਲਿਆ, ਜਿਸ ਨੇ ਧਾਰਾ 370 ਨੂੰ ਖਤਮ ਕਰਨ ਦੇ ਭਾਰਤ ਸਰਕਾਰ ਦੇ ਫੈਸਲੇ ਦੀ ਹਮਾਇਤ ਕੀਤੀ ਹੋਵੇ। ਬਹੁਤੇ ਲੋਕ ਧਾਰਾ 370 ਅਤੇ 35-ਏ ਨੂੰ ਖਤਮ ਕਰਨ ਦੇ ਫੈਸਲੇ ਤੇ ਇਸ ਦੇ ਤਰੀਕੇ ਨੂੰ ਲੈ ਕੇ ਗੁੱਸੇ ਵਿਚ ਸਨ। ਭੈਅ ਵੀ ਸਭ ਤੋਂ ਵੱਧ ਦੇਖਣ ਨੂੰ ਮਿਲਿਆ। ਲੋਕਾਂ ਨੇ ਗੈਰ ਰਸਮੀ ਗੱਲਬਾਤ ਵਿਚ ਗੁੱਸੇ ਦਾ ਇਜ਼ਹਾਰ ਖੁੱਲ੍ਹ ਕੇ ਕੀਤਾ ਪਰ ਕੋਈ ਕੈਮਰੇ ਅੱਗੇ ਬੋਲਣ ਲਈ ਤਿਆਰ ਨਹੀਂ ਸੀ। ਉਨ੍ਹਾਂ ਨੂੰ ਸਰਕਾਰੀ ਜਬਰ ਦਾ ਖਤਰਾ ਸੀ।

ਕਈਆਂ ਨੇ ਦੱਸਿਆ ਕਿ ਦੇਰ-ਸਵੇਰ (ਜਦੋਂ ਪਾਬੰਦੀਆਂ ਹਟਾਈਆਂ ਜਾਣਗੀਆਂ) ਵੱਡੇ ਮੁਜਾਹਰੇ ਸ਼ੁਰੂ ਹੋ ਜਾਣਗੇ। ਲੋਕਾਂ ਨੂੰ ਸ਼ਾਂਤਮਈ ਮੁਜਾਹਰਿਆਂ 'ਤੇ ਜਬਰ ਅਤੇ ਹਿੰਸਾ ਦਾ ਖਦਸ਼ਾ ਵੀ ਸੀ।

### ਜੰਮੂ ਕਸ਼ਮੀਰ ਨਾਲ ਸਰਕਾਰ ਦੇ ਸਲੂਕ ਬਾਰੇ ਪ੍ਰਤੀਕਰਮ

ਸਾਡਾ ਜਹਾਜ ਸ੍ਰੀਨਗਰ ਉਤਰਿਆ, ਮੁਸਾਫਰਾਂ ਨੂੰ ਦੱਸਿਆ ਗਿਆ ਕਿ ਉਹ ਆਪਣੇ ਮੋਬਾਈਲ ਫੋਨ ਚਾਲੂ ਕਰ ਸਕਦੇ ਹਨ ਤਾਂ ਸਾਰੇ ਹੀ ਮੁਸਾਫਰ (ਇਨ੍ਹਾਂ ਵਿਚ ਬਹੁਤੇ ਕਸ਼ਮੀਰੀ ਸਨ) ਮਜ਼ਾਕ ਉਡਾਉਂਦਿਆਂ ਹੱਸ ਪਏ। ਕਹਿ ਰਹੇ ਸਨ, "ਕੀ ਮਜ਼ਾਕ ਹੈ!" 5 ਅਗਸਤ ਤੋਂ ਹੀ ਮੋਬਾਈਲ ਅਤੇ ਲੈਂਡਲਾਈਨ ਸੇਵਾਵਾਂ ਪੂਰੀ ਤਰ੍ਹਾਂ ਬੰਦ ਸਨ।

ਸ੍ਰੀਨਗਰ ਪਹੁੰਚਣ ਪਿਛੋਂ ਪਾਰਕ ਵਿਚ ਛੋਟੇ-ਛੋਟੇ ਬੱਚੇ ਅਲੱਗ-ਅਲੱਗ ਕਿਰਦਾਰ ਵਾਲੀ ਖੇਡ ਖੇਡਦੇ ਮਿਲੇ। ਉਥੇ ਹੀ ਅਸੀਂ ਸੁਣਿਆ, 'ਇਬਲੀਸ ਮੋਦੀ।' ਇਬਲੀਸ ਮਾਇਨੇ ਸ਼ੈਤਾਨ।

ਭਾਰਤ ਸਰਕਾਰ ਦੇ ਫੈਸਲੇ ਬਾਰੇ ਲੋਕਾਂ ਤੋਂ ਜੋ ਸਭ ਤੋਂ ਵੱਧ ਸ਼ਬਦ ਸੁਣਨ ਨੂੰ ਮਿਲੇ ਉਹ ਸਨ-ਜ਼ੁਲਮ, ਜ਼ਿਆਦਤੀ, ਧੋਖਾ। ਸਫਕਦਲ (ਡਾਊਨ ਟਾਊਨ, ਸ੍ਰੀਨਗਰ) ਵਿਚ ਇਕ ਆਦਮੀ ਨੇ ਦੱਸਿਆ, "ਸਰਕਾਰ ਨੇ ਅਸਾਂ ਕਸ਼ਮੀਰੀਆਂ ਨਾਲ ਗੁਲਾਮਾਂ ਵਾਲਾ ਵਿਹਾਰ ਕੀਤਾ ਹੈ। ਸਾਨੂੰ ਕੈਦ ਕਰਕੇ ਸਾਡੀ ਜ਼ਿੰਦਗੀ ਅਤੇ ਭਵਿੱਖ ਬਾਰੇ ਫੈਸਲਾ ਕੀਤਾ ਹੈ। ਇਥੇ ਸਾਨੂੰ ਬੰਦੀ ਬਣਾ ਕੇ, ਸਾਡੇ ਸਿਰ 'ਤੇ ਬੰਦੂਕ ਤਾਣ ਕੇ ਅਤੇ ਸਾਡੀ ਸੰਘੀ ਘੁੱਟ ਕੇ ਜਬਰੀ ਸਾਡੇ ਮੂੰਹ ਵਿਚ ਕੁਝ ਤੁੰਨ ਦੇਣ ਵਰਗੀ ਹਾਲਤ ਹੈ।"

ਅਸੀਂ ਸ੍ਰੀਨਗਰ ਦੀਆਂ ਗਲੀਆਂ ਤੋਂ ਲੈ ਕੇ ਹਰ ਕਸਬੇ ਅਤੇ ਪਿੰਡ ਵਿਚ ਜਿਥੇ ਵੀ ਗਏ, ਆਮ ਲੋਕਾਂ, ਇਥੋਂ ਤਕ ਕਿ ਸਕੂਲ ਦੇ ਬੱਚਿਆਂ ਨੇ ਵੀ ਕਸ਼ਮੀਰ ਮਸਲੇ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਸਮਝਾਇਆ। ਉਹ ਭਾਰਤੀ ਮੀਡੀਆ ਵਲੋਂ ਇਤਿਹਾਸ ਨੂੰ ਤੋੜਨ-ਮਰੋੜਨ ਤੋਂ ਖਫਾ ਸਨ। ਕਈਆਂ ਨੇ ਕਿਹਾ, "ਧਾਰਾ 370 ਭਾਰਤੀ ਅਤੇ ਕਸ਼ਮੀਰੀ ਆਗੂਆਂ ਵਿਚਾਲੇ ਦਾ ਇਕਰਾਰ ਸੀ। ਜੇ ਇਹ ਨਾ ਹੋਇਆ ਹੁੰਦਾ ਤਾਂ ਕਸ਼ਮੀਰ ਭਾਰਤ ਨਾਲ ਰਲੇਵਾਂ ਨਾ ਕਰਦਾ। ਧਾਰਾ 370 ਖਤਮ ਕਰਨ ਪਿਛੋਂ ਭਾਰਤ ਦੇ ਕਸ਼ਮੀਰ 'ਤੇ ਦਾਅਵੇ ਦਾ ਕੋਈ ਆਧਾਰ ਨਹੀਂ ਰਹਿ ਗਿਆ।" ਲਾਲ ਚੌਕ ਲਾਗੇ ਜਹਾਂਗੀਰ ਚੌਕ ਇਲਾਕੇ ਵਿਚ ਇਕ ਆਦਮੀ ਨੇ ਧਾਰਾ 370 ਨੂੰ ਕਸ਼ਮੀਰ ਤੇ ਭਾਰਤ ਵਿਚਾਲੇ ਵਿਆਹ ਬੰਧਨ ਦੀ ਰਜ਼ਾਮੰਦੀ ਦਾ ਮੰਗਲ ਸੂਤਰ ਕਿਹਾ।

ਭਾਰਤੀ ਮੀਡੀਆ ਬਾਰੇ ਚਾਰ-ਚੁਫੇਰੇ ਨਾਰਾਜ਼ਗੀ ਹੈ। ਲੋਕ ਆਪਣੇ ਘਰਾਂ ਵਿਚ ਕੈਦ ਹਨ, ਉਹ ਇਕ ਦੂਜੇ ਨਾਲ ਗੱਲ ਨਹੀਂ ਕਰ ਸਕਦੇ, ਸੋਸ਼ਲ ਮੀਡੀਆ 'ਤੇ ਆਪਣੀ ਗੱਲ ਨਹੀਂ ਕਹਿ ਸਕਦੇ ਅਤੇ ਕਿਸੇ ਵੀ ਤਰ੍ਹਾਂ ਆਪਣੀ ਆਵਾਜ਼ ਨਹੀਂ ਉਠਾ ਸਕਦੇ। ਉਹ ਘਰਾਂ ਵਿਚ ਭਾਰਤੀ ਟੀ. ਵੀ. ਚੈਨਲ ਦੇਖ ਰਹੇ ਹਨ, ਜਿਨ੍ਹਾਂ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਕਸ਼ਮੀਰ ਭਾਰਤ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦਾ ਹੈ। ਉਹ ਆਪਣੀ ਆਵਾਜ਼ ਮਿਟਾ ਦਿੱਤੇ ਜਾਣ ਖਿਲਾਫ ਗੁੱਸੇ ਨਾਲ ਖੌਲ ਰਹੇ ਹਨ। ਇਕ ਨੌਜਵਾਨ ਨੇ ਕਿਹਾ, "ਕਿਸ ਕੀ ਸ਼ਾਦੀ ਹੈ, ਔਰ ਕੌਣ ਨਾਚ ਰਹਾ ਹੈ? ਜੇ ਇਹ ਫੈਸਲਾ ਸਾਡੇ ਫਾਇਦੇ ਅਤੇ ਵਿਕਾਸ ਦੇ ਲਈ ਹੈ ਤਾਂ ਸਾਨੂੰ ਕਿਉਂ ਨਹੀਂ ਪੁੱਛਿਆ ਜਾ ਰਿਹਾ ਕਿ ਅਸੀਂ ਇਸ ਬਾਰੇ ਕੀ ਸੋਚਦੇ ਹਾਂ?"

### ਧਾਰਾ 370 ਖਤਮ ਕੀਤੇ ਜਾਣ ਬਾਰੇ ਪ੍ਰਤੀਕਰਮ

ਅਨੰਤਨਾਗ ਜਿਲੇ ਦੇ ਪਿੰਡ ਗੂਰੀ ਵਿਚ ਇਕ ਸ਼ਖਸ ਨੇ ਕਿਹਾ, "ਸਾਡਾ ਉਨ੍ਹਾਂ ਨਾਲ ਰਿਸ਼ਤਾ ਧਾਰਾ 370 ਅਤੇ 35-ਏ ਜ਼ਰੀਏ ਸੀ। ਹੁਣ ਉਨ੍ਹਾਂ ਨੇ ਆਪਣੇ ਹੀ ਪੈਰ 'ਤੇ ਕੁਹਾੜਾ ਮਾਰ ਲਿਆ ਹੈ। ਹੁਣ ਅਸੀਂ ਆਜ਼ਾਦ ਹੋ ਗਏ ਹਾਂ।" ਇਸੇ ਸ਼ਖਸ ਨੇ ਪਹਿਲਾਂ 'ਹਮੇਂ ਚਾਹੀਏ ਆਜ਼ਾਦੀ' ਅਤੇ ਫਿਰ 'ਧਾਰਾ 370 ਅਤੇ 35-ਏ ਬਹਾਲ ਕਰੋ' ਦਾ ਨਾਅਰਾ ਲਾਇਆ। ਕਈਆਂ ਨੇ ਧਾਰਾ 370 ਅਤੇ 35-ਏ ਨੂੰ ਕਸ਼ਮੀਰੀਆਂ ਦੀ ਪਛਾਣ ਦੱਸਿਆ। ਉਹ ਮੰਨਦੇ ਹਨ ਕਿ ਧਾਰਾ 370 ਖਤਮ ਕਰਕੇ ਕਸ਼ਮੀਰੀਆਂ ਦੇ ਸਵੈਮਾਣ ਅਤੇ ਉਨ੍ਹਾਂ ਦੀ ਪਛਾਣ 'ਤੇ ਹਮਲਾ ਕੀਤਾ ਗਿਆ ਹੈ, ਉਨ੍ਹਾਂ ਨੂੰ ਜ਼ਲੀਲ ਕੀਤਾ ਗਿਆ ਹੈ।

ਸਾਰੇ ਕਸ਼ਮੀਰੀ ਧਾਰਾ 370 ਬਹਾਲ ਕਰਨ ਦੀ ਮੰਗ ਨਹੀਂ ਕਰ ਰਹੇ। ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਸੰਸਦੀ ਪਾਰਟੀਆਂ ਹੀ ਹਨ, ਜੋ ਲੋਕਾਂ ਨੂੰ ਕਹਿੰਦੀਆਂ ਸਨ ਕਿ ਭਰੋਸਾ ਰੱਖੋ, ਭਾਰਤ ਧਾਰਾ 370 ਦੇ ਇਕਰਾਰ ਦਾ ਸਨਮਾਨ ਕਰੇਗਾ। ਧਾਰਾ 370 ਦੇ ਖਾਤਮੇ ਨੇ 'ਭਾਰਤ ਪੱਖੀ ਪਾਰਟੀਆਂ' ਨੂੰ ਹੋਰ ਬਦਨਾਮ ਕਰ ਦਿੱਤਾ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਕਸ਼ਮੀਰ ਦੀ ਭਾਰਤ ਤੋਂ 'ਆਜ਼ਾਦੀ' ਦੀ ਗੱਲ ਕਰਨ ਵਾਲੇ ਲੋਕ ਸਹੀ ਸਨ। ਬਾਤਾਮਾਲੂ ਵਿਚ ਇਕ ਸ਼ਖਸ ਨੇ ਕਿਹਾ, "ਜੋ ਇੰਡੀਆ ਦੇ ਸੋਹਲੇ ਗਾਉਂਦੇ ਹਨ, ਉਹ ਤਾਂ ਇਨ੍ਹਾਂ ਦੇ ਆਪਣੇ ਬੰਦੇ ਹਨ, ਉਹ ਵੀ ਬੰਦ ਹਨ।" ਇਕ ਕਸ਼ਮੀਰੀ ਪੱਤਰਕਾਰ ਨੇ ਕਿਹਾ, "ਮੁੱਖਧਾਰਾ ਦੀਆਂ ਪਾਰਟੀਆਂ ਨਾਲ ਜਿਸ ਤਰ੍ਹਾਂ ਦਾ ਵਰਤਾਓ ਕੀਤਾ ਜਾ ਰਿਹਾ ਹੈ, ਉਸ ਤੋਂ ਬਹੁਤੇ ਲੋਕ ਖੁਸ਼ ਹਨ। ਇਹ ਪਾਰਟੀਆਂ ਭਾਰਤ ਦੀ ਤਰਫਦਾਰੀ ਕਰਦੀਆਂ ਹਨ ਅਤੇ ਹੁਣ ਜ਼ਲੀਲ ਹੋ ਰਹੀਆਂ ਹਨ।"

ਲੋਕਾਂ ਦੀ ਇਕ ਟੇਕ ਇਹ ਵੀ ਹੈ, "ਮੋਦੀ ਨੇ ਭਾਰਤ ਦੇ ਆਪਣੇ ਕਾਨੂੰਨ ਅਤੇ ਸੰਵਿਧਾਨ ਨੂੰ ਤਹਿਸ-ਨਹਿਸ ਕਰ ਦਿੱਤਾ ਹੈ।" ਜੋ ਲੋਕ ਇਹ ਕਹਿ ਰਹੇ ਸਨ, ਉਨ੍ਹਾਂ ਦਾ ਮੰਨਣਾ ਸੀ ਕਿ ਧਾਰਾ 370 ਜਿੰਨੀ ਕਸ਼ਮੀਰੀਆਂ ਲਈ ਜ਼ਰੂਰੀ ਸੀ, ਉਸ ਤੋਂ ਕਿਤੇ ਵੱਧ ਭਾਰਤ ਲਈ ਜ਼ਰੂਰੀ ਸੀ ਤਾਂ ਜੋ ਉਹ ਕਸ਼ਮੀਰ 'ਤੇ ਆਪਣੇ ਦਾਅਵੇ ਨੂੰ ਕਾਨੂੰਨੀ ਜਾਮਾ ਪਹਿਨਾ ਸਕਣ। ਮੋਦੀ ਸਰਕਾਰ ਨੇ ਸਿਰਫ ਕਸ਼ਮੀਰ ਨੂੰ ਹੀ ਤਬਾਹ ਨਹੀਂ ਕੀਤਾ ਹੈ, ਸਗੋਂ ਆਪਣੇ ਹੀ ਮੁਲਕ ਦੇ ਸੰਵਿਧਾਨ ਅਤੇ ਕਾਨੂੰਨ ਦੀਆਂ ਧੱਜੀਆਂ ਵੀ ਉਡਾਈਆਂ ਹਨ।

ਸ੍ਰੀਨਗਰ ਦੇ ਜਹਾਂਗੀਰ ਚੌਕ ਦੇ ਇਕ ਹੌਜਰੀ ਵਪਾਰੀ ਨੇ ਕਿਹਾ, "ਕਾਂਗਰਸ ਨੇ ਪਿੱਠ ਵਿਚ ਛੁਰਾ ਮਾਰਿਆ ਸੀ, ਭਾਜਪਾ ਨੇ ਸਾਹਮਣਿਓਂ ਛੁਰਾ ਖੋਭ ਦਿੱਤਾ ਹੈ। ਇਨ੍ਹਾਂ ਨੇ ਸਾਡੇ ਖਿਲਾਫ ਕੁਝ ਨਹੀਂ ਕੀਤਾ, ਸਗੋਂ ਆਪਣੇ ਹੀ ਸੰਵਿਧਾਨ ਦਾ ਗਲਾ ਘੁੱਟਿਆ ਹੈ। ਇਹ ਹਿੰਦੂ ਰਾਸ਼ਟਰ ਦੀ ਦਿਸ਼ਾ ਵਿਚ ਪਹਿਲਾ ਕਦਮ ਹੈ।"

ਕੁਝ ਮਾਇਨਿਆਂ 'ਚ ਲੋਕ, ਧਾਰਾ 370 ਖਤਮ ਕਰਨ ਦੇ ਮੁਕਾਬਲੇ 35-ਏ ਨੂੰ ਖਤਮ ਕੀਤੇ ਜਾਣ ਨੂੰ ਲੈ ਕੇ ਵੱਧ ਫਿਕਰਮੰਦ ਸਨ। ਬਥੇਰਿਆਂ ਦਾ ਮੰਨਣਾ ਸੀ ਕਿ ਧਾਰਾ 370 ਤਾਂ ਸਿਰਫ ਨਾਮਨਿਹਾਦ ਹੀ ਸੀ, ਆਜ਼ਾਦੀ ਤਾਂ ਪਹਿਲਾਂ ਹੀ ਖਤਮ ਹੋ ਚੁਕੀ ਸੀ। ਲੋਕਾਂ 'ਚ ਡਰ ਸੀ ਕਿ 35-ਏ ਹਟਾਉਣ ਨਾਲ "ਰਿਆਸਤ ਦੀ ਜ਼ਮੀਨ ਕੌਡੀਆਂ ਦੇ ਭਾਅ ਨਿਵੇਸ਼ਕਾਰਾਂ ਨੂੰ ਵੇਚ ਦਿੱਤੀ ਜਾਵੇਗੀ; ਅੰਬਾਨੀ ਅਤੇ ਪਾਤੰਜਲੀ ਵਰਗੇ ਲੋਕ ਆਸਾਨੀ ਨਾਲ ਆ ਜਾਣਗੇ; ਕਸ਼ਮੀਰ ਦੀ ਜ਼ਮੀਨ ਅਤੇ ਵਸੀਲਿਆਂ ਨੂੰ ਹੜੱਪ ਲਿਆ ਜਾਵੇਗਾ। ਅੱਜ ਦੀ ਤਰੀਕ 'ਚ ਕਸ਼ਮੀਰ ਵਿਚ ਸਿੱਖਿਆ ਅਤੇ ਰੁਜ਼ਗਾਰ ਦਾ ਪੱਧਰ ਬਾਕੀ ਰਾਜਾਂ ਤੋਂ ਬਿਹਤਰ ਹੈ, ਪਰ ਭਲਕੇ ਕਸ਼ਮੀਰੀਆਂ ਨੂੰ ਸਰਕਾਰੀ ਨੌਕਰੀਆਂ ਲਈ ਦੂਜੇ ਰਾਜਾਂ ਦੇ ਲੋਕਾਂ ਨਾਲ ਮੁਕਾਬਲਾ ਕਰਨਾ ਪਵੇਗਾ। ਇਕ ਪੀੜ੍ਹੀ ਪਿਛੋਂ ਬਹੁਤੇ ਕਸ਼ਮੀਰਆਂ ਕੋਲ ਨੌਕਰੀਆਂ ਨਹੀਂ ਹੋਣਗੀਆਂ, ਜਾਂ ਫਿਰ ਉਹ ਦੂਜੇ ਰਾਜਾਂ ਵਿਚ ਜਾਣ ਲਈ ਮਜਬੂਰ ਹੋ ਜਾਣਗੇ।"

### 'ਹਾਲਾਤ ਆਮ' ਹਨ ਜਾਂ ਕਬਰਾਂ ਵਰਗੀ ਸ਼ਾਂਤੀ ਹੈ?

ਕੀ ਕਸ਼ਮੀਰ ਦੇ ਹਾਲਾਤ ਆਮ ਅਤੇ ਸ਼ਾਂਤਮਈ ਹਨ, ਜਿਵੇਂ ਕਿ ਦੱਸਿਆ ਜਾ ਰਿਹਾ ਹੈ? ਨਹੀਂ, ਬਿਲਕੁਲ ਨਹੀਂ। ਸੋਪੋਰ ਵਿਚ ਇਕ ਨੌਜਵਾਨ ਨੇ ਕਿਹਾ, "ਇਹ ਬੰਦੂਕ ਦੀ ਨੋਕ 'ਤੇ ਖਾਮੋਸ਼ੀ ਹੈ, ਕਬਰਸਤਾਨ ਦੀ ਖਾਮੋਸ਼ੀ।"

ਉਥੋਂ ਦੇ ਅਖਬਾਰ 'ਗਰੇਟਰ ਕਸ਼ਮੀਰ' ਦੇ ਮੁੱਖ ਪੰਨੇ 'ਤੇ ਕੁਝ ਖਬਰਾਂ ਸਨ ਅਤੇ ਪਿਛਲੇ ਪੰਨੇ 'ਤੇ ਖੇਡ ਬਾਰੇ ਖਬਰਾਂ, ਵਿਚਕਾਰਲੇ ਸਾਰੇ ਪੰਨੇ ਵਿਆਹਾਂ ਅਤੇ ਹੋਰ ਸਮਾਰੋਹਾਂ ਨੂੰ ਮੁਅੱਤਲ ਕਰ ਦੇਣ ਦੀਆਂ ਸੂਚਨਾਵਾਂ ਨਾਲ ਭਰੇ ਪਏ ਸਨ।

ਸਰਕਾਰ ਦਾ ਦਾਅਵਾ ਹੈ ਕਿ ਸਿਰਫ ਧਾਰਾ 144 ਲਾਈ ਗਈ ਹੈ, ਕਰਫਿਊ ਨਹੀਂ; ਪਰ ਪੁਲਿਸ ਦੀਆਂ ਗੱਡੀਆਂ ਪੂਰੇ ਸ੍ਰੀਨਗਰ ਸ਼ਹਿਰ ਵਿਚ ਗਸ਼ਤ ਕਰਕੇ ਲੋਕਾਂ ਨੂੰ ਚਿਤਾਵਨੀ ਦੇ ਰਹੀਆਂ ਸਨ, 'ਘਰ ਵਿਚ ਮਹਿਫੂਜ਼ ਰਹੋ, ਕਰਫਿਊ ਵਿਚ ਬਾਹਰ ਨਾ ਘੁੰਮੋ' ਅਤੇ ਦੁਕਾਨਾਂ ਬੰਦ ਕਰਨ ਲਈ ਕਹਿ ਰਹੀਆਂ ਸਨ। ਬਾਹਰ ਘੁੰਮਣ ਵਾਲਿਆਂ ਤੋਂ ਕਰਫਿਊ ਪਾਸ ਮੰਗੇ ਜਾ ਰਹੇ ਸਨ।

ਪੂਰੇ ਕਸ਼ਮੀਰ ਵਿਚ ਕਰਫਿਊ ਹੈ। ਇਥੋਂ ਤਕ ਕਿ ਈਦ ਦੇ ਦਿਨ ਵੀ ਸੜਕਾਂ ਅਤੇ ਬਾਜ਼ਾਰ ਸੁੰਨ-ਮਸਾਨ ਸਨ। ਸ੍ਰੀਨਗਰ ਵਿਚ ਥਾਂ-ਥਾਂ ਕੰਡੇਦਾਰ ਤਾਰ ਅਤੇ ਵੱਡੀ ਤਾਦਾਦ ਵਿਚ ਨੀਮ-ਫੌਜੀ ਤਾਕਤਾਂ ਦੀ ਮੌਜੂਦਗੀ ਹੋਣ ਕਾਰਨ ਆਉਣ-ਜਾਣ ਵਿਚ ਰੁਕਾਵਟ ਆ ਰਹੀ ਸੀ। ਈਦ ਦੇ ਦਿਨ ਵੀ ਇਹੀ ਹਾਲ ਰਿਹਾ। ਕਈ ਪਿੰਡਾਂ ਵਿਚ ਨੀਮ-ਫੌਜ ਨੇ ਅਜਾਨ 'ਤੇ ਰੋਕ ਲਾ ਦਿੱਤੀ ਸੀ ਅਤੇ ਈਦ 'ਤੇ ਮਸਜਿਦ ਵਿਚ ਸਮੂਹਿਕ ਰੂਪ 'ਚ ਨਮਾਜ਼ ਪੜ੍ਹਨ ਦੀ ਥਾਂ ਲੋਕਾਂ ਨੂੰ ਮਜਬੂਰੀ ਵਸ ਘਰਾਂ ਵਿਚ ਹੀ ਨਮਾਜ਼ ਪੜ੍ਹਨੀ ਪਈ।

ਅਨੰਤਨਾਗ, ਸ਼ੋਪੀਆਂ ਅਤੇ ਪੰਪੋਰ (ਦੱਖਣੀ ਕਸ਼ਮੀਰ) ਵਿਚ ਸਾਨੂੰ ਸਿਰਫ ਬਹੁਤ ਛੋਟੇ ਬੱਚੇ ਹੀ ਈਦ ਮੌਕੇ ਤਿਓਹਾਰ ਵਾਲੇ ਕੱਪੜੇ ਪਹਿਨੀਂ ਨਜ਼ਰ ਆਏ। ਜਾਪਦਾ ਸੀ, ਜਿਵੇਂ ਹੋਰ ਸਾਰੇ ਸੋਗ ਮਨਾ ਰਹੇ ਹੋਣ। ਅਨੰਤਨਾਗ ਦੇ ਗੁਰੀ ਵਿਚ ਇਕ ਔਰਤ ਨੇ ਕਿਹਾ, "ਸਾਨੂੰ ਲੱਗ ਰਿਹਾ ਹੈ, ਜਿਵੇਂ ਅਸੀਂ ਜੇਲ੍ਹ ਵਿਚ ਹੋਈਏ।" ਨਾਗਬਲ (ਸ਼ੋਪੀਆਂ) ਵਿਚ ਕੁਝ ਲੜਕੀਆਂ ਨੇ ਕਿਹਾ ਕਿ ਜਦੋਂ ਸਾਡੇ ਭਾਈ ਪੁਲਿਸ ਜਾਂ ਫੌਜ ਦੀ ਹਿਰਾਸਤ ਵਿਚ ਹਨ, ਤਾਂ ਅਸੀਂ ਈਦ ਕਿਵੇਂ ਮਨਾਈਏ?

ਈਦ ਤੋਂ ਇਕ ਦਿਨ ਪਹਿਲਾਂ 11 ਅਗਸਤ ਨੂੰ ਸ਼ੋਪੀਆਂ ਵਿਚ ਇਕ ਔਰਤ ਨੇ ਦੱਸਿਆ ਕਿ ਉਹ ਕਰਫਿਊ ਵਿਚ ਥੋੜ੍ਹੀ ਦੇਰ ਲਈ ਢਿੱਲ ਮਿਲਣ 'ਤੇ ਬਾਜ਼ਾਰ ਵਿਚ ਈਦ ਦਾ ਕੁਝ ਸਮਾਨ ਖਰੀਦਣ ਆਈ ਹੈ। ਉਸ ਮੁਤਾਬਕ "ਸੱਤ ਦਿਨਾਂ ਤੋਂ ਅਸੀਂ ਆਪਣੇ ਘਰਾਂ ਵਿਚ ਕੈਦ ਸਾਂ, ਤੇ ਮੇਰੇ ਪਿੰਡ ਲਾਂਗਟ ਵਿਚ ਅੱਜ ਵੀ ਦੁਕਾਨਾਂ ਬੰਦ ਹਨ। ਇਸ ਲਈ ਖਰੀਦਦਾਰੀ ਕਰਨ ਸੋਪੋਰ ਆਈ ਹਾਂ, ਇਥੇ ਮੇਰੀ ਧੀ ਨਰਸਿੰਗ ਦੀ ਵਿਦਿਆਰਥਣ ਹੈ। ਉਸ ਦੀ ਸੁੱਖ-ਸਾਂਦ ਵੀ ਪੁੱਛਦੀ ਜਾਵਾਂਗੀ।"

ਬਾਂਦੀਪੁਰਾ ਲਾਗੇ ਵਤਪੁਰਾ ਵਿਚ ਬੇਕਰੀ ਵਿਚ ਇਕ ਨੌਜਵਾਨ ਨੇ ਦੱਸਿਆ, "ਇਥੇ ਮੋਦੀ ਦਾ ਨਹੀਂ, ਫੌਜ ਦਾ ਰਾਜ ਹੈ।" ਉਸ ਦੇ ਦੋਸਤ ਨੇ ਕਿਹਾ, "ਅਸੀਂ ਸਹਿਮੇ ਹੋਏ ਰਹਿੰਦੇ ਹਾਂ, ਕਿਉਂਕਿ ਨੇੜਲੇ ਫੌਜੀ ਕੈਂਪ ਵਲੋਂ ਐਸੇ ਸਖਤ ਕਾਇਦੇ-ਕਾਨੂੰਨ ਥੋਪੇ ਜਾਂਦੇ ਹਨ, ਜਿਨ੍ਹਾਂ ਨੂੰ ਪੂਰਾ ਕਰ ਸਕਣਾ ਲਗਭਗ ਅਸੰਭਵ ਹੁੰਦਾ ਹੈ। ਉਹ ਕਹਿੰਦੇ ਹਨ ਕਿ ਘਰ ਤੋਂ ਬਾਹਰ ਜਾਣਾ ਹੈ ਤਾਂ ਅੱਧੇ ਘੰਟੇ ਵਿਚ ਹੀ ਵਾਪਸ ਮੁੜਨਾ ਪਵੇਗਾ; ਲੇਕਿਨ ਜੇ ਮੇਰਾ ਬੱਚਾ ਬਿਮਾਰ ਹੈ, ਉਸ ਨੂੰ ਹਸਪਤਾਲ ਲਿਜਾਣਾ ਹੈ ਤਾਂ ਅੱਧੇ ਘੰਟੇ ਤੋਂ ਵੱਧ ਵੀ ਤਾਂ ਲੱਗ ਸਕਦਾ ਹੈ। ਜੇ ਕੋਈ ਨੇੜੇ ਦੇ ਪਿੰਡ ਵਿਚ ਆਪਣੀ ਧੀ ਨੂੰ ਮਿਲਣ ਜਾਵੇਗਾ ਤਾਂ ਵੀ ਅੱਧੇ ਘੰਟੇ ਤੋਂ ਵੱਧ ਹੀ ਲੱਗੇਗਾ; ਪਰ ਜੇ ਦੇਰ ਹੋ ਜਾਵੇ ਤਾਂ ਸਾਨੂੰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ।"

ਸੀ. ਆਰ. ਪੀ. ਐਫ. ਹਰ ਥਾਂ ਹੈ, ਕਸ਼ਮੀਰ ਵਿਚ ਲਗਭਗ ਹਰ ਘਰ ਦੇ ਬਾਹਰ। ਜਾਹਰ ਹੈ, ਉਹ ਉਥੇ ਕਸ਼ਮੀਰੀਆਂ ਨੂੰ ਸੁਰੱਖਿਆ ਨਹੀਂ ਦੇ ਰਹੇ ਹਨ, ਸਗੋਂ ਉਨ੍ਹਾਂ ਦੀ ਮੌਜੂਦਗੀ ਉਥੇ ਭੈਅ ਪੈਦਾ ਕਰਦੀ ਹੈ।

ਭੇਡਾਂ ਦੇ ਵਪਾਰੀ ਅਤੇ ਚਰਵਾਹੇ ਉਥੇ ਅਣਵਿਕੀਆਂ ਭੇਡਾਂ ਅਤੇ ਬੱਕਰੀਆਂ ਸਮੇਤ ਨਜ਼ਰ ਆਏ। ਜਿਨ੍ਹਾਂ ਪਸ਼ੂਆਂ 'ਤੇ ਸਾਰਾ ਸਾਲ ਨਿਵੇਸ਼ ਕੀਤਾ ਗਿਆ, ਉਹ ਹੁਣ ਵਿਕ ਨਹੀਂ ਰਹੇ। ਉਨ੍ਹਾਂ ਲਈ ਇਸ ਦਾ ਅਰਥ ਭਾਰੀ ਆਰਥਕ ਨੁਕਸਾਨ ਹੈ। ਦੂਜੇ ਪਾਸੇ ਜੋ ਲੋਕ ਕੰਮ 'ਤੇ ਨਹੀਂ ਜਾ ਸਕਦੇ, ਉਨ੍ਹਾਂ ਦੀ ਕਮਾਈ ਬੰਦ ਹੈ ਅਤੇ ਉਹ ਈਦ 'ਤੇ ਕੁਰਬਾਨੀ ਲਈ ਜਾਨਵਰ ਨਹੀਂ ਖਰੀਦ ਸਕਦੇ।

ਬਿਜਨੌਰ (ਯੂ. ਪੀ. ) ਦੇ ਇਕ ਦੁਕਾਨਦਾਰ ਨੇ ਸਾਨੂੰ ਆਪਣੀਆਂ ਅਣਵਿਕੀਆਂ ਮਿਠਾਈਆਂ ਦਾ ਢੇਰ ਦਿਖਾਇਆ, ਜੋ ਖਰਾਬ ਹੋ ਰਹੀਆਂ ਸਨ।

ਸ੍ਰੀਨਗਰ ਵਿਚ ਦਮੇ ਤੋਂ ਪੀੜਤ ਇਕ ਆਟੋ ਡਰਾਈਵਰ ਨੇ ਸਾਨੂੰ ਆਪਣੀਆਂ ਦਵਾਈਆਂ ਦੀ ਆਖਰੀ ਖੁਰਾਕ ਦਿਖਾਉਂਦਿਆਂ ਦੱਸਿਆ ਕਿ ਉਹ ਕਈ ਦਿਨਾਂ ਤੋਂ ਦਵਾਈ ਖਰੀਦਣ ਲਈ ਭਟਕ ਰਿਹਾ ਹੈ, ਪਰ ਉਸ ਦੇ ਇਲਾਕੇ ਵਿਚ ਕੈਮਿਸਟ ਦੀਆਂ ਦੁਕਾਨਾਂ ਅਤੇ ਹਸਪਤਾਲਾਂ ਵਿਚ ਇਸ ਦਾ ਸਟਾਕ ਖਤਮ ਹੋ ਚੁਕਾ ਹੈ, ਵੱਡੇ ਹਸਪਤਾਲ ਉਹ ਜਾ ਨਹੀਂ ਸਕਦਾ, ਕਿਉਂਕਿ ਰਸਤੇ ਵਿਚ ਸੀ. ਆਰ. ਪੀ. ਐਫ. ਵਾਲੇ ਰੋਕਦੇ ਹਨ। ਉਸ ਨੇ ਐਸਥਾਲੀਨ ਇਨਹੇਲਰ ਦਾ ਖਾਲੀ ਮਰੋੜਿਆ ਕਵਰ ਦਿਖਾਉਂਦਿਆਂ ਕਿਹਾ ਕਿ ਇਹ ਕਵਰ ਜਦੋਂ ਉਸ ਨੇ ਸੀ. ਪੀ. ਆਰ. ਐਫ. ਦੇ ਜਵਾਨ ਨੂੰ ਦਿਖਾ ਕੇ ਦਵਾਈ ਖਰੀਦਣ ਲਈ ਅੱਗੇ ਜਾਣ ਦੀ ਇਜਾਜ਼ਤ ਮੰਗੀ ਤਾਂ ਉਸ ਦਾ ਕਵਰ ਬੂਟਾਂ ਹੇਠ ਦਰੜ ਦਿੱਤਾ ਗਿਆ।



*'ਕੈਦ ਕਸ਼ਮੀਰ' ਦੀ ਇਕ ਝਲਕ। ਅਜਿਹੇ ਨਾਕੇ ਥਾਂ-ਥਾਂ ਲਗਾਏ ਹੋਏ ਹਨ।*

### ਵਿਰੋਧ, ਜਬਰ ਅਤੇ ਵਹਿਸ਼ਤ

ਨੌਂ ਅਗਸਤ ਨੂੰ ਸ੍ਰੀਨਗਰ ਦੇ ਸ਼ਾਓਰਾ ਵਿਚ ਕਰੀਬ 10 ਹਜ਼ਾਰ ਲੋਕ ਵਿਰੋਧ ਲਈ ਜੁੜੇ। ਫੌਜੀ ਦਸਤਿਆਂ ਨੇ ਉਨ੍ਹਾਂ 'ਤੇ ਪੈਲੇਟ ਗੰਨਾਂ ਨਾਲ ਫਾਇਰ ਕੀਤੇ। ਅਸੀਂ 10 ਅਗਸਤ ਨੂੰ ਸ਼ਾਓਰਾ ਜਾਣ ਦੀ ਕੋਸ਼ਿਸ਼ ਕੀਤੀ, ਪਰ ਸੀ. ਆਰ. ਪੀ. ਐਫ. ਦੇ

*(ਬਾਕੀ ਅਗਲੇ ਸਫੇ 'ਤੇ)*

ਨਾਕੇ 'ਤੇ ਰੋਕ ਦਿੱਤਾ ਗਿਆ। ਉਸ ਦਿਨ ਵੀ ਅਸੀਂ ਦੇਖਿਆ, ਬਹੁਤ ਸਾਰੇ ਮੁਜ਼ਾਹਰਾਕਾਰੀ ਨੌਜਵਾਨਾਂ ਨੇ ਸੜਕ ਬੰਦ ਕੀਤੀ ਹੋਈ ਸੀ।

ਸ੍ਰੀਨਗਰ ਦੇ ਐਸ. ਐਮ. ਐਚ. ਐਸ. ਹਸਪਤਾਲ ਵਿਚ ਪੈਲੇਟ ਗੰਨਾਂ ਨਾਲ ਜ਼ਖ਼ਮੀ ਦੋ ਜਣਿਆਂ ਨਾਲ ਸਾਡੀ ਮੁਲਾਕਾਤ ਹੋਈ। ਦੋ ਨੌਜਵਾਨਾਂ ਵੱਕਾਰ ਅਹਿਮਦ ਅਤੇ ਵਾਹਿਦ ਦੇ ਚਿਹਰੇ, ਬਾਹਾਂ ਅਤੇ ਸਰੀਰ ਦੇ ਉਪਰਲੇ ਹਿੱਸੇ ਵਿਚ ਥਾਂ-ਥਾਂ ਛੱਰਿਆਂ ਦੇ ਨਿਸ਼ਾਨ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਲਹੂ ਸੀ, ਉਹ ਅੰਨ੍ਹੇ ਹੋ ਚੁਕੇ ਸਨ। ਪਰਿਵਾਰ ਦੇ ਜੀਆਂ ਅਨੁਸਾਰ ਇਹ ਲੜਕੇ ਸਿਰਫ ਸ਼ਾਂਤਮਈ ਵਿਰੋਧ ਕਰ ਰਹੇ ਸਨ।

ਸਮੀਰ ਅਹਿਮਦ (ਉਮਰ 20-25 ਸਾਲ) 'ਰਾਈਜ਼ਿੰਗ ਕਸ਼ਮੀਰ' ਅਖਬਾਰ ਵਿਚ ਗ੍ਰਾਫਿਕ ਡਿਜ਼ਾਈਨਰ ਹੈ। ਉਸ ਨੇ 6 ਅਗਸਤ ਨੂੰ ਆਪਣੇ ਘਰ ਦੇ ਨੇੜੇ ਮਾਂਦਰਬਾਗ ਇਲਾਕੇ ਵਿਚ ਇਕ ਬਜ਼ੁਰਗ ਨੂੰ ਰਸਤੇ ਵਿਚ ਨਾ ਜਾਣ ਦੇਣ 'ਤੇ ਸੀ. ਆਰ. ਪੀ. ਐਫ. ਵਾਲਿਆਂ ਨੂੰ ਟੋਕ ਦਿੱਤਾ। ਬਾਅਦ ਵਿਚ ਉਸੇ ਦਿਨ ਜਦੋਂ ਸਮੀਰ ਅਹਿਮਦ ਆਪਣੇ ਘਰ ਦਾ ਦਰਵਾਜ਼ਾ ਖੋਲ੍ਹ ਰਿਹਾ ਸੀ ਤਾਂ ਅਚਾਨਕ ਸੀ. ਆਰ. ਪੀ. ਐਫ. ਵਾਲਿਆਂ ਨੇ ਉਸ 'ਤੇ ਪੈਲੇਟ ਗੰਨਾਂ ਨਾਲ ਫਾਇਰ ਕਰ ਦਿੱਤਾ। ਉਸ ਦੀ ਬਾਂਹ, ਚਿਹਰੇ ਅਤੇ ਅੱਖ ਕੋਲ ਕੁਲ ਮਿਲਾ ਕੇ ਪੈਲੇਟ ਨਾਲ 172 ਜ਼ਖ਼ਮ ਹੋ ਗਏ। ਬਚਾਓ ਇਹ ਰਿਹਾ ਕਿ ਉਸ ਦੀਆਂ ਅੱਖਾਂ ਦੀ ਰੋਸ਼ਨੀ ਨਹੀਂ ਗਈ। ਪੈਲੇਟ ਗੰਨ ਨਾਲ ਜਾਣ-ਬੁੱਝ ਕੇ ਚਿਹਰੇ ਅਤੇ ਅੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਨਿਹੱਥੇ ਸ਼ਾਂਤਮਈ ਨਾਗਰਿਕ, ਚਾਹੇ ਉਹ ਆਪਣੇ ਘਰ ਦੇ ਦਰਵਾਜੇ 'ਤੇ ਹੀ ਕਿਉਂ ਨਾ ਖੜ੍ਹੇ ਹੋਣ, ਨਿਸ਼ਾਨਾ ਬਣ ਸਕਦੇ ਹਨ।

ਸਿਆਸੀ ਪਾਰਟੀਆਂ ਦੇ ਘੱਟੋ-ਘੱਟ 600 ਆਗੂ ਅਤੇ ਸਮਾਜੀ ਕਾਰਕੁਨ ਗ੍ਰਿਫਤਾਰ ਕੀਤੇ ਗਏ ਹਨ। ਇਸ ਦੀ ਕੋਈ ਜਾਣਕਾਰੀ ਨਹੀਂ ਹੈ ਕਿ ਉਨ੍ਹਾਂ ਨੂੰ ਕਿਨ੍ਹਾਂ ਧਾਰਾਵਾਂ ਜਾਂ ਜੁਰਮਾਂ ਹੇਠ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਕਿਥੇ ਲਿਜਾ ਕੇ ਬੰਦ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਵੱਡੀ ਤਾਦਾਦ ਵਿਚ ਆਗੂਆਂ ਨੂੰ ਘਰਾਂ ਵਿਚ ਨਜ਼ਰਬੰਦ ਕੀਤਾ ਗਿਆ ਹੈ। ਇਹ ਦੱਸ ਸਕਣਾ ਮੁਸ਼ਕਿਲ ਹੈ ਕਿ ਕੁਲ ਕਿੰਨੇ ਨਜ਼ਰਬੰਦ ਹਨ। ਅਸੀਂ ਸੀ. ਪੀ. ਐਮ. ਦੇ ਵਿਧਾਇਕ ਮੁਹੰਮਦ ਯੂਸਫ ਤਾਰੀਗਾਮੀ ਨਾਲ ਮੁਲਾਕਾਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਾਨੂੰ ਸ੍ਰੀਨਗਰ ਵਿਚ ਉਨ੍ਹਾਂ ਦੇ ਘਰ ਦੇ ਬਾਹਰ ਹੀ ਰੋਕ ਦਿੱਤਾ ਗਿਆ, ਜਿਥੇ ਉਨ੍ਹਾਂ ਨੂੰ ਨਜ਼ਰਬੰਦ ਕੀਤਾ ਹੋਇਆ ਹੈ।

ਹਰ ਪਿੰਡ ਅਤੇ ਸ੍ਰੀਨਗਰ ਦੇ ਮੁੱਖ ਇਲਾਕਿਆਂ ਵਿਚ ਅਸੀਂ ਜਿਥੇ ਵੀ ਗਏ, ਦੇਖਿਆ ਕਿ ਛੋਟੀ ਉਮਰ ਦੇ ਸਕੂਲ ਜਾਣ ਵਾਲੇ ਲੜਕਿਆਂ ਨੂੰ ਪੁਲਿਸ, ਫੌਜ ਜਾਂ ਨੀਮ-ਫੌਜ ਵਾਲੇ ਚੁੱਕ ਕੇ ਲੈ ਗਏ ਹਨ ਅਤੇ ਉਹ ਗੈਰ ਕਾਨੂੰਨੀ ਹਿਰਾਸਤ ਵਿਚ ਹਨ। ਪੰਪੋਰ ਵਿਚ ਸਾਨੂੰ ਐਸਾ ਹੀ ਇਕ ਲੜਕਾ ਮਿਲਿਆ, ਜੋ 5 ਤੋਂ ਲੈ ਕੇ 11 ਅਗਸਤ ਤੱਕ ਥਾਣੇ ਵਿਚ ਬੰਦ ਰਿਹਾ ਸੀ। ਉਥੇ ਉਸ ਦੀ ਕੁੱਟਮਾਰ ਕੀਤੀ ਗਈ। ਉਸ ਨੇ ਦੱਸਿਆ ਕਿ ਉਸ ਨਾਲ ਨੇੜੇ-ਤੇੜੇ ਦੇ ਪਿੰਡਾਂ ਦੇ ਉਸ ਤੋਂ ਘੱਟ ਉਮਰ ਦੇ ਲੜਕੇ ਵੀ ਸਨ।

ਅੱਧੀ ਰਾਤ ਨੂੰ ਛਾਪੇ ਮਾਰ ਕੇ ਸੈਂਕੜੇ ਲੜਕਿਆਂ ਅਤੇ ਅੱਲ੍ਹੜ ਵਰੇਸ ਬੱਚਿਆਂ ਨੂੰ ਚੁੱਕ ਲਿਆ ਗਿਆ। ਅਜਿਹੇ ਛਾਪਿਆਂ ਦਾ ਇੱਕੋ-ਇਕ ਮਕਸਦ ਡਰ ਪੈਦਾ ਕਰਨਾ ਹੀ ਹੋ ਸਕਦਾ ਹੈ। ਔਰਤਾਂ ਅਤੇ ਲੜਕੀਆਂ ਨੇ ਦੱਸਿਆ ਕਿ ਛਾਪਿਆਂ ਦੌਰਾਨ ਜਿਣਸੀ ਛੇੜਖਾਨੀ ਵੀ ਕੀਤੀ ਗਈ। ਉਨ੍ਹਾਂ ਦੇ ਮਾਪੇ ਬੱਚਿਆਂ ਦੀ 'ਗ੍ਰਿਫਤਾਰੀ' (ਅਗਵਾ) ਬਾਰੇ ਗੱਲ ਕਰਨ ਤੋਂ ਵੀ ਡਰ ਰਹੇ ਸਨ। ਉਨ੍ਹਾਂ ਨੂੰ ਡਰ ਸੀ ਕਿ ਕਿਤੇ ਪਬਲਿਕ ਸਿਕਿਉਰਿਟੀ ਐਕਟ ਤਹਿਤ ਕੇਸ ਨਾ ਪਾ ਦਿੱਤਾ ਜਾਵੇ। ਉਹ ਇਸ ਲਈ ਵੀ ਸਹਿਮੇ ਹੋਏ ਸਨ ਕਿ ਬੋਲਣ ਨਾਲ ਕਿਤੇ ਬੱਚੇ 'ਲਾਪਤਾ' ਹੀ ਨਾ ਕਰ ਦਿੱਤੇ ਜਾਣ; ਭਾਵ ਹਿਰਾਸਤ ਵਿਚ ਮੌਤ ਅਤੇ ਫਿਰ ਕਿਸੇ ਸਮੂਹਿਕ ਕਬਰਸਤਾਨ ਵਿਚ ਦਫਨਾ ਦਿੱਤਾ ਜਾਣਾ, ਜਿਸ ਦਾ ਕਸ਼ਮੀਰ ਵਿਚ ਕੌੜਾ ਇਤਿਹਾਸ ਹੈ। ਇਸੇ ਤਰ੍ਹਾਂ ਗ੍ਰਿਫਤਾਰ ਕੀਤੇ ਇਕ ਲੜਕੇ ਦੇ ਗੁਆਂਢੀ ਨੇ ਦੱਸਿਆ, "ਇਨ੍ਹਾਂ ਗ੍ਰਿਫਤਾਰੀਆਂ ਦਾ ਕਿਤੇ ਕੋਈ ਰਿਕਾਰਡ ਨਹੀਂ। ਇਹ ਗੈਰ ਕਾਨੂੰਨੀ ਹਿਰਾਸਤ ਹੈ। ਇਸ ਲਈ ਜੇ ਕੋਈ ਲੜਕਾ 'ਲਾਪਤਾ' ਹੋ ਜਾਂਦਾ ਹੈ, ਯਾਨਿ ਹਿਰਾਸਤ ਵਿਚ ਮਾਰ ਦਿੱਤਾ ਜਾਂਦਾ ਹੈ, ਤਾਂ ਪੁਲਿਸ/ਫੌਜ ਸੌਖਿਆਂ ਹੀ ਕਹਿ ਸਕਦੀ ਹੈ ਕਿ ਉਨ੍ਹਾਂ ਨੇ ਤਾਂ ਕਦੇ ਉਸ ਨੂੰ ਗ੍ਰਿਫਤਾਰ ਹੀ ਨਹੀਂ ਕੀਤਾ।"

ਪਰ ਵਿਰੋਧ ਰੁਕਣ ਦੀ ਕੋਈ ਸੰਭਾਵਨਾ ਨਹੀਂ। ਸੋਪੋਰ ਵਿਚ ਇਕ ਨੌਜਵਾਨ ਨੇ ਕਿਹਾ, "ਉਹ ਜਿੰਨਾ ਜ਼ੁਲਮ ਕਰਨਗੇ, ਅਸੀਂ ਓਨਾ ਹੀ ਜ਼ੋਰ ਨਾਲ ਉਠਾਂਗੇ।"

ਵੱਖ-ਵੱਖ ਥਾਂਈਂ ਇਕ ਹੀ ਗੱਲ ਵਾਰ-ਵਾਰ ਸੁਣਨ ਨੂੰ ਮਿਲੀ, "ਫਿਕਰ ਵਾਲੀ ਕੋਈ ਗੱਲ ਨਹੀਂ ਕਿ ਆਗੂ ਜੇਲ੍ਹ ਵਿਚ ਡੱਕ ਦਿੱਤੇ ਗਏ ਹਨ, ਸਾਨੂੰ ਆਗੂਆਂ ਦੀ ਲੋੜ ਨਹੀਂ। ਜਦੋਂ ਤਕ ਇਕ ਵੀ ਕਸ਼ਮੀਰੀ ਬੱਚਾ ਜ਼ਿੰਦਾ ਹੈ, ਟਾਕਰਾ ਜਾਰੀ ਰਹੇਗਾ।"

### ਮੀਡੀਏ 'ਤੇ ਪਾਬੰਦੀ

ਇਕ ਪੱਤਰਕਾਰ ਨੇ ਸਾਨੂੰ ਦੱਸਿਆ ਕਿ ਇੰਨਾ ਕੁਝ ਹੋਣ ਦੇ ਬਾਵਜੂਦ ਅਖਬਾਰ ਛਪ ਰਹੇ ਹਨ। ਇੰਟਰਨੈਟ ਨਾ ਹੋਣ ਕਾਰਨ ਏਜੰਸੀਆਂ ਤੋਂ ਖਬਰਾਂ ਨਹੀਂ ਮਿਲ ਰਹੀਆਂ। ਉਹ ਐਨ. ਡੀ. ਟੀ. ਵੀ. ਦੇਖ ਕੇ ਜੰਮੂ ਕਸ਼ਮੀਰ ਬਾਰੇ ਸੰਸਦ ਵਿਚ ਹੋਣ ਵਾਲੀਆਂ ਕਾਰਵਾਈਆਂ ਦੀ ਰਿਪੋਰਟ ਕਰਨ ਤੱਕ ਸੀਮਤ ਹਨ। ਇਹ ਅਣਐਲਾਨੀ ਸੈਂਸਰਸ਼ਿਪ



ਸ਼ਨਾਖਤੀ ਕਾਰਡ ਚੈੱਕ ਕਰ ਰਿਹਾ ਇਕ ਫ਼ੌਜੀ।

ਹੈ। ਜੇ ਸਰਕਾਰ ਪੁਲਿਸ ਨੂੰ ਇੰਟਰਨੈਟ ਅਤੇ ਫੋਨ ਦੀ ਸਹੂਲਤ ਦੇ ਸਕਦੀ ਹੈ, ਮੀਡੀਏ ਨੂੰ ਨਹੀਂ ਤਾਂ ਇਸ ਦਾ ਹੋਰ ਕੀ ਮਤਲਬ ਹੋ ਸਕਦਾ ਹੈ?

ਕਸ਼ਮੀਰੀ ਟੀ. ਵੀ. ਚੈਨਲ ਪੂਰੀ ਤਰ੍ਹਾਂ ਬੰਦ ਹਨ। ਜੋ ਕਸ਼ਮੀਰੀ ਅਖਬਾਰਾਂ ਉਥੇ ਦੇ ਵਿਰੋਧ ਪ੍ਰਦਰਸ਼ਨਾਂ ਦੀ ਥੋੜ੍ਹੀ ਜਿਹੀ ਜਾਣਕਾਰੀ ਦਿੰਦੀਆਂ ਹਨ, ਜਿਵੇਂ ਸ਼ਾਓਰਾ ਦੀ ਘਟਨਾ ਬਾਰੇ, ਤਾਂ ਉਨ੍ਹਾਂ ਨੂੰ ਪ੍ਰਸ਼ਾਸਨ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਕੌਮਾਂਤਰੀ ਪ੍ਰੈਸ ਰਿਪੋਰਟਰਾਂ ਨੇ ਦੱਸਿਆ ਕਿ ਅਧਿਕਾਰੀਆਂ ਨੇ ਉਨ੍ਹਾਂ ਦੇ ਆਉਣ-ਜਾਣ 'ਤੇ ਹੀ ਪਾਬੰਦੀ ਲਾਈ ਹੋਈ ਹੈ। ਇੰਟਰਨੈਟ ਨਾ ਹੋਣ ਕਾਰਨ ਉਨ੍ਹਾਂ ਦਾ ਆਪਣੇ ਸਦਰ ਮੁਕਾਮਾਂ ਨਾਲ ਵੀ ਸੰਪਰਕ ਨਹੀਂ ਹੋ ਰਿਹਾ।

ਜਦੋਂ ਅਸੀਂ 13 ਅਗਸਤ ਨੂੰ ਸ੍ਰੀਨਗਰ ਦੇ ਪ੍ਰੈਸ ਐਨਕਲੇਵ ਪਹੁੰਚੇ, ਉਥੇ ਅਖਬਾਰਾਂ ਦੇ ਦਫਤਰ ਬੰਦ ਮਿਲੇ ਅਤੇ ਇਕਾ-ਦੁੱਕਾ ਪੱਤਰਕਾਰਾਂ ਤੇ ਕੁਝ ਸੀ. ਆਈ. ਡੀ. ਵਾਲਿਆਂ ਤੋਂ ਬਿਨਾ ਪੂਰਾ ਇਲਾਕਾ ਸੁੰਨਾ ਸੀ।

ਜਿਵੇਂ ਉਪਰ ਜ਼ਿਕਰ ਕੀਤਾ ਹੈ, ਅਖਬਾਰ ਵਿਚ ਕੰਮ ਕਰਨ ਵਾਲੇ ਗ੍ਰਾਫਿਕ ਡਿਜ਼ਾਇਨਰ ਨੂੰ ਬਿਨਾ ਕਿਸੇ ਭੜਕਾਹਟ ਦੇ ਸੀ. ਆਰ. ਪੀ. ਐਫ. ਨੇ ਪੈਲੇਟ ਗੰਨਾਂ ਨਾਲ ਜ਼ਖ਼ਮੀ ਕਰ ਦਿੱਤਾ।

### ਕੀ ਕਸ਼ਮੀਰ ਵਿਚ ਵਿਕਾਸ ਨਹੀਂ ਹੋਇਆ?

'ਟਾਈਮਜ਼ ਆਫ ਇੰਡੀਆ' ਦੇ ਓਪ-ਐਡ ਕਾਲਮ ਵਿਚ (9 ਅਗਸਤ 2019) ਸਾਬਕਾ ਵਿਦੇਸ਼ ਸਕੱਤਰ ਅਤੇ ਸਾਬਕਾ ਸਫੀਰ ਨਿਰੁਪਮਾ ਰਾਓ ਨੇ ਲਿਖਿਆ, "ਇਕ ਨੌਜਵਾਨ ਕਸ਼ਮੀਰੀ ਨੇ ਕੁਝ ਮਹੀਨੇ ਪਹਿਲਾਂ ਦੱਸਿਆ ਸੀ ਕਿ ਉਸ ਦੀ ਸਰਜ਼ਮੀਨ ਹੁਣ ਵੀ 'ਪੱਥਰ ਯੁਗ' ਵਿਚ ਰਹਿ ਰਹੀ ਹੈ: ਅਰਥਾਤ ਆਰਥਕ ਵਿਕਾਸ ਦੇ ਮਾਮਲੇ ਵਿਚ ਕਸ਼ਮੀਰ ਬਾਕੀ ਭਾਰਤ ਨਾਲੋਂ ਦੋ ਸੌ ਸਾਲ ਫਾਡੀ ਹੈ।"

ਅਸੀਂ ਸਭ ਜਗ੍ਹਾ ਐਸਾ 'ਪਿਛੜਿਆ ਹੋਇਆ' ਤੇ 'ਪੱਥਰ ਯੁਗ' ਵਾਲਾ ਕਸ਼ਮੀਰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਕਿਤੇ ਨਜ਼ਰ ਨਹੀਂ ਆਇਆ।

ਹਰ ਕਸ਼ਮੀਰੀ ਪਿੰਡ ਵਿਚ ਸਾਨੂੰ ਐਸੇ ਲੜਕੇ ਤੇ ਲੜਕੀਆਂ ਮਿਲੇ, ਜੋ ਕਾਲਜ ਜਾਂ ਯੂਨੀਵਰਸਿਟੀ ਜਾਂਦੇ ਹਨ। ਕਸ਼ਮੀਰੀ, ਹਿੰਦੀ ਤੇ ਅੰਗਰੇਜ਼ੀ ਵਿਚ ਬਾਖੂਬੀ ਗੱਲ ਕਰ ਸਕਦੇ ਹਨ, ਤੇ ਪੂਰੀ ਤੱਥਪੂਰਨ ਸ਼ੁੱਧਤਾ ਅਤੇ ਵਿਦਵਤਾ ਨਾਲ ਕਸ਼ਮੀਰ ਮਸਲੇ 'ਤੇ ਸੰਵਿਧਾਨਕ ਤੇ ਕੌਮਾਂਤਰੀ ਕਾਨੂੰਨ ਦੇ ਨੁਕਤੇ ਬਿਆਨ ਕਰਦਿਆਂ ਬਹਿਸ ਕਰ ਸਕਦੇ ਹਨ।

ਸਾਡੀ ਟੀਮ ਦੇ ਚਾਰੇ ਮੈਂਬਰ ਉਤਰ ਭਾਰਤੀ ਰਾਜਾਂ ਦੇ ਪਿੰਡਾਂ ਤੋਂ ਭਲੀਭਾਂਤ ਵਾਕਫ ਹਨ। ਐਸੀ ਉਚ ਪੱਧਰੀ ਸਿੱਖਿਆ ਦਾ ਬਿਹਾਰ, ਯੂ. ਪੀ., ਐਮ. ਪੀ., ਜਾਂ ਝਾਰਖੰਡ ਦੇ ਪਿੰਡਾਂ ਵਿਚ ਮਿਲ ਸਕਣਾ ਦੁਰਲੱਭ ਹੈ।

ਦਿਹਾਤੀ ਕਸ਼ਮੀਰ ਵਿਚ ਸਾਰੇ ਘਰ ਪੱਕੇ ਹਨ। ਬਿਹਾਰ, ਯੂ. ਪੀ. ਜਾਂ ਝਾਰਖੰਡ ਵਰਗੀਆਂ ਝੌਂਪੜੀਆਂ ਕਿਤੇ ਦੇਖਣ ਨੂੰ ਨਹੀਂ ਮਿਲੀਆਂ। ਕਸ਼ਮੀਰ ਵਿਚ ਵੀ ਭਾਵੇਂ ਗਰੀਬ ਹਨ, ਪਰ ਕਈ ਉਤਰ ਭਾਰਤੀ ਰਾਜਾਂ ਵਰਗੀ ਮੰਦਹਾਲੀ, ਭੁੱਖਮਰੀ ਅਤੇ ਘੋਰ ਗਰੀਬੀ ਦੇ ਹਾਲਾਤ ਦਿਹਾਤੀ ਕਸ਼ਮੀਰ ਵਿਚ ਬਿਲਕੁਲ ਨਹੀਂ।

ਕਈ ਥਾਂਈਂ ਉਤਰੀ ਭਾਰਤ ਅਤੇ ਪੱਛਮੀ ਬੰਗਾਲ ਤੋਂ ਆਏ ਪਰਵਾਸੀ ਮਜ਼ਦੂਰਾਂ ਨਾਲ ਵੀ ਮੁਲਾਕਾਤ ਹੋਈ। ਉਨ੍ਹਾਂ ਦੱਸਿਆ ਕਿ ਉਹ ਇਥੇ ਕਿਸੇ ਵੀ ਤਰ੍ਹਾਂ ਦੀ ਜਨੂਨੀ ਹਿੰਸਾ, ਜਿਸ ਤਰ੍ਹਾਂ ਦੀ ਮਹਾਂਰਾਸ਼ਟਰ ਤੇ ਗੁਜਰਾਤ ਵਰਗੇ ਰਾਜਾਂ ਵਿਚ ਉਨ੍ਹਾਂ ਨੂੰ ਝੱਲਣੀ ਪੈਂਦੀ ਹੈ, ਤੋਂ ਮਹਿਫੂਜ਼ ਤੇ ਆਜ਼ਾਦ ਹਨ। ਦਿਹਾੜੀ ਦੇ ਮਾਮਲੇ ਬਾਰੇ ਕਹਿਣਾ ਸੀ, "ਕਸ਼ਮੀਰ ਤਾਂ ਸਾਡੇ ਲਈ ਦੁੱਬਈ ਹੈ। ਇਥੇ ਅਸੀਂ 600 ਤੋਂ 800 ਰੁਪਏ ਰੋਜ਼ ਕਮਾ ਲੈਂਦੇ ਹਾਂ, ਜੋ ਕਿਸੇ ਵੀ ਰਾਜ ਨਾਲੋਂ ਤਿੰਨ ਤੋਂ ਚਾਰ ਗੁਣਾਂ ਵੱਧ ਹੈ।"

ਕਸ਼ਮੀਰ ਫਿਰਕੂ ਤਣਾਓ ਅਤੇ ਹਜੂਮੀ ਕਤਲਾਂ ਜਿਹੇ ਰੁਝਾਨ ਤੋਂ ਮੁਕਤ ਹੈ। ਅਸੀਂ ਕਸ਼ਮੀਰੀ ਪੰਡਿਤਾਂ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਕਸ਼ਮੀਰ ਵਿਚ ਮਹਿਫੂਜ਼ ਹਨ ਅਤੇ ਕਸ਼ਮੀਰੀ ਆਪਣੇ ਤਿਓਹਾਰ ਮਿਲ-ਜੁਲ ਕੇ ਮਨਾਉਂਦੇ ਹਨ। ਇਕ ਕਸ਼ਮੀਰੀ ਪੰਡਿਤ ਲੜਕੇ ਨੇ ਕਿਹਾ, "ਇਹੀ ਤਾਂ ਸਾਡੀ ਕਸ਼ਮੀਰੀਅਤ ਹੈ।"

ਕਸ਼ਮੀਰ ਵਿਚ ਔਰਤਾਂ ਦੇ 'ਪੱਛੜੀਆਂ' ਹੋਣ ਦੀ ਮਿੱਥ ਸ਼ਾਇਦ ਸਭ ਤੋਂ ਵੱਡਾ ਝੂਠ ਹੈ। ਕਸ਼ਮੀਰ ਵਿਚ ਲੜਕੀਆਂ ਵਿਚ ਸਿੱਖਿਆ ਦਾ ਪੱਧਰ ਉਚਾ ਹੈ। ਇਸ ਦੇ ਬਾਵਜੂਦ ਕਿ ਉਨ੍ਹਾਂ ਨੂੰ ਵੀ ਆਪਣੇ ਸਮਾਜਾਂ ਵਿਚ ਮਰਦ ਪ੍ਰਧਾਨ ਸੱਤਾ ਅਤੇ ਜਿਣਸੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਗੱਲ ਨੂੰ ਬਿਹਤਰ ਸਮਝ ਸਕਦੀਆਂ ਹਨ ਅਤੇ ਸਵੈ-ਭਰੋਸੇ ਨਾਲ ਭਰਪੂਰ ਹਨ, ਪਰ ਭਾਜਪਾ ਕਿਸ ਮੂੰਹ ਨਾਲ ਕਸ਼ਮੀਰ ਨੂੰ ਨਾਰੀਵਾਦ ਦੇ ਉਪਦੇਸ਼ ਦੇ ਰਹੀ ਹੈ, ਜਿਸ ਦਾ ਹਰਿਆਣੇ ਦਾ ਮੁੱਖ ਮੰਤਰੀ ਅਤੇ ਮੁਜ਼ੱਫਰਨਗਰ ਦਾ ਵਿਧਾਇਕ 'ਕਸ਼ਮੀਰ ਤੋਂ ਨੂੰਹਾਂ ਲਿਆਉਣ' ਦੀਆਂ ਗੱਲਾਂ ਕਰ ਰਹੇ ਹਨ, ਜਿਵੇਂ ਕਸ਼ਮੀਰ ਦੀਆਂ ਔਰਤਾਂ ਐਸੀ ਜਾਇਦਾਦ ਹੋਣ, ਜਿਸ ਨੂੰ ਲੁੱਟਿਆ ਜਾਣਾ ਹੈ? ਕਸ਼ਮੀਰ ਦੀਆਂ ਲੜਕੀਆਂ ਤੇ ਔਰਤਾਂ ਨੇ ਸਾਫ ਕਿਹਾ ਕਿ ਉਹ ਆਪਣੀ ਲੜਾਈ ਲੜਨ ਦੇ ਸਮਰੱਥ ਹਨ।

### ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਸਾਡਾ ਕਹਿਣਾ ਹੈ:

1. ਧਾਰਾ 370 ਅਤੇ 35-ਏ ਖਤਮ ਕਰਨ ਦੇ ਭਾਰਤ ਸਰਕਾਰ ਦੇ ਫੈਸਲੇ ਖਿਲਾਫ ਕਸ਼ਮੀਰ ਵਿਚ ਡੂੰਘੀ ਬੇਚੈਨੀ ਅਤੇ ਗੁੱਸਾ ਹੈ।
2. ਇਸ ਬੇਚੈਨੀ ਨੂੰ ਦਬਾਉਣ ਲਈ ਸਰਕਾਰ ਨੇ ਕਸ਼ਮੀਰ ਵਿਚ ਕਰਫਿਊ ਵਰਗੇ ਹਾਲਾਤ ਬਣਾ ਦਿੱਤੇ ਹਨ। ਥੋੜ੍ਹੇ ਜਿਹੇ ਏ. ਟੀ. ਐਮ., ਕੁਝ ਕੈਮਿਸਟਾਂ ਦੀਆਂ ਦੁਕਾਨਾਂ ਅਤੇ ਥਾਣਿਆਂ ਨੂੰ ਛੱਡ ਕੇ ਬਾਕੀ ਕਸ਼ਮੀਰ ਪੂਰੀ ਤਰ੍ਹਾਂ ਬੰਦ ਹੈ।
3. ਪਾਬੰਦੀਆਂ ਅਤੇ ਕਰਫਿਊ ਵਰਗੇ ਹਾਲਾਤ ਨਾਲ ਕਸ਼ਮੀਰ ਦੀ ਆਰਥਕ ਜ਼ਿੰਦਗੀ ਵੀ ਲੀਹੋਂ ਲਹਿ ਗਈ ਹੈ। ਉਹ ਵੀ ਐਸੇ ਵਕਤ ਜਦੋਂ ਈਦ ਦਾ ਤਿਓਹਾਰ ਹੈ, ਜਿਸ ਨੂੰ ਖੁਸ਼ਹਾਲੀ ਤੇ ਖੁਸ਼ੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ।
4. ਉਥੇ ਲੋਕ ਸਰਕਾਰ, ਪੁਲਿਸ ਜਾਂ ਫੌਜ ਦੇ ਜਬਰ ਦੇ ਖੌਫ ਦੇ ਸਾਏ ਹੇਠ ਜੀਅ ਰਹੇ ਹਨ। ਗੈਰਰਸਮੀ ਗੱਲਬਾਤ ਵਿਚ ਲੋਕਾਂ ਨੇ ਖੁੱਲ੍ਹ ਕੇ ਆਪਣਾ ਗੁੱਸਾ ਜਾਹਰ ਕੀਤਾ, ਪਰ ਕੈਮਰੇ ਅੱਗੇ ਆ ਕੇ ਬੋਲਣ ਤੋਂ ਡਰਦੇ ਰਹੇ।
5. ਕਸ਼ਮੀਰ ਵਿਚ ਹਾਲਾਤ ਤੇਜ਼ੀ ਨਾਲ ਆਮ ਹੋਣ ਦੇ ਭਾਰਤੀ ਮੀਡੀਏ ਦੇ ਦਾਅਵੇ ਪੂਰੀ ਤਰ੍ਹਾਂ ਗੁੰਮਰਾਹਕੁਨ ਪ੍ਰਚਾਰ ਹੈ।
6. ਮੌਜੂਦਾ ਹਾਲਾਤ ਵਿਚ ਕਸ਼ਮੀਰ ਵਿਚ ਕਿਸੇ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ, ਉਹ ਚਾਹੇ ਕਿੰਨੇ ਵੀ ਸ਼ਾਂਤਮਈ ਕਿਉਂ ਨਾ ਹੋਣ, ਕਰਨ ਦੀ ਕੋਈ ਥਾਂ ਨਹੀਂ ਹੈ, ਪਰ ਅੱਜ ਨਹੀਂ ਤਾਂ ਭਲਕੇ ਲੋਕਾਂ ਦਾ ਵਿਰੋਧ ਉਥੇ ਫੁੱਟੇਗਾ ਜ਼ਰੂਰ।

### ਭਾਜਪਾ ਦੇ ਬੁਲਾਰੇ ਦੀ 'ਚਿਤਾਵਨੀ'

ਕਸ਼ਮੀਰ ਮਾਮਲਿਆਂ ਬਾਰੇ ਭਾਜਪਾ ਦਾ ਬੁਲਾਰਾ ਅਸ਼ਵਨੀ ਕੁਮਾਰ ਚਿੱਗੂ ਸਾਨੂੰ 'ਰਾਈਜ਼ਿੰਗ ਕਸ਼ਮੀਰ' ਅਖਬਾਰ ਦੇ ਦਫਤਰ ਵਿਚ ਮਿਲ ਗਿਆ। ਗੱਲਬਾਤ ਦੀ ਸ਼ੁਰੂਆਤ ਸੁਹਿਰਦਤਾ ਨਾਲ ਹੋਈ। ਉਸ ਨੇ ਦੱਸਿਆ ਕਿ ਉਹ ਜੰਮੂ ਤੋਂ ਕਸ਼ਮੀਰ ਇਸ ਲਈ ਆਇਆ ਹੈ ਤਾਂ ਜੋ ਇਥੇ ਲੋਕਾਂ ਨੂੰ ਧਾਰਾ 370 ਖਤਮ ਕਰਨ ਦੇ ਹੱਕ ਵਿਚ ਤਿਆਰ ਕੀਤਾ ਜਾ ਸਕੇ। ਉਸ ਦੀ ਮੁੱਖ ਦਲੀਲ ਸੀ, ਕਿਉਂਕਿ ਭਾਜਪਾ ਨੂੰ ਜੰਮੂ ਕਸ਼ਮੀਰ ਵਿਚ 46 ਫੀਸਦੀ ਵੋਟ ਮਿਲੇ ਹਨ ਅਤੇ ਸੰਸਦ ਵਿਚ ਸਪਸ਼ਟ ਤੌਰ 'ਤੇ ਬਹੁਮਤ ਮਿਲਿਆ ਹੈ, ਹੁਣ ਉਨ੍ਹਾਂ ਦਾ ਇਹ ਹੱਕ ਹੀ ਨਹੀਂ ਸਗੋਂ ਫਰਜ਼ ਵੀ ਹੈ ਕਿ ਉਹ ਧਾਰਾ 370 ਖਤਮ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ।

ਉਸ ਨੇ ਇਹ ਮੰਨਣ ਤੋਂ ਨਾਂਹ ਕਰ ਦਿੱਤੀ ਕਿ ਸਿਰਫ ਤਿੰਨ ਲੋਕ ਸਭਾ ਸੀਟਾਂ (ਜੰਮੂ, ਊਧਮਪੁਰ ਅਤੇ ਲੱਦਾਖ) ਜਿੱਤ ਕੇ ਹੀ ਜੋ 46 ਫੀਸਦੀ ਵੋਟ ਸ਼ੇਅਰ ਉਨ੍ਹਾਂ ਨੂੰ ਮਿਲਿਆ ਹੈ, ਉਸ ਪਿੱਛੇ ਦਰਅਸਲ ਮੁੱਖ ਕਾਰਨ ਇਹ ਹੈ ਕਿ ਬਾਕੀ ਤਿੰਨ ਲੋਕ ਸਭਾ ਸੀਟਾਂ (ਸ੍ਰੀਨਗਰ, ਅਨੰਤਨਾਗ ਅਤੇ ਬਾਰਾਮੂਲਾ) ਵਿਚ ਪਈਆਂ ਵੋਟਾਂ ਦੀ ਫੀਸਦੀ ਪੂਰੇ ਭਾਰਤ ਵਿਚ ਸਭ ਤੋਂ ਘੱਟ ਰਹੀ ਸੀ।

ਇਸ ਸੂਰਤ ਵਿਚ ਕੀ ਕਿਸੇ ਸਰਕਾਰ ਨੂੰ ਅਜਿਹਾ ਬਦਨਾਮ ਫੈਸਲਾ ਕਸ਼ਮੀਰ ਦੇ ਲੋਕਾਂ 'ਤੇ ਬੰਦੂਕ ਦੀ ਨੋਕ 'ਤੇ ਥੋਪਣਾ ਚਾਹੀਦਾ ਹੈ, ਜਿਸ ਨੇ ਉਸ ਫੈਸਲੇ ਦੇ ਹੱਕ ਵਿਚ ਵੋਟ ਹੀ ਨਹੀਂ ਪਾਈ? ਇਸ 'ਤੇ ਅਸ਼ਵਨੀ ਕੁਮਾਰ ਚਿੱਗੂ ਭੜਕ ਉਠੇ ਅਤੇ ਬੋਲੇ, "ਜਦ ਬਿਹਾਰ ਵਿਚ ਨਿਤੀਸ਼ ਕੁਮਾਰ ਨੇ ਸ਼ਰਾਬਬੰਦੀ ਲਾਗੂ ਕੀਤੀ ਸੀ ਤਾਂ ਕੀ ਉਹ ਬਿਹਾਰ ਦੇ ਸ਼ਰਾਬੀਆਂ ਦੀ ਮਨਜ਼ੂਰੀ ਜਾਂ ਸਹਿਮਤੀ ਲੈਣ ਗਏ ਸਨ?" ਇਸ ਤਰ੍ਹਾਂ ਦੀ ਤੁਲਨਾ ਨਾਲ ਕਸ਼ਮੀਰੀ ਲੋਕਾਂ ਪ੍ਰਤੀ ਉਸ ਦੀ ਨਫਰਤ ਬਹੁਤ ਸਾਫ ਨਜ਼ਰ ਆ ਰਹੀ ਸੀ।

ਅਸੀਂ ਤੱਥਾਂ ਅਤੇ ਦਲੀਲਾਂ ਨਾਲ ਉਸ ਨੂੰ ਮੁਖਾਤਿਬ ਹੁੰਦੇ ਰਹੇ, ਪਰ ਗੱਲਬਾਤ ਖਤਮ ਹੋਣ ਤਕ ਉਹ ਹੋਰ ਚਿੜਚਿੜੇ ਹੁੰਦੇ ਗਏ। ਫਿਰ ਉਹ ਅਚਾਨਕ ਉਠੇ ਅਤੇ ਜੀਨ ਡਰੈਜ਼ ਵਲ ਉਂਗਲੀ ਕਰਕੇ ਕਹਿਣ ਲੱਗੇ, "ਅਸੀਂ ਤੇਰੇ ਵਰਗੇ ਦੇਸ਼ਧ੍ਰੋਹੀਆਂ ਨੂੰ ਇਥੇ ਕੰਮ ਨਹੀਂ ਕਰਨ ਦਿਆਂਗੇ। ਇਹ ਮੇਰੀ ਚਿਤਾਵਨੀ ਹੈ।"

**ਸਿੱਟਾ:** ਪੂਰਾ ਜੰਮੂ ਕਸ਼ਮੀਰ ਇਸ ਵਕਤ ਫੌਜ ਦੇ ਕੰਟਰੋਲ ਹੇਠ ਜੇਲ੍ਹ ਬਣਿਆ ਹੋਇਆ ਹੈ। ਮੋਦੀ ਸਰਕਾਰ ਦਾ ਜੰਮੂ ਕਸ਼ਮੀਰ ਬਾਰੇ ਫੈਸਲਾ ਅਨੈਤਿਕ, ਗੈਰਸੰਵਿਧਾਨਕ ਤੇ ਗੈਰਕਾਨੂੰਨੀ ਹੈ ਅਤੇ ਮੋਦੀ ਸਰਕਾਰ ਕਸ਼ਮੀਰੀਆਂ ਨੂੰ ਬੰਧਕ ਬਣਾਉਣ, ਤੇ ਕਿਸੇ ਵੀ ਸੰਭਾਵੀ ਵਿਰੋਧ ਪ੍ਰਦਰਸ਼ਨ ਨੂੰ ਦਬਾਉਣ ਲਈ ਜੋ ਤਰੀਕੇ ਅਖਤਿਆਰ ਕਰ ਰਹੀ ਹੈ, ਉਹ ਵੀ ਸਮੁੱਚਤਾ ਵਿਚ ਅਨੈਤਿਕ, ਅਸੰਵਿਧਾਨਕ ਅਤੇ ਗੈਰਕਾਨੂੰਨੀ ਹਨ।

# 15 ਸਤੰਬਰ ਦੇ ਵਿਸ਼ਵ ਕਬੱਡੀ ਕੱਪ 'ਚ ਪਹੁੰਚ ਕੇ ਇਤਿਹਾਸ ਦੇ ਗਵਾਹ ਬਣੋ-ਗਾਖਲ

**ਯੂਨੀਅਨ ਸਿਟੀ (ਬਿਊਰੋ):** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ 15 ਸਤੰਬਰ, ਐਤਵਾਰ ਨੂੰ ਕਰਵਾਏ ਜਾ ਰਹੇ 15ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ ਹੋ ਚੁਕੀਆਂ ਹਨ। ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਤੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਇਕ ਵਾਰ ਫਿਰ ਰਿਣੀ ਹਨ ਆਪਣੇ ਸਾਰੇ ਸਪਾਸਰਾਂ ਦੇ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਕਬੱਡੀ ਕੱਪ ਇਤਿਹਾਸ ਸਿਰਜਣ ਦੇ ਯੋਗ ਹੋ ਸਕਿਆ ਹੈ।




ਅਮੋਲਕ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ

ਉਨ੍ਹਾਂ ਕਿਹਾ ਕਿ ਕਬੱਡੀ ਦੇ ਧੁਰੰਤਰ ਖਿਡਾਰੀ ਹੀ ਇਸ ਖੇਡ ਮੇਲੇ ਵਿਚ ਚਾਰ ਪ੍ਰਮੁੱਖ ਕਲੱਬਾਂ-ਬੇਏਰੀਆ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ, ਨਿਊ ਯਾਰਕ ਮੈਟਰੋ ਕਲੱਬ ਅਤੇ ਟੀਮ ਨੌਰਥ ਅਮੈਰਿਕਾ (ਕੈਨੇਡਾ) ਵਿਚ ਬਰਾਬਰ ਦੇ ਖਿਡਾਰੀ ਫਸਵੇਂ ਮੁਕਾਬਲੇ ਦਿਖਾਉਣਗੇ। ਉਨ੍ਹਾਂ ਸਮੂਹ ਕਬੱਡੀ ਪ੍ਰੇਮੀਆਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ 15 ਸਤੰਬਰ ਦਾ ਇਕ ਦਿਨ ਇਸ ਇਤਿਹਾਸਕ ਕਬੱਡੀ ਕੱਪ ਦੇ ਲੇਖੇ ਲਾਓ। ਇਹ ਸਾਡੀ ਪਛਾਣ ਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਵੀ ਹੋਵੇਗਾ।

ਉਨ੍ਹਾਂ ਕਿਹਾ ਕਿ ਇਸ ਮੇਲੇ ਦੌਰਾਨ ਜਿਥੇ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਖੁਸ਼ੀ ਦੁੱਗਾਂ ਅਤੇ ਸੁਲਤਾਨ ਸ਼ਮਸ਼ਪੁਰ ਨੂੰ ਗਾਖਲ ਪਰਿਵਾਰ ਆਪਣੇ ਪਿਤਾ ਸ. ਨਸੀਬ ਸਿੰਘ ਗਾਖਲ ਦੀ ਯਾਦ 'ਚ ਗੋਲਡ ਮੈਡਲਾਂ ਨਾਲ ਸਨਮਾਨ ਦੇਵੇਗਾ, ਉਥੇ ਸਿੱਖ ਜਗਤ ਦੇ ਇਤਿਹਾਸਕ ਵਰੇ 'ਤੇ ਸਮਾਜਕ, ਸਾਹਿਤਕ ਅਤੇ ਧਾਰਮਿਕ ਖੇਤਰ ਦੀਆਂ 5 ਅਹਿਮ ਸ਼ਖਸੀਅਤਾਂ-ਡਾ. ਹਰਕੇਸ਼ ਸੰਧੂ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਤਰਲੋਚਨ ਸਿੰਘ ਦੁਪਾਲਪੁਰ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਕਿਹਾ ਕਿ ਸਿਕਿਉਰਿਟੀ, ਲੰਗਰ, ਪਾਰਕਿੰਗ ਦੇ ਪ੍ਰਬੰਧ ਵੀ ਮੁਕੰਮਲ ਕਰ ਲਏ ਗਏ ਹਨ ਤੇ ਇਸ ਗੱਲ ਦਾ ਧਿਆਨ ਰੱਖਿਆ ਗਿਆ ਹੈ ਕਿ ਕਿਸੇ ਵੀ ਕਬੱਡੀ ਪ੍ਰੇਮੀ ਨੂੰ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਾ ਹੋਵੇ।

ਉਨ੍ਹਾਂ ਕਿਹਾ ਕਿ ਇਸ ਕਬੱਡੀ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀਆਂ ਨੂੰ ਹੀ ਖੇਡਣ ਦਾ ਮੌਕਾ ਦਿੱਤਾ ਜਾਵੇਗਾ। ਇਸ ਕਬੱਡੀ ਕੱਪ 'ਚ ਸਥਾਨਕ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਆਲ ਓਪਨ ਮੁਕਾਬਲਿਆਂ ਵਿਚ ਦੋ ਕਬੱਡੀ ਟੀਮਾਂ ਯੂਨਾਈਟਡ ਸਪੋਰਟਸ ਕਲੱਬ ਅਤੇ ਯੰਗ ਸਪੋਰਟਸ ਕਲੱਬ ਖੇਡਣਗੀਆਂ ਜਦੋਂਕਿ ਅੰਡਰ-21 ਮੁਕਾਬਲਿਆਂ ਵਿਚ ਬਿਲਕੁਲ ਨਵੇਂ ਖਿਡਾਰੀਆਂ ਦੀਆਂ ਦੋ ਟੀਮਾਂ ਦਰਸ਼ਕਾਂ ਨੂੰ ਨਵੀਂ ਪੀੜੀ ਦੇ ਨਵੇਂ ਕਬੱਡੀ ਰੰਗ ਦਿਖਾਉਣਗੀਆਂ।

ਹੋਰ ਜਾਣਕਾਰੀ ਲਈ ਫੋਨ: 510-415-3315 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 14 ਸਤੰਬਰ 2019*

## ਕਤਲੇਆਮ ਚੁਰਾਸੀ ਅਤੇ ਸਿਆਸਤ

1984 ਵਿਚ ਹੋਏ ਸਿੱਖ ਕਤਲੇਆਮ ਵਾਲੇ ਕੇਸਾਂ ਦੀ ਮੁੜ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਸੱਤ ਹੋਰ ਕੇਸਾਂ ਦੀ ਜਾਂਚ ਖੋਲ੍ਹ ਲਈ ਹੈ। ਇਨ੍ਹਾਂ ਵਿਚੋਂ ਇਕ ਕੇਸ ਵਿਚ ਕਾਂਗਰਸੀ ਆਗੂ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲ ਨਾਥ ਦਾ ਨਾਂ ਵੀ ਬੋਲਦਾ ਹੈ। ਯਾਦ ਰਹੇ, ਇਹ 'ਸਿਟ' ਕੇਂਦਰ ਵਿਚ ਮੋਦੀ ਸਰਕਾਰ ਦੀ ਕਾਇਮੀ ਤੋਂ ਕਰੀਬ ਨੌਂ ਮਹੀਨਿਆਂ ਬਾਅਦ 12 ਫਰਵਰੀ 2015 ਨੂੰ ਬਣਾਈ ਸੀ। ਇਸ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਜਸਟਿਸ (ਸੇਵਾ ਮੁਕਤ) ਜੀ. ਪੀ. ਮਾਥੁਰ ਦੀ ਅਗਵਾਈ ਹੇਠ ਇਕ ਕਮੇਟੀ ਬਣਾਈ ਸੀ, ਜਿਸ ਨੂੰ ਸਾਰੇ ਕੇਸਾਂ ਦੀ ਪੁਣ-ਛਾਣ ਕਰਕੇ ਅਗਲੀ ਕਾਰਵਾਈ ਲਈ ਸੁਝਾਅ ਦੇਣ ਲਈ ਕਿਹਾ ਗਿਆ ਸੀ। ਇਸ ਤਿੰਨ ਮੈਂਬਰੀ 'ਸਿਟ' ਵਿਚ ਇੰਸਪੈਕਟਰ ਜਨਰਲ ਰੈਂਕ ਦੇ ਦੋ ਆਈ. ਪੀ. ਐਸ. ਅਫਸਰ ਅਤੇ ਇਕ ਜੁਡੀਸ਼ਲ ਅਫਸਰ ਨੂੰ ਸ਼ਾਮਿਲ ਕੀਤਾ ਗਿਆ ਸੀ। 'ਸਿਟ' ਸਿੱਖ ਕਤਲੇਆਮ ਨਾਲ ਸਬੰਧਤ 650 ਕੇਸਾਂ ਵਿਚੋਂ ਕਰੀਬ 80 ਨੂੰ ਮੁੜ ਖੋਲ੍ਹ ਚੁਕੀ ਹੈ। ਵੱਖ-ਵੱਖ ਰਿਪੋਰਟਾਂ ਮੁਤਾਬਕ ਇਸ ਕਤਲੇਆਮ ਦੌਰਾਨ ਦਿੱਲੀ, ਉਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਕੁਝ ਹੋਰ ਸੂਬਿਆਂ ਵਿਚ 3325 ਤੋਂ ਉਪਰ ਸਿੱਖ ਮਾਰੇ ਗਏ ਸਨ। ਇਕੱਲੇ ਦਿੱਲੀ ਸ਼ਹਿਰ ਵਿਚ 2733 ਕਤਲ ਰਿਪੋਰਟ ਹੋਏ ਸਨ। ਗੈਰ ਸਰਕਾਰੀ ਅੰਕੜਿਆਂ ਮੁਤਾਬਕ ਮੌਤਾਂ ਦੀ ਗਿਣਤੀ ਇਨ੍ਹਾਂ ਅੰਕੜਿਆਂ ਤੋਂ ਕਿਤੇ ਵਧੇਰੇ ਹੈ। ਦਿੱਲੀ ਪੁਲਿਸ ਨੇ ਸਬੂਤਾਂ ਦੀ ਘਾਟ ਦੱਸ ਕੇ 241 ਕੇਸ ਬੰਦ ਕਰ ਦਿੱਤੇ ਸਨ। ਜਸਟਿਸ ਨਾਨਾਵਤੀ ਕਮਿਸ਼ਨ ਨੇ ਇਨ੍ਹਾਂ ਵਿਚੋਂ ਸਿਰਫ 4 ਕੇਸ ਮੁੜ ਖੋਲ੍ਹਣ ਦੀ ਸਿਫਾਰਿਸ਼ ਕੀਤੀ ਸੀ। ਇਸ ਕਤਲੇਆਮ ਬਾਰੇ ਵੱਖ-ਵੱਖ ਸਮੇਂ ਆਈਆਂ ਸਰਕਾਰਾਂ ਨੇ ਕਈ ਕਮਿਸ਼ਨ ਅਤੇ ਕਮੇਟੀਆਂ ਬਣਾਈਆਂ। ਕੁਝ ਕੇਸਾਂ ਵਿਚ ਸਜ਼ਾਵਾਂ ਵੀ ਹੋਈਆਂ, ਪਰ ਕਾਂਗਰਸ ਦੇ ਵੱਡੇ ਲੀਡਰ, ਜਿਨ੍ਹਾਂ ਵਿਚ ਜਗਦੀਸ਼ ਟਾਈਟਲਰ, ਐਚ. ਕੇ. ਐਲ. ਭਗਤ, ਕਮਲ ਨਾਥ, ਸੱਜਣ ਕੁਮਾਰ ਸ਼ਾਮਿਲ ਹਨ, ਦਹਾਕਿਆਂ ਤੱਕ ਕਾਨੂੰਨੀ ਸ਼ਿਕੰਜੇ ਵਿਚੋਂ ਬਾਹਰ ਹੀ ਰਹੇ। ਅਜੇ ਪਿਛਲੇ ਸਾਲ ਹੀ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਤੱਥ ਬੋਲਦੇ ਹਨ ਕਿ ਕਾਂਗਰਸ ਨੇ ਇਨ੍ਹਾਂ ਮਾਮਲਿਆਂ ਬਾਰੇ ਸਦਾ ਮਨਮਰਜ਼ੀ ਕੀਤੀ। ਸੱਤਾ ਦਾ ਰਸੂਖ ਵਰਤ ਕੇ ਇਨ੍ਹਾਂ ਕੇਸਾਂ ਨੂੰ ਇੰਨਾ ਕਮਜ਼ੋਰ ਕੀਤਾ ਜਾਂਦਾ ਰਿਹਾ ਕਿ ਸਿੱਖਾਂ ਨੂੰ ਇਨ੍ਹਾਂ ਕੇਸਾਂ ਵਿਚ ਨਿਆਂ ਮਿਲ ਸਕਣਾ ਵੀ ਅਸੰਭਵ ਜਾਪਣ ਲੱਗ ਗਿਆ। ਹੁਣ ਪੂਰੇ ਸਾਢੇ ਤਿੰਨ ਦਹਾਕਿਆਂ ਬਾਅਦ ਜਦੋਂ ਕੇਸ ਮੁੜ ਖੁੱਲ੍ਹ ਰਹੇ ਹਨ ਤਾਂ ਸਮੁੱਚੇ ਦੇਸ਼ ਵਿਚ ਕਾਂਗਰਸ ਦੇ ਹਾਲਾਤ ਬਾਰੇ ਵੀ ਟਿੱਪਣੀ ਕਰਨੀ ਬਣਦੀ ਹੈ। ਪੂਰੇ ਦੇਸ਼ ਵਿਚ ਸਿਰਫ 5 ਸੂਬਿਆਂ ਵਿਚ ਕਾਂਗਰਸ ਦੀਆਂ ਸਰਕਾਰਾਂ ਹਨ। ਇਨ੍ਹਾਂ ਵਿਚ ਪੰਜਾਬ, ਮੱਧ ਪ੍ਰਦੇਸ਼, ਰਾਜਸਥਾਨ, ਛਤੀਸਗੜ੍ਹ ਤੇ ਪੁਡੂਚੇਰੀ ਸ਼ਾਮਿਲ ਹਨ। 2014 ਵਾਲੀਆਂ ਲੋਕ ਸਭਾ ਚੋਣਾਂ ਮੌਕੇ ਜਦੋਂ ਭਾਜਪਾ ਦੀ ਚੜ੍ਹਤ ਨੋਟ ਕੀਤੀ ਜਾ ਰਹੀ ਸੀ ਤਾਂ ਇਸ ਨੇ ਕਾਂਗਰਸ ਮੁਕਤ ਭਾਰਤ ਦਾ ਹੋਕਾ ਦਿੱਤਾ ਸੀ। ਪੰਜ ਸਾਲਾਂ ਬਾਅਦ ਕਾਂਗਰਸ ਦਾ ਹਾਲ ਰੀਂਗਣ ਦੀ ਹੱਦ ਤਕ ਔਖਾ ਹੋ ਗਿਆ ਹੈ। ਹੋਰ ਤਾਂ ਹੋਰ, ਇਸ ਪਾਰਟੀ ਨੂੰ ਹੁਣ ਲੀਡਰਸ਼ਿਪ ਵਾਲੇ ਪੱਖ ਤੋਂ ਵੀ ਡਾਢੀ ਮਾਰ ਪੈ ਰਹੀ ਹੈ। ਲੋਕ ਸਭਾ ਚੋਣਾਂ ਵਿਚ ਤਕੜੀ ਮਾਰ ਪੈਣ ਪਿਛੋਂ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਅਸਤੀਫਾ ਦੇ ਦਿੱਤਾ ਸੀ ਅਤੇ ਪਾਰਟੀ ਅਜੇ ਤਕ ਇਹ ਸੰਕਟ ਹੱਲ ਨਹੀਂ ਕਰ ਰਹੀ ਹੈ। ਦੂਜੇ ਬੰਨੇ ਭਾਜਪਾ ਦੀ ਕੇਂਦਰ ਸਰਕਾਰ ਇਸ ਉਤੇ ਲਗਾਤਾਰ ਸ਼ਿਕੰਜਾ ਕੱਸ ਰਹੀ ਹੈ।

ਹੁਣ ਸਿੱਖ ਕਤਲੇਆਮ ਵਾਲੇ ਹੋਰ ਕੇਸ ਖੁੱਲ੍ਹਣ ਦਾ ਸਿੱਧਾ ਅਸਰ ਪੰਜਾਬ ਅਤੇ ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਉਤੇ ਪੈਣਾ ਹੈ। ਵਿਰੋਧੀ ਧਿਰ ਨੇ ਤਾਂ ਕਮਲ ਨਾਥ, ਜੋ ਇਸ ਵੇਲੇ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਹੈ, ਤੋਂ ਅਸਤੀਫਾ ਮੰਗ ਲਿਆ ਹੈ। ਆਉਣ ਵਾਲਾ ਸਮਾਂ ਕਾਂਗਰਸ ਲਈ ਹੋਰ ਸੰਕਟ ਭਰਪੂਰ ਹੋ ਸਕਦਾ ਹੈ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਕਾਂਗਰਸ ਅਤੇ ਜਨਤਾ ਦਲ (ਸੈਕੂਲਰ) ਗਠਜੋੜ ਤੋਂ ਕਰਨਾਟਕ ਵਿਚ ਸੱਤਾ ਖੋਹ ਚੁਕੀ ਹੈ। ਮੱਧ ਪ੍ਰਦੇਸ਼ ਵਿਚ ਵੀ ਕਾਂਗਰਸ ਸਰਕਾਰ ਬਹੁਤੀ ਪੱਕੇ ਪੈਰੀਂ ਨਹੀਂ। 231 ਮੈਂਬਰੀ ਵਿਧਾਨ ਸਭਾ ਵਿਚ ਕਾਂਗਰਸ ਕੋਲ 114 ਅਤੇ ਭਾਜਪਾ ਕੋਲ 108 ਸੀਟਾਂ ਹਨ। ਬਹੁਮਤ ਲਈ 116 ਸੀਟਾਂ ਚਾਹੀਦੀਆਂ ਹਨ ਅਤੇ ਕਾਂਗਰਸ ਨੇ ਉਥੇ ਬਸਪਾ, ਸਮਾਜਵਾਦੀ ਪਾਰਟੀ ਤੇ ਚਾਰ ਆਜ਼ਾਦ ਵਿਧਾਇਕਾਂ ਦੀ ਮਦਦ ਨਾਲ ਸਰਕਾਰ ਬਣਾਈ ਹੋਈ ਹੈ। ਭਾਜਪਾ ਉਥੇ ਮੁੱਢ ਤੋਂ ਹੀ ਕਾਂਗਰਸ ਸਰਕਾਰ ਤੋੜ ਕੇ ਆਪਣੀ ਸਰਕਾਰ ਬਣਾਉਣ ਲਈ ਸਿਆਸੀ ਜੋੜ-ਤੋੜ ਕਰ ਰਹੀ ਹੈ।

ਕਾਂਗਰਸ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦਾ ਜੋ ਹਾਲ ਹੈ, ਉਹ ਹੁਣ ਕਿਸੇ ਤੋਂ ਲੁਕਿਆ ਨਹੀਂ ਹੈ। ਢਾਈ ਸਾਲ ਬੀਤ ਜਾਣ ਦੇ ਬਾਵਜੂਦ ਸਰਕਾਰ ਇਕ ਵੀ ਮਸਲਾ ਹੱਲ ਨਹੀਂ ਕਰ ਸਕੀ ਹੈ। ਸੂਬੇ ਵਿਚ ਇਸ ਦਾ ਬਚਾਅ ਇਸ ਕਰਕੇ ਰਿਹਾ, ਕਿਉਂਕਿ ਵਿਰੋਧੀ ਧਿਰ ਕਮਜ਼ੋਰ ਹੈ। ਸ਼੍ਰੋਮਣੀ ਅਕਾਲੀ ਦਲ ਦੇਫਾੜ ਹੋ ਚੁਕਾ ਹੈ ਅਤੇ ਬੇਅਦਬੀ ਦੇ ਮਾਮਲਿਆਂ ਕਾਰਨ ਲੋਕ ਦਲ ਨੂੰ ਮੂੰਹ ਨਹੀਂ ਲਾ ਰਹੇ। ਆਮ ਆਦਮੀ ਪਾਰਟੀ ਵੀ ਪਾਟੋਧਾੜ ਦੀ ਸ਼ਿਕਾਰ ਹੈ ਅਤੇ ਇਹ ਮੁੱਖ ਵਿਰੋਧੀ ਧਿਰ ਵਜੋਂ ਭੂਮਿਕਾ ਨਿਭਾਉਣ ਵਿਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਭਾਜਪਾ ਦਾ ਫਿਲਹਾਲ ਇੰਨਾ ਵੱਡਾ ਆਧਾਰ ਹੀ ਨਹੀਂ ਹੈ, ਪਰ ਇਸ ਪਾਰਟੀ ਦਾ ਦਾਈਆ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਸਭ ਤੋਂ ਵੱਡੀ ਪਾਰਟੀ ਬਣਨ ਦਾ ਹੈ। ਹੁਣ ਸਾਹਮਣੇ ਆ ਰਹੀਆਂ ਸਿਆਸੀ ਸਰਗਰਮੀਆਂ ਦੇ ਹਿਸਾਬ ਨਾਲ ਇਹ ਪਾਰਟੀ ਇਸੇ ਪਾਸੇ ਵਧ ਰਹੀ ਜਾਪਦੀ ਹੈ। ਇਹ ਵੀ ਵਕਤ ਦੀ ਵਿਡੰਬਨਾ ਹੀ ਕਹੀ ਜਾਵੇਗੀ ਕਿ ਸਿੱਖ ਕਤਲੇਆਮ ਦੇ ਕੇਸ ਉਸ ਪਾਰਟੀ (ਭਾਜਪਾ) ਦੀ ਪਹਿਲਕਦਮੀ ਨਾਲ ਖੁੱਲ੍ਹ ਰਹੇ ਹਨ, ਜੋ ਸਿੱਖਾਂ ਨੂੰ ਹੜੱਪ ਜਾਣ ਦਾ ਕੋਈ ਮੌਕਾ ਨਹੀਂ ਖੁੰਝਾਉਂਦੀ। ਇਸ ਪੱਖ ਤੋਂ ਆਉਣ ਵਾਲਾ ਸਮਾਂ ਵਾਹਵਾ ਸਰਗਰਮੀ ਭਰਪੂਰ ਹੋਵੇਗਾ। ਉਸ ਵਕਤ ਕਿਸ ਪਾਰਟੀ ਨੂੰ ਵੱਧ ਖੋਰਾ ਲੱਗੇਗਾ, ਇਹ ਤਾਂ ਵਕਤ ਹੀ ਦੱਸੇਗਾ ਪਰ ਸਿੱਖ ਕਤਲੇਆਮ ਜਿਹੇ ਮਾਮਲਿਆਂ 'ਤੇ ਕਾਂਗਰਸ ਦੀ ਹਾਲਤ ਪਤਲੀ ਜ਼ਰੂਰ ਪੈਂਦੀ ਜਾਵੇਗੀ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਚੰਦਰਯਾਨ ਕਿ ਚੰਦਰਭਾਨ!

ਜੀਅ ਟੱਬਰ ਦੇ ਖਰਚ ਤੋਂ ਰਹਿਣ ਡਰਦੇ, ਘਰ ਦੇ ਵਿਚ ਜੇ ਭੁੱਜਦੀ ਭੰਗ ਹੋਵੇ।
ਫੋਕੀ ਟੌਹਰ ਦਿਖਾਉਣ ਦਾ ਲਾਭ ਕੀ ਏ, ਜੀਆ ਜੰਤ ਜੇ 'ਮੁਖੀਏ' ਤੋਂ ਤੰਗ ਹੋਵੇ।
ਐਸੇ ਹਾਲ ਵਿਚ ਫੋਕੀਆਂ ਫੜ੍ਹਾਂ ਮਾਰੇ, ਲੋਕਾਂ ਵਾਸਤੇ ਬੰਦਾ ਉਹ 'ਨੰਗ' ਹੋਵੇ।
ਕਿੱਦਾਂ ਕਰੂ ਤਰੱਕੀ ਉਹ ਮੁਲਕ ਯਾਰੋ, ਜਿੱਥੇ ਸੋਚ ਨੂੰ ਲੱਗਿਆ 'ਜੰਗ' ਹੋਵੇ।
ਲੋਕੀਂ ਜੂਝਦੇ ਮੰਦੀ ਦੇ ਨਾਲ ਸਾਰੇ, ਧਨ ਦੇਸ਼ ਦਾ ਕਾਹਨੂੰ ਉਜਾੜਨਾ ਸੀ।
ਨਾਰੀਅਲ ਭੰਨ ਕੇ ਭੇਜਿਆ ਚੰਦ ਵੱਲੇ, ਚੰਦਰਯਾਨ ਨੇ ਇਹੀ 'ਚੰਦ ਚਾੜ੍ਹਨਾ' ਸੀ!

# ਇਤਿਹਾਸ ਦੀ ਅੱਖ ਬਨਾਮ ਫਿਰਕਾਪ੍ਰਸਤੀ ਦਾ ਟੀਰ

*ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਨੇ ਉਘੀ ਇਤਿਹਾਸਕਾਰ ਪ੍ਰੋ. ਰੋਮਿਲਾ ਥਾਪਰ ਨੂੰ ਉਨ੍ਹਾਂ ਵਲੋਂ ਕੀਤੇ ਕੰਮ ਦੇ ਵੇਰਵੇ ਪੁੱਛ ਕੇ ਮੋਦੀ ਸਰਕਾਰ ਦੀ ਨੀਅਤ ਸਪਸ਼ਟ ਕਰ ਦਿੱਤੀ ਹੈ। ਉਨ੍ਹਾਂ ਦੀਆਂ ਇਤਿਹਾਸਕ ਲੱਭਤਾਂ ਅਸਲ ਵਿਚ ਸੰਘ ਪਰਿਵਾਰ ਦੀ ਸਿਆਸਤ ਦੇ ਰਾਹ ਵਿਚ ਵੱਡਾ ਰੋੜਾ ਹਨ। ਉਨ੍ਹਾਂ ਕੋਲੋਂ ਇਹ ਵੇਰਵੇ ਇਹ ਕਹਿ ਕੇ ਮੰਗੇ ਗਏ ਹਨ ਕਿ ਉਨ੍ਹਾਂ ਨੂੰ ਯੂਨੀਵਰਸਿਟੀ ਵਲੋਂ ਦਿੱਤੇ ਪ੍ਰੋਫੈਸਰ ਐਮੀਰੇਟਸ ਦੇ ਰੁਤਬੇ ਬਾਰੇ ਵਿਚਾਰ ਕਰਨੀ ਹੈ, ਜਦਕਿ ਯੂਨੀਵਰਸਿਟੀ ਇਹ ਰੁਤਬਾ ਵੱਖ-ਵੱਖ ਸ਼ਖਸੀਅਤਾਂ ਨੂੰ ਉਨ੍ਹਾਂ ਦੇ ਖੋਜ ਕਾਰਜ ਕਰਕੇ ਉਮਰ ਭਰ ਲਈ ਮਾਣ ਵਜੋਂ ਦਿੰਦੀ ਹੈ। ਸੰਘ ਦੀ ਬੁੱਧੀਜੀਵੀਆਂ ਖਿਲਾਫ ਵਿੱਢੀ ਇਸ ਮੁਹਿੰਮ ਬਾਰੇ ਟਿੱਪਣੀ ਡਾ. ਕੁਲਦੀਪ ਕੌਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਸੰਨ 2002 ਵਿਚ ਰਾਜਸਥਾਨ ਦੀ ਭਾਜਪਾ ਸਰਕਾਰ ਨੇ ਐਨ.ਸੀ.ਈ.ਆਰ.ਟੀ. ਦੁਆਰਾ ਪ੍ਰਕਾਸ਼ਿਤ ਇਤਿਹਾਸ ਦੀਆਂ ਕੁਝ ਕਿਤਾਬਾਂ ਦੇ ਪੰਨੇ ਇਸ ਲਈ ਹਟਾਉਣ ਦਾ ਫਤਵਾ ਜਾਰੀ ਕੀਤਾ ਕਿ ਇਨ੍ਹਾਂ ਵਿਚ ਦਰਜ ਇਤਿਹਾਸ ਅਤੇ ਤੱਥ ਕੁੱਝ ਧਾਰਮਿਕ ਗਰੁੱਪਾਂ ਅਤੇ ਸ਼ਖਸੀਅਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਹਨ। ਇਤਿਹਾਸ ਦੀਆਂ ਇਨ੍ਹਾਂ ਕਿਤਾਬਾਂ ਦੀ ਲੇਖਕ ਪ੍ਰੋ. ਰੋਮਿਲਾ ਥਾਪਰ ਨੇ ਇਸ ਫੈਸਲੇ ਦਾ ਪੁਰਜ਼ੋਰ ਵਿਰੋਧ ਕਰਦਿਆਂ ਕਿਹਾ: 'ਪ੍ਰਾਪੇਗੰਡਾ ਕਦੇ ਵੀ ਇਤਿਹਾਸ ਦਾ ਬਦਲ ਨਹੀਂ ਹੋ ਸਕਦਾ।' ਉਨ੍ਹਾਂ ਦੇ ਇਸ ਤੱਥ ਨੂੰ ਕੇਂਦਰੀ ਨੁਕਤੇ ਵਜੋਂ ਵਿਚਾਰਦਿਆਂ 'ਦਿੱਲੀ ਹਿਸਟੋਰੀਅਨ ਗਰੁੱਪ' ਨੇ 'ਸਿੱਖਿਆ ਦਾ ਫਿਰਕੂਕਰਨ' ਦੇ ਨਾਮ ਥੱਲੇ ਜਿਹੜਾ ਕਿਤਾਬਚਾ ਛਾਪਿਆ, ਉਸ ਵਿਚਲੇ ਸੰਸੇ, ਅੰਦੇਸ਼ੇ ਅਤੇ ਖਦਸ਼ੇ ਹੁਣ 2019 ਵਿਚ ਸਾਡੇ ਦਰਾਂ 'ਤੇ ਮੂੰਹ ਅੱਡੀ ਖੜ੍ਹੇ ਹਨ।

ਇਸ ਪ੍ਰਸੰਗ ਵਿਚ ਮਹੱਤਵਪੂਰਨ ਤੱਥ ਇਹ ਹੈ ਕਿ ਇਹ ਕਿਤਾਬਚਾ ਜਿਥੇ ਧਾਰਮਿਕ ਉਚਤਾ

ਡਾ. ਕੁਲਦੀਪ ਕੌਰ
ਫੋਨ: +91-98554-94330

ਦੇ ਆਧਾਰ 'ਤੇ ਖੜ੍ਹੀ ਸੱਜੇ-ਪੱਖੀ ਸਿਆਸਤ ਦੀਆਂ ਜੜ੍ਹਾਂ ਅੰਦਰ ਪਈ ਅਸਹਿਣਸ਼ੀਲਤਾ, ਅਸੁਰੱਖਿਆ ਦੀ ਭਾਵਨਾ ਅਤੇ ਨਸਲਵਾਦੀ ਸੋਚ ਦੀ ਨਿਸ਼ਾਨਦੇਹੀ ਕਰਦਾ ਹੈ, ਉਥੇ ਇਤਿਹਾਸਕ ਹਵਾਲਿਆਂ, ਵਿਗਿਆਨਕ ਸਬੂਤਾਂ ਅਤੇ ਤਰਕ ਆਧਾਰਿਤ ਦਲੀਲਾਂ ਦੇ ਆਧਾਰ 'ਤੇ 'ਹਿੰਦੋਸਤਾਨੀ' ਹੋਣ ਦੇ ਵਿਚਾਰ ਦੀਆਂ ਮੂਲ ਜੜ੍ਹਾਂ ਅਤੇ ਰਵਾਇਤਾਂ ਦੀ ਪੁਖਤਗੀ ਦੀ ਹਾਮੀ ਭਰਦਾ ਹੈ। ਹਿੰਦੂਤਵ ਦੀ ਧਾਰਨਾ ਦੇ ਪਰਦੇ ਹੇਠ ਕਾਰਪੋਰੇਟੀ ਸੱਤਾ ਦੇ ਫਾਸ਼ੀਵਾਦ ਅਤੇ ਸਾਮਰਾਜਵਾਦ ਨਾਲ ਬਣੇ ਨਾਪਾਕ ਗਠਜੋੜ ਵਿਚਲੀਆਂ ਮਹੀਨ ਤੰਦਾਂ ਨੂੰ ਸੁਲਝਾਉਣ ਦਾ ਯਤਨ ਕਰਦਿਆਂ ਇਸ ਗਰੁੱਪ ਦੇ ਮੈਂਬਰਾਂ ਪ੍ਰੋ. ਬਿਪਨ ਚੰਦਰਾ, ਪ੍ਰੋ. ਇਰਫਾਨ ਹਬੀਬ, ਪ੍ਰੋ. ਸ਼ਤੀਸ਼ ਚੰਦਰ, ਪ੍ਰੋ. ਸੁਮੀਤ ਸਰਕਾਰ, ਪ੍ਰੋ. ਆਰ.ਐਸ. ਸ਼ਰਮਾ, ਵੀਰ ਸਿੰਘਵੀ, ਦਲੀਪ ਪਡਗਾਉਂਕਰ, ਰਾਜੀਵ ਧਵਨ, ਸੁਬੀਰ ਰਾਏ, ਸਬਾ ਨਕਵੀ ਆਦਿ ਨੇ ਆਪਣੀ ਇਤਿਹਾਸਕ ਭੂਮਿਕਾ ਅਦਾ ਕਰਦਿਆਂ ਭਾਰਤੀ ਆਵਾਮ ਦਾ ਧਿਆਨ ਇਤਿਹਾਸਕਾਰੀ ਦੇ ਵਿਗਿਆਨਕ ਢਾਂਚੇ, ਬੌਧਿਕਤਾ ਅਤੇ ਸਮਕਾਲੀ ਸਿਆਸਤ ਨਾਲ ਇਸ ਦੇ ਟਕਰਾਓ ਨੂੰ ਦਰਸਾਉਂਦਿਆਂ 'ਭਾਰਤ' ਵਰਗੇ ਮੁਲਕ ਵਿਚ ਧਰਮੀ ਵੰਨ-ਸਵੰਨਤਾ, ਬਹੁ-ਸਭਿਆਚਾਰਕ ਤਹਿਜ਼ੀਬ, ਸਹਿਣਸ਼ੀਲਤਾ ਦੀਆਂ ਰਵਾਇਤਾਂ ਅਤੇ ਆਪਸੀ ਸਹਿਹੋਂਦ ਦੇ ਗੁੰਝਲਦਾਰ ਮਸਲਿਆਂ ਵੱਲ ਧਿਆਨ ਦਿਵਾਇਆ ਹੈ ਜਿਸ ਵਿਚੋਂ ਕੁੱਝ ਤੱਥ ਤੇ ਸੱਚਾਈਆਂ ਨੂੰ ਤਤਕਾਲੀ ਤੌਰ 'ਤੇ ਵਿਚਾਰਨਾ ਅਹਿਮ ਹੈ।

ਪ੍ਰੋ. ਰੋਮਿਲਾ ਥਾਪਰ ਨੇ ਮੱਧਕਾਲੀਨ ਇਤਿਹਾਸ ਬਾਰੇ ਨਿੱਠ ਕੇ ਕੰਮ ਕੀਤਾ ਹੈ। ਇਤਿਹਾਸ ਲਿਖਣ ਨਾਲ ਜੁੜੀ ਨੈਤਿਕ ਜ਼ਿੰਮੇਵਾਰੀ ਅਤੇ ਇਤਿਹਾਸਕ ਹਵਾਲਿਆਂ ਦੀ ਭੂਮਿਕਾ ਬਾਰੇ ਉਨ੍ਹਾਂ ਦਾ ਇਹ ਮੰਨਣਾ ਹੈ ਕਿ ਧਰਮ ਅਤੇ ਇਸ ਨਾਲ ਜੁੜੀਆਂ ਮਾਨਤਾਵਾਂ ਕਿਸੇ ਰੱਬ ਜਾਂ ਇਲਹਾਮ ਨਾਲ ਪੈਦਾ ਨਹੀਂ ਹੋਈਆ ਸਗੋਂ ਸਮਾਜਿਕ ਧਿਰਾਂ/ਸ਼ਕਤੀਆਂ ਵਿਚਾਲੇ ਕਾਰ-ਵਿਹਾਰ ਤੇ ਟਕਰਾਉਂ ਵਿਚੋਂ ਨਿਕਲੀਆਂ ਹਨ ਜਿਨ੍ਹਾਂ ਬਾਰੇ ਇਤਿਹਾਸਕ ਸਮਝ ਦਾ ਪੁਖਤਾ ਹੋਣਾ ਭਵਿੱਖ ਵਿਚ ਵੱਖ-ਵੱਖ ਧਿਰਾਂ ਵਿਚਲੀਆਂ ਦਰਾਰਾਂ ਨੂੰ ਪੂਰਨ ਦਾ ਕੰਮ ਕਰ ਸਕਦਾ ਹੈ। ਇਸ ਬਾਬਤ ਉਦਾਹਰਨ ਦਿੰਦਿਆਂ ਉਹ ਲਿਖਦੇ ਹਨ ਕਿ ਜੇ ਜਮਹੂਰੀ ਅਤੇ ਬਰਾਬਰੀ ਆਧਾਰਿਤ ਸਮਾਜ ਸਿਰਜਣਾ ਹੈ ਤਾਂ ਕੀ ਸਾਨੂੰ ਉਨ੍ਹਾਂ ਹਾਲਾਤ ਦੀ ਸੰਰਚਨਾ ਅਤੇ ਢਾਂਚਿਆਂ ਨੂੰ ਨਹੀਂ ਪੜ੍ਹਨਾ ਚਾਹੀਦਾ ਜਿਨ੍ਹਾਂ ਕਾਰਨ ਸਮਾਜਿਕ ਵਿਤਕਰਿਆਂ ਅਤੇ ਛੂਆ-ਛਾਤ ਵਰਗੀਆਂ ਸਮਾਜਿਕ/ਸਿਆਸੀ/ਆਰਥਿਕ ਵਰਤਾਰਿਆਂ ਦਾ ਜਨਮ ਹੋਇਆ? ਜੇ ਜਾਤੀ ਵਿਵਸਥਾ, ਵਰਗ ਵੰਡ ਅਤੇ ਸਮਾਜਿਕ ਅਨਿਆਂ ਵਰਗੇ ਵਰਤਾਰਿਆਂ ਦੇ ਇਤਿਹਾਸਕ ਕਾਰਕਾਂ ਅਤੇ ਕਾਰਨਾਂ ਨੂੰ ਸਮਝਣਾ ਹੀ ਨਹੀਂ ਤਾਂ ਉਨ੍ਹਾਂ ਦੇ ਖਾਤਮੇ ਬਾਰੇ ਲੋੜੀਂਦੀਆਂ ਨੀਤੀਆਂ, ਕਾਨੂੰਨਾਂ ਅਤੇ ਵਿਧੀਆਂ ਨੂੰ ਕਿਵੇਂ ਪੜ੍ਹਿਆ ਜਾ ਸਕਦਾ ਹੈ? ਕੀ ਇਤਿਹਾਸ ਨੂੰ 'ਅਬਜੈਕਟਿਵ ਸਵਾਲਾਂ-ਜਵਾਬਾਂ' ਜਾਂ 'ਹਾਂ ਜਾਂ ਨਹੀਂ' ਦੀ ਗੈਰ ਵਿਗਿਆਨਕ ਅਤੇ ਬੰਦ ਰਸਤਿਆਂ ਦੀ ਤਕਨੀਕ ਰਾਹੀਂ ਪੜ੍ਹਾਇਆ ਜਾ ਸਕਦਾ ਹੈ? ਇਸ ਬਾਰੇ ਉਨ੍ਹਾਂ ਆਰ.ਐਸ.ਐਸ. ਦੇ ਸ਼ਿਸ਼ੂ ਨਿਕੇਤਨਾਂ ਦੁਆਰਾ, ਵਿਗਿਆਨਕ ਤੇ ਤਰਕ ਆਧਾਰਿਤ ਇਤਿਹਾਸਕ ਤੱਥਾਂ ਦੇ ਲੇਖਕਾਂ ਨੂੰ 'ਮੈਕਾਲੇ, ਮਾਰਕਸ ਤੇ ਮਦਰੱਸਿਆਂ ਦੀ ਸੰਤਾਨ'



ਪ੍ਰੋ. ਰੋਮਿਲਾ ਥਾਪਰ

ਕਹਿ ਕੇ ਰੱਦ ਕਰਨ ਨੂੰ ਬੌਧਿਕਤਾ ਖਿਲਾਫ ਖੁਨਸ ਕਰਾਰ ਦਿੰਦਿਆਂ ਕਿਹਾ ਕਿ ਸੌੜੇ ਸਿਆਸੀ ਹਿੱਤਾਂ ਲਈ ਇਤਿਹਾਸ ਨਾਲ ਖਿਲਵਾੜ ਕਰਨਾ ਮੰਦਭਾਗਾ ਤੇ ਨਿੰਦਾਯੋਗ ਹੈ।

ਪ੍ਰੋ. ਰੋਮਿਲਾ ਥਾਪਰ ਦੁਆਰਾ ਫਿਰਕਾਪ੍ਰਸਤੀ ਅਤੇ ਸਿਆਸਤ ਦੇ ਆਪਸੀ ਸਬੰਧ ਬਾਰੇ ਛੇੜੀ ਗੁੰਝਲ ਨੂੰ ਸੁਲਝਾਉਂਦਿਆਂ ਪ੍ਰੋ. ਬਿਪਨ ਚੰਦਰਾ ਆਪਣੇ ਅਹਿਮ ਲੇਖ 'ਇਤਿਹਾਸਕ ਭੁੱਲਾਂ' ਵਿਚ ਲਿਖਦੇ ਹਨ: ਫਿਰਕਾਪ੍ਰਸਤੀ ਦੀਆਂ ਜੜ੍ਹਾਂ ਦੁਜਿਆਂ ਬਾਰੇ ਡਰ, ਦਹਿਸ਼ਤ, ਅਸੁਰੱਖਿਆ, ਵੱਖਰਾਪਣ (ਵਖਰੇਵਾਂ) ਅਤੇ ਨਾ ਪੂਰੀਆਂ ਜਾ ਸਕਣ ਵਾਲੀਆਂ ਸਭਿਆਚਾਰਕ ਤੇ ਸਮਾਜਿਕ ਮਿੱਥਾਂ ਅਤੇ ਧਾਰਨਾਵਾਂ ਦੇ ਏਜੰਡਾ ਆਧਾਰਿਤ ਸਿਆਸੀ ਪ੍ਰਚਾਰ ਨਾਲ ਜੁੜੀਆਂ ਹੁੰਦੀਆਂ ਹਨ। ਇਸ ਦੀ ਮਿਸਾਲ ਦਿੰਦਿਆਂ ਉਹ ਆਖਦੇ ਹਨ ਕਿ ਜੇ 85 ਫੀਸਦੀ ਹੋਣ ਦੇ ਬਾਵਜੂਦ ਕਿਸੇ ਮੁਲਕ ਦੀ ਬਹੁਗਿਣਤੀ ਆਪਣੀ 15 ਫੀਸਦੀ ਘੱਟ ਗਿਣਤੀ ਤੋਂ ਖਤਰਾ ਮਹਿਸੂਸ ਕਰਦੀ ਹੋਵੇ, ਤਾਂ ਇਸ ਨੂੰ ਫਰਜ਼ੀ 'ਡਰ' ਕਿਉਂ ਤੇ ਕਿਵੇਂ ਨਾ ਮੰਨਿਆ ਜਾਵੇ? ਦੂਜੀ ਅਹਿਮ ਮਿੱਥ ਜਿਸ ਨੂੰ ਉਹ ਹਿੰਦੂਤਵੀ ਏਜੰਡੇ ਦਾ ਮੂਲ ਮੰਨਦੇ ਹਨ, ਉਹ ਮੁਗਲ ਸਾਮਰਾਜ ਦੁਆਰਾ ਭਾਰਤ ਦੇ ਪ੍ਰਾਚੀਨ ਇਤਿਹਾਸ ਦਾ ਇਸਲਾਮੀਕਰਨ ਕਰਨਾ ਹੈ।

ਹਾਲਾਤ ਦੀ ਤਰਾਸਦੀ ਦੇਖੋ ਕਿ 'ਪ੍ਰਾਚੀਨ ਭਾਰਤੀ ਸੱਭਿਅਤਾ ਦੀਆਂ ਜਿਨ੍ਹਾਂ ਮਹਾਨ ਪ੍ਰਾਪਤੀਆਂ' ਬਾਰੇ ਕੋਈ ਪੁਖਤਾ ਸਬੂਤ ਮੌਜੂਦ ਨਹੀਂ ਹੈ, ਉਨ੍ਹਾਂ ਦੇ ਮੁਕਾਬਲੇ ਸਾਬਤ ਸਬੂਤ ਇਤਿਹਾਸਕ ਇਮਾਰਤਾਂ, ਕਿਤਾਬਾਂ, ਕਲਾਵਾਂ ਅਤੇ ਮੁਗਲ ਸ਼ਾਸਕਾਂ ਦੁਆਰਾ ਕੀਤੇ ਸਿਆਸੀ-ਸਮਾਜਿਕ ਕੰਮਾਂ ਨੂੰ ਸਬੂਤਾਂ ਦੇ ਬਾਵਜੂਦ ਉਕਾ ਹੀ ਰੱਦ ਕੀਤਾ ਜਾ ਰਿਹਾ ਹੈ। ਕੀ ਇਸ ਤਰ੍ਹਾਂ ਕਰਕੇ ਇਤਿਹਾਸ ਨੂੰ ਪਲਟਾਇਆ ਜਾ ਸਕਦਾ ਹੈ? ਪ੍ਰੋ. ਬਿਪਨ ਚੰਦਰਾ ਦੇ ਸ਼ਬਦਾਂ ਵਿਚ, ਜੇ ਇਤਿਹਾਸ ਦੀ ਇਸ ਤਰ੍ਹਾਂ ਵਿਆਖਿਆ ਦਾ ਅਮਲ ਨਾ ਰੁਕਿਆ ਤਾਂ ਸਾਡਾ ਇਤਿਹਾਸ ਵੀ ਪਾਕਿਸਤਾਨੀ ਇਤਿਹਾਸ ਵਾਂਗ ਫਿਰਕੂ ਰੰਗਣ ਵਿਚ ਡੁੱਬਿਆ ਇਤਿਹਾਸ ਬਣੇਗਾ।

ਇਸ ਬਾਰੇ ਐਨ.ਸੀ.ਈ.ਆਰ.ਟੀ. ਦੇ ਸਾਬਕਾ ਮੁਖੀ ਅਰਜੁਨ ਦੇਵ ਦੀ ਲਿਖਤ ਵੀ ਧਿਆਨ ਮੰਗਦੀ ਹੈ। ਉਨ੍ਹਾਂ ਅਨੁਸਾਰ, ਇਤਿਹਾਸ ਸਿਰਫ ਸਾਲਾਂ, ਰਾਜਿਆਂ ਦੀਆਂ ਸਲਤਨਤਾਂ, ਇਮਾਰਤਾਂ ਦਾ ਬਣਨਾ-ਢਹਿਣਾ ਨਹੀਂ ਸਗੋਂ ਉਨ੍ਹਾਂ ਹਾਲਾਤ, ਸ਼ਕਤੀਆਂ ਅਤੇ ਤਾਕਤਾਂ ਦੀ ਆਪਸੀ ਰਗੜ ਵਿਚੋਂ ਪੈਦਾ ਹੋਇਆ ਅਜਿਹਾ ਸੱਚ ਹੈ ਜਿਸ ਦੇ ਅੰਗਾਂ ਵਿਚ ਧਰਮ, ਸਿਆਸਤ, ਸਭਿਆਚਾਰ, ਅਰਥਚਾਰਾ ਤਾਂ ਸ਼ਾਮਿਲ ਹਨ ਹੀ ਪਰ ਭੂਗੋਲਿਕ, ਭਾਸ਼ਾਈ, ਕਲਾਤਮਿਕ ਵਰਤਾਰੇ ਅਤੇ ਸਮਾਜਿਕ ਤਬਦੀਲੀਆਂ ਵੀ ਇਸ ਨੂੰ ਤੈਅ ਕਰਦੇ ਹਨ। ਇਸ ਤੋਂ ਬਿਨਾ ਉਹ ਮਿਥਿਹਾਸ ਅਤੇ ਇਤਿਹਾਸ ਨੂੰ ਰਲਗੱਡ ਕਰਨ ਦੀ ਨਿਖੇਧੀ ਕਰਦਿਆਂ ਇਸ ਨੂੰ 'ਖੱਪਾ' ਆਖਦੇ ਹਨ।

ਇਤਿਹਾਸਕਾਰ ਸੁਮੀਤ ਸਰਕਾਰ ਅਨੁਸਾਰ, 'ਇਤਿਹਾਸ ਦੇ ਕੁਝ ਨਾਪਸੰਦ ਹਿੱਸਿਆਂ ਵਿਚੋਂ ਗੈਰਹਾਜ਼ਿਰ' ਹੋਣ ਦੀ ਇਸ ਸਿਆਸਤ ਦਾ ਮੂਲ ਖਾਸਾ 'ਤਾਨਾਸ਼ਾਹੀ ਪਸੰਦ' ਸਟੇਟ ਦੀ ਪਹਿਲੀ ਨਿਸ਼ਾਨੀ ਹੈ। ਇਤਿਹਾਸ 'ਹਿੰਦੂ' ਜਾਂ 'ਮੁਸਲਿਮ' ਨਹੀਂ ਹੋ ਸਕਦਾ। ਕੁੱਝ ਖਾਸ ਹਿੱਸਿਆਂ ਨੂੰ ਰੱਦ ਕਰਨ ਜਾਂ ਕੁਝ ਮਤਲਬੀ/ਵਰਤਣਯੋਗ ਹਿੱਸਿਆਂ 'ਤੇ ਏਕਾਧਿਕਾਰ ਜਿਤਾਉਣ ਨਾਲ ਨਾ ਤਾਂ ਇਤਿਹਾਸ ਨੂੰ ਕੁੱਝ ਫਰਕ ਪੈਂਦਾ ਹੈ ਅਤੇ ਨਾ ਹੀ ਸਚਾਈਆਂ ਉਤੇ ਪਰਦਾ ਪਾਇਆ ਜਾ ਸਕਦਾ ਹੈ। ਰੋਜ਼ਾਨਾ 'ਟਾਈਮਜ਼ ਆਫ ਇੰਡੀਆ' ਵਿਚ ਛਪੇ ਆਪਣੇ ਅਹਿਮ ਲੇਖ ਵਿਚ ਦਲੀਪ ਪਡਗਾਉਂਕਰ ਡਾ. ਮੁਰਲੀ ਮਨੋਹਰ ਜੋਸ਼ੀ ਦੁਆਰਾ ਇਤਿਹਾਸ ਨਾਲ 'ਛੇੜਛਾੜ' ਨੂੰ 'ਮੁਲਕ ਦੀ ਸਭਿਆਚਾਰਕ ਆਜ਼ਾਦੀ ਦੀ ਦੂਜੀ ਜੰਗ' ਕਹਿਣ ਨੂੰ ਭਾਰਤੀ ਗਣਤੰਤਰ ਦੀ ਮੂਲ ਭਾਵਨਾ ਨਾਲ ਖਿਲਵਾੜ ਦਾ ਦਰਜਾ ਦਿੰਦਿਆਂ ਲਿਖਦੇ ਹਨ ਕਿ ਇਹ ਜੰਗ ਕਿਸ ਦੇ ਖਿਲਾਫ ਹੈ ਜਾਂ ਹੋ ਸਕਦੀ ਹੈ? ਉਨ੍ਹਾਂ ਅਨੁਸਾਰ ਇਸ ਦਾ ਜਵਾਬ ਸਦੀਆਂ ਤੋਂ ਕਾਲਿਆਂ ਖਿਲਾਫ ਗੋਰਿਆਂ, ਔਰਤਾਂ ਖਿਲਾਫ ਮਰਦਾਂ ਅਤੇ ਆਦਿਵਾਸੀਆਂ ਖਿਲਾਫ ਤਥਾਕਥਿਤ 'ਸੱਭਿਅਕ' ਸਮਾਜਾਂ ਦੁਆਰਾ ਪੜ੍ਹਾਏ ਤੇ ਪ੍ਰਚਾਰੇ ਗਏ ਤੱਥਾਂ ਤੇ ਇਤਿਹਾਸਾਂ ਤੋਂ ਸਿੱਖਿਆ ਜਾ ਸਕਦਾ ਹੈ। ਦੂਜੇ ਪਾਸੇ ਸਭਿਆਚਾਰ ਵੀ ਕੋਈ 'ਮ੍ਰਿਤਕ ਖਜ਼ਾਨਾ' ਨਹੀਂ ਸਗੋਂ ਜਿਉਂਦੀਆਂ ਜਾਗਦੀਆਂ ਰਵਾਇਤਾਂ, ਰਿਸ਼ਤਿਆਂ, ਆਪਸੀ ਲੈਣ-ਦੇਣ ਅਤੇ ਇੱਕ-ਦੂਜੇ ਨਾਲ ਰਲਣ-ਮਿਲਣ ਦਾ ਜੀਵੰਤ ਫਲਸਫਾ ਹੈ।

ਕੀ ਸਿਰਫ ਇੱਕ ਰੰਗਾ ਤੇ ਇਕਸਾਰ ਸਭਿਆਚਾਰ ਵਿਅਕਤੀ-ਵਿਸ਼ੇਸ਼ ਦੀਆਂ ਸਭਿਆਚਾਰਕ ਤਾਂਘਾਂ ਅਤੇ ਖਾਹਿਸ਼ਾਂ ਪੂਰੀਆਂ ਕਰ ਸਕਦਾ ਹੈ? ਇਸ ਬਾਰੇ ਦੋ ਉਦਾਹਰਨਾਂ ਬੇਹੱਦ ਅਹਿਮ ਹਨ। ਪਹਿਲੀ ਸੰਸਾਰ ਪ੍ਰਸਿੱਧ ਚਿੱਤਰਕਾਰ ਐਮ.ਐਫ. ਹੁਸੈਨ ਨੂੰ ਹਿੰਦੂਵਾਦੀ ਸੰਗਠਨਾਂ ਦੇ ਉਕਸਾਉਣ 'ਤੇ ਭਾਰਤੀ ਸਟੇਟ ਦੁਆਰਾ ਜਲਾਵਤਨ ਕਰਨ ਦੀ ਹੈ। ਕੀ ਇਸ ਨਾਲ ਉਨ੍ਹਾਂ ਦੀਆਂ ਕਲਾ ਕਿਰਤਾਂ ਵਿਚਲੀ ਕਲਾ ਅਤੇ ਸੁਹਜ ਦੇ ਪੈਮਾਨਿਆਂ 'ਤੇ ਕੋਈ ਫਰਕ ਪਿਆ ਹੈ? ਜਾਂ ਭਾਰਤੀ ਕਲਾ ਅਤੇ ਸੁਹਜ ਸ਼ਾਸਤਰ ਵਿਚ ਉਨ੍ਹਾਂ ਦੀ 'ਗੈਰਹਾਜ਼ਰੀ' ਨੇ ਕਿਸੇ ਨਵੇਂ ਸਿਰਜਣਾਤਮਿਕ ਅਮਲ ਦਾ ਮੁੱਢ ਬੰਨ੍ਹਿਆ ਹੈ? ਦੀਪਾ ਮਹਿਤਾ ਦੀ ਫਿਲਮ 'ਵਾਟਰ' ਅਤੇ 'ਫਾਇਰ' ਬਾਰੇ ਆਰ.ਐਸ.ਐਸ. ਮਾਰਕਾ ਸਿਆਸਤ ਦੇ ਇਤਰਾਜ਼ਾਂ ਦੇ ਮੱਦੇਨਜ਼ਰ ਇਸ ਤੱਥ ਨੂੰ ਨਕਾਰਿਆ ਨਹੀਂ ਜਾ ਸਕਦਾ ਕਿ ਇਹ ਮਹਿਜ਼ ਸਿਆਸੀ ਮੁਖ਼ਾਲਫਤ ਦਾ ਮਸਲਾ ਨਹੀਂ ਸਗੋਂ ਇਹ 'ਸੁਣਨ, ਬੋਲਣ, ਪੜ੍ਹਨ, ਲਿਖਣ ਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ' ਉਤੇ ਲੱਗੀ ਅਣ-ਐਲਾਨੀ ਸੈਂਸਰਸ਼ਿਪ ਹੈ, ਤੁਗਲਕੀ ਫਰਮਾਨਾਂ ਦੀ ਅਗਲੀ ਲੜੀ ਹੈ।

ਵੀਰ ਸਿੰਘਵੀ ਇਸ ਦੀ ਤੁਲਨਾ ਤਾਲਿਬਾਨ ਦੁਆਰਾ 'ਕਾਗਜ਼ ਦੇ ਬਣੇ ਲਿਫਾਫੇ' ਵਿਚ ਸਾਮਾਨ ਪਾਈ ਜਾਂਦੇ ਅਫਗਾਨ ਨਾਗਰਿਕ ਦੀ ਹੱਤਿਆ ਦਾ ਹਵਾਲਾ ਦਿੰਦਿਆਂ ਸੰਘ ਦੇ ਫਲਸਫੇ 'ਤੇ ਟਿੱਪਣੀ ਕਰਦਿਆਂ ਲਿਖਦੇ ਹਨ ਕਿ 'ਕਾਗਜ਼ ਦੇ ਬਣੇ ਲਿਫਾਫੇ' ਜ਼ਰੂਰੀ ਨਹੀਂ ਕਿ ਕਿਸੇ ਧਰਮ ਗ੍ਰੰਥ ਦਾ ਹਿੱਸਾ/ਪੰਨੇ ਹੀ ਹੋਣ। ਜੇ ਤੁਸੀਂ ਕਿਸੇ ਜਿਉਂਦੇ ਜਾਗਦੇ ਮਨੁੱਖ ਵਜੋਂ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਸਚਾਈਆਂ ਨੂੰ ਨਜ਼ਰਅੰਦਾਜ਼ ਕਰਦਿਆਂ ਸਿਰਫ ਆਪਣੀਆਂ ਖਿਆਲੀ ਕਲਪਨਾਵਾਂ ਅਤੇ ਸਿਆਸੀ 'ਹਵਾ ਮਹੱਲਾਂ' ਵਿਚ ਜਿਉਣਾ ਪਸੰਦ ਕਰਦੇ ਹੋ ਤਾਂ ਵੀ ਨਾ ਤਾਂ ਇਸ ਨਾਲ ਸਚਾਈ ਨੂੰ ਕੋਈ ਫਰਕ ਪੈਂਦਾ ਹੈ ਅਤੇ ਨਾ ਹੀ ਇਤਿਹਾਸ ਨੂੰ। ਇਤਿਹਾਸ ਦੀ ਅੱਖ ਵਿਚ ਵਿਚਾਰਧਾਰਕ ਟੀਰ ਨਹੀਂ ਹੁੰਦਾ।

# ਸੰਘ ਬ੍ਰਿਗੇਡ ਦਾ ਕੁਫਰ ਬਨਾਮ ਰਾਜਧ੍ਰੋਹ

ਸੰਘ ਬ੍ਰਿਗੇਡ ਅਤੇ ਰਾਜ ਮਸ਼ੀਨਰੀ ਦੀ ਮਿਲੀਭੁਗਤ ਨਾਲ ਹੁਣ ਜੰਮੂ ਕਸ਼ਮੀਰ ਪੀਪਲਜ਼ ਮੂਵਮੈਂਟ ਦੀ ਆਗੂ ਅਤੇ ਉਘੀ ਜਮਹੂਰੀ ਕਾਰਕੁਨ ਸ਼ਹਿਲਾ ਰਸ਼ੀਦ ਸ਼ੋਰਾ ਦੀ ਜ਼ੁਬਾਨਬੰਦੀ ਲਈ ਰਾਜਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਹੈ। ਹੁਣ ਸਰਕਾਰ ਹੀ ਰਾਸ਼ਟਰ ਹੈ ਅਤੇ ਜੋ ਸੱਤਾਧਾਰੀ ਧਿਰ ਕਹਿ ਰਹੀ ਹੈ, ਉਹੀ ਰਾਸ਼ਟਰੀ ਹਿਤ ਹੈ। ਇਸ ਫਾਸ਼ੀਵਾਦੀ ਬਿਰਤਾਂਤ ਉਪਰ ਦੇਸ਼ਭਗਤੀ ਦਾ ਮੁਲੰਮਾ ਚਾੜ੍ਹ ਕੇ ਸਰਕਾਰ ਦੇ ਨਾਜਾਇਜ਼ ਤੇ ਗੈਰ ਵਾਜਿਬ ਫੈਸਲਿਆਂ ਦੀ ਆਲੋਚਨਾ ਕਰਨ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦਿੱਤਾ ਜਾ ਰਿਹਾ ਹੈ।

ਸੁਪਰੀਮ ਕੋਰਟ ਦੇ ਵਕੀਲ ਅਲੋਕ ਸ੍ਰੀਵਾਸਤਵ ਦੀ ਸ਼ਿਕਾਇਤ 'ਤੇ ਦਿੱਲੀ ਪੁਲਿਸ ਦੇ

**ਬੂਟਾ ਸਿੰਘ**
ਫੋਨ: +91-94634-74342

ਸਪੈਸ਼ਲ ਸੈਲ ਨੇ ਸ਼ਹਿਲਾ ਖਿਲਾਫ 124 ਏ, 153 ਏ ਅਤੇ ਹੋਰ ਸੰਗੀਨ ਧਾਰਾਵਾਂ ਲਗਾ ਕੇ ਪਰਚਾ ਦਰਜ ਕੀਤਾ ਹੈ। ਉਸ ਉਪਰ ਮੁਲਕ ਵਿਚ ਹਿੰਸਾ ਤੇ ਦੁਸ਼ਮਣੀ ਭੜਕਾਉਣ ਅਤੇ ਫੌਜ ਨੂੰ ਬਦਨਾਮ ਕਰਨ ਦੀ ਮਨਸ਼ਾ ਨਾਲ ਝੂਠੀਆਂ ਖਬਰਾਂ ਫੈਲਾਉਣ ਦਾ ਇਲਜ਼ਾਮ ਲਗਾਇਆ ਗਿਆ ਹੈ। ਸਪੈਸ਼ਲ ਸੈਲ ਦਿੱਲੀ ਪੁਲਿਸ ਦਾ ਵਿਸ਼ੇਸ਼ ਵਿੰਗ ਹੈ ਜੋ ਬੇਕਸੂਰ ਲੋਕਾਂ, ਖਾਸ ਕਰਕੇ ਮੁਸਲਮਾਨਾਂ ਅਤੇ ਕਸ਼ਮੀਰੀਆਂ ਨੂੰ ਫਰਜ਼ੀ ਕੇਸਾਂ 'ਚ ਗ੍ਰਿਫਤਾਰ ਕਰਕੇ ਬੇਤਹਾਸ਼ਾ ਤਸੀਹੇ ਦੇਣ ਅਤੇ ਜੇਲ੍ਹਾਂ ਵਿਚ ਸਾੜਨ ਲਈ ਨਹਾਇਤ ਬਦਨਾਮ ਏਜੰਸੀ ਹੈ। ਸ਼ਹਿਲਾ ਨੂੰ ਨਿਸ਼ਾਨਾ ਬਣਾਏ ਜਾਣ ਦੀ ਮੁੱਖ ਵਜ੍ਹਾ ਇਹ ਹੈ ਕਿ ਜਦੋਂ ਕਸ਼ਮੀਰ ਦੇ ਸਾਰੇ ਆਗੂ ਅਤੇ ਕਾਰਕੁਨ ਨਜ਼ਰਬੰਦ ਹਨ, ਉਹ ਕਸ਼ਮੀਰ ਤੋਂ ਬਾਹਰ ਹੋਣ ਕਾਰਨ ਲਗਾਤਾਰ ਆਵਾਜ਼ ਉਠਾ ਰਹੀ ਸੀ।

ਜੇ.ਐਨ.ਯੂ. ਵਿਦਿਆਰਥੀ ਯੂਨੀਅਨ ਦੀ ਮੀਤ ਪ੍ਰਧਾਨ ਰਹਿ ਚੁੱਕੀ ਸ਼ਹਿਲਾ ਸਮਾਜਕ ਸਰੋਕਾਰਾਂ ਪ੍ਰਤੀ ਸੰਵੇਦਨਸ਼ੀਲ, ਪ੍ਰਤੀਬੱਧ ਕਾਰਕੁਨ ਹੈ। ਫਰਵਰੀ 2016 ਵਿਚ ਜਦੋਂ ਜੇ.ਐਨ.ਯੂ. ਅੰਦਰ ਇਕ ਵਿਚਾਰ ਗੋਸ਼ਟੀ ਦੇ ਬਹਾਨੇ ਸੰਘ ਬ੍ਰਿਗੇਡ ਨੇ ਵਿਦਿਆਰਥੀ ਆਗੂਆਂ ਕਨ੍ਹੱਈਆ ਕੁਮਾਰ, ਉਮਰ ਖਾਲਿਦ ਅਤੇ ਅਨਿਰਬਨ ਭੱਟਾਚਾਰੀਆਂ ਨੂੰ ਗ੍ਰਿਫਤਾਰ ਕਰਵਾ ਕੇ ਦਹਿਸ਼ਤ ਦਾ ਮਾਹੌਲ ਬਣਾਇਆ ਤਾਂ ਵਿਦਿਆਰਥੀ ਆਗੂ ਸ਼ਹਿਲਾ ਨੇ ਇਸ ਦਹਿਸ਼ਤੀ ਮਾਹੌਲ ਨੂੰ ਚਕਨਾਚੂਰ ਕਰਨ ਲਈ ਡੱਟ ਕੇ ਸਟੈਂਡ ਲਿਆ। ਉਦੋਂ ਵੀ ਹਿੰਦੂਤਵ ਅਨਸਰਾਂ ਨੇ ਉਸ ਦੀ ਕਿਰਦਾਰਕੁਸ਼ੀ ਕਰਕੇ ਅਤੇ ਧਮਕੀਆਂ ਦੇ ਕੇ ਉਸ ਨੂੰ ਯਰਕਾਉਣ ਦੀ ਕੋਸ਼ਿਸ਼ ਕੀਤੀ ਸੀ; ਲੇਕਿਨ ਉਹ ਅਡੋਲ ਰਹੀ।

ਕਸ਼ਮੀਰੀ ਹੋਣ ਕਰਕੇ ਸ਼ਹਿਲਾ ਦਾ ਕਸ਼ਮੀਰ ਨਾਲ ਨੇੜਿਓਂ ਵਾਸਤਾ ਹੈ ਅਤੇ ਹਾਲ ਹੀ ਵਿਚ ਕਸ਼ਮੀਰ ਵਿਚ ਭਾਰਤੀ ਫੌਜ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਦਾ ਸੱਚ ਸਾਹਮਣੇ ਲਿਆਉਣ ਲਈ ਉਸ ਨੇ ਖੁਦ ਜੋਖਮ ਉਠਾ ਕੇ ਆਵਾਜ਼ ਉਠਾਈ ਹੈ। ਘਾਟੀ ਵਿਚ ਜਾ ਕੇ ਹਾਲਾਤ ਦਾ ਜਾਇਜ਼ਾ ਲੈਣ ਵਾਲਿਆਂ ਨੂੰ ਕਸ਼ਮੀਰੀ ਅਵਾਮ ਸਵਾਲ ਕਰਦੀ ਹੈ: 'ਇੰਨੇ ਦਿਨ ਹੋ ਗਏ, ਇੰਨੇ ਸਾਰੇ ਹਿੰਦੁਸਤਾਨੀ ਹੁਣ ਤੱਕ ਖਾਮੋਸ਼ ਕਿਉਂ ਹਨ? ਕੀ ਉਨ੍ਹਾਂ ਨੂੰ ਇਸ ਝੂਠ ਨਾਲ ਕੋਈ ਫਰਕ ਨਹੀਂ ਪੈਂਦਾ?' ਕਸ਼ਮੀਰੀ ਨਹੀਂ ਜਾਣਦੇ ਕਿ ਸਾਰੇ ਭਾਰਤੀ ਖਾਮੋਸ਼ ਨਹੀਂ। ਬਹੁਤ ਸਾਰੇ ਲੋਕ ਅਜਿਹੇ ਹਨ ਜੋ ਸਵਾਲ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਸਵਾਲ ਕਰਨ ਦਾ ਮੁੱਲ ਚੁਕਾਉਣਾ ਪੈ ਰਿਹਾ ਹੈ।

ਭਾਰਤੀ ਹੁਕਮਰਾਨ ਵਾਰ-ਵਾਰ ਇਹ ਝੂਠ ਬੋਲ ਰਹੇ ਹਨ ਕਿ ਕਸ਼ਮੀਰ ਵਿਚ ਹਾਲਾਤ ਆਮ ਹਨ। ਪਾਬੰਦੀਆਂ ਬਾਬਤ ਖੁਫੀਆ ਏਜੰਸੀਆਂ ਦੇ ਸਾਬਕਾ ਡੌਨ ਅਤੇ ਮੋਦੀ ਸਰਕਾਰ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਤਾਂ ਹੋਰ ਵੀ ਅਜੀਬ ਦਲੀਲ ਦਿੱਤੀ ਹੈ; ਉਹ ਇਹ ਕਿ 70 ਫੀਸਦੀ ਕਸ਼ਮੀਰੀ, ਧਾਰਾ 370 ਅਤੇ 35 ਏ ਨੂੰ ਖਤਮ ਕਰਨ ਦੇ ਹੱਕ ਵਿਚ ਹਨ, ਲੇਕਿਨ ਕਸ਼ਮੀਰ ਵਿਚ ਲਾਈਆਂ ਪਾਬੰਦੀਆਂ ਹਟਾਉਣਾ ਇਸ ਉਪਰ ਮੁਨੱਸਰ ਹੈ ਕਿ ਪਾਕਿਸਤਾਨ ਕੀ ਵਤੀਰਾ ਅਖਤਿਆਰ ਕਰਦਾ ਹੈ। ਜੇ ਪਾਕਿਸਤਾਨ ਦੇ ਵਤੀਰੇ ਨੂੰ ਹੀ ਹਾਲਤ ਆਮ ਹੋਣ ਦਾ ਪੈਮਾਨਾ ਬਣਾਉਣਾ ਹੈ ਤਾਂ ਫੌਜੀ ਰਾਜ ਕਦੇ ਵੀ ਖਤਮ ਨਹੀਂ ਹੋਵੇਗਾ। ਪਾਕਿਸਤਾਨੀ ਹੁਕਮਰਾਨ ਤਾਂ ਕਸ਼ਮੀਰ ਵਿਚ ਦਖਲ ਕਦੇ ਵੀ ਬੰਦ ਨਹੀਂ ਕਰਨਗੇ! ਇਸ ਸੂਰਤ ਵਿਚ ਫੌਜ ਵੱਲੋਂ ਮਨੁੱਖੀ ਹੱਕਾਂ ਦਾ ਘਾਣ ਵੀ ਜਾਰੀ ਰਹੇਗਾ ਅਤੇ ਭਾਰਤੀ ਸਟੇਟ ਵਲੋਂ ਇਲਜ਼ਾਮਾਂ ਦੀ ਜਾਂਚ ਕਰਾਉਣ ਦੀ ਬਜਾਏ ਇਨ੍ਹਾਂ ਨੂੰ ਦੋ-ਟੁੱਕ ਰੱਦ ਕਰਨ ਦਾ ਸਿਲਸਿਲਾ ਵੀ ਬੰਦ ਨਹੀਂ ਹੋਵੇਗਾ। ਹਾਲੀਆ ਮਾਮਲੇ ਵਿਚ ਵੀ ਫੌਜ ਦੇ ਅਧਿਕਾਰੀਆਂ ਨੇ ਆਪਣੇ ਦਸਤੂਰ ਅਨੁਸਾਰ ਜਾਂਚ ਕਰਾਉਣ ਦੀ ਬਜਾਏ ਇਲਜ਼ਾਮਾਂ ਨੂੰ ਬੇਬੁਨਿਆਦ ਕਰਾਰ ਦੇ ਦਿੱਤਾ।

ਹਕੀਕਤ ਇਹ ਹੈ ਕਿ ਮੁਕੰਮਲ ਰੋਕਾਂ ਦੇ ਬਾਵਜੂਦ ਫੌਜ ਅਤੇ ਨੀਮ ਫੌਜੀ ਦਸਤਿਆਂ ਦੇ ਜ਼ੁਲਮਾਂ ਦੀਆਂ ਕਹਾਣੀਆਂ ਬਾਹਰ ਆ ਰਹੀਆਂ ਹਨ। ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ 6 ਅਗਸਤ ਨੂੰ ਫੌਜ ਵੱਲੋਂ ਕੀਤੀ ਪੈਲਟ ਗੰਨਾਂ ਦੀ ਵਾਛੜ ਨੇ ਸ੍ਰੀਨਗਰ ਦੇ ਇਲਾਹੀ ਬਾਗ ਮੁਹੱਲੇ ਦੇ ਲੜਕੇ ਅਸਰਾਰ ਅਹਿਮਦ ਖਾਨ (18 ਸਾਲ) ਦਾ ਸਿਰ ਛਲਣੀ ਕਰ ਦਿੱਤਾ ਜੋ ਬਾਅਦ ਵਿਚ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਦਮ ਤੋੜ ਗਿਆ। ਪਾਬੰਦੀਆਂ ਹਟਾਏ ਜਾਣ 'ਤੇ ਇਸ ਤਰ੍ਹਾਂ ਦੀਆਂ ਬੇਸ਼ੁਮਾਰ ਕਹਾਣੀਆਂ ਸਾਹਮਣੇ ਆਉਣਗੀਆਂ ਅਤੇ ਭਗਵਾਂ ਕੁਫਰ ਓੜਕ ਨੰਗਾ ਹੋ ਕੇ ਰਹੇਗਾ। ਆਰ. ਐਸ. ਐਸ.-ਭਾਜਪਾ ਦੇ ਰਾਸ਼ਟਰਵਾਦੀ ਪ੍ਰਚਾਰ ਦੇ ਡੰਗੇ ਹਿੱਸਿਆਂ ਨੂੰ ਛੱਡ ਕੇ ਮੁਲਕ ਦੇ ਹੋਰ ਲੋਕ ਇਨ੍ਹਾਂ ਦੇ ਕੁਫਰ ਨੂੰ ਸਵੀਕਾਰ ਨਹੀਂ ਕਰ ਰਹੇ ਅਤੇ ਸਵਾਲ ਉਠਾ ਰਹੇ ਹਨ। ਸਵਾਲ ਇਹ ਹੈ ਕਿ ਜੇ ਸੱਤਾਧਾਰੀ ਧਿਰ ਦੀ ਗੱਲ ਸੱਚ ਹੈ, ਫਿਰ ਜੰਮੂ ਕਸ਼ਮੀਰ ਵਿਚ ਸਾਢੇ ਸੱਤ ਲੱਖ ਫੌਜ ਕਿਉਂ ਲਗਾਈ ਹੋਈ ਹੈ? 4 ਅਗਸਤ ਤੋਂ ਥੋਪੀ ਖੁੱਲ੍ਹੀ ਜੇਲ੍ਹਬੰਦੀ ਖਤਮ ਕਰਕੇ ਉਥੋਂ ਦੇ 1.5 ਕਰੋੜ, ਖਾਸ ਕਰਕੇ ਘਾਟੀ ਦੇ 70 ਲੱਖ ਕਸ਼ਮੀਰੀਆਂ ਦੇ ਮੁਢਲੇ ਨਾਗਰਿਕ ਹੱਕ ਬਹਾਲ ਕਿਉਂ ਨਹੀਂ ਕੀਤੇ ਜਾ ਰਹੇ? ਬੱਚਿਆਂ ਦੇ ਸਕੂਲ ਅਤੇ ਖੇਡ ਮੈਦਾਨ ਵੀ ਫੌਜ ਦੇ ਕਬਜ਼ੇ ਹੇਠ ਕਿਉਂ ਹਨ?

ਸਿਵਲ ਵਸੋਂ ਵਿਰੁਧ ਇੰਨੀ ਵਿਆਪਕ ਫੌਜੀ ਤਾਇਨਾਤੀ ਆਪਣੇ ਆਪ ਵਿਚ ਹਿੰਸਾ ਹੈ। ਇਨ੍ਹਾਂ ਜਾਇਜ਼ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਭਗਵਾਂ ਨਿਜ਼ਾਮ ਉਲਟਾ ਸਵਾਲ ਕਰਨ ਵਾਲਿਆਂ ਦੀ ਸੰਘੀ ਨੱਪਣ 'ਤੇ ਤੁਲਿਆ ਹੋਇਆ ਹੈ। 'ਨੈੱਟਵਰਕ ਆਫ ਵਿਮੈਨ ਇਨ ਮੀਡੀਆ' ਅਤੇ 'ਮੀਡੀਆ, ਇੰਡੀਆ ਅਤੇ ਫਰੀ ਸਪੀਚ ਕੁਲੈਕਟਿਵ' ਦੇ ਦੋ ਪੱਤਰਕਾਰਾਂ ਦੀ ਰਿਪੋਰਟ ਅਨੁਸਾਰ, 5 ਅਗਸਤ ਤੋਂ ਲੈ ਕੇ ਪੱਥਰਬਾਜ਼ੀ ਦੀਆਂ ਘਟਨਾਵਾਂ ਸਮੇਤ ਘੱਟੋ-ਘੱਟ 500 ਰੋਸ ਮੁਜ਼ਾਹਰੇ ਹੋ ਚੁੱਕੇ ਹਨ। ਸੁੰਨ-ਮਸਾਨ ਬਾਜ਼ਾਰ, ਦੁਕਾਨਾਂ ਦੇ ਬੰਦ ਸ਼ਟਰ, ਥਾਣਿਆਂ ਦੇ ਬਾਹਰ ਗ੍ਰਿਫਤਾਰ ਕਰਕੇ ਲਾਪਤਾ ਕੀਤੇ ਲੜਕਿਆਂ ਦਾ ਪਤਾ ਲਾਉਣ ਲਈ ਜੁੜੇ ਕਸ਼ਮੀਰੀਆਂ ਦੇ ਹਜੂਮ, ਫੌਜ ਦੇ ਛਾਪੇ ਰੋਕਣ ਲਈ ਮੁਹੱਲੇ ਦੇ ਬਾਹਰ ਲੋਕਾਂ ਵਲੋਂ ਲਗਾਏ ਨਾਕੇ ਹਾਲਾਤ ਦੀ ਮੂੰਹ ਬੋਲਦੀ ਤਸਵੀਰ ਹਨ।

ਇਨ੍ਹਾਂ ਚਿੰਤਾਜਨਕ ਹਾਲਾਤ ਨੂੰ ਮੁਖਾਤਿਬ ਹੁੰਦਿਆਂ ਸ਼ਹਿਲਾ ਨੇ ਭਾਰਤੀ ਫੌਜ ਵਲੋਂ ਕਸ਼ਮੀਰ ਵਿਚ ਕੀਤੇ ਜਾ ਰਹੇ ਮਨੁੱਖੀ ਹੱਕਾਂ ਦੇ ਘਾਣ ਬਾਰੇ ਸੋਸ਼ਲ ਮੀਡੀਆ ਉਪਰ ਪੋਸਟਾਂ ਪਾਈਆਂ। 18 ਅਗਸਤ ਨੂੰ ਉਸ ਨੇ ਟਵੀਟ ਕੀਤਾ: 'ਹਥਿਆਰਬੰਦ ਲਸ਼ਕਰ ਰਾਤ ਨੂੰ ਘਰਾਂ ਅੰਦਰ ਵੜ ਕੇ ਮੁੰਡਿਆਂ ਨੂੰ ਚੁੱਕ ਲਿਜਾਂਦੇ ਹਨ, ਘਰਾਂ ਦੀ ਭੰਨਤੋੜ ਕਰਦੇ ਹਨ, ਆਟਾ ਜਾਣ-ਬੁੱਝ ਕੇ ਫਰਸ਼ ਉਪਰ ਖਿਲਾਰ ਦਿੰਦੇ ਹਨ, ਚੌਲਾਂ ਵਿਚ ਤੇਲ ਮਿਲਾ ਦਿੰਦੇ ਹਨ'। ਇਕ ਹੋਰ ਟਵੀਟ ਵਿਚ ਉਸ ਨੇ ਲਿਖਿਆ: 'ਸ਼ੋਪੀਆਂ ਵਿਚ ਫੌਜ ਨੇ ਚਾਰ ਆਦਮੀਆਂ ਨੂੰ ਕੈਂਪ ਵਿਚ ਸੱਦ ਲਿਆ ਅਤੇ ਤਸ਼ੱਦਦ ਕਰਕੇ ਪੁੱਛਗਿੱਛ ਕੀਤੀ। ਉਨ੍ਹਾਂ ਦੇ ਲਾਗੇ ਮਾਈਕ ਰੱਖਿਆ ਗਿਆ ਤਾਂ ਜੋ ਪੂਰਾ ਇਲਾਕਾ ਉਨ੍ਹਾਂ ਦੀਆਂ ਚੀਕਾਂ ਸੁਣ ਸਕੇ ਅਤੇ ਉਨ੍ਹਾਂ ਨੂੰ ਦਹਿਸ਼ਤਜ਼ਦਾ ਕੀਤਾ ਜਾ ਸਕੇ। ਇਸ ਨਾਲ ਪੂਰੇ ਇਲਾਕੇ ਵਿਚ ਡਰ ਦਾ ਮਾਹੌਲ ਬਣ ਗਿਆ।' ਇਹ ਪੂਰੀ ਕਸ਼ਮੀਰ ਘਾਟੀ ਵਿਚ ਨਿੱਤ ਵਾਪਰ ਰਹੇ ਜਬਰ ਦੇ ਕਸ਼ਮੀਰੀਆਂ ਤੋਂ ਸੁਣੇ ਵੇਰਵੇ 'ਤੇ ਆਧਾਰਿਤ ਸੀ।

ਇਹ ਟਵੀਟ ਪੋਸਟ ਕਰਨ 'ਤੇ ਸੰਘ ਦੇ ਭਗਵੇਂ ਟਰੌਲ ਹਜੂਮ ਉਸ ਦੇ ਪਿੱਛੇ ਪੈ ਗਏ। ਇਨ੍ਹਾਂ ਸਿਰਫਿਰਿਆਂ ਦੀ ਭਰਤੀ ਹੀ ਅਫਵਾਹਾਂ ਫੈਲਾਉਣ ਅਤੇ ਸਵਾਲ ਕਰਨ ਵਾਲਿਆਂ ਦੇ ਵਿਚਾਰਾਂ ਨੂੰ ਤੋੜ-ਮਰੋੜ ਕੇ ਉਨ੍ਹਾਂ ਦਾ ਅਕਸ ਵਿਗਾੜਨ, ਕਿਰਦਾਰਕੁਸ਼ੀ ਕਰਨ, ਅਤੇ ਜਾਨੋਂ ਮਾਰਨ (ਜੇ ਸਵਾਲ ਕਰਤਾ ਔਰਤ ਹੈ ਤਾਂ ਉਸ ਨੂੰ ਜਬਰ ਜਨਾਹ ਕਰਨ) ਦੀਆਂ ਧਮਕੀਆਂ ਦੇਣ ਲਈ ਕੀਤੀ ਗਈ ਹੈ। ਸੰਘ ਬ੍ਰਿਗੇਡ ਦੇ ਲੋਕ ਸੰਪਰਕ ਵਿਭਾਗ ਦੀ ਭੂਮਿਕਾ ਨਿਭਾ ਰਹੇ ਜ਼ਿਆਦਾਤਰ ਟੀ.ਵੀ. ਚੈਨਲਾਂ ਨੇ ਵੀ ਕਾਵਾਂਰੌਲੀ ਸ਼ੁਰੂ ਕਰ ਦਿੱਤੀ ਕਿ ਇਹ ਟਿੱਪਣੀਆਂ ਭਾਰਤੀ ਫੌਜ ਦਾ ਅਕਸ ਵਿਗਾੜਨ ਵਾਲੀਆਂ ਹਨ। ਸੀ.ਐਨ.ਐਨ. ਨਿਊਜ਼ 18 ਚੈਨਲ ਨੇ ਤਾਂ ਆਪਣੇ ਯੂਟਿਊਬ ਪੇਜ ਉਪਰ ਪੋਲ ਮੁਹਿੰਮ ਚਲਾ ਕੇ ਇਹ ਰਾਇਸ਼ੁਮਾਰੀ ਵੀ ਸ਼ੁਰੂ ਕਰ ਦਿੱਤੀ ਕਿ ਇਨ੍ਹਾਂ ਟਿੱਪਣੀਆਂ ਨੂੰ ਲੈ ਕੇ ਸ਼ਹਿਲਾ ਨੂੰ ਦੇਸ਼ਧ੍ਰੋਹ ਲਈ ਗ੍ਰਿਫਤਾਰ ਕੀਤਾ ਜਾਵੇ। ਜਦੋਂ ਚੈਨਲ ਨੂੰ ਇਸ ਘਿਨਾਉਣੀ ਹਰਕਤ ਬਾਰੇ ਸਵਾਲ ਪੁੱਛੇ ਜਾਣ ਲੱਗੇ ਤਾਂ ਇਹ ਮੁਹਿੰਮ ਬੰਦ ਕਰ ਦਿੱਤੀ ਗਈ। ਦਰਬਾਰੀ ਪੱਤਰਕਾਰ/ਐਂਕਰ ਇਸ ਸਵਾਲ ਦਾ ਜਵਾਬ ਨਹੀਂ ਦਿੰਦੇ ਕਿ ਜੇ ਸਰਕਾਰ ਕਸ਼ਮੀਰ ਦੀ ਹਾਲਤ ਬਾਰੇ ਇਕ ਮਹੀਨੇ ਤੋਂ ਕੋਈ ਵੀ ਗਲਤ ਜਾਣਕਾਰੀ ਦੇ ਸਕਦੀ ਹੈ ਅਤੇ ਮੀਡੀਆ ਨੂੰ ਇਸ ਜਾਣਕਾਰੀ ਦੀ ਪ੍ਰਮਾਣਿਕਤਾ ਜਾਨਣ ਦਾ ਅਧਿਕਾਰ ਵੀ ਨਹੀਂ ਹੈ ਤਾਂ ਇਕ ਕਾਰਕੁਨ ਦੀਆਂ ਸੋਸ਼ਲ ਮੀਡੀਆ ਉਪਰ ਟਿੱਪਣੀਆਂ ਨੂੰ ਗੈਰ ਪ੍ਰਮਾਣਿਕ ਕਰਾਰ ਦੇ ਕੇ ਉਸ ਦੀ ਜ਼ੁਬਾਨਬੰਦੀ ਲਈ ਮੀਡੀਆ ਦਾ ਇਕ ਹਿੱਸਾ, ਸਟੇਟ ਮਸ਼ੀਨਰੀ ਅਤੇ ਸੱਤਾਧਾਰੀ ਕੋੜਮਾ ਪੱਬਾਂ ਭਾਰ ਕਿਉਂ ਹਨ? ਜਦੋਂ ਸ਼ਹਿਲਾ ਫੌਜ ਵਲੋਂ ਜਾਂਚ ਸ਼ੁਰੂ ਕਰਨ 'ਤੇ ਸਬੂਤ ਪੇਸ਼ ਕਰਨਾ ਚਾਹੁੰਦੀ ਹੈ ਤਾਂ ਫੌਜ ਜਾਂਚ ਕਰਾਉਣ ਤੋਂ ਇਨਕਾਰੀ ਕਿਉਂ ਹੈ?

ਆਪਣੀ ਟਵੀਟ ਉਪਰ ਉਠੇ ਸਵਾਲਾਂ ਬਾਬਤ ਸ਼ਹਿਲਾ ਨੇ ਪੂਰੀ ਜ਼ਿੰਮੇਵਾਰੀ ਨਾਲ ਆਪਣੀ ਪੁਜ਼ੀਸ਼ਨ ਸਪਸ਼ਟ ਕੀਤੀ। ਉਸ ਨੇ ਕਿਹਾ: 'ਮੈਂ ਕਸ਼ਮੀਰ ਦੀ ਜ਼ਮੀਨੀ ਹਕੀਕਤ ਬਿਆਨ ਕੀਤੀ ਹੈ ਜਿਸ ਉਪਰ ਭਾਰਤ ਸਰਕਾਰ ਪਰਦਾ ਪਾਉਣ ਲਈ ਗਲਤਬਿਆਨੀਆਂ ਕਰ ਰਹੀ ਹੈ'। ਉਸ ਨੇ ਐਲਾਨ ਕੀਤਾ ਕਿ ਭਾਰਤੀ ਫੌਜ ਉਸ ਵਲੋਂ ਲਗਾਏ ਦੋਸ਼ਾਂ ਦੀ ਜਾਂਚ ਲਈ ਜਾਂਚ ਕਮਿਸ਼ਨ ਬਿਠਾ ਕੇ ਜਾਂਚ ਸ਼ੁਰੂ ਕਰੇ, ਉਹ ਆਪਣੇ ਦੋਸ਼ਾਂ ਦੀ ਪੁਸ਼ਟੀ ਕਰਦੇ ਤੱਥ ਉਸ ਅੱਗੇ ਪੇਸ਼ ਕਰੇਗੀ। ਭਗਵਿਆਂ ਨੂੰ ਡਰ ਸਤਾ ਰਿਹਾ ਹੈ ਕਿ ਇਸ ਨਾਲ ਸੱਤਾਧਾਰੀ ਧਿਰ ਦੇ ਝੂਠੇ ਬਿਰਤਾਂਤ ਦੀ ਪੋਲ ਖੁੱਲ੍ਹ ਜਾਵੇਗੀ। ਸੰਘ ਬ੍ਰਿਗੇਡ ਦੇ ਫਾਸ਼ੀਵਾਦੀ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਕੋਈ ਇਨਸਾਫਪਸੰਦ ਕਾਰਕੁਨ ਸੱਤਾਧਾਰੀ ਦੇ ਫੈਲਾਏ ਝੂਠ ਨੂੰ ਨੰਗਾ ਕਰੇ। ਇਸੇ ਕਰਕੇ ਤੱਥਾਂ ਦਾ ਸਾਹਮਣਾ ਕਰਨ ਦੀ ਬਜਾਏ ਸ਼ਹਿਲਾ ਖਿਲਾਫ ਰਾਜਧ੍ਰੋਹ ਅਤੇ ਨਫਰਤ ਭੜਕਾਉਣ ਦੀਆਂ ਸੰਗੀਨ ਧਾਰਾਵਾਂ ਲਾ ਕੇ ਐਫ.ਆਈ.ਆਰ. ਦਰਜ ਕਰ ਲਈ।

ਫਾਸ਼ੀਵਾਦੀ ਨਿਜ਼ਾਮ ਹੁਕਮਰਾਨਾਂ ਅਤੇ ਸਟੇਟ ਦੇ ਕਾਰ-ਵਿਹਾਰ ਉਪਰ ਸਵਾਲ ਕਰਨ ਦੀ ਇਜਾਜ਼ਤ ਨਹੀਂ ਦਿੰਦਾ, ਕਿਉਂਕਿ ਸਮਾਜੀ ਸਰੋਕਾਰਾਂ ਪ੍ਰਤੀ ਸੰਵੇਦਨਸ਼ੀਲ ਜਾਗਰੂਕ ਹਿੱਸਿਆਂ ਦੇ ਸਵਾਲ ਸੁੱਤੀ ਪਈ ਅਵਾਮ ਨੂੰ ਹਲੂਣ ਕੇ ਜਗਾਉਂਦੇ ਹਨ। ਸਵਾਲ ਉਠਾਉਣ ਵਾਲੇ ਸੱਤਾ ਨੂੰ ਗਵਾਰਾ ਨਹੀਂ, ਕਿਉਂਕਿ ਹੁਕਮਰਾਨਾਂ ਦੇ ਹਿਤ ਨਿਰੋਲ ਝੂਠ ਨੂੰ ਬਤੌਰ ਅੰਤਮ ਸੱਚ ਸਥਾਪਤ ਕਰਨ ਵਿਚ ਹਨ। ਸਟੇਟ ਮਸ਼ੀਨਰੀ ਵਿਚਾਰਾਂ ਦੀ ਆਜ਼ਾਦੀ ਬਾਰੇ ਨਿਆਂ ਪ੍ਰਣਾਲੀ ਦੇ ਦਿਸ਼ਾ-ਨਿਰਦੇਸ਼ਕ ਬਿਆਨਾਂ ਨੂੰ ਵੀ ਟਿੱਚ ਸਮਝਦੀ ਹੈ। ਹਾਲ ਹੀ ਵਿਚ ਸੁਪਰੀਮ ਕੋਰਟ ਦੇ ਜਸਟਿਸ ਦੀਪਕ ਗੁਪਤਾ ਨੇ ਅਹਿਮਦਾਬਾਦ ਵਿਚ 'ਭਾਰਤ ਵਿਚ ਰਾਜਧ੍ਰੋਹ ਦਾ ਕਾਨੂੰਨ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ' ਵਿਸ਼ੇ ਉਪਰ ਭਾਸ਼ਨ ਦਿੰਦਿਆਂ ਕਿਹਾ ਕਿ ਨਾਗਰਿਕ ਦੇ ਰੂਪ ਵਿਚ ਭਾਰਤੀਆਂ ਨੂੰ ਸਰਕਾਰ ਦੀ ਆਲੋਚਨਾ ਕਰਨ ਦਾ ਹੱਕ ਹੈ ਅਤੇ ਆਲੋਚਨਾ ਨੂੰ ਦੇਸ਼ਧ੍ਰੋਹ ਨਹੀਂ ਮੰਨਿਆ ਜਾ ਸਕਦਾ। ... ਕਾਰਜਪਾਲਿਕਾ, ਨਿਆਂਪਾਲਿਕਾ, ਨੌਕਰਸ਼ਾਹੀ, ਹਥਿਆਰਬੰਦ ਤਾਕਤਾਂ ਦੀ ਆਲੋਚਨਾ ਨੂੰ ਰਾਸ਼ਟਰਧ੍ਰੋਹ ਨਹੀਂ ਕਿਹਾ ਜਾ ਸਕਦਾ। ਜੇ ਅਸੀਂ ਇਨ੍ਹਾਂ ਸੰਸਥਾਵਾਂ ਦੀ ਆਲੋਚਨਾ ਝੱਲਣ ਤੋਂ ਲੜਖੜਾਉਂਦੇ ਹਾਂ ਤਾਂ ਅਸੀਂ ਲੋਕਤੰਤਰ ਦੀ ਬਜਾਏ ਪੁਲਿਸ ਸਟੇਟ ਬਣ ਜਾਵਾਂਗੇ। ... ਆਪਣੇ ਆਪ ਵਿਚ ਸਭ ਤੋਂ ਮਹੱਤਵਪੂਰਨ ਹੈ ਅਸੰਤੋਖ ਦਾ ਹੱਕ।'

ਜਸਟਿਸ ਦੀਪਕ ਗੁਪਤਾ ਨੇ ਇਹ ਵੀ ਕਿਹਾ ਕਿ ਜੇ ਰਾਜਧ੍ਰੋਹ ਦਾ ਕਾਨੂੰਨ ਖਤਮ ਨਹੀਂ ਕਰਨਾ ਤਾਂ ਘੱਟੋ-ਘੱਟ ਇਸ ਨੂੰ ਨਰਮ ਜ਼ਰੂਰ ਬਣਾਇਆ ਜਾਵੇ ਤਾਂ ਜੋ ਰਾਜ ਅਤੇ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਐਵੇਂ ਹੀ ਗ੍ਰਿਫਤਾਰ ਨਾ ਕੀਤਾ ਜਾ ਸਕੇ। ਅੱਜ ਦੇ ਹਾਲਾਤ ਦੇ ਪ੍ਰਸੰਗ ਵਿਚ ਇਨਕਲਾਬੀ ਸ਼ਾਇਰ ਪਾਸ਼ ਦੀ ਚਿਤਾਵਨੀ ਬਹੁਤ ਪ੍ਰਸੰਗਿਕ ਹੈ:

ਜੇ ਦੇਸ਼
ਰੂਹ ਦੀ ਵਗਾਰ ਦਾ ਕੋਈ ਕਾਰਖਾਨਾ ਹੈ
ਜੇ ਦੇਸ਼ ਉਲੂ ਬਣਨ ਦਾ ਪ੍ਰਯੋਗ ਘਰ ਹੈ
ਤਾਂ ਸਾਨੂੰ ਉਸ ਤੋਂ ਖਤਰਾ ਹੈ।

# ਭਾਰਤ ਦਾ ਭਾਸ਼ਾਈ ਸਾਮਰਾਜ

ਦਿੱਲੀ ਦੇ ਪ੍ਰਸਿਧ ਕਾਲਜ ਵਿਚ ਲੋਕਤੰਤਰ ਤੇ ਰਾਸ਼ਟਰਵਾਦ ਬਾਰੇ ਭਾਸ਼ਣ ਦੇਣ ਦਾ ਮੌਕਾ ਮਿਲਿਆ। ਇਹ ਕਾਲਜ 1980 ਦੇ ਦਹਾਕੇ ਤੋਂ ਹੀ ਸ਼ਿਆਮਾ ਪ੍ਰਸਾਦ ਮੁਖਰਜੀ ਦੇ ਨਾਂ 'ਤੇ ਹੈ। ਜਿਸ ਭਵਨ ਵਿਚ ਪ੍ਰੋਗਰਾਮ ਸੀ, ਉਸ ਦਾ ਨਾਮਕਰਨ ਰਾਜੀਵ ਗਾਂਧੀ ਦੇ ਨਾਂ 'ਤੇ ਕੀਤਾ ਗਿਆ ਹੈ। ਅੱਜ ਕਲ੍ਹ ਤਾਂ ਕਾਂਗਰਸ ਅਤੇ ਭਾਜਪਾ ਦਰਮਿਆਨ ਪ੍ਰਤੀਕਾਤਮਕ ਮਿੱਤਰਤਾ ਵੀ ਦੇਖਣ ਨੂੰ ਨਹੀਂ ਮਿਲਦੀ। ਖੈਰ, ਜਿਸ ਸਮੱਸਿਆ ਨੇ ਸਭ ਤੋਂ ਵੱਧ ਧਿਆਨ ਖਿੱਚਿਆ, ਉਹ ਉਸ ਪ੍ਰੋਗਰਾਮ ਵਿਚ ਲਾਈ ਸਭਿਆਚਾਰਕ ਤੇ ਭਾਸ਼ਾਈ ਛਾਲ ਸੀ।

ਹੋਇਆ ਇਹ ਕਿ ਮੁੱਖ ਮਹਿਮਾਨ ਵਜੋਂ ਸਭ ਤੋਂ ਪਹਿਲਾਂ ਮੈਨੂੰ ਸ਼ਮ੍ਹਾ ਰੌਸ਼ਨ ਕਰਨ ਲਈ ਕਿਹਾ

**ਅਭੈ ਕੁਮਾਰ ਦੂਬੇ**

ਗਿਆ, ਫਿਰ ਸਭਿਆਚਾਰਕ ਪ੍ਰੋਗਰਾਮ ਸ਼ੁਰੂ ਹੋਏ। ਪਹਿਲਾ ਪ੍ਰੋਗਰਾਮ ਸਰਸਵਤੀ ਵੰਦਨਾ ਸੀ। ਦੂਜਾ ਪ੍ਰੋਗਰਾਮ ਬੰਕਿਮ ਚੰਦਰ ਚਟੋਪਾਧਿਆਇ ਦੇ ਬੰਗਲਾ ਗੀਤ 'ਵੰਦੇ ਮਾਤਰਮ' ਨੂੰ ਸਿਤਾਰ ਵਾਦਨ ਰਾਹੀਂ ਪੇਸ਼ ਕਰਨਾ ਸੀ। ਤੀਜਾ ਪ੍ਰੋਗਰਾਮ ਦੋ ਵਿਦਿਆਰਥਣਾਂ ਵਲੋਂ ਪੇਸ਼ ਉਤਰ ਭਾਰਤੀ ਗੰਗਾ ਜਮੁਨਾ ਸਭਿਆਚਾਰ ਨਾਲ ਸਬੰਧਤ ਨਾਚ ਸੀ। ਜਿਉਂ ਹੀ ਸੰਚਾਲਕ ਨੇ ਰਾਸ਼ਟਰਵਾਦ ਤੇ ਲੋਕਤੰਤਰ ਬਾਰੇ ਚਰਚਾ ਦੀ ਸ਼ੁਰੂਆਤ ਕੀਤੀ, ਪੂਰੇ ਦਾ ਪੂਰਾ ਮਾਹੌਲ ਭਾਰਤੀ ਪਰੰਪਰਾ, ਸਭਿਆਚਾਰਕ, ਕਾਵਿਕ ਤੇ ਸ਼ਾਸਤਰੀ ਨਾਚ, ਸੰਗੀਤ ਤੋਂ ਸਿੱਧੀ ਛਾਲ ਮਾਰ ਕੇ ਅੰਗਰੇਜ਼ੀ ਦੀ ਦੁਨੀਆ ਵਿਚ ਪਹੁੰਚ ਗਿਆ। ਜਿਵੇਂ ਸੰਸਕ੍ਰਿਤ ਅਤੇ ਫਾਰਸੀ ਸਮੇਤ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਲੋਕਤੰਤਰ ਅਤੇ ਰਾਸ਼ਟਰਵਾਦ ਦੇ ਵਿਸ਼ਿਆਂ 'ਤੇ ਵਿਚਾਰ-ਚਰਚਾ ਕਰਨ ਯੋਗ ਸਮੱਗਰੀ ਅਤੇ ਸਹੂਲਤ ਹੀ ਨਾ ਹੋਵੇ।

ਪ੍ਰੋਗਰਾਮ ਭਾਰਤੀ ਲੋਕਤੰਤਰ ਦੇ ਅਜਿਹੇ ਵਿਰੋਧਾਭਾਸ ਦੀ ਨੁਮਾਇੰਦਗੀ ਕਰ ਰਿਹਾ ਸੀ ਜਿਸ ਦਾ ਸਾਹਮਣਾ ਪਿਛਲੇ 70 ਸਾਲ ਤੋਂ ਅਸੀਂ ਰੋਜ਼ ਕਰਦੇ ਹਾਂ। ਉਂਜ, ਨਾ ਤਾਂ ਇਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਨਾ ਹੀ ਇਸ 'ਤੇ ਵਿਚਾਰ-ਚਰਚਾ ਹੁੰਦੀ ਹੈ। ਇਹ ਸਾਡੇ ਰਾਸ਼ਟਰਵਾਦ ਅਤੇ ਲੋਕਤੰਤਰ ਦਾ ਭਾਸ਼ਾਈ ਵਿਰੋਧਾਭਾਸ ਹੈ। ਯਾਦ ਰਹੇ ਹੈ ਕਿ ਬਸਤੀਵਾਦ ਵਿਰੋਧੀ ਅੰਦੋਲਨ ਦੌਰਾਨ ਕਾਂਗਰਸ ਵਲੋਂ ਮਹਾਤਮਾ ਗਾਂਧੀ ਦੀ ਪਹਿਲਕਦਮੀ 'ਤੇ ਇਕ ਪ੍ਰਸਤਾਵ ਪਾਸ ਕੀਤਾ ਗਿਆ ਸੀ ਕਿ ਕਾਂਗਰਸੀ ਪ੍ਰੋਗਰਾਮਾਂ ਦੀ ਕਾਰਵਾਈ ਹਿੰਦੀ ਜਾਂ ਹਿੰਦੋਸਤਾਨੀ 'ਚ ਚਲਾਈ ਜਾਵੇਗੀ। ਕੀ ਅਜਿਹਾ ਹੋ ਸਕਿਆ? ਨਹੀਂ। ਇਸ ਪ੍ਰਸਤਾਵ ਦੇ ਬਾਵਜੂਦ ਕਾਂਗਰਸ ਕਮੇਟੀਆਂ ਤੇ ਉਨ੍ਹਾਂ ਦੇ ਪ੍ਰੋਗਰਾਮਾਂ 'ਚ ਸਭ ਕੁਝ ਅੰਗਰੇਜ਼ੀ ਵਿਚ ਹੀ ਹੁੰਦਾ ਰਿਹਾ। ਕੀ ਉਸ ਸਮੇਂ ਕਾਂਗਰਸ ਅੰਦਰ ਜਾਂ ਬਾਹਰ ਹਿੰਦੀ ਜਾਂ ਹਿੰਦੋਸਤਾਨੀ ਦੀ ਵਰਤੋਂ ਦਾ ਕੋਈ ਵਿਰੋਧ ਸੀ? ਨਹੀਂ। ਚੱਕਰਵਰਤੀ ਰਾਜ ਗੋਪਾਲਾਚਾਰੀ ਜਿਹੇ ਤਾਮਿਲ ਨੇਤਾ ਵੀ ਹਿੰਦੀ ਦੇ ਪੱਖ ਵਿਚ ਸਨ।

ਬਸਤੀਵਾਦ ਵਿਰੋਧੀ ਅੰਦੋਲਨ ਦਾ ਨਜ਼ਾਰਾ ਇਹ ਸੀ ਕਿ ਪਾਰਟੀ ਦੀ ਲੀਡਰਸ਼ਿਪ ਅੰਗਰੇਜ਼ੀ ਵਿਚ ਵਿਚਾਰ-ਚਰਚਾ ਕਰਦੀ ਸੀ ਤੇ ਜਨਤਾ ਵਿਚ ਹਿੰਦੀ ਜਾਂ ਹੋਰ ਭਾਰਤੀ ਭਾਸ਼ਾਵਾਂ ਦੀ ਵਰਤੋਂ ਕੀਤੀ ਜਾਂਦੀ ਸੀ। ਕਾਂਗਰਸ ਵਿਚ ਹੀ ਨਹੀਂ, ਮੁਸਲਿਮ ਲੀਗ ਵਿਚ ਵੀ ਇਹੀ ਹਾਲਤ ਸੀ। ਜਿਨਾਹ ਤਾਂ ਨਹਿਰੂ ਤੋਂ ਵੀ ਵੱਧ ਅੰਗਰੇਜ਼ੀ ਪਸੰਦ ਸੀ। ਉਨ੍ਹਾਂ ਨੇ ਆਪਣੇ ਪੂਰੇ ਸਿਆਸੀ ਜੀਵਨ ਵਿਚ ਮੁਸ਼ਕਿਲ ਨਾਲ ਉਰਦੂ ਦਾ ਕੋਈ ਵਾਕ ਬੋਲਿਆ ਸੀ। ਕੀ ਬਸਤੀਵਾਦ ਵਿਰੋਧੀ ਅੰਦੋਲਨ ਦੌਰਾਨ ਜਨਤਾ ਨੂੰ ਅੰਗਰੇਜ਼ੀ ਵਿਚ ਸੰਬੋਧਨ ਕੀਤਾ ਜਾ ਸਕਦਾ ਸੀ? ਨਹੀਂ। ਜੇ ਅਜਿਹਾ ਕਰਨ ਦੀ ਜੁਰਅਤ ਕੀਤੀ ਜਾਂਦੀ ਤਾਂ ਆਜ਼ਾਦੀ ਦੇ ਅੰਦੋਲਨ ਦਾ ਪੂਰਾ ਦ੍ਰਿਸ਼ ਹੀ ਬਦਲ ਜਾਂਦਾ। ਹਕੀਕਤ ਇਹ ਹੈ ਕਿ ਪਾਰਟੀਆਂ ਦੀਆਂ ਹਾਈ ਕਮਾਨਾਂ ਦੀਆਂ ਬੈਠਕਾਂ ਤੋਂ ਇਲਾਵਾ ਸਾਰੇ ਦਾ ਸਾਰਾ ਅੰਦੋਲਨ ਹਿੰਦੀ ਜਾਂ ਹੋਰ ਭਾਰਤੀ ਭਾਸ਼ਾਵਾਂ ਵਿਚ ਹੀ ਚਲਾਇਆ ਜਾਂਦਾ ਸੀ।

20 ਦੇ ਦਹਾਕੇ ਦੀ ਸ਼ੁਰੂਆਤ ਵਿਚ ਜਿਉਂ ਹੀ ਕਾਂਗਰਸ ਦੀ ਵਾਗਡੋਰ ਗਾਂਧੀ ਦੇ ਹੱਥ ਆਈ, ਉਨ੍ਹਾਂ ਅੰਦਾਜ਼ਾ ਲਾ ਲਿਆ ਕਿ ਵੱਖ-ਵੱਖ ਭਾਸ਼ਾਵਾਂ, ਸਭਿਆਚਾਰਾਂ ਅਤੇ ਜਾਤੀਆਂ ਵਿਚ ਵੰਡਿਆ ਇਹ ਦੇਸ਼ ਸਿਰਫ ਸਥਾਨਕ ਭਾਸ਼ਾਵਾਂ ਨੂੰ ਪ੍ਰਮੁੱਖਤਾ ਦੇ ਕੇ ਹੀ ਸਿਆਸੀ ਰੂਪ ਨਾਲ ਇਕ ਕੀਤਾ ਜਾ ਸਕਦਾ ਹੈ। ਅੰਗਰੇਜ਼ਾਂ ਨੇ ਆਪਣੀ ਹਕੂਮਤ ਚਲਾਉਣ ਲਈ ਦੇਸ਼ ਨੂੰ ਜਿਸ ਤਰ੍ਹਾਂ ਵੰਡਿਆ ਸੀ, ਉਸ ਤੋਂ ਵੱਖ ਹੁੰਦਿਆਂ ਕਾਂਗਰਸ ਨੇ ਹਿੰਦੋਸਤਾਨੀ, ਪੰਜਾਬੀ, ਤਾਮਿਲ, ਤੈਲਗੂ, ਕੰਨੜ, ਮਲਿਆਲਮ, ਗੁਜਰਾਤੀ, ਮਰਾਠੀ, ਆਸਾਮੀ, ਓੜੀਆ ਜਿਹੀਆਂ ਭਾਸ਼ਾਵਾਂ 'ਤੇ ਧਿਆਨ ਕੇਂਦਰਿਤ ਕਰਦਿਆਂ ਭਾਰਤ ਦੀ ਭੂਗੋਲਿਕ ਵੰਡ ਦੀ ਕਲਪਨਾ ਕੀਤੀ।

ਜੇ ਅੰਗਰੇਜ਼ਾਂ ਦੀ ਚਲਦੀ ਤਾਂ ਉਹ ਭਾਰਤ ਵਿਚ ਤਿੰਨ ਭਾਸ਼ਾਵਾਂ ਨੂੰ ਹੀ ਤਰਜੀਹ ਦਿੰਦੇ: ਹਿੰਦੀ, ਤਾਮਿਲ ਤੇ ਬੰਗਲਾ; ਪਰ ਬਸਤੀਵਾਦ ਵਿਰੋਧੀ ਅੰਦੋਲਨ ਦੇ ਇਸ ਭਾਸ਼ਾਈ ਸੰਘਰਸ਼ ਨੇ 40 ਦੇ ਦਹਾਕੇ ਦੇ ਆਖਰੀ ਸਾਲਾਂ ਵਿਚ ਆਜ਼ਾਦੀ ਸੰਭਵ ਕਰ ਦਿਖਾਈ। 1947 ਪਿਛੋਂ ਕਾਂਗਰਸ ਸੱਤਾ 'ਤੇ ਕਾਬਜ਼ ਹੁੰਦਿਆਂ ਹੀ ਭਾਰਤ ਦਾ ਭਾਸ਼ਾਈ ਢਾਂਚਾ ਭੁੱਲ ਗਈ। ਨਤੀਜੇ ਵਜੋਂ ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਪੰਜਾਬ ਜਿਹੇ ਭਾਸ਼ਾਈ ਸੂਬੇ ਬਣਾਉਣ ਲਈ ਅੰਦੋਲਨ ਕਰਨੇ ਪਏ।

ਅੱਜ ਦਾ ਭਾਰਤ ਇਨ੍ਹਾਂ ਹੀ ਭਾਸ਼ਾਈ ਪਛਾਣਾਂ ਦਾ ਸੰਯੁਕਤ ਰੂਪ ਹੈ। ਇਹੀ ਗੱਲ ਭਾਰਤੀ ਰਾਸ਼ਟਰਵਾਦ ਨੂੰ ਪੱਛਮ ਦੇ ਰਾਸ਼ਟਰਵਾਦ ਤੋਂ ਵੱਖ ਕਰਦੀ ਹੈ। ਭਾਰਤੀ ਰਾਸ਼ਟਰਵਾਦ ਬਹੁਭਾਸ਼ੀ ਹੈ ਤੇ ਪੱਛਮੀ ਰਾਸ਼ਟਰਵਾਦ ਇਕ ਭਾਸ਼ੀ। ਦਰਅਸਲ, ਅੰਗਰੇਜ਼ੀ ਨੂੰ ਬਰਤਾਨਵੀ ਟਾਪੂ ਸਮੂਹ, ਫਰਾਂਸੀਸੀ ਨੂੰ ਫਰਾਂਸ ਅਤੇ ਸਪੈਨਿਸ਼ ਨੂੰ ਸਪੇਨ ਦੀ ਰਾਸ਼ਟਰ ਭਾਸ਼ਾ ਬਣਾਉਣ ਲਈ ਪਹਿਲੇ ਕਈ ਸੌ ਸਾਲਾਂ ਤੱਕ ਉਥੋਂ ਦੀਆਂ ਬਹੁਭਾਸ਼ਾਵਾਂ ਦਾ ਖਾਤਮਾ ਕੀਤਾ ਗਿਆ। ਇਨ੍ਹਾਂ ਦੇਸ਼ਾਂ 'ਚ ਬਹੁਭਾਸ਼ਾਵਾਂ (ਬਰਤਾਨਵੀ ਟਾਪੂ ਸਮੂਹ 'ਤੇ ਅੰਗਰੇਜ਼ੀ ਸਿਰਫ ਇੰਗਲੈਂਡ ਦੀ ਭਾਸ਼ਾ ਸੀ; ਬਾਕੀ ਵੇਲਜ਼, ਸਕਾਟਲੈਂਡ ਤੇ ਆਇਰਲੈਂਡ ਵਿਚ ਪੀ ਸੈਲਟਿਕ ਅਤੇ ਨਿਊ ਸੈਲਟਿਕ ਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ) 'ਤੇ ਇਕੋ ਭਾਸ਼ਾ ਥੋਪਣ ਤੋਂ ਬਾਅਦ ਹੀ ਯੂਰਪ ਦੀਆਂ ਇਹ ਸਿਆਸੀ ਸ਼ਕਤੀਆਂ ਆਪਣੇ ਰਾਸ਼ਟਰਵਾਦ ਦੀ ਰਚਨਾ ਕਰ ਸਕੀਆਂ ਸਨ।


ਜਿਸ ਦੇਸ਼ ਨੇ ਆਪਣੀ ਆਜ਼ਾਦੀ ਆਪਣੀਆਂ ਭਾਸ਼ਾਵਾਂ ਰਾਹੀਂ ਕੀਤੀ ਗਈ ਸਿਆਸੀ ਗੋਲਬੰਦੀ ਦੇ ਆਧਾਰ 'ਤੇ ਹਾਸਲ ਕੀਤੀ, ਉਹੀ ਦੇਸ਼ ਗਿਆਨ ਰਚਨਾ ਅਤੇ ਰਾਜ ਨਿਰਮਾਣ ਲਈ ਅੱਜ ਵੀ ਅੰਗਰੇਜ਼ੀ ਦਾ ਮੁਹਤਾਜ ਹੈ। ਉਚ ਸਿੱਖਿਆ ਵਿਚ ਅੰਗਰੇਜ਼ੀ ਨੂੰ ਮਾਧਿਅਮ ਬਣਾਈ ਰੱਖਣ ਦਾ ਨਤੀਜਾ ਇਹ ਨਿਕਲਿਆ ਕਿ ਦੇਸ਼ ਭਰ ਵਿਚ ਇਕ ਭਾਸ਼ਾਈ ਫਿੱਕ ਪੈਦਾ ਹੋ ਗਈ ਹੈ। ਇਕ ਪਾਸੇ ਮੁੱਠੀ ਭਰ ਅੰਗਰੇਜ਼ੀ ਬੋਲਣ ਵਾਲੇ ਹਨ ਅਤੇ ਦੂਜੇ ਪਾਸੇ 100 ਕਰੋੜ ਤੋਂ ਵੱਧ ਭਾਰਤੀ ਭਾਸ਼ਾਵਾਂ ਬੋਲਣ ਵਾਲੇ ਲੋਕ ਹਨ ਜੋ ਅੰਗਰੇਜ਼ੀ ਨਾ ਜਾਣਨ ਕਾਰਨ ਹੀਣਭਾਵਨਾ ਦਾ ਸ਼ਿਕਾਰ ਹਨ। ਇਹ ਦ੍ਰਿਸ਼ ਉਚ ਸਿੱਖਿਆ ਦੇ ਦਾਇਰੇ ਵਿਚ ਸਭ ਤੋਂ ਜ਼ਿਆਦਾ ਹੈ।

ਦਿੱਲੀ ਯੂਨੀਵਰਸਿਟੀ ਨੂੰ ਹੀ ਲਓ। ਉਥੋਂ ਦੇ ਰਾਜਨੀਤਕ ਸ਼ਾਸਤਰ ਵਿਭਾਗ ਵਿਚ 65 ਫੀਸਦੀ ਵਿਦਿਆਰਥੀ ਹਿੰਦੀ ਮਾਧਿਅਮ ਦੇ ਹਨ ਪਰ ਪ੍ਰੋਫੈਸਰ ਜਮਾਤ 'ਚ ਅੰਗਰੇਜ਼ੀ ਬੋਲਦੇ ਹਨ, ਕਿਉਂਕਿ ਉਨ੍ਹਾਂ ਕੋਲ ਹਿੰਦੀ ਵਿਚ ਪੜ੍ਹਾਉਣ ਦੀ ਸਿੱਖਿਆ ਹੀ ਨਹੀਂ ਹੈ। ਵਿਦਿਆਰਥੀਆਂ ਨੂੰ ਅੱਧੀ ਗੱਲ ਸਮਝ ਆਉਂਦੀ ਹੈ, ਅੱਧੀ ਨਹੀਂ। ਉਹ ਇਮਤਿਹਾਨਾਂ ਵਿਚ ਆਪਣੀ ਉਤਰ ਪੱਤਰੀ ਵਿਚ ਸਵਾਲਾਂ ਦੇ ਜਵਾਬ ਹਿੰਦੀ ਵਿਚ ਲਿਖਦੇ ਹਨ। ਕਾਪੀ ਚੈੱਕ ਕਰਨ ਵਾਲੇ ਉਨ੍ਹਾਂ ਦੇ ਜਵਾਬਾਂ ਨੂੰ ਗੰਭੀਰਤਾ ਨਾਲ ਚੈੱਕ ਹੀ ਨਹੀਂ ਕਰਦੇ। ਇਸੇ ਕਾਰਨ ਹਿੰਦੀ ਦੇ ਵਿਦਿਆਰਥੀਆਂ ਨੂੰ ਘੱਟ ਅੰਕ ਮਿਲਦੇ ਹਨ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਤਾਂ ਹਾਲ ਇਹ ਹੈ ਕਿ ਹਿੰਦੀ ਵਿਚ ਲਿਖਣ ਨੂੰ ਉਤਸ਼ਾਹਿਤ ਹੀ ਨਹੀਂ ਕੀਤਾ ਜਾਂਦਾ।

ਇਨ੍ਹਾਂ ਹਾਲਾਤ ਕਾਰਨ ਭਾਰਤੀ ਭਾਸ਼ਾਵਾਂ ਰਚਨਾਤਮਿਕ ਸਾਹਿਤ, ਮਨੋਰੰਜਨ, ਪੱਤਰਕਾਰੀ ਅਤੇ ਸਿਆਸੀ ਪ੍ਰਚਾਰ ਤੱਕ ਸਿਮਟ ਗਈਆਂ ਹਨ। ਭਾਰਤ ਅਜਿਹਾ ਦੇਸ਼ ਹੈ ਜੋ ਆਪਣਾ ਗਿਆਨ ਆਪਣੀਆਂ ਭਾਸ਼ਾਵਾਂ ਵਿਚ ਪੈਦਾ ਨਹੀਂ ਕਰਦਾ। ਉਸ ਦੇ ਲੋਕਤੰਤਰੀ ਰਾਜ ਦੀਆਂ ਨਿਯਮਾਂਵਲੀਆਂ, ਕਾਨੂੰਨ ਅਤੇ ਵਿਧੀਆਂ ਉਸ ਦੀ ਆਪਣੀ ਭਾਸ਼ਾ ਵਿਚ ਜਾਰੀ ਨਹੀਂ ਹੁੰਦੀਆਂ। ਜਦੋਂ ਤੱਕ ਇਹ ਚਲਦਾ ਰਹੇਗਾ, ਸਾਡਾ ਰਾਸ਼ਟਰਵਾਦ ਅਤੇ ਲੋਕਤੰਤਰ ਅਧੂਰਾ ਹੀ ਰਹੇਗਾ।

# ਭਾਰਤ 'ਚ ਸੂਈ ਤੇ ਤਲਵਾਰ ਤੋਂ ਵੱਧ ਸਰਗਰਮ ਹੈ ਕੈਂਚੀ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਡੇ ਇਹ ਸਤਰਾਂ ਲਿਖਣ ਵੇਲੇ ਤੱਕ ਭਾਰਤ ਦੇ ਲੋਕਾਂ ਨੂੰ ਝਟਕਾ ਦੇਣ ਵਾਲੀ ਇਹ ਵੱਡੀ ਖਬਰ ਮਿਲ ਚੁਕੀ ਹੈ ਕਿ ਇਸ ਦੇਸ਼ ਦੀ ਸਰਕਾਰ ਦਾ ਵੱਡੀਆਂ ਖਾਹਿਸ਼ਾਂ ਵਾਲਾ ਅਤੇ ਬਹੁਤ ਪ੍ਰਚਾਰਿਆ ਗਿਆ ਚੰਦਰਯਾਨ-ਦੋ ਮਿਸ਼ਨ ਐਨ ਚੰਦ ਦੀ ਫਿਰਨੀ 'ਤੇ ਪਹੁੰਚ ਕੇ ਹੱਥੋਂ ਛੁਟਣ ਵਾਲੀ ਗੱਲ ਹੋ ਗਈ ਹੈ। ਇਸ ਦੇ ਨਾਲ ਸਾਨੂੰ ਵੀ ਓਨਾ ਹੀ ਝਟਕਾ ਲੱਗਾ ਹੈ, ਜਿੰਨਾ ਕਿਸੇ ਉਸ ਹੋਰ ਭਾਰਤੀ ਨੂੰ ਲੱਗਾ ਹੋਵੇਗਾ, ਜੋ ਦੇਸ਼ ਦਾ ਨਾਂ ਰੋਸ਼ਨ ਹੁੰਦਾ ਵੇਖਣਾ ਚਾਹੁੰਦਾ ਹੈ। ਚੰਦਰਯਾਨ ਮਿਸ਼ਨ ਕਾਮਯਾਬ ਹੁੰਦਾ ਤਾਂ ਭਾਰਤ ਦਾ ਜੋ ਨਾਂ ਬਣਨਾ ਸੀ, ਉਹ ਵੱਖਰੀ ਗੱਲ ਸੀ, ਇਸ ਦਾ ਸਮੁੱਚੀ ਮਨੁੱਖਤਾ ਦੇ ਲਈ ਵੀ ਕਈ ਤਰ੍ਹਾਂ ਦਾ ਲਾਭ ਹੋਣਾ ਸੀ, ਜੋ ਹੋਣੋਂ ਰਹਿ ਗਿਆ ਹੈ। ਅਸੀਂ ਪ੍ਰਧਾਨ ਮੰਤਰੀ ਦੇ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਅਜਿਹੇ ਉਤਰਾ-ਚੜ੍ਹਾਅ ਆਉਂਦੇ ਰਹਿੰਦੇ ਅਤੇ ਠੇਡੇ ਵੀ ਲੱਗਦੇ ਰਹਿੰਦੇ ਹਨ, ਇਸ ਲਈ ਦਿਲ ਛੋਟਾ ਕਰਨ ਦੀ ਥਾਂ ਅਗਲੇ ਯਤਨ ਵੱਲ ਧਿਆਨ ਦੇਣਾ ਚਾਹੀਦਾ ਹੈ।

ਬਹੁਤ ਸਾਰੇ ਲੋਕ ਸਿਰਫ ਇਥੋਂ ਤੱਕ ਸੀਮਤ ਹੋ ਸਕਦੇ ਹਨ, ਪਰ ਸਾਡੀ ਸੋਚ ਕਿਸੇ ਨੂੰ ਠੀਕ ਲੱਗੇ ਜਾਂ ਨਾ, ਇਹ ਕਹਿਣ ਵਿਚ ਸਾਨੂੰ ਝਿਜਕ ਨਹੀਂ ਕਿ ਇਸ ਤਰ੍ਹਾਂ ਦੇ ਕੰਮਾਂ ਮੌਕੇ ਪ੍ਰਧਾਨ ਮੰਤਰੀ ਦਾ ਹਰ ਵਾਰੀ ਮੌਜੂਦ ਹੋਣਾ ਸਾਨੂੰ ਠੀਕ ਨਹੀਂ ਲੱਗਦਾ। ਜੋ ਸਮਾਂ ਸਾਡੇ ਸਾਇੰਸਦਾਨਾਂ ਨੂੰ ਆਪਣੇ ਮਿਸ਼ਨ ਲਈ ਸਮਰਪਿਤ ਕਰਨਾ ਚਾਹੀਦਾ ਹੈ, ਉਸੇ ਦੌਰਾਨ ਜਦੋਂ ਪ੍ਰਧਾਨ ਮੰਤਰੀ ਸਿਰਹਾਣੇ ਜਾ ਬੈਠਦਾ ਹੈ ਤਾਂ ਉਸ ਵਕਤ ਪਰੋਟੋਕੋਲ ਦਾ ਖਿਆਲ ਰੱਖਣ ਲਈ ਕੁਝ ਨਾ ਕੁਝ ਸਮਾਂ ਓਧਰ ਵੀ ਲੱਗਦਾ ਹੈ ਤੇ ਅਸਲ ਕੰਮ ਵੱਲੋਂ ਧਿਆਨ ਲਾਂਭੇ ਪੈਂਦਾ ਹੈ। ਬੱਚਿਆਂ ਨੂੰ ਵੀ ਪੁੱਛੋ ਤਾਂ ਇਹ ਗੱਲ ਕਹਿਣਗੇ ਕਿ ਸਾਰਾ ਕੁਝ ਆਉਂਦਾ ਹੁੰਦਿਆਂ ਵੀ ਜਦੋਂ ਟੀਚਰ ਸਿਰਹਾਣੇ ਆਣ ਖੜੋਂਦਾ ਹੈ ਤਾਂ ਕਈ ਵਾਰ ਏਸੇ ਤਰ੍ਹਾਂ ਦੇ ਦਬਾਅ ਹੇਠ ਬੱਚਿਆਂ ਦੇ ਹੱਥ ਕੰਬਣ ਲੱਗਦੇ ਹਨ ਤੇ ਕਈ ਕੁਝ ਭੁੱਲ ਜਾਂਦਾ ਹੈ। ਸਾਇੰਸਦਾਨਾਂ ਦੀ ਪਿੱਠ ਥਾਪੜਨ ਦਾ ਕੰਮ ਦਿੱਲੀ ਵਿਚ ਬੈਠੇ ਵੀ ਹੋ ਸਕਦਾ ਹੈ ਤੇ ਉਨ੍ਹਾਂ ਕੋਲ ਇੱਕ ਦਿਨ ਬਾਅਦ ਵੀ ਜਾਇਆ ਜਾ ਸਕਦਾ ਹੈ, ਪਰ ਇਹ ਗੱਲ ਮੌਕੇ ਦੇ ਮਾਲਕਾਂ ਨੂੰ ਕਹਿਣ ਦੀ ਜੁਰਅੱਤ ਸਾਇੰਸਦਾਨਾਂ ਕੀ, ਵੱਡੇ ਅਫਸਰਾਂ ਦੀ ਵੀ ਨਹੀਂ ਹੋ ਸਕਦੀ।

ਦੇਸ਼ ਦੇ ਪ੍ਰਧਾਨ ਮੰਤਰੀ ਨੇ ਸਾਇੰਸਦਾਨਾਂ ਨੂੰ ਠੀਕ ਕਿਹਾ ਹੈ ਕਿ ਏਦਾਂ ਦੇ ਹਾਦਸੇ ਤੋਂ ਦੁਖੀ ਹੋਣ ਜਾਂ ਹਿੰਮਤ ਛੱਡਣ ਦੀ ਲੋੜ ਨਹੀਂ, ਅਗਲੇ ਕੰਮ ਲਈ ਜੁੱਟ ਜਾਣਾ ਚਾਹੀਦਾ ਹੈ, ਪਰ ਪ੍ਰਧਾਨ ਮੰਤਰੀ ਨੂੰ ਇਹ ਸੋਚਣ ਜੋਗਾ ਵਕਤ ਵੀ ਕੱਢਣਾ ਚਾਹੀਦਾ ਹੈ ਕਿ ਖੁਦ ਉਨ੍ਹਾਂ ਦੇ ਜ਼ਿੰਮੇ ਜੋ ਕੰਮ ਹੈ, ਉਥੇ ਵੀ ਸਥਿਤੀ ਠੀਕ ਨਹੀਂ। ਆਰਥਕ ਮੋਰਚੇ 'ਤੇ ਭਾਰਤ ਦੀ ਸਥਿਤੀ ਲਗਾਤਾਰ ਚਿੰਤਾ ਵਾਲੀ ਬਣੀ ਜਾਂਦੀ ਹੈ। ਮਾਰੂਤੀ ਵਰਗੀ ਕਾਰ ਕੰਪਨੀ ਆਪਣੇ ਮੁੱਢ ਤੋਂ ਕਦੀ ਰੁਕਦੀ ਨਹੀਂ ਵੇਖੀ ਸੀ ਤੇ ਇਸ ਹਫਤੇ ਉਸ ਨੂੰ ਆਪਣੇ ਗੁੜਗਾਂਉਂ ਤੇ ਮਾਨੇਸਰ ਵਾਲੇ ਦੋ ਪਲਾਂਟ ਦੋ ਦਿਨ ਬੰਦ ਕਰਨ ਦਾ ਐਲਾਨ ਕਰਨਾ ਪੈ ਗਿਆ ਹੈ। ਕਾਰਨ ਸਿਰਫ ਆਰਥਕ ਮੰਦੀ ਹੈ, ਜਿਸ ਨੂੰ ਸਰਕਾਰ ਨਹੀਂ ਮੰਨਦੀ। ਕੰਪਨੀ ਦੇ ਬੰਦ ਹੋਣ ਦਾ ਕਾਰਨ ਇਹ ਹੈ ਕਿ ਮਾਲ ਬਹੁਤ ਜ਼ਿਆਦਾ ਬਣ ਗਿਆ ਹੈ ਤੇ ਅੱਗੇ ਵਿਕਰੀ ਨਹੀਂ ਹੋ ਰਹੀ। ਪ੍ਰਧਾਨ ਮੰਤਰੀ ਨੂੰ ਉਸ ਤਰ੍ਹਾਂ ਦੀ ਕੋਈ ਚਿੰਤਾ ਹੀ ਨਹੀਂ, ਅਜਿਹੀ ਚਿੰਤਾ ਆਮ ਲੋਕਾਂ ਨੂੰ ਹੈ। ਉਹ ਰਾਜਨੀਤੀ ਦੀਆਂ ਅੱਠੋ-ਅੱਠ ਮਾਰ ਰਿਹਾ ਹੈ।

***ਹਾਕਮ ਪਾਰਟੀ ਨਾਲ ਰਾਜਸੀ ਪੱਖੋਂ ਬੱਝੇ ਹੋਏ ਲੋਕ ਅੱਜ ਵੀ ਪਾਰਟੀ ਦਾ ਗੁਣਗਾਨ ਕਰਦੇ ਹੋਏ ਮਿਲ ਜਾਂਦੇ ਹਨ, ਪਰ ਸਿਰਫ ਰਾਜਸੀ ਪੱਖੋਂ ਜੁੜਨ ਤੋਂ ਸਿਵਾ ਹੋਰ ਹਰ ਗੱਲ ਵਿਚ ਉਹ ਵੀ ਅਵਾਜ਼ਾਰ ਦਿਖਾਈ ਦਿੰਦੇ ਹਨ। ਪਾਰਟੀ ਉਨ੍ਹਾਂ ਦੀ ਮਜ਼ਬੂਤ ਹੈ ਤੇ ਹਰ ਆਏ ਦਿਨ ਹੋਰ ਮਜ਼ਬੂਤ ਹੋਈ ਜਾਂਦੀ ਹੈ, ਪਰ ਆਪਣੇ ਕੰਮਾਂ ਕਾਰਨ ਮਜ਼ਬੂਤ ਨਹੀਂ ਹੋ ਰਹੀ, ਇਸ ਲਈ ਹੁੰਦੀ ਜਾਂਦੀ ਹੈ ਕਿ ਜਿਹੜਾ ਆਗੂ ਕਿਸੇ ਵੀ ਪਾਰਟੀ ਵੱਲੋਂ ਕਿਸੇ ਵੇਲੇ ਕਿਸੇ ਰਾਜ ਦੀ ਸਰਕਾਰ ਜਾਂ ਕੇਂਦਰ ਦਾ ਕੋਈ ਅਹੁਦਾ ਮਾਣ ਚੁਕਾ ਹੈ, ਉਸ ਦੀ ਕੁਝ ਨਾ ਕੁਝ ਕਮਜ਼ੋਰੀ ਲੱਭ ਕੇ ਉਸ ਨੂੰ ਦੇਸ਼ ਦੀ ਕਮਾਨ ਸੰਭਾਲ ਰਹੀ ਪਾਰਟੀ ਵੱਲ ਖਿੱਚਿਆ ਜਾ ਰਿਹਾ ਹੈ। ਜਦੋਂ ਉਹ ਲੋਕ ਇਹ ਵੇਖਦੇ ਹਨ ਕਿ ਕਿਸੇ ਸਮੇਂ ਦਾ ਗ੍ਰਹਿ ਮੰਤਰੀ ਪੀ. ਚਿਦੰਬਰਮ ਰਗੜਿਆ ਗਿਆ ਤੇ ਫਲਾਣੇ-ਫਲਾਣੇ ਹੋਰ ਆਗੂਆਂ ਨੂੰ ਸੀ. ਬੀ. ਆਈ. ਦੇ ਇੱਕੋ ਸੰਮਨ ਨਾਲ ਇਹ ਸਮਝ ਪੈ ਗਈ ਹੈ ਕਿ ਦੇਸ਼ ਦੀ ਮੁੱਖ ਧਾਰਾ ਬਾਰੇ ਕਿਸੇ ਸਿਧਾਂਤ ਨਾਲ ਸੋਚਣ ਦੀ ਥਾਂ 'ਰੱਬ ਨੇੜੇ ਕਿ ਘਸੁੰਨ' ਦਾ ਇੱਕੋ ਗਜ ਰਹਿ ਗਿਆ ਹੈ ਤਾਂ ਉਹ 'ਯੋਗ ਸਮੇਂ' 'ਯੋਗ ਫੈਸਲੇ' ਲੈਣ ਲੱਗ ਪਏ ਹਨ।***

ਭਾਰਤ ਦਾ ਪ੍ਰਧਾਨ ਮੰਤਰੀ ਸਾਰੀ ਦੁਨੀਆਂ ਨੂੰ ਇਹ ਹੋਕਾ ਦੇਈ ਜਾਂਦਾ ਹੈ ਕਿ ਅਸੀਂ ਟ੍ਰਿਲੀਅਨ ਡਾਲਰ ਇਕਾਨਮੀ ਵਾਲਾ ਦੇਸ਼ ਬਣਨ ਵਾਲੇ ਹਾਂ। ਦੇਸ਼ ਟ੍ਰਿਲੀਅਨ ਡਾਲਰ ਇਕਾਨਮੀ ਵਾਲਾ ਬਣਨ ਨਾਲ ਆਮ ਆਦਮੀ ਦੀ ਜ਼ਿੰਦਗੀ 'ਤੇ ਕੀ ਅਸਰ ਪਵੇਗਾ, ਇਹ ਗੱਲ ਕਿਸੇ ਆਮ ਆਦਮੀ ਦੇ ਪੱਲੇ ਨਹੀਂ ਪੈ ਰਹੀ। ਆਮ ਆਦਮੀ ਨੂੰ ਨਾ ਟ੍ਰਿਲੀਅਨ ਦਾ ਪਤਾ ਹੈ, ਨਾ ਉਸ ਇਕਾਨਮੀ ਦੀ ਸਮਝ ਹੈ, ਜਿਸ ਦੀ ਪੂਰੀ ਸਮਝ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਵੀ ਨਹੀਂ ਜਾਪਦੀ, ਪਰ ਲੋਕਾਂ ਨੂੰ ਇਹ ਪਤਾ ਹੈ ਕਿ ਜਦੋਂ ਵੀ ਭਾਰਤ ਦੀ ਆਰਥਕ ਤਰੱਕੀ ਦੀ ਗੱਲ ਹੁੰਦੀ ਹੈ, ਆਮ ਘਰਾਂ ਦਾ ਚੁੱਲ੍ਹਾ ਬਾਲਣਾ ਪਹਿਲਾਂ ਤੋਂ ਮਹਿੰਗਾ ਹੋ ਜਾਂਦਾ ਹੈ। ਬਾਜ਼ਾਰ ਵਿਚ ਖਾਣ-ਪੀਣ ਅਤੇ ਪਹਿਨਣ ਵਾਲੀ ਹਰ ਚੀਜ਼ ਹੋਰ ਮਹਿੰਗੀ ਹੋ ਜਾਂਦੀ ਹੈ। ਕਾਰੋਬਾਰੀ ਜਮਾਤ ਦੇ ਜੋ ਲੋਕ ਪਹਿਲਾਂ ਇਸ ਪ੍ਰਧਾਨ ਮੰਤਰੀ ਦੇ ਵਿਖਾਏ ਸੁਫਨਿਆਂ ਨੂੰ ਆਪਣੇ ਕੋਲ ਆਏ ਗ੍ਰਾਹਕਾਂ ਅੱਗੇ ਮੁਫਤ ਪਰੋਸਣ ਦਾ ਕੰਮ ਬੜੇ ਸ਼ੌਕ ਨਾਲ ਕਰਦੇ ਹੁੰਦੇ ਸਨ, ਅੱਜ ਕੱਲ ਕਰਨ ਤੋਂ ਹਟਦੇ ਜਾਂਦੇ ਹਨ।

ਹਾਕਮ ਪਾਰਟੀ ਨਾਲ ਰਾਜਸੀ ਪੱਖੋਂ ਬੱਝੇ ਹੋਏ ਲੋਕ ਅੱਜ ਵੀ ਪਾਰਟੀ ਦਾ ਗੁਣਗਾਨ ਕਰਦੇ ਹੋਏ ਮਿਲ ਜਾਂਦੇ ਹਨ, ਪਰ ਸਿਰਫ ਰਾਜਸੀ ਪੱਖੋਂ ਜੁੜਨ ਤੋਂ ਸਿਵਾ ਹੋਰ ਹਰ ਗੱਲ ਵਿਚ ਉਹ ਵੀ ਅਵਾਜ਼ਾਰ ਦਿਖਾਈ ਦਿੰਦੇ ਹਨ। ਪਾਰਟੀ ਉਨ੍ਹਾਂ ਦੀ ਮਜ਼ਬੂਤ ਹੈ ਤੇ ਹਰ ਆਏ ਦਿਨ ਹੋਰ ਮਜ਼ਬੂਤ ਹੋਈ ਜਾਂਦੀ ਹੈ, ਪਰ ਆਪਣੇ ਕੰਮਾਂ ਕਾਰਨ ਮਜ਼ਬੂਤ ਨਹੀਂ ਹੋ ਰਹੀ, ਇਸ ਲਈ ਹੁੰਦੀ ਜਾਂਦੀ ਹੈ ਕਿ ਜਿਹੜਾ ਆਗੂ ਕਿਸੇ ਵੀ ਪਾਰਟੀ ਵੱਲੋਂ ਕਿਸੇ ਵੇਲੇ ਕਿਸੇ ਰਾਜ ਦੀ ਸਰਕਾਰ ਜਾਂ ਕੇਂਦਰ ਦਾ ਕੋਈ ਅਹੁਦਾ ਮਾਣ ਚੁਕਾ ਹੈ, ਉਸ ਦੀ ਕੁਝ ਨਾ ਕੁਝ ਕਮਜ਼ੋਰੀ ਲੱਭ ਕੇ ਉਸ ਨੂੰ ਦੇਸ਼ ਦੀ ਕਮਾਨ ਸੰਭਾਲ ਰਹੀ ਪਾਰਟੀ ਵੱਲ ਖਿੱਚਿਆ ਜਾ ਰਿਹਾ ਹੈ। ਜਦੋਂ ਉਹ ਲੋਕ ਇਹ ਵੇਖਦੇ ਹਨ ਕਿ ਕਿਸੇ ਸਮੇਂ ਦਾ ਗ੍ਰਹਿ ਮੰਤਰੀ ਪੀ. ਚਿਦੰਬਰਮ ਰਗੜਿਆ ਗਿਆ ਤੇ ਫਲਾਣੇ-ਫਲਾਣੇ ਹੋਰ ਆਗੂਆਂ ਨੂੰ ਸੀ. ਬੀ. ਆਈ. ਦੇ ਇੱਕੋ ਸੰਮਨ ਨਾਲ ਇਹ ਸਮਝ ਪੈ ਗਈ ਹੈ ਕਿ ਦੇਸ਼ ਦੀ ਮੁੱਖ ਧਾਰਾ ਬਾਰੇ ਕਿਸੇ ਸਿਧਾਂਤ ਨਾਲ ਸੋਚਣ ਦੀ ਥਾਂ 'ਰੱਬ ਨੇੜੇ ਕਿ ਘਸੁੰਨ' ਦਾ ਇੱਕੋ ਗਜ ਰਹਿ ਗਿਆ ਹੈ ਤਾਂ ਉਹ 'ਯੋਗ ਸਮੇਂ' 'ਯੋਗ ਫੈਸਲੇ' ਲੈਣ ਲੱਗ ਪਏ ਹਨ।

ਚੰਦਰਯਾਨ-2 ਆਖਰੀ ਸਿਰੇ 'ਤੇ ਪਹੁੰਚ ਕੇ ਸਾਥ ਨਾ ਛੱਡ ਜਾਂਦਾ ਤਾਂ ਅਗਲਾ ਇੱਕ ਮਹੀਨਾ ਇਸ ਦੇ ਆਸਰੇ ਹੀ ਰਾਜਸੀ ਲੀਡਰਸ਼ਿਪ ਦੀ ਅਜਿਹੀ ਮਹਿਮਾ ਗਾਈ ਜਾਣੀ ਸੀ ਕਿ ਕਿਸੇ ਨੂੰ ਹੋਰ ਕੋਈ ਮੁੱਦਾ ਚੇਤੇ ਹੀ ਨਹੀਂ ਸੀ ਆਉਣ ਦਿੱਤਾ ਜਾਣਾ। ਅਜਿਹੇ ਮੁੱਦਿਆਂ ਦੀ ਕਿਰਪਾ ਹੈ ਕਿ ਦੇਸ਼ ਦੇ ਲੋਕਾਂ ਨੂੰ ਕਦੇ ਇਹ ਯਾਦ ਨਹੀਂ ਰਹਿੰਦਾ ਕਿ ਪ੍ਰਧਾਨ ਮੰਤਰੀ ਨੇ ਪੰਜ ਸਾਲ ਪਹਿਲਾਂ ਕੀ ਕਿਹਾ ਸੀ ਜਾਂ ਪੰਜ ਸਾਲ ਲੰਘਣ ਤੱਕ ਪੰਜ ਸਾਲ ਪਹਿਲਾਂ ਦਾ ਕਿਹਾ ਭੁਲਾਉਣ ਨੂੰ ਕਿਹੜਾ ਦਾਅ ਵਰਤਿਆ ਸੀ, ਉਸ ਦੀ ਥਾਂ ਤੇਜ਼ ਰਫਤਾਰ ਫਿਲਮ ਵਾਂਗ ਨਵਾਂ ਦ੍ਰਿਸ਼ ਅੱਖਾਂ ਮੂਹਰੇ ਆ ਜਾਂਦਾ ਹੈ। ਤਰੱਕੀ ਵੇਖਣ ਦੇ ਲਈ ਮਨ ਕਰਦਾ ਹੋਵੇ ਤਾਂ ਚੰਦਰਯਾਨ-2 ਦੇ ਬਾਅਦ ਚੰਦਰਯਾਨ-3 ਨੂੰ ਉਡੀਕਣ ਦੀ ਲੋੜ ਨਹੀਂ, ਸਰਕਾਰੀ ਅੰਕੜਿਆਂ ਵਿਚੋਂ ਹੀ ਬਥੇਰਾ ਕੁਝ ਦਿਖਾਈ ਦੇ ਜਾਂਦਾ ਹੈ।

'ਬੇਟੀ ਬਚਾਓ, ਬੇਟੀ ਪੜ੍ਹਾਓ' ਵਾਲੇ ਦੌਰ ਵਿਚ ਦੇਸ਼ ਦੀਆਂ ਧੀਆਂ ਦੇ ਨਾਲ ਉਹੋ ਕੁਝ, ਸਗੋਂ ਉਸ ਤੋਂ ਵੱਧ ਹੋਈ ਜਾ ਰਿਹਾ ਹੈ, ਜੋ ਕੁਝ ਕਾਂਗਰਸੀ ਰਾਜ ਵਿਚ ਹੁੰਦਾ ਸੀ ਅਤੇ ਭਾਜਪਾ ਭੰਡੀ ਕਰ ਕੇ ਉਸ ਦੇ ਮੁਕਾਬਲੇ ਆਪਣੇ-ਆਪ ਨੂੰ 'ਵੱਖਰੀ-ਨਿਆਰੀ ਪਾਰਟੀ' ਆਖਦੀ ਹੁੰਦੀ ਸੀ। ਉਨ੍ਹਾਂ ਦੇ ਵਿਧਾਇਕ ਅਤੇ ਮੰਤਰੀ ਜੋ ਪੁੱਠੇ ਕੰਮ ਕਰਿਆ ਕਰਦੇ ਸਨ, ਅੱਜ ਕੱਲ ਉਹੋ ਸਭ, ਸਗੋਂ ਉਨ੍ਹਾਂ ਦਾ ਰਿਕਾਰਡ ਤੋੜਨ ਵਾਂਗ ਭਾਜਪਾ ਦੇ ਆਗੂ ਤੇ ਮੰਤਰੀ ਕਰਦੇ ਹਨ। ਪਹਿਲਾਂ ਹਰ ਸਕੈਂਡਲ ਵਿਚ ਉਨ੍ਹਾਂ ਦਾ ਨਾਂ ਆਉਂਦਾ ਸੀ, ਅੱਜ ਹਰ ਸਕੈਂਡਲਬਾਜ਼ ਭਾਜਪਾ ਵਿਚ ਆਉਣ ਨੂੰ ਕਾਹਲਾ ਹੋਇਆ ਪਿਆ ਹੈ। ਜਿੱਥੇ ਇਹੋ ਜਿਹੀ ਧਾੜ ਇਕੱਠੀ ਹੋਈ ਜਾਂਦੀ ਹੈ, ਉਥੇ ਇਹੋ ਕੁਝ ਹੋਣਾ ਹੈ।

ਸਭ ਤੋਂ ਭੈੜਾ ਹਾਲ ਬੇਰੁਜ਼ਗਾਰੀ ਦੇ ਪੱਖ ਤੋਂ ਹੈ। ਨੌਕਰੀਆਂ ਨਵੀਆਂ ਨਿਕਲ ਨਹੀਂ ਰਹੀਆਂ ਤੇ ਆਰਥਕ ਮੰਦੀ ਦੇ ਅਸਰ ਕਾਰਨ ਹੋਰ ਖੇਤਰਾਂ ਵਿਚੋਂ ਛਾਂਟੀ ਹੋਣ ਵਾਲਾ ਖਤਰਾ ਪੈਦਾ ਹੋ ਰਿਹਾ ਹੈ। ਹਾਲੇ ਅੱਠ ਮਹੀਨੇ ਪਹਿਲਾਂ ਪਾਰਲੀਮੈਂਟ ਦੇ ਸਾਹਮਣੇ ਇਹ ਗੱਲ ਮੰਨੀ ਗਈ ਕਿ ਦੇਸ਼ ਦੇ ਕਰੀਬ ਇੱਕ ਲੱਖ ਸਕੂਲਾਂ ਵਿਚ ਸਿਰਫ ਇਕ ਇਕ ਅਧਿਆਪਕ ਸਾਰਾ ਕੰਮ ਚਲਾ ਰਿਹਾ ਹੈ। ਅਜਿਹੇ ਸਕੂਲਾਂ ਵਿਚ ਅਠਾਰਾਂ ਹਜ਼ਾਰ ਤੋਂ ਵੱਧ ਮੱਧ ਪ੍ਰਦੇਸ਼ ਦੇ ਸਨ, ਜਿੱਥੇ ਭਾਜਪਾ ਦਾ ਚੌਦਾਂ ਤੋਂ ਵੱਧ ਸਾਲ ਰਾਜ ਰਿਹਾ ਤੇ ਪਿਛਲੇ ਦਸੰਬਰ ਵਿਚ ਸਰਕਾਰ ਬਦਲੀ ਹੈ।

ਦੂਜਾ ਨੰਬਰ ਬਾਰਾਂ ਹਜ਼ਾਰ ਏਦਾਂ ਦੇ ਸਕੂਲਾਂ ਨਾਲ ਰਾਜਸਥਾਨ ਦਾ ਹੈ ਅਤੇ ਉਥੇ ਵੀ ਪਿਛਲੇ ਦਸੰਬਰ ਤੱਕ ਭਾਜਪਾ ਸਰਕਾਰ ਸੀ। ਤੀਜਾ ਨੰਬਰ ਉੱਤਰ ਪ੍ਰਦੇਸ਼ ਦਾ ਹੈ, ਜਿੱਥੇ ਪਿਛਲੇ ਢਾਈ ਸਾਲਾਂ ਤੋਂ ਭਾਜਪਾ ਦਾ ਰਾਜ ਹੈ ਅਤੇ ਚੌਥਾ ਝਾਰਖੰਡ ਦਾ ਹੈ, ਜਿੱਥੇ ਪਿਛਲੇ ਪੰਜ ਸਾਲਾਂ ਤੋਂ ਭਾਜਪਾ ਦੀ ਅਗਵਾਈ ਹੇਠ ਸਰਕਾਰ ਚੱਲ ਰਹੀ ਹੈ। ਇਨ੍ਹਾਂ ਸਕੂਲਾਂ ਵਾਸਤੇ ਸਰਕਾਰ ਨੂੰ ਕਦੀ ਚੇਤਾ ਹੀ ਨਹੀਂ ਆਇਆ। ਭਾਰਤ ਵਿਚ ਜਿੱਥੇ ਹਰ ਸਾਲ ਨਵੇਂ ਸਕੂਲ ਅਤੇ ਕਾਲਜ ਖੁੱਲ੍ਹਣ ਦੀ ਗੱਲ ਸੁਣਿਆ ਕਰਦੀ ਸੀ, ਪਿਛਲੇਰੇ ਸਾਲ ਇੱਕ ਸੌ ਤੋਂ ਵੱਧ ਕਾਲਜ ਬੰਦ ਹੋਣ ਦੀ ਖਬਰ ਆਈ ਸੀ, ਪਿਛਲੇ ਸਾਲ ਅਠੱਤਰ ਬੰਦ ਹੋਏ ਸਨ ਅਤੇ ਅਗਲੇ ਸਾਲ ਪਝੱਤਰ ਹੋਰ ਬੰਦ ਹੋਣ ਵਾਲੇ ਸੁਣੇ ਜਾਂਦੇ ਹਨ। ਇਨ੍ਹਾਂ ਵਿਦਿਅਕ, ਟੈਕਨੀਕਲ ਤੇ ਡਾਕਟਰੀ ਕਾਲਜਾਂ ਨੂੰ ਬੰਦ ਕਰਨ ਦੀ ਨੌਬਤ ਕਿਉਂ ਆ ਰਹੀ ਹੈ, ਇਸ ਬਾਰੇ ਸੋਚਣ ਦੀ ਨਾ ਕੋਈ ਲੋੜ ਸਮਝਦਾ ਹੈ ਤੇ ਨਾ ਕਿਸੇ ਕੋਲ ਇਸ ਕੰਮ ਜੋਗਾ ਸਮਾਂ ਹੀ ਬਚਿਆ ਹੈ।

ਇੱਕੋ ਮਕਸਦ ਸਰਕਾਰ ਦਾ ਰਹਿ ਗਿਆ ਹੈ ਕਿ ਸਾਰੇ ਦੇਸ਼ ਵਿਚ ਇੱਕੋ ਪਾਰਟੀ ਦਾ ਏਦਾਂ ਦਾ ਰਾਜ ਹੋਣਾ ਚਾਹੀਦਾ ਹੈ ਕਿ ਵਿਚਾਲੇ ਕਿਸੇ ਹੋਰ ਦਾ ਝੰਡਾ ਦਿਖਾਈ ਨਾ ਦੇਵੇ। ਲੋਕਤੰਤਰ ਇਹ ਤਾਂ ਨਹੀਂ ਹੁੰਦਾ। ਲੋਕਤੰਤਰ ਵਿਚ ਹਰ ਕਿਸਮ ਦੇ ਵਿਚਾਰਾਂ ਨੂੰ ਥਾਂ ਦੇਣੀ ਹੁੰਦੀ ਹੈ। ਇਥੇ ਹਰ ਹੋਰ ਸੋਚ ਨੂੰ ਠੱਪ ਕੇ ਸਿਰਫ ਇੱਕੋ ਪਾਰਟੀ ਤੇ ਇੱਕੋ ਸੋਚ ਦੇ ਰਾਜ ਦੀ ਕਲਪਨਾ ਨੂੰ ਲੋਕਤੰਤਰ ਦਾ ਨਵਾਂ ਨਮੂਨਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇੱਕ ਅਖਾਣ ਹੈ ਕਿ ਸੂਈ ਦਾ ਕੰਮ ਤਲਵਾਰ ਨਹੀਂ ਕਰ ਸਕਦੀ ਤੇ ਤਲਵਾਰ ਦਾ ਕੰਮ ਸੂਈ ਨਹੀਂ ਕਰ ਸਕਦੀ। ਸਾਡਾ ਲੋਕਤੰਤਰ ਇਸ ਜਿੱਲ੍ਹਣ ਵਿਚ ਫਸਿਆ ਜਾਪਦਾ ਹੈ, ਜਿੱਥੇ ਸਿਊਣ-ਪਰੋਣ ਦਾ ਆਪਣਾ ਕੰਮ ਸੂਈ ਕਰੀ ਜਾਂਦੀ ਹੈ, ਜਿਸ ਵਿਚ ਪੁਲਾੜ ਵਿਗਿਆਨੀਆਂ ਤੇ ਸਿਹਤ ਸੇਵਾਵਾਂ ਤੋਂ ਲੈ ਕੇ ਵਿਕਾਸ ਦੇ ਹਰ ਖੇਤਰ ਦੇ ਲੋਕ ਸ਼ਾਮਲ ਹਨ। ਦੇਸ਼ ਦੀ ਰਾਖੀ ਦਾ ਤਲਵਾਰ ਵਾਲਾ ਕੰਮ ਫੌਜ ਅਤੇ ਹੋਰ ਸੁਰੱਖਿਆ ਸੇਵਾਵਾਂ ਦੇ ਲੋਕ ਵੀ ਕਰੀ ਜਾ ਰਹੇ ਹਨ। ਇਨ੍ਹਾਂ ਦੋਹਾਂ-ਸੂਈ ਅਤੇ ਤਲਵਾਰ ਵਿਚਾਲੇ ਹੋਰ ਤਿੱਖੀ ਚੀਜ਼ ਕੈਂਚੀ ਉਭਰਦੀ ਜਾਪਦੀ ਹੈ, ਜੋ ਇਸ ਦੇਸ਼ ਦੀ ਏਕਤਾ ਨੂੰ ਪੈਂਦੇ ਕਿਸੇ ਲੰਗਾਰ ਨੂੰ ਸਿਊਣ ਤੇ ਭਰਨ ਦਾ ਕੰਮ ਕਰਨ ਜੋਗੀ ਤਾਂ ਨਹੀਂ, ਚੀਰਨ ਅਤੇ ਲੀਰਾਂ ਕਰਨ ਦੀ ਮਾਹਰ ਹੈ। ਉਹ ਕੈਂਚੀ ਹੀ ਇਸ ਵਕਤ ਵੇਖ ਕੇ ਅਣਗੌਲੀ ਕੀਤੀ ਜਾ ਰਹੀ ਹੈ।

# ਗੁਜਰਾਤ ਮਾਡਲ ਦੀ ਭੇਟ ਚੜ੍ਹੀ ਭਾਰਤੀ ਆਰਥਕਤਾ !

ਭਖਦੇ ਮਸਲੇ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿਸ ਗੁਜਰਾਤ ਮਾਡਲ ਦੇ ਦਮ 'ਤੇ ਦੇਸ਼ ਦੀ ਅਰਥ ਵਿਵਸਥਾ ਨੂੰ ਸੁਧਾਰ ਕੇ 'ਅੱਛੇ ਦਿਨ' ਲਿਆਉਣ ਦੇ ਸੁਪਨੇ ਦੇਸ਼ ਵਾਸੀਆਂ ਨੂੰ ਦਿਖਾ ਰਹੇ ਸਨ, ਉਸ ਗੁਜਰਾਤ ਮਾਡਲ ਦਾ ਤਲਿਸਮ ਬੁਰੀ ਤਰ੍ਹਾਂ ਟੁੱਟ ਚੁਕਾ ਹੈ। ਇਹ ਵੱਖਰੀ ਗੱਲ ਹੈ ਕਿ ਭਾਜਪਾ ਦੀ ਕੇਂਦਰ ਸਰਕਾਰ ਨੂੰ ਕੰਧ 'ਤੇ ਲਿਖਿਆ ਪੜ੍ਹਨ ਲਈ 3 ਸਾਲ ਲੱਗ ਗਏ। ਕਾਰਨ ਇਹ ਹੈ ਕਿ

ਹਰਜਿੰਦਰ ਸਿੰਘ ਗੁਲਪੁਰ
ਫੋਨ: 0061411218801

ਸਰਕਾਰ ਨੇ ਨਰਿੰਦਰ ਮੋਦੀ-ਅਮਿਤ ਸ਼ਾਹ ਜੋੜੀ ਦੀ ਅਗਵਾਈ ਤਹਿਤ ਦੇਸ਼ ਦੀ ਅਰਥ ਵਿਵਸਥਾ ਵੱਲ ਧਿਆਨ ਦੇਣ ਦੀ ਥਾਂ ਅਜਿਹੇ ਸਿਆਸੀ ਤੇ ਸਮਾਜਕ ਮੁੱਦਿਆਂ ਵੱਲ ਧਿਆਨ ਕੇਂਦ੍ਰਿਤ ਕਰ ਦਿੱਤਾ, ਜੋ ਕਾਫੀ ਸਮੇਂ ਤੋਂ ਉਸ ਦੇ ਨੱਕ ਦਾ ਸਵਾਲ ਬਣੇ ਹੋਏ ਸਨ। ਮਸਲਨ ਕਸ਼ਮੀਰ 'ਚੋਂ ਧਾਰਾ 370 ਖਤਮ ਕਰਨਾ, ਲੱਦਾਖ ਨੂੰ ਕੇਂਦਰੀ ਸਾਸ਼ਤ ਇਲਾਕਾ ਘੋਸ਼ਿਤ ਕਰਨਾ, ਤੀਨ ਤਲਾਕ ਦਾ ਮਾਮਲਾ ਅਤੇ ਜੀ. ਡੀ. ਪੀ. ਸਬੰਧੀ ਕਾਨੂੰਨ ਬਣਾਉਣਾ ਆਦਿ।

ਇਸ ਤਲਿਸਮ ਦੇ ਟੁੱਟਣ ਦੀ ਸ਼ੁਰੂਆਤ 8 ਨਵੰਬਰ 2016 ਨੂੰ ਮੋਦੀ ਦੇ ਨੋਟਬੰਦੀ ਦੇ ਐਲਾਨ ਨਾਲ ਹੋ ਗਈ ਸੀ। ਰਹਿੰਦੀ ਖੂੰਹਦੀ ਕਸਰ ਉਸ ਪਿਛੋਂ ਲਏ ਫੈਸਲਿਆਂ ਅਤੇ ਚਾਲੂ ਸਾਲ ਦੇ ਬਜਟ ਨੇ ਪੂਰੀ ਕਰ ਦਿੱਤੀ। ਜਿਸ ਅਰਥ ਵਿਵਸਥਾ ਦੀ ਸਮੁੱਚੀ ਘਰੇਲੂ ਉਤਪਾਦ (ਜੀ. ਡੀ. ਪੀ.) ਦੀ ਵਾਧਾ ਦਰ ਨੂੰ ਬਜਟ ਵਿਚ 8 ਫੀਸਦੀ ਰੱਖਿਆ ਗਿਆ ਸੀ, ਉਹ ਚਾਲੂ ਸਾਲ ਦੀ ਪਹਿਲੀ ਤਿਮਾਹੀ ਵਿਚ 5 ਫੀਸਦੀ 'ਤੇ ਆ ਗਈ, ਜੋ ਪਿਛਲੇ 6-7 ਸਾਲਾਂ ਦੌਰਾਨ ਸਭ ਤੋਂ ਹੇਠਲਾ ਪੱਧਰ ਹੈ। ਹਾਲਾਂ ਕਿ ਸਰਕਾਰ ਦੇ ਅੰਕੜਿਆਂ ਦੀ ਭਰੋਸੇਯੋਗਤਾ ਨੂੰ ਲੈ ਕੇ ਅਲੱਗ ਤਰ੍ਹਾਂ ਦੀ ਬਹਿਸ ਚੱਲ ਰਹੀ ਹੈ। ਇਸ ਸਮੇਂ ਹਾਲਤ ਇਹ ਹੈ ਕਿ ਹਰ ਨਵਾਂ ਅੰਕੜਾ ਅਰਥ ਵਿਵਸਥਾ ਨੂੰ 'ਹੇਠਾਂ ਵੱਲ ਜਾ ਰਹੀ' ਦਿਖਾ ਰਿਹਾ ਹੈ।

ਅਰਥ ਵਿਵਸਥਾ ਦੀ ਮਾੜੀ ਹਾਲਤ ਲਈ ਸਰਕਾਰੀ ਨੀਤੀਆਂ ਤਾਂ ਜਿੰਮੇਵਾਰ ਹਨ ਹੀ, ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਸਭ ਕੁਝ ਜਾਣਦਿਆਂ ਵੀ ਪ੍ਰਧਾਨ ਮੰਤਰੀ ਮੋਦੀ ਤੋਂ ਲੈ ਕੇ ਵਿੱਤ ਮੰਤਰੀ ਨਿਰਮਲ ਸੀਤਾ ਰਮਨ, ਸਾਬਕਾ ਵਿੱਤ ਮੰਤਰੀ ਮਰਹੂਮ ਅਰੁਣ ਜੇਤਲੀ ਸਮੇਤ ਸਾਰੇ ਵੱਡੇ ਭਾਜਪਾ ਨੇਤਾ ਦਾਅਵਾ ਕਰਦੇ ਰਹੇ ਕਿ ਭਾਰਤ ਇੱਕ ਆਰਥਕ ਮਹਾਂ ਸ਼ਕਤੀ ਬਣਨ ਵੱਲ ਤੇਜੀ ਨਾਲ ਅੱਗੇ ਵਧ ਰਿਹਾ ਹੈ। ਜਮੀਨੀ ਹਕੀਕਤਾਂ ਨੂੰ ਭੁਲਾ ਕੇ ਸੰਕਟਗ੍ਰਸਤ ਅਰਥ ਵਿਵਸਥਾ ਨੂੰ ਲੀਹ 'ਤੇ ਪਾਉਣ ਦੀ ਥਾਂ ਨਵੇਂ ਸਾਲ ਦੇ ਬਜਟ ਵਿਚ 50 ਖਰਬ ਡਾਲਰ ਦਾ ਸੁਨਹਿਰੀ ਸੁਪਨਾ ਦਿਖਾਇਆ ਗਿਆ ਅਤੇ ਟੈਕਸ ਤਜਵੀਜ਼ਾਂ ਨੂੰ ਸਖਤ ਕੀਤਾ ਗਿਆ; ਪ੍ਰੰਤੂ ਬਜਟ ਪਿਛੋਂ ਲਗਾਤਾਰ ਡਿਗਦੇ ਸ਼ੇਅਰ ਬਾਜ਼ਾਰ ਕਾਰਨ 2007 ਦੇ ਮਾਰਕੀਟ ਸ਼ੇਅਰ ਬਰਾਬਰ ਪੂੰਜੀ ਬਰਬਾਦ ਹੋ ਗਈ। ਵਿਦੇਸ਼ੀ ਨਿਵੇਸ਼ਕਾਂ 'ਚ ਭਾਰਤੀ ਬਾਜ਼ਾਰ 'ਚੋਂ ਪੈਸੇ ਕੱਢਣ ਦੀ ਹੋੜ ਜਿਹੀ ਲੱਗ ਗਈ। ਨਤੀਜਨ ਵਿਦੇਸ਼ ਮੰਤਰੀ ਨੂੰ ਫੈਸਲੇ ਬਦਲਣ ਲਈ ਮਜਬੂਰ ਹੋਣਾ ਪਿਆ।

ਬਜਟ ਪੇਸ਼ ਹੋਣ ਪਿਛੋਂ ਜਦੋਂ ਪੱਤਰਕਾਰਾਂ ਨੇ ਵਿੱਤ ਮੰਤਰੀ ਦੇ ਆਰਥਿਕ ਸਲਾਹਕਾਰ ਨੂੰ ਪੁੱਛਿਆ ਕਿ ਆਰਥਕ ਹਾਲਤ ਖਰਾਬ ਹੋਣ ਕਾਰਨ ਹੁਣ ਤਾਂ ਸਰਕਾਰ ਨੇ ਬੇਰੁਜਗਾਰੀ ਦੇ ਉਹ ਅੰਕੜੇ ਵੀ ਸਵੀਕਾਰ ਕਰ ਲਏ ਹਨ, ਜਿਨ੍ਹਾਂ ਨੂੰ ਚੋਣਾਂ ਤੋਂ ਪਹਿਲਾਂ ਉਹ ਨਕਾਰ ਰਹੀ ਸੀ, ਜਿਨ੍ਹਾਂ ਵਿਚ ਦੱਸਿਆ ਗਿਆ ਸੀ ਕਿ ਬੇਰੁਜਗਾਰੀ 45 ਸਾਲ ਦੇ ਉਚਤਮ ਪੱਧਰ 'ਤੇ ਹੈ। ਸਲਾਹਕਾਰ ਨੇ ਮੰਨਿਆ ਕਿ ਸਾਲ ਦੇ ਅੰਤ ਤੱਕ ਹਾਲਾਤ ਹੋਰ ਖਰਾਬ ਹੋਣ ਦਾ ਖਦਸ਼ਾ ਹੈ। ਹਾਲਾਂ ਕਿ ਇਸ ਸਮੇਂ ਤੱਕ ਪਿਛਲੇ ਸਾਲ ਦੀ ਅੰਤਿਮ ਤਿਮਾਹੀ ਦੀ ਜੀ. ਡੀ. ਪੀ. ਦੀ 5.8 ਫੀਸਦੀ ਦਰ ਦੇ ਅੰਕੜੇ ਸਾਹਮਣੇ ਆ ਚੁਕੇ ਸਨ।

ਜਦੋਂ ਉਸ ਸਲਾਹਕਾਰ ਨੂੰ ਕਿਹਾ ਗਿਆ ਕਿ ਇਸ ਸਥਿਤੀ ਬਾਰੇ ਉਹ ਆਪਣੇ ਸਿਆਸੀ ਆਕਾਵਾਂ ਨੂੰ ਕਿਉਂ ਨਹੀਂ ਦਸ ਰਹੇ? ਤਾਂ ਉਹ ਚੁੱਪ ਕਰ ਗਏ, ਇਤਫਾਕ ਵੱਸ ਵਿੱਤ ਮੰਤਰੀ ਵੀ ਉਥੇ ਹਾਜਰ ਸਨ। ਦਰਅਸਲ ਉਸ ਸਮੇਂ ਹਰ ਕੋਈ 50 ਖਰਬ ਡਾਲਰ ਦੇ ਬਜਟੀ ਹੁਲਾਰੇ ਵਿਚ ਸੀ, ਪਰ ਜਦੋਂ ਚਿੰਤਾ ਵਧੀ ਤਾਂ ਪ੍ਰਧਾਨ ਮੰਤਰੀ ਨੇ ਵੀ ਬੈਠਕ ਕੀਤੀ ਅਤੇ 23 ਅਗਸਤ ਤੋਂ ਵਿੱਤ ਮੰਤਰੀ ਨੇ ਆਰਥਕਤਾ ਨੂੰ ਲੀਹ 'ਤੇ ਲਿਆਉਣ ਲਈ ਟੈਕਸਾਂ 'ਚ ਨਰਮੀ ਵਰਗੇ ਫੈਸਲੇ ਐਲਾਨ ਕਰਨੇ ਅਰੰਭ ਕਰ ਦਿੱਤੇ, ਜੋ ਜਾਰੀ ਹਨ। ਆਉਂਦੇ ਦਿਨਾਂ ਵਿਚ ਅਜਿਹੇ ਫੈਸਲੇ ਹੋਰ ਹੋਣਗੇ। ਤਮਾਮ ਆਰਥਕ ਮਾਹਰ ਇਨ੍ਹਾਂ ਕਦਮਾਂ ਨੂੰ ਨਾ ਕਾਫੀ ਦਸ ਰਹੇ ਹਨ, ਕਿਉਂਕਿ ਸਮੱਸਿਆ ਢਾਂਚਾਗਤ ਹੈ।

ਨੋਟਬੰਦੀ ਪਿਛੋਂ ਕਾਹਲੀ ਵਿਚ ਲਾਗੂ ਕੀਤੀ ਗਈ ਜੀ. ਐਸ. ਟੀ. (ਮਾਲ ਅਤੇ ਸੇਵਾ ਕਰ), ਕਰਾਂ ਦੇ ਮਾਮਲੇ 'ਚ ਸਖਤੀ, ਬੈਂਕਿੰਗ ਸਿਸਟਮ ਦੀਆਂ ਖਾਮੀਆਂ ਅਤੇ ਗੈਰ ਬੈਂਕਿੰਗ ਵਿੱਤੀ ਕੰਪਨੀਆਂ ਵਾਲੇ ਸੈਕਟਰ ਦੇ ਸੰਕਟ ਨੇ ਦੇਸ਼ ਦੀ ਅਰਥਵਿਵਸਥਾ ਨੂੰ ਸੰਕਟ ਵਿਚ ਪਾ ਦਿੱਤਾ ਹੈ। ਤਾਜਾ ਅੰਕੜਿਆਂ ਅਨੁਸਾਰ ਰੁਜ਼ਗਾਰ ਪੈਦਾ ਕਰਨ ਵਾਲੇ ਮੈਨੂਫੈਕਚਰਿੰਗ, ਖੇਤੀ ਅਤੇ ਸਹਿਯੋਗੀ ਖੇਤਰਾਂ ਦੀ ਹਾਲਤ ਬਹੁਤ ਖਰਾਬ ਹੈ। ਖੇਤੀ ਖੇਤਰ ਦੀ ਵਾਧਾ ਦਰ 5.1 ਫੀਸਦੀ ਤੋਂ ਡਿੱਗ ਕੇ 2 ਫੀਸਦੀ ਰਹਿ ਗਈ ਹੈ। ਇਸੇ ਤਰ੍ਹਾਂ ਮੈਨੂਫੈਕਚਰਿੰਗ ਦੀ ਵਾਧਾ ਦਰ 12.1 ਫੀਸਦੀ ਤੋਂ 0.6 ਫੀਸਦੀ ਰਹਿ ਗਈ ਹੈ। ਸਰਵਿਸ ਸੈਕਟਰ ਵੀ ਕਮਜੋਰ ਹੋ ਗਿਆ ਹੈ। ਮੰਗ ਦਾ ਆਲਮ ਇਹ ਹੈ ਕਿ ਘਰ, ਆਟੋ ਮੋਬਾਇਲ ਤੇ ਰੋਜ਼ਮੱਰ੍ਹਾ ਦੀਆਂ ਵਸਤਾਂ ਆਦਿ ਦੀ ਵਿਕਰੀ ਦਰ ਵਿਚ ਗਿਰਾਵਟ ਆ ਰਹੀ ਹੈ। ਕੋਈ ਵੀ ਐਸਾ ਉਦਯੋਗਿਕ ਖੇਤਰ ਨਹੀਂ ਹੈ, ਜਿਥੇ ਮੰਗ ਨਾ ਘਟੀ ਹੋਵੇ। ਨਤੀਜਨ ਨਿਵੇਸ਼ ਤੋਂ ਲੈ ਕੇ ਕਰਜੇ ਦੀ ਮੰਗ ਅਤੇ ਬੱਚਤ ਨੇ ਹੇਠਾਂ ਵੱਲ ਨੂੰ ਰੁਖ ਕਰ ਲਿਆ ਹੈ। ਇਸ ਸਥਿਤੀ ਦਾ ਸਿੱਧਾ ਅਸਰ ਰੁਜ਼ਗਾਰ ਦੇ ਮੌਕਿਆਂ 'ਤੇ ਪੈ ਰਿਹਾ ਹੈ, ਜਿਸ ਨਾਲ ਬੇਰੁਜਗਾਰਾਂ ਦੀ ਗਿਣਤੀ ਵਿਚ ਇਜ਼ਾਫਾ ਹੋ ਰਿਹਾ ਹੈ।

ਭਾਰਤ ਦੀ ਅਰਥ ਵਿਵਸਥਾ ਦਾ ਇੱਕ ਵੱਡਾ ਹਿੱਸਾ ਗੈਰ ਸੰਗਠਿਤ ਖੇਤਰ ਦੇ ਰੂਪ ਵਿਚ ਕੰਮ ਕਰਦਾ ਰਿਹਾ ਹੈ, ਜਿਸ ਦੇ ਵੱਡੇ ਹਿੱਸੇ ਨੂੰ ਨੋਟਬੰਦੀ ਨੇ ਤਬਾਹ ਕਰ ਦਿੱਤਾ। ਇਸ ਦੇ ਨਾਲ ਹੀ ਜੀ. ਐਸ. ਟੀ. ਨੇ ਵਪਾਰੀਆਂ ਅਤੇ ਖਪਤਕਾਰਾਂ ਦੇ ਨੱਕ ਵਿਚ ਦਮ ਕਰ ਦਿੱਤਾ। ਕੁਝ ਬੈਂਕਾਂ ਨੂੰ ਦੂਜੇ ਬੈਂਕਾਂ ਵਿਚ ਖਪਾਉਣ ਦੇ ਫੈਸਲੇ ਨੇ ਵੀ ਕਾਰਗਰ ਨਤੀਜੇ ਸਾਹਮਣੇ ਨਹੀਂ ਲਿਆਂਦੇ, ਸਗੋਂ ਇਨ੍ਹਾਂ 4 ਬੈਂਕਾਂ ਦੇ ਸ਼ੇਅਰਾਂ 8 ਫੀਸਦੀ ਤੋਂ 12 ਫੀਸਦੀ ਤੱਕ ਥੱਲੇ ਡਿੱਗ ਗਏ।

ਭਾਰਤੀ ਅਰਥ ਵਿਵਸਥਾ ਨੂੰ ਸੌਖੇ ਤਰੀਕੇ ਨਾਲ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਭਾਰਤ ਖੁੱਲ੍ਹੇ ਤੌਰ 'ਤੇ ਵਿਸ਼ਵ ਵਪਾਰ ਵਿਚ ਵਿਧੀਵਤ ਤਰੀਕੇ ਨਾਲ 1992 ਵਿਚ ਸ਼ਾਮਲ ਹੋਇਆ ਸੀ। ਸੰਨ 1990 ਵਿਚ ਭਾਰਤ ਦੀ ਅੰਕੜਿਆਂ ਮੁਤਾਬਕ ਵਿਅਕਤੀਗਤ ਆਮਦਨ ਚੀਨ ਤੋਂ ਵੱਧ ਸੀ। ਅੱਜ ਦੇ ਹਾਲਾਤ ਮੁਤਾਬਕ ਚੀਨ ਦੀ ਵਿਅਕਤੀਗਤ ਆਮਦਨ ਭਾਰਤ ਤੋਂ 6 ਗੁਣਾ ਵੱਧ ਹੈ। ਹੈਰਾਨੀ ਦੀ ਗੱਲ ਹੈ ਕਿ ਪਾਕਿਸਤਾਨ 1990 ਵਿਚ ਭਾਰਤ, ਚੀਨ ਅਤੇ ਬੰਗਲਾ ਦੇਸ਼ ਤੋਂ ਅੱਗੇ ਸੀ। ਅੱਜ ਭਾਵੇਂ ਅਸੀਂ ਬੰਗਲਾ ਦੇਸ਼ ਤੋਂ ਅੱਗੇ ਹਾਂ, ਪਰ ਪਾਕਿਸਤਾਨ ਤੋਂ ਪਿੱਛੇ ਹਾਂ। ਹਾਲਾਤ ਜੇ ਇਹੀ ਰਹੇ ਤਾਂ ਆਉਣ ਵਾਲੇ ਸਮੇਂ ਵਿਚ ਭਾਰਤ ਬੰਗਲਾ ਦੇਸ਼ ਤੋਂ ਵੀ ਪਿੱਛੇ ਰਹਿ ਜਾਵੇਗਾ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਰਥਕ ਮੰਦੀ ਲਈ ਮਨੁੱਖੀ ਗਲਤੀਆਂ ਅਤੇ ਨੀਤੀਗਤ ਖਾਮੀਆਂ ਨੂੰ ਜਿੰਮੇਵਾਰ ਠਹਿਰਾਉਂਦਿਆਂ ਇਨ੍ਹਾਂ 'ਤੇ ਕਾਬੂ ਪਾਉਣ ਦੀ ਨਸੀਹਤ ਦਿੱਤੀ ਹੈ।

# ਸਿੱਖ ਆਊਟਰੀਚ ਸੁਸਾਇਟੀ ਨੇ ਕੀਤੀ ਗਰੈਂਡਪੇਰੈਂਟਸ ਡੇ ਪਿਕਨਿਕ

**ਸ਼ਿਕਾਗੋ (ਬਿਊਰੋ):** ਸਿੱਖ ਆਊਟਰੀਚ ਸੁਸਾਇਟੀ (ਐਸ. ਓ. ਐਸ) ਨੇ ਲੰਘੀ 8 ਸਤੰਬਰ ਨੂੰ ਗਰੈਂਡਪੇਰੈਂਟਸ ਡੇ ਪਿਕਨਿਕ ਕੀਤੀ ਜੋ ਹਰ ਸਾਲ 2015 ਤੋਂ ਕੀਤੀ ਜਾਂਦੀ ਹੈ। ਇਹ ਪਿਕਨਿਕ ਦਾਦੇ-ਦਾਦੀਆਂ ਤੇ ਨਾਨੇ-ਨਾਨੀਆਂ ਦੇ ਨਵੀਂ ਪੀੜ੍ਹੀ ਨਾਲ ਸਬੰਧਾਂ ਨੂੰ ਸਮਰਪਿਤ ਹੈ। ਤਿੰਨ ਪੀੜ੍ਹੀਆਂ ਆਪਣੇ ਦੋਸਤਾਂ-ਮਿੱਤਰਾਂ ਤੇ ਪਰਿਵਾਰਾਂ ਨਾਲ ਇਕੱਠੀਆਂ ਹੁੰਦੀਆਂ ਹਨ ਅਤੇ ਆਪਸੀ ਸਬੰਧਾਂ ਦਾ ਅਨੰਦ ਮਾਣਦੀਆਂ ਹਨ।





ਪਿਕਨਿਕ ਪੈਲਾਟਾਈਨ ਦੇ ਡੀਅਰ ਗਰੂਵ ਪਾਰਕ ਵਿਚ ਕੀਤੀ ਗਈ। ਇਸ ਮੌਕੇ ਫਰਿਸਬੀ, ਰੱਸਾਕਸ਼ੀ, ਮਿਊਜ਼ਿਕਲ ਚੇਅਰ, ਗੀਤ-ਸੰਗੀਤ ਅਤੇ ਯੋਗਾ ਦਾ ਸਭ ਨੇ ਅਨੰਦ ਮਾਣਿਆ। ਖਰਾਬ ਮੌਸਮ ਦੇ ਬਾਵਜੂਦ ਸਭ ਲਈ ਬਾਰ ਬੀ ਕਿਊ ਅਤੇ ਸਵਾਦੀ ਖਾਣੇ ਦਾ ਬੰਦੋਬਸਤ ਕੀਤਾ ਗਿਆ।

ਪਿਕਨਿਕ ਦੇ ਪ੍ਰਬੰਧਕਾਂ ਵਿਚੋਂ ਇਕ ਜਸਵੀਰ ਕੌਰ ਨੇ ਕਿਹਾ ਕਿ ਪਿਕਨਿਕ ਦਾ ਮਨੋਰਥ ਪੁਰਾਣੀ ਅਤੇ ਨਵੀਂ ਪੀੜ੍ਹੀ ਨੂੰ ਇਕੱਠਿਆਂ ਕਰ ਕੇ ਉਨ੍ਹਾਂ ਵਿਚ ਸਾਂਝ ਵਧਾਉਣਾ ਹੈ।

ਪਿਕਨਿਕ ਦਾ ਪ੍ਰਬੰਧ ਠਾਕਰ ਸਿੰਘ ਬਸਾਤੀ, ਜਸਵੀਰ ਕੌਰ, ਰੂਬੀ ਚਾਵਲਾ, ਖੁਸ਼ਪਾਲ ਸੋਢੀ, ਡਾ. ਅਮਰਜੀਤ ਸਿੰਘ ਅਤੇ ਗੁਰਪ੍ਰੀਤ ਕੌਰ ਸਿੰਘ ਨੇ ਕੀਤਾ। ਪ੍ਰਬੰਧਕਾਂ ਨੇ ਪਿਕਨਿਕ ਲਈ ਵਿੱਤੀ ਯੋਗਦਾਨ ਪਾਉਣ ਵਾਲਿਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਸੁਪਰੀਤਾ ਕਪੂਰ, ਮਨਦੀਪ ਗਿੱਲ, ਵਨੀਸਾ ਜੌਹਨਸਨ, ਜਸਬੀਰ ਮਾਨ, ਗੁਰਦੀਪ ਸਿੰਘ ਸੈਣੀ ਅਤੇ ਸਰਵਣ ਸਿੰਘ ਸ਼ਾਮਲ ਸਨ।



# ਅਕਾਲੀ ਦਲ (ਅੰਮ੍ਰਿਤਸਰ) ਦੀ ਇਕੋ ਅਮਰੀਕਾ ਇਕਾਈ ਹੈ, ਵੱਖਰੇ ਯੂਨਿਟ ਨਹੀਂ: ਮਾਨ

**ਫਤਿਹਗੜ੍ਹ ਸਾਹਿਬ (ਬਿਊਰੋ):** ਅਮਰੀਕਾ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਇਕੋ ਇਕਾਈ ਹੈ, ਕੋਈ ਵੱਖਰੇ ਯੂਨਿਟ ਨਹੀਂ, ਜਿਸ ਦੇ ਕਨਵੀਨਰ ਬੂਟਾ ਸਿੰਘ ਖੜੌਦ ਹਨ ਅਤੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਹਨ ਤੇ ਸੀਨੀਅਰ ਮੀਤ ਪ੍ਰਧਾਨ ਰੇਸ਼ਮ ਸਿੰਘ ਹਨ। ਇਨ੍ਹਾਂ ਦੀ ਅਗਵਾਈ ਵਿਚ ਅਮਰੀਕਾ ਵਿਚ ਸਿੱਖ ਕੌਮ ਦੇ ਕੌਮੀ ਮਿਸ਼ਨ ਖਾਲਿਸਤਾਨ ਸਟੇਟ ਦੀ ਪ੍ਰਾਪਤੀ ਲਈ ਸਮੂਹਿਕ ਰੂਪ ਵਿਚ ਇਕ ਟੀਮ ਦੀ ਤਰ੍ਹਾਂ ਲੰਮੇ ਸਮੇਂ ਤੋਂ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ। ਪੂਰੇ ਅਮਰੀਕਾ ਵਿਚ ਨਾ ਤਾਂ ਪਾਰਟੀ ਦਾ ਕੋਈ ਵੱਖਰਾ ਯੂਨਿਟ ਹੈ ਅਤੇ ਨਾ ਹੀ ਵੱਖਰੇ ਅਹੁਦੇਦਾਰ। ਬੂਟਾ ਸਿੰਘ ਖੜੌਦ ਦੀ ਅਗਵਾਈ ਵਿਚ ਸਾਰੇ ਅਹੁਦੇਦਾਰ ਕੌਮੀ ਮਿਸ਼ਨ ਅਤੇ ਹੋਰ ਸਿਆਸੀ, ਧਾਰਮਿਕ, ਸਮਾਜਿਕ ਤੇ ਇਖਲਾਕੀ ਪਾਰਟੀ ਪ੍ਰੋਗਰਾਮਾਂ ਦੀ ਕਾਮਯਾਬੀ ਲਈ ਨਿਰੰਤਰ ਦ੍ਰਿੜਤਾ ਅਤੇ ਸੰਜੀਦਗੀ ਨਾਲ ਉਦਮ ਕਰਦੇ ਆ ਰਹੇ ਹਨ। ਸਭ ਅਹੁਦੇਦਾਰ ਅਨੁਸ਼ਾਸਨ 'ਤੇ ਪਹਿਰਾ ਦਿੰਦਿਆਂ ਪਾਰਟੀ ਦੀ ਸੋਚ ਤੇ ਨੀਤੀਆਂ ਨੂੰ ਪ੍ਰਚਾਰਨ ਅਤੇ ਆਪਣੇ ਸਮਰਥਕਾਂ, ਮੈਂਬਰਾਂ ਦੀ ਗਿਣਤੀ ਵਧਾਉਣ ਦੀ ਜਿੰਮੇਵਾਰੀ ਪੂਰੀ ਕਰਦੇ ਆ ਰਹੇ ਹਨ।

ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਅਮਰੀਕਾ ਵਿਚ ਵਿਚਰ ਰਹੇ ਸਿੱਖਾਂ ਅਤੇ ਪਾਰਟੀ ਨਾਲ ਹਮਦਰਦੀ ਰੱਖਣ ਵਾਲੇ ਸਮਰਥਕਾਂ ਨੂੰ ਪਾਰਟੀ ਇਕਾਈ ਨੂੰ ਪ੍ਰਵਾਨਿਤ ਬਣਤਰ ਸਬੰਧੀ ਸਮੂਹ ਅਹੁਦੇਦਾਰਾਂ ਨੂੰ ਇਕ ਦੂਜੇ ਨੂੰ ਸਹਿਯੋਗ ਦੇਣ ਅਤੇ ਪਾਰਟੀ ਦੀਆਂ ਨੀਤੀਆਂ ਤੇ ਪ੍ਰੋਗਰਾਮ ਲਾਗੂ ਕਰਨ ਦੀ ਅਪੀਲ ਕਰਦਿਆਂ ਪ੍ਰਗਟ ਕੀਤੇ।

ਉਨ੍ਹਾਂ ਸਪਸ਼ਟ ਕੀਤਾ ਕਿ ਪਾਰਟੀ ਦਾ ਸੰਸਾਰ ਵਿਚ ਇਕੋ ਹੀ ਪ੍ਰਬੰਧਕੀ ਮੁੱਖ ਦਫਤਰ ਕਿਲਾ ਸ. ਹਰਨਾਮ ਸਿੰਘ, ਡਾਕਖਾਨਾ ਤਲਾਣੀਆ, ਜਿਲਾ ਫਤਿਹਗੜ੍ਹ ਸਾਹਿਬ, ਪੰਜਾਬ ਵਿਖੇ ਹੈ। ਕੇਵਲ ਇਸੇ ਦਫਤਰ ਨੂੰ ਪਾਰਟੀ ਮੈਂਬਰਸ਼ਿਪ ਦੇ ਆਈ. ਡੀ. ਕਾਰਡ ਜਾਰੀ ਕਰਨ ਦਾ ਹੱਕ ਹੈ। ਅਮਰੀਕਾ ਜਾਂ ਕਿਸੇ ਹੋਰ ਮੁਲਕ ਵਿਚ ਚੱਲਦੇ ਪਾਰਟੀ ਦੇ ਸਹਿਯੋਗੀ ਦਫਤਰਾਂ ਜਾਂ ਕਿਸੇ ਅਹੁਦੇਦਾਰ ਨੂੰ ਪਾਰਟੀ ਆਈ. ਡੀ. ਕਾਰਡ ਜਾਰੀ ਕਰਨ ਦਾ ਕੋਈ ਹੱਕ ਨਹੀਂ ਹੈ। ਜਿਸ ਵੀ ਮੈਂਬਰ ਨੂੰ ਇਹ ਕਾਰਡ ਜਾਰੀ ਕੀਤਾ ਜਾਂਦਾ ਹੈ, ਉਸ ਤੋਂ ਪਾਰਟੀ ਦਫਤਰ ਆਧਾਰ ਕਾਰਡ ਉਤੇ ਦਸਤਖਤ ਲੈ ਕੇ ਰਿਕਾਰਡ ਵਿਚ ਰੱਖਦੀ ਹੈ ਅਤੇ ਵਿਦੇਸ਼ਾਂ ਵਿਚ ਬਣਨ ਵਾਲੇ ਮੈਂਬਰਾਂ ਦੇ ਪਾਸਪੋਰਟ ਦੀ ਕਾਪੀ ਉਤੇ ਦਸਤਖਤ



ਕਰਕੇ ਆਪਣੇ ਰਿਕਾਰਡ ਵਿਚ ਰੱਖਦੀ ਹੈ। ਉਸ ਦਾ ਨਾਂ ਅਤੇ ਦਸਤਖਤ ਪਾਰਟੀ ਰਜਿਸਟਰ ਉਤੇ ਦਰਜ ਹੁੰਦੇ ਹਨ। ਆਈ. ਡੀ. ਕਾਰਡ ਦੀ ਪ੍ਰਣਾਲੀ ਨੂੰ ਹੋਰ ਪਰਪੱਕ ਕਰਨ ਲਈ ਉਪਾਅ ਕੀਤੇ ਜਾ ਰਹੇ ਹਨ ਤਾਂ ਕਿ ਕਾਰਡ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਪਾਰਟੀ ਦੀ ਸੋਚ ਦੇ ਸਮਰਥਕ, ਹਮਦਰਦ ਅਤੇ ਬਣਨ ਵਾਲੇ ਮੈਂਬਰ ਜੇ ਪਾਰਟੀ ਦੇ ਮੁੱਖ ਦਫਤਰ ਤੋਂ ਬਿਨਾ ਕਿਸੇ ਹੋਰ ਥਾਂ ਤੋਂ ਆਈ. ਡੀ. ਕਾਰਡ ਬਣਵਾਉਂਦੇ ਹਨ ਤਾਂ ਅਜਿਹੇ ਬੋਗਸ ਕਾਰਡ ਦੀ ਸੁਰੱਖਿਆ ਅਤੇ ਮਾਨਤਾ ਲਈ ਉਹ ਖੁਦ ਜਿੰਮਵਾਰ ਹੋਣਗੇ।

ਸ. ਮਾਨ ਨੇ ਪਾਰਟੀ ਦੇ ਅਨੁਸ਼ਾਸਨ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਅਮਰੀਕਾ ਦੀ 5 ਮੈਂਬਰੀ ਅਤੇ 25 ਮੈਂਬਰੀ ਸਮੁੱਚੀ ਜਿੰਮੇਵਾਰੀ ਨੂੰ ਨਿਭਾਉਣ ਅਤੇ ਪਾਰਟੀ ਨੀਤੀਆਂ ਤੇ ਪ੍ਰੋਗਰਾਮਾਂ ਨੂੰ ਪ੍ਰਚਾਰਨ 'ਤੇ ਲਾਗੂ ਕਰਨ ਲਈ ਬਣੀ ਹੋਈ ਹੈ, ਰੇਸ਼ਮ ਸਿੰਘ ਇਨ੍ਹਾਂ ਕਮੇਟੀਆਂ ਵਿਚ ਤੈਅ ਕੀਤੇ ਗਏ ਨਿਯਮਾਂ ਅਤੇ ਨੀਤੀਆਂ ਅਨੁਸਾਰ ਅਮਰੀਕਾ ਯੂਨਿਟ ਦੇ ਕਨਵੀਨਰ ਬੂਟਾ ਸਿੰਘ ਖੜੌਦ ਤੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਨਾਲ ਸਲਾਹ ਮਸ਼ਵਰਾ ਕਰ ਕੇ ਇਨ੍ਹਾਂ ਦੋਹਾਂ ਕਮੇਟੀਆਂ ਵਿਚ ਮੈਂਬਰ ਦੇ ਸਕਦੇ ਹਨ। ਸ. ਮਾਨ ਨੇ ਇਨ੍ਹਾਂ ਤਿੰਨਾਂ ਆਗੂਆਂ ਨੂੰ ਆਪਸੀ ਸਹਿਯੋਗ ਰਾਹੀਂ ਅਮਰੀਕਾ ਯੂਨਿਟ ਨੂੰ ਹੋਰ ਮਜਬੂਤ ਕਰਨ ਅਤੇ ਕੌਮੀ ਸੋਚ 'ਖਾਲਿਸਤਾਨ' ਨੂੰ ਦੁਨੀਆਂ ਦੇ ਨਕਸ਼ੇ 'ਤੇ ਲਿਆਉਣ ਲਈ ਦੂਰਅੰਦੇਸ਼ੀ ਵਾਲੇ ਉਦਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਆਸ ਪ੍ਰਗਟਾਈ ਕਿ ਪਾਰਟੀ ਅਹੁਦੇਦਾਰ ਕੌਮੀ ਸੋਚ ਨੂੰ ਮੁੱਖ ਰੱਖ ਕੇ ਅਨੁਸ਼ਾਸਨ ਨੂੰ ਹਰ ਕੀਮਤ 'ਤੇ ਕਾਇਮ ਰੱਖਣਗੇ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਸਟਾਫ ਦੀ ਲੋੜ ਹੈ

ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 515-291-1961

36-37




## ਮਨੁੱਖੀ ਅਧਿਕਾਰਾਂ ਬਾਰੇ ਲੈਕਚਰ ਅਤੇ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ ਸਮਾਗਮ

22 ਸਤੰਬਰ 2019 (ਐਤਵਾਰ)

ਦੁਪਹਿਰ ਇਕ ਵਜੇ ਤੋਂ ਸ਼ਾਮ 5 ਵਜੇ ਤੱਕ

Palatine Public Library: 700 N North Ct, Palatine, IL

ਮਨੁੱਖੀ ਅਧਿਕਾਰ ਕੀ ਹਨ? ਇਨ੍ਹਾਂ ਦੀ ਉਲੰਘਣਾ ਕਿਵੇਂ ਹੁੰਦੀ ਹੈ ਤੇ ਕਿਹੜੀ ਕਿਹੜੀ ਸੰਸਥਾ ਇਨ੍ਹਾਂ 'ਤੇ ਨਿਗਰਾਨੀ ਰੱਖਦੀ ਹੈ? ਬਾਰੇ ਬੁਲਾਰੇ ਵਿਚਾਰ ਰੱਖਣਗੇ।



ਸ਼ਹੀਦ ਸ. ਜਸਵੰਤ ਸਿੰਘ ਖਾਲੜਾ

ਚਾਹ ਪਾਣੀ ਦਾ ਇੰਤਜ਼ਾਮ ਹੋਵੇਗਾ

ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਝਾਤ ਪਾਈ ਜਾਵੇਗੀ। ਉਨ੍ਹਾਂ ਨੇ 1984 ਦੇ ਕਾਲੇ ਦੌਰ ਵੇਲੇ ਪੁਲਿਸ ਵਲੋਂ ਘਰਾਂ ਤੋਂ ਚੁਕ ਕੇ ਕਤਲ ਕੀਤੇ ਗਏ ਤੇ ਲਾਵਾਰਿਸ ਕਹਿ ਕੇ ਦਫਨਾਈਆਂ ਗਈਆਂ ਲਾਸ਼ਾਂ ਬਾਰੇ ਕਿਵੇਂ ਜਾਣਕਾਰੀ ਹਾਸਲ ਕੀਤੀ ਤੇ ਕਿਵੇਂ ਧਮਕੀਆਂ ਉਪਰੰਤ ਉਨ੍ਹਾਂ ਨੂੰ ਕਿਵੇਂ ਲਾਵਾਰਿਸਾਂ ਵਾਂਗ ਅਲੋਪ ਕੀਤਾ ਗਿਆ, ਬਾਰੇ ਚਰਚਾ ਕੀਤੀ ਜਾਵੇਗੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਬੀਬੀ ਜਸਵੀਰ ਕੌਰ ਸਿੰਘ
ਫੋਨ: 224-545-0542

ਸੁਰਿੰਦਰਪਾਲ ਸਿੰਘ ਕਾਲੜਾ
ਫੋਨ: 847-305-9119

ਪ੍ਰੋ. ਕੁਲਵੰਤ ਸਿੰਘ ਹੁੰਦਲ
ਫੋਨ: 630-995-0670

ਠਾਕਰ ਸਿੰਘ ਬਸਾਤੀ
ਈਮੇਲ: basatit@aol.com



## Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਮੋਦੀ ਸਰਕਾਰ ਦੇ ਫੈਸਲਿਆਂ ਨੇ ਪੰਜਾਬ ਨੂੰ ਵੀ ਆਰਥਕ ਮੰਦੀ ਵੱਲ ਧੱਕਿਆ

**ਚੰਡੀਗੜ੍ਹ:** ਨੋਟਬੰਦੀ ਨਾਲ ਸ਼ੁਰੂ ਹੋਈ ਆਰਥਿਕ ਮੰਦੀ ਅਤੇ ਮਗਰੋਂ ਜੀ.ਐਸ.ਟੀ. ਦੇ ਫੈਸਲੇ ਨੇ ਪੰਜਾਬ ਨੂੰ ਵੀ ਲਪੇਟੇ ਵਿਚ ਲੈ ਲਿਆ ਹੈ। ਸੂਬੇ ਵਿਚ 72,311.85 ਕਰੋੜ ਰੁਪਏ ਦੀ ਮਾਲੀਆ ਵਸੂਲੀ ਦੇ ਟੀਚੇ ਦੇ ਮੁਕਾਬਲੇ 60832.28 ਕਰੋੜ ਰੁਪਏ ਹੀ ਵਸੂਲੀ ਹੋਈ ਹੈ। ਜੀ.ਐਸ.ਟੀ. ਵਿਚ ਗਿਰਾਵਟ ਲਗਾਤਾਰ ਜਾਰੀ ਹੈ। ਅਪਰੈਲ ਤੋਂ ਜੂਨ ਤੱਕ ਦਸ ਫੀਸਦੀ ਟੈਕਸ ਵਸੂਲੀ ਦਾ ਟੀਚਾ ਸੀ ਪਰ ਵਸੂਲੀ ਦੀ ਦਰ ਸੱਤ ਫੀਸਦ ਰਹੀ। ਜੁਲਾਈ ਅਤੇ ਅਗਸਤ ਮਹੀਨਿਆਂ 'ਚ ਇਹ ਘਟ ਕੇ ਪੰਜ ਫੀਸਦੀ ਉਤੇ ਆ ਗਈ। ਸਾਲ 2018-19 ਦੀ ਪਹਿਲੀ ਤਿਮਾਹੀ ਦਾ ਮਾਲੀਆ 3617 ਕਰੋੜ ਸੀ, ਜੋ 2019-20 ਵਿਚ ਘਟ ਕੇ 3252 ਕਰੋੜ ਰੁਪਏ ਰਹਿ ਗਿਆ ਹੈ। ਜੀ.ਐਸ.ਟੀ. ਦਾ ਇਹ ਘਾਟਾ ਦਸ ਫੀਸਦੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਨੋਟਬੰਦੀ ਨਾਲ ਸ਼ੁਰੂ ਹੋਈ ਮੰਦੀ ਅਤੇ ਮਗਰੋਂ ਜੀ.ਐਸ.ਟੀ. ਲਾਗੂ ਹੋਣ ਨਾਲ ਹਾਲਤ ਹੋਰ ਵਿਗੜੀ ਹੈ। ਇਸ ਕਾਰਨ ਛੋਟੇ ਕਾਰੋਬਾਰੀ, ਕਾਰੋਬਾਰ ਵਿਚੋਂ ਬਾਹਰ ਹੋ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ 2022 ਤੱਕ ਤਾਂ ਜੀ.ਐਸ.ਟੀ. ਦੀ ਭਰਪਾਈ ਕੇਂਦਰ ਸਰਕਾਰ ਨੇ ਕਰਨੀ ਹੈ ਪਰ ਸਵਾਲ ਇਹ ਉਠਦਾ ਹੈ ਕਿ ਜੇ ਹਾਲਾਤ ਇਹੀ ਰਹੇ ਤਾਂ 2022 ਮਗਰੋਂ ਪੰਜਾਬ ਦਾ ਕੀ ਬਣੇਗਾ। ਨਿਵੇਸ਼ ਲਈ ਮਾਹੌਲ ਪੈਦਾ ਕਰਨਾ ਹੁੰਦਾ ਹੈ, ਜੋ ਨਹੀਂ ਬਣ ਪਾ ਰਿਹਾ। ਇਸੇ ਕਰਕੇ ਸੂਬਾ ਸਰਕਾਰ ਵੱਲੋਂ 'ਇਨਵੈਸਟ ਪੰਜਾਬ' ਵਰਗੀ ਸ਼ੁਰੂ ਕੀਤੀ ਮੁਹਿੰਮ ਨੂੰ ਘੱਟ ਹੁੰਗਾਰਾ ਮਿਲ ਰਿਹਾ ਹੈ। ਕਾਰੋਬਾਰ ਵਿਚ ਆਈ ਖੜੋਤ ਕਾਰਨ ਲੋਕਾਂ ਦੀਆਂ ਜੇਬਾਂ ਵਿਚ ਪੈਸਾ ਘਟ ਗਿਆ ਹੈ ਤੇ ਉਨ੍ਹਾਂ ਦੀ ਖਰੀਦ ਸ਼ਕਤੀ ਵੀ ਘਟ ਗਈ ਹੈ।

ਕਾਰੋਬਾਰੀਆਂ ਦਾ ਕਹਿਣਾ ਹੈ ਕਿ ਕੈਪਟਨ ਸਰਕਾਰ ਦੀ ਆਮਦ ਤੋਂ ਬਾਅਦ ਸਟੀਲ ਸਿਟੀ ਮੰਡੀ ਗੋਬਿੰਦਗੜ੍ਹ ਦੀਆਂ ਚਿਮਨੀਆਂ ਵਿਚੋਂ ਧੂੰਆਂ ਨਿਕਲਣਾ ਸ਼ੁਰੂ ਹੋਇਆ ਸੀ ਪਰ ਉਸਾਰੀ ਅਤੇ ਆਧਾਰੀ ਢਾਂਚੇ ਦੇ ਕੰਮ-ਕਾਜ ਦੀ ਗਤੀ ਧੀਮੀ ਹੋਣ ਨਾਲ ਸਟੀਲ ਸਨਅਤਾਂ ਵਿਚ 25 ਫੀਸਦੀ ਤੋਂ ਵੱਧ ਬੇਰੁਜ਼ਗਾਰੀ ਹੈ। ਦੇਸ਼ ਦੀ 6.1 ਫੀਸਦੀ ਵਰਕਫੋਰਸ ਅਤੇ 16 ਫੀਸਦੀ ਨੌਜਵਾਨ ਬੇਰੁਜ਼ਗਾਰ ਹਨ। ਪਿਛਲੇ ਤਿੰਨ-ਚਾਰ ਮਹੀਨਿਆਂ ਵਿਚ ਸਟੀਲ ਅਤੇ ਆਟੋ ਮੋਬਾਈਲ ਨਾਲ ਜੁੜੇ ਯੂਨਿਟ ਬੰਦ ਹੋਣ ਨਾਲ ਚਾਰ ਲੱਖ ਲੋਕਾਂ ਦੀਆਂ ਨੌਕਰੀਆਂ ਖੁੱਸ ਗਈਆਂ ਹਨ ਪਰ ਸਰਕਾਰ ਮੰਦੀ



ਮੰਗ ਘਟ ਗਈ ਹੈ। ਸਟੀਲ ਦੀਆਂ ਕੀਮਤਾਂ ਪਿਛਲੇ ਸਾਲ ਦੇ ਮੁਕਾਬਲੇ ਤੀਹ ਫੀਸਦੀ ਘਟ ਗਈਆਂ ਹਨ ਪਰ ਫਿਰ ਵੀ ਮੰਗ ਨਹੀਂ ਵਧ ਰਹੀ। ਸਟੀਲ ਫਰਨੇਸ ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰ ਗੁਪਤਾ ਨੇ ਕਿਹਾ ਕਿ ਇਸ ਸਾਲ ਅਪਰੈਲ ਤੋਂ ਸਟੀਲ ਦੀ ਮੰਗ 25 ਫੀਸਦੀ ਘਟੀ ਹੈ।

ਆਰਥਕ ਮਾਹਿਰਾਂ ਮੁਤਾਬਕ ਦੇਸ਼ ਵਿਚ ਪਿਛਲੇ 45 ਸਾਲਾਂ ਦੇ ਮੁਕਾਬਲੇ ਇਸ ਵੇਲੇ ਸਭ ਦੇ ਵਰਤਾਰੇ ਨੂੰ ਹੱਲ ਕਰਨ ਲਈ ਕੋਈ ਕਦਮ ਨਹੀਂ ਚੁੱਕ ਰਹੀ ਤੇ ਉਸ ਵਲੋਂ ਚੁੱਕੇ ਗਏ ਕਦਮਾਂ ਦਾ ਇਸ ਨਾਲ ਕੁਝ ਲੈਣਾ-ਦੇਣਾ ਨਹੀਂ ਹੈ।

ਬੈਂਕਾਂ ਦੇ ਰਲੇਵੇਂ ਨਾਲ ਮੰਦੀ 'ਤੇ ਕੋਈ ਅਸਰ ਨਹੀਂ ਪਵੇਗਾ ਤੇ ਰਿਟੇਲ ਵਿਚ 100 ਫੀਸਦੀ ਵਿਦੇਸ਼ੀ ਪੂੰਜੀ ਨਿਵੇਸ਼ ਨਾਲ ਵੀ ਕੋਈ ਫਾਇਦਾ ਨਹੀਂ ਹੋਵੇਗਾ। ਪੰਜਾਬ ਵਿਚ ਮੰਦੀ ਦੇ ਪ੍ਰਭਾਵ ਬਾਰੇ ਉਨ੍ਹਾਂ ਕਿਹਾ ਕਿ ਲੁਧਿਆਣਾ ਤੇ ਮੰਡੀ ਗੋਬਿੰਦਗੜ੍ਹ ਦੀ ਕੱਪੜਾ ਅਤੇ ਸਟੀਲ ਸਨਅਤ 'ਤੇ ਮਾੜਾ ਅਸਰ ਪਿਆ ਹੈ। ਖੇਤੀ ਸੈਕਟਰ ਵਿਚ ਖੜੋਤ ਆਉਣ ਨਾਲ ਕਿਸਾਨ ਖੇਤੀ ਕਰਨੀ ਛੱਡੀ ਜਾ ਰਹੇ ਹਨ। ਇਸ ਕਰਕੇ ਖੁਦਕੁਸ਼ੀਆਂ ਨਹੀਂ ਰੁਕ ਰਹੀਆਂ। ਜੰਮੂ ਕਸ਼ਮੀਰ ਬਾਰੇ ਲਏ ਫੈਸਲੇ ਨਾਲ ਤਾਂ ਪੰਜਾਬ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਪੰਜਾਬ ਵਿਚ ਨਿਵੇਸ਼ ਹੋਣ ਦੀ ਸੰਭਾਵਨਾ ਖਤਮ ਹੋ ਗਈ ਹੈ। ਪੋਲਟਰੀ ਨਾਲ ਸਬੰਧਤ ਜੋ ਵਸਤੂਆਂ ਜੰਮੂ ਕਸ਼ਮੀਰ ਨੂੰ ਜਾਂਦੀਆਂ ਸਨ, ਉਹ ਬੰਦ ਹੋ ਗਈਆਂ ਹਨ। ਪਾਕਿਸਤਾਨ ਨਾਲ ਵਪਾਰ ਬੰਦ ਹੋ ਗਿਆ ਹੈ ਤੇ ਸਰਹੱਦ 'ਤੇ ਅਣਸੁਖਾਵੀਂ ਸਥਿਤੀ ਪੈਦਾ ਹੋ ਗਈ ਹੈ, ਜਿਸ ਕਾਰਨ ਕੋਈ ਵੀ ਪੰਜਾਬ ਵਿਚ ਨਿਵੇਸ਼ ਕਰਨ ਲਈ ਤਿਆਰ ਨਹੀਂ ਹੋਵੇਗਾ।

ਪੰਜਾਬ ਸਰਕਾਰ ਨੇ ਬਜਟ ਵਿਚ ਕੀਤੇ ਵਾਅਦਿਆਂ ਉਤੇ ਖਾਮੋਸ਼ੀ ਧਾਰ ਰੱਖੀ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਫਰਵਰੀ 2019 ਦੇ ਬਜਟ ਭਾਸ਼ਣ ਵਿਚ ਮੰਨਿਆ ਸੀ ਕਿ ਪੰਜਾਬ ਕਰਜ਼ੇ ਦੇ ਜਾਲ ਵਿਚ ਫਸ ਚੁੱਕਾ ਹੈ ਕਿਉਂਕਿ 2019-20 ਦੌਰਾਨ ਇਹ ਕਰਜ਼ਾ ਵਧ ਕੇ 2,29,612 ਕਰੋੜ ਰੁਪਏ ਹੋਣ ਦੀ ਉਮੀਦ ਹੈ। ਵਿੱਤ ਮੰਤਰੀ ਨੇ ਇਸੇ ਸੈਸ਼ਨ ਵਿਚ ਖੇਤ ਮਜ਼ਦੂਰਾਂ ਅਤੇ ਕਿਸਾਨ-ਮਜ਼ਦੂਰ ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕਰਦਿਆਂ ਤਿੰਨ ਹਜ਼ਾਰ ਕਰੋੜ ਰੁਪਏ ਰੱਖੇ ਸਨ ਪਰ ਇਸ ਬਾਰੇ ਹੁਣ ਕੋਈ ਗੱਲ ਨਹੀਂ ਹੋ ਰਹੀ। ਬੈਂਕ ਕਿਸਾਨ ਪਰਿਵਾਰਾਂ ਨੂੰ ਪੈਸਾ ਭਰਨ ਲਈ ਮਜਬੂਰ ਕਰ ਰਹੇ ਹਨ। ਸਰਕਾਰ ਦਾ ਮੰਨਣਾ ਹੈ ਕਿ ਲਗਭਗ 26,979 ਕਰੋੜ ਰੁਪਏ ਤਨਖਾਹ ਅਤੇ ਭੱਤੇ, 10,875 ਕਰੋੜ ਰੁਪਏ ਪੈਨਸ਼ਨਾਂ ਉਤੇ ਖਰਚ ਹੋ ਜਾਂਦੇ ਹਨ।

## ਸਨਅਤਾਂ ਨੂੰ ਆਰਥਿਕ ਮੰਦੀ ਦੀ ਮਾਰ ਪਈ

**ਲੁਧਿਆਣਾ:** ਸਨਅਤੀ ਸ਼ਹਿਰ ਦੀਆਂ ਸਨਅਤਾਂ ਨੂੰ ਆਰਥਿਕ ਮੰਦੀ ਦੀ ਮਾਰ ਪਈ ਹੈ। ਸਨਅਤਕਾਰਾਂ ਅਨੁਸਾਰ ਜੇ ਜਲਦੀ ਹੀ ਹਾਲਾਤ ਠੀਕ ਨਾ ਹੋਏ ਤਾਂ ਆਉਣ ਵਾਲੇ ਸਮੇਂ ਕਈ ਸਨਅਤਾਂ ਬੰਦੀ ਦੀ ਕਗਾਰ 'ਤੇ ਪੁੱਜ ਜਾਣਗੀਆਂ। ਸਨਅਤਕਾਰਾਂ ਦੀ ਮੰਗ ਹੈ ਕਿ ਸਰਕਾਰ ਟੈਕਸ ਘਟਾਏ ਤੇ ਬੈਂਕਾਂ ਦਾ ਵਿਆਜ ਘੱਟ ਕਰਕੇ ਸਨਅਤਾਂ ਨੂੰ ਹੁਲਾਰਾ ਦੇਵੇ। ਚੈਂਬਰ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗ (ਸੀ.ਆਈ.ਸੀ.ਯੂ.) ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਦਾ ਕਹਿਣਾ ਹੈ ਕਿ ਦੇਸ਼ ਇਸ ਸਮੇਂ ਆਰਥਿਕ ਮੰਦੀ ਦੀ ਮਾਰ ਝੱਲ ਰਿਹਾ ਹੈ। ਇਸ ਦਾ ਸਭ ਤੋਂ ਵੱਧ ਅਸਰ ਆਟੋ ਸੈਕਟਰ 'ਤੇ ਪਿਆ ਹੈ। ਇਸ ਮੰਦੀ ਦਾ ਸਭ ਤੋਂ ਵੱਡਾ ਕਾਰਨ ਉਚ ਟੈਕਸ ਦਰਾਂ ਤੇ ਸਰਕਾਰ ਦਾ ਸਨਅਤਾਂ ਵੱਲ ਧਿਆਨ ਨਾ ਦੇਣਾ ਹੈ। ਦੇਸ਼ ਹਾਲੇ ਨੋਟਬੰਦੀ ਦੀ ਮਾਰ ਤੋਂ ਬਾਹਰ ਵੀ ਨਹੀਂ ਆਇਆ ਸੀ ਕਿ ਜੀ.ਐਸ.ਟੀ. ਲੱਗ ਗਿਆ। ਸਰਕਾਰ ਨੇ ਇਲੈਕਟ੍ਰਾਨਿਕ ਵਾਹਨਾਂ ਲਈ ਬਿਆਨ ਤਾਂ ਦੇ ਦਿੱਤਾ ਪਰ ਸਥਿਤੀ ਸਪਸ਼ਟ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਜੇ ਸਨਅਤਾਂ ਨੂੰ ਬਚਾਉਣਾ ਹੈ ਤੇ ਮੰਦੀ ਤੋਂ ਬਾਹਰ ਆਉਣਾ ਹੈ ਤਾਂ ਸਰਕਾਰ ਨੂੰ ਜੀ.ਐਸ.ਟੀ. ਦਰਾਂ ਵਿਚ ਕਟੌਤੀ ਕਰਨੀ ਪਵੇਗੀ ਤੇ ਨਾਲ ਹੀ ਬੈਂਕਾਂ ਨੂੰ ਵੀ ਵਿਆਜ ਦਰਾਂ ਘਟਾਉਣੀਆਂ ਪੈਣਗੀਆਂ ਤਾਂ ਕਿ ਸਨਅਤਾਂ ਤਰੱਕੀ ਕਰ ਸਕਣਗੀਆਂ।

## ਸਾਬਕਾ ਸੰਸਦ ਮੈਂਬਰ ਸੁਖਦੇਵ ਸਿੰਘ ਲਿਬੜਾ ਨਹੀਂ ਰਹੇ

**ਖੰਨਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ, ਸਾਬਕਾ ਵਿਧਾਇਕ ਅਤੇ ਸਾਬਕਾ ਸੰਸਦ ਮੈਂਬਰ



ਸੁਖਦੇਵ ਸਿੰਘ ਲਿਬੜਾ ਦਾ ਸੰਖੇਪ ਬਿਮਾਰੀ ਪਿਛੋਂ ਦੇਹਾਂਤ ਹੋ ਗਿਆ। ਉਹ 88 ਵਰ੍ਹਿਆਂ ਦੇ ਸਨ। ਕੁਝ ਮਹੀਨੇ ਪਹਿਲਾਂ ਉਨ੍ਹਾਂ ਦੇ ਵੱਡੇ ਸਪੁੱਤਰ ਕੇਸਰ ਸਿੰਘ ਦੀ ਅਚਾਨਕ ਹੋਈ ਮੌਤ ਕਾਰਨ ਉਨ੍ਹਾਂ ਨੂੰ ਡੂੰਘਾ ਸਦਮਾ ਲੱਗਾ ਸੀ। ਸ. ਲਿਬੜਾ ਦੇ ਸਪੁੱਤਰਾਂ ਰਣਧੀਰ ਸਿੰਘ, ਰਣਬੀਰ ਸਿੰਘ ਲਿਬੜਾ ਅਤੇ ਪਰਿਵਾਰ ਮੈਂਬਰਾਂ ਨਾਲ ਦੁੱਖ ਪ੍ਰਗਟ ਕਰਨ ਲਈ ਪੁੱਜੇ ਆਗੂਆਂ ਵਿਚ ਸਾਬਕਾ ਵਿਧਾਇਕ ਰਣਜੀਤ ਸਿੰਘ ਤਲਵੰਡੀ, ਬਿਕਰਮਜੀਤ ਸਿੰਘ ਖਾਲਸਾ, ਯਾਦਵਿੰਦਰ ਸਿੰਘ ਯਾਦੂ, ਦਵਿੰਦਰ ਸਿੰਘ ਖੱਟੜਾ, ਦੀਦਾਰ ਸਿੰਘ ਭੱਟੀ, ਕਾਂਗਰਸ ਆਗੂ ਗੁਰਦੀਪ ਸਿੰਘ ਰਸੂਲੜਾ ਆਦਿ ਹਾਜ਼ਰ ਸਨ।

ਸ. ਲਿਬੜਾ ਨੇ ਰਾਜਸੀ ਜੀਵਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸੰਪਰਕ ਵਿਚ ਆਉਣ ਉਪਰੰਤ 1977 ਤੋਂ ਸ਼ੁਰੂ ਕੀਤਾ ਸੀ। ਉਹ 1979 ਵਿਚ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਚੁਣੇ ਗਏ ਤੇ ਕਮੇਟੀ ਦੇ ਮੀਤ ਪ੍ਰਧਾਨ ਬਣੇ। ਸ. ਲਿਬੜਾ ਇਸ ਅਹੁਦੇ ਉਤੇ 17 ਸਾਲ ਰਹੇ। ਇਸ ਦੌਰਾਨ ਉਹ 1985 ਵਿਚ ਹਲਕਾ ਖੰਨਾ (ਰਿਜ਼ਰਵ) ਤੋਂ ਭਾਰੀ ਬਹੁਮਤ ਨਾਲ ਵਿਧਾਇਕ ਚੁਣੇ ਗਏ। ਉਹ ਸ਼੍ਰੋਮਣੀ ਅਕਾਲੀ ਦਲ ਵੱਲੋਂ ਰੋਪੜ ਅਤੇ ਕਾਂਗਰਸ ਪਾਰਟੀ ਤੋਂ ਹਲਕਾ ਫਤਹਿਗੜ੍ਹ ਸਾਹਿਬ ਤੋਂ ਲੋਕ ਸਭਾ 'ਚ ਪੁੱਜੇ। ਇਸ ਦੌਰਾਨ ਉਹ ਇਕ ਵਾਰ ਰਾਜ ਸਭਾ ਦੇ ਮੈਂਬਰ ਵੀ ਬਣੇ।

## ਕੈਪਟਨ ਤੇ ਸੁਰੇਸ਼ ਕੁਮਾਰ ਵਿਚਾਲੇ 'ਸਭ ਅੱਛਾ'

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨੇ ਸਰਕਾਰ ਦਾ ਸੰਕਟ ਹੱਲ ਹੋਣ



ਦੇ ਸੰਕੇਤ ਦਿੱਤੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੁਰੇਸ਼ ਕੁਮਾਰ ਵਿਚਾਲੇ ਮੀਟਿੰਗ ਹੋਈ। ਮੀਟਿੰਗ ਵਿਚ ਸਭ ਅੱਛਾ ਹੋਣ ਦੀਆਂ ਕਨਸੋਆਂ ਮਿਲੀਆਂ ਹਨ। ਮੀਟਿੰਗ ਚੰਡੀਗੜ੍ਹ ਦੇ ਸੈਕਟਰ 5 ਵਿਚ ਹੋਈ। ਮੀਟਿੰਗ ਵਿਚ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਅਤੇ ਐਡਵੋਕੇਟ ਜਨਰਲ ਅਤੁਲ ਨੰਦਾ ਮੌਜੂਦ ਸਨ। ਮੀਟਿੰਗ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸ੍ਰੀ ਕੁਮਾਰ ਦੀ ਨਿਯੁਕਤੀ ਸਬੰਧੀ ਸੁਣਵਾਈ ਅਧੀਨ ਪਟੀਸ਼ਨ ਬਾਰੇ ਚਰਚਾ ਹੋਈ। ਇਸ ਤੋਂ ਪਹਿਲਾਂ ਇਸ ਸੀਨੀਅਰ ਅਧਿਕਾਰੀ ਵੱਲੋਂ ਅਸਤੀਫਾ ਦੇਣ ਅਤੇ ਪ੍ਰਵਾਨ ਹੋਣ ਸਬੰਧੀ ਕਿਆਸਰਾਈਆਂ ਜਾਰੀ ਸਨ।

ਸੁਰੇਸ਼ ਕੁਮਾਰ ਨੇ ਪ੍ਰਬੰਧਕੀ ਸਕੱਤਰ ਦੇ ਵੱਟਸਐਪ ਗਰੁੱਪ ਵਿਚ ਆਪਣੇ ਸਾਥੀ ਅਫ਼ਸਰਾਂ ਨੂੰ ਅਲਵਿਦਾ ਦਾ ਸੰਦੇਸ਼ ਭੇਜਣ ਬਾਅਦ ਉਨ੍ਹਾਂ ਗਰੁੱਪ ਛੱਡ ਦਿੱਤਾ ਸੀ, ਜਿਸ ਤੋਂ ਬਾਅਦ ਇਸ ਅਧਿਕਾਰੀ ਵੱਲੋਂ ਅਸਤੀਫਾ ਦਿੱਤੇ ਜਾਣ ਦੀਆਂ ਅਫ਼ਵਾਹਾਂ ਦਾ ਦੌਰ ਸ਼ੁਰੂ ਹੋ ਗਿਆ। ਮੁੱਖ ਮੰਤਰੀ ਦਫ਼ਤਰ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਮੁੱਖ ਪ੍ਰਮੁੱਖ ਸਕੱਤਰ ਵੱਲੋਂ ਅਸਤੀਫਾ ਨਹੀਂ ਦਿੱਤਾ ਗਿਆ ਤੇ ਨਾ ਹੀ ਮਨਜ਼ੂਰ ਕੀਤਾ ਗਿਆ ਹੈ।

ਸੁਰੇਸ਼ ਕੁਮਾਰ 1983 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ। ਸਾਲ 2016 ਵਿਚ ਸੇਵਾਮੁਕਤ ਹੋਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਬਣਦਿਆਂ ਹੀ ਇਸ ਸੇਵਾਮੁਕਤ ਅਧਿਕਾਰੀ ਨੂੰ ਆਪਣਾ ਮੁੱਖ ਪ੍ਰਮੁੱਖ ਸਕੱਤਰ ਨਿਯੁਕਤ ਕੀਤਾ ਸੀ। ਇਸ ਅਧਿਕਾਰੀ ਨੂੰ ਮੁੱਖ ਮੰਤਰੀ ਦਾ ਕਰੀਬੀ ਮੰਨਿਆ ਜਾਂਦਾ ਹੈ।

### ਹਵਾਰਾ ਦੀ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ

**ਲੁਧਿਆਣਾ:** ਬੰਬ ਧਮਾਕੇ, ਅਸਲਾ ਤੇ ਆਰ.ਡੀ. ਐਕਸ ਬਰਾਮਦਗੀ ਦੇ ਦੋ ਵੱਖ-ਵੱਖ ਮਾਮਲਿਆਂ ਦਾ ਸਾਹਮਣਾ ਕਰ ਰਹੇ ਦਿੱਲੀ ਦੀ ਤਿਹਾੜ ਜੇਲ੍ਹ 'ਚ ਨਜ਼ਰਬੰਦ ਜਗਤਾਰ ਸਿੰਘ ਹਵਾਰਾ ਦੀ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਹੋਈ।

ਜਾਣਕਾਰੀ ਅਨੁਸਾਰ ਸਥਾਨਕ ਘੰਟਾ ਘਰ 'ਚ ਦਸੰਬਰ 1995 'ਚ ਹੋਏ ਬੰਬ ਧਮਾਕੇ ਦੇ ਮਾਮਲੇ 'ਚ ਜਗਤਾਰ ਸਿੰਘ ਹਵਾਰਾ ਦੀ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਹੋਈ। ਪੇਸ਼ੀ ਉਪਰੰਤ ਜੱਜ ਨੇ ਇਸ ਮਾਮਲੇ ਦੀ ਸੁਣਵਾਈ 18 ਸਤੰਬਰ ਤੱਕ ਮੁਲਤਵੀ ਕਰ ਦਿੱਤੀ। ਦੂਜੇ ਮਾਮਲੇ 'ਚ ਪੁਲਿਸ ਵਲੋਂ ਨਿਊ ਕੁੰਦਨਪੁਰੀ 'ਚ ਸਾਲ 1995 'ਚ ਬਰਾਮਦ ਕੀਤੀ ਆਰ.ਡੀ.ਐਕਸ., ਏ.ਕੇ. 56 ਤੇ ਹੋਰ ਸਾਮਾਨ ਸਬੰਧੀ ਮਾਮਲੇ ਦੀ ਸੁਣਵਾਈ ਜੱਜ ਅਰੁਣਵੀਰ ਵਸ਼ਿਸ਼ਟ ਦੀ ਅਦਾਲਤ 'ਚ ਹੋਈ, ਜਿਸ ਦੀ ਸੁਣਵਾਈ 5 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ।

## ਅਜੇ ਜਾਖੜ ਹੱਥ ਹੀ ਰਹੇਗੀ ਪੰਜਾਬ ਕਾਂਗਰਸ ਦੀ ਕਮਾਨ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਹਾਲ ਦੀ ਘੜੀ ਆਪਣੇ ਅਹੁਦੇ 'ਤੇ ਕੰਮ ਕਰਦੇ ਰਹਿਣਗੇ। ਸੂਤਰਾਂ ਦਾ



ਦੱਸਣਾ ਹੈ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਸ੍ਰੀ ਜਾਖੜ ਨੂੰ ਕੰਮ ਕਰਦੇ ਰਹਿਣ ਦੇ ਆਦੇਸ਼ ਦਿੱਤੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਸੰਸਦੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਪੰਜਾਬ ਦੇ ਕਾਂਗਰਸੀ ਨੇਤਾਵਾਂ ਨੇ ਵੀ ਭਾਵੇਂ ਜਾਖੜ ਨੂੰ ਅਸਤੀਫਾ ਨਾ ਦੇਣ ਲਈ ਕਿਹਾ ਸੀ ਪਰ ਪਾਰਟੀ ਹਾਈ ਕਮਾਨ ਨੇ ਹੁਣ ਉਨ੍ਹਾਂ ਨੂੰ ਇਸ ਅਹੁਦੇ 'ਤੇ ਕੰਮ ਕਰਦੇ ਰਹਿਣ ਲਈ ਕਿਹਾ ਹੈ। ਇਸ ਤੋਂ ਇਹ ਵੀ ਸਪੱਸ਼ਟ ਹੈ ਕਿ ਪਾਰਟੀ ਵੱਲੋਂ ਅਜੇ ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਨਹੀਂ ਲਾਇਆ ਜਾ ਰਿਹਾ। ਰਾਹੁਲ ਗਾਂਧੀ ਵੱਲੋਂ ਪਾਰਟੀ ਦੇ ਕੌਮੀ ਪ੍ਰਧਾਨ ਵਜੋਂ ਅਸਤੀਫਾ ਦਿੱਤੇ ਜਾਣ ਤੋਂ ਬਾਅਦ ਪੰਜਾਬ 'ਚ ਵੀ ਕਾਂਗਰਸ ਇੱਕ ਤਰ੍ਹਾਂ ਨਾਲ ਬਿਨਾਂ ਪ੍ਰਧਾਨ ਤੋਂ ਹੀ ਚੱਲ ਰਹੀ ਹੈ।

ਸ੍ਰੀ ਜਾਖੜ ਨੇ ਅਸਤੀਫਾ ਦੇਣ ਤੋਂ ਬਾਅਦ ਜਥੇਬੰਦਕ ਗਤੀਵਿਧੀਆਂ ਠੱਪ ਕਰ ਦਿੱਤੀਆਂ ਸਨ ਤੇ ਪਿਛਲੇ ਕੁਝ ਦਿਨਾਂ ਦੌਰਾਨ ਹੀ ਸਰਗਰਮੀਆਂ ਵਧਾਈਆਂ ਹਨ। ਸੂਬੇ 'ਚ ਸੱਤਾ ਸੰਭਾਲਣ ਤੋਂ ਬਾਅਦ ਕਾਂਗਰਸ ਦੇ ਨਵੇਂ ਜਥੇਬੰਦਕ ਢਾਂਚੇ ਦਾ ਗਠਨ ਵੀ ਨਹੀਂ ਕੀਤਾ ਗਿਆ। ਪਾਰਟੀ ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਪੰਜਾਬ ਵਿਚ ਨਵਾਂ ਜਥੇਬੰਦਕ ਢਾਂਚਾ ਕਾਇਮ ਕਰਨ ਲਈ ਪਾਰਟੀ ਪ੍ਰਧਾਨ ਨੂੰ ਕਿਹਾ ਗਿਆ ਹੈ।

## ਗਿੱਪੀ ਗਰੇਵਾਲ ਫਿਰੌਤੀ ਮਾਮਲੇ 'ਚ ਦਿਲਪ੍ਰੀਤ ਬਾਬਾ ਖਿਲਾਫ ਦੋਸ਼ ਤੈਅ

**ਮੋਹਾਲੀ:** ਪੰਜਾਬੀ ਗਾਇਕ ਤੇ ਫਿਲਮ ਅਦਾਕਾਰ ਗਿੱਪੀ ਗਰੇਵਾਲ ਨੂੰ ਫਿਰੌਤੀ ਲਈ ਧਮਕੀ ਦੇਣ ਦੇ ਮਾਮਲੇ 'ਚ ਅਦਾਲਤ ਵੱਲੋਂ ਗੈਂਗਸਟਰ ਦਿਲਪ੍ਰੀਤ ਸਿੰਘ ਬਾਬਾ ਖਿਲਾਫ ਦੋਸ਼ ਤੈਅ ਕਰ ਦਿੱਤੇ ਗਏ ਹਨ। 18 ਸਤੰਬਰ ਨੂੰ ਇਸ ਮਾਮਲੇ 'ਚ ਪਹਿਲੀ ਗਵਾਹੀ ਹੋਣੀ ਹੈ ਤੇ ਹੋ ਸਕਦਾ ਹੈ ਕਿ ਗਾਇਕ ਗਿੱਪੀ ਗਰੇਵਾਲ ਦੀ 18 ਨੂੰ ਬਾਬੇ ਖਿਲਾਫ ਪਹਿਲੀ ਗਵਾਹੀ ਹੋਵੇ। ਉਧਰ, ਇਸ ਮਾਮਲੇ 'ਚ ਪੁਲਿਸ ਵੱਲੋਂ ਨਾਮਜ਼ਦ ਕੀਤੇ ਗਏ ਅਰਸ਼ਦੀਪ ਸਿੰਘ ਤੇ ਰੇਨੂੰ ਖਿਲਾਫ ਫਿਲਹਾਲ ਪੁਲਿਸ ਵੱਲੋਂ ਸਪਲੀਮੈਂਟਰੀ ਚਾਲਾਨ ਅਦਾਲਤ 'ਚ ਪੇਸ਼ ਨਹੀਂ ਕੀਤਾ ਗਿਆ।

ਜਾਣਕਾਰੀ ਅਨੁਸਾਰ ਅਰਸ਼ਦੀਪ ਸਿੰਘ ਪੰਜਾਬੀ ਗਾਇਕ ਗਿੱਪੀ ਗਰੇਵਾਲ ਦੀ ਸੋਸ਼ਲ ਮੀਡੀਆ 'ਤੇ ਪ੍ਰਮੋਸ਼ਨ ਦਾ ਕੰਮਕਾਜ ਵੀ ਦੇਖਦਾ ਰਿਹਾ ਹੈ ਤੇ ਉਸ ਵੱਲੋਂ ਹੀ ਗੈਂਗਸਟਰਾਂ ਨੂੰ ਗਿੱਪੀ ਗਰੇਵਾਲ ਦੇ ਫੋਨ ਨੰਬਰ ਮੁਹੱਈਆ ਕਰਵਾਏ ਗਏ ਸਨ। ਇੰਨਾ ਹੀ ਨਹੀਂ ਅਰਸ਼ਦੀਪ ਸਿੰਘ ਅਕਸਰ ਗੈਂਗਸਟਰਾਂ ਨਾਲ ਵਟਸਐਪ ਰਾਹੀਂ ਗੱਲਬਾਤ ਵੀ ਕਰਦਾ ਰਹਿੰਦਾ ਸੀ। ਰੇਨੂੰ 'ਤੇ ਦੋਸ਼ ਹੈ ਕਿ ਦਿਲਪ੍ਰੀਤ ਸਿੰਘ ਬਾਬਾ ਤੇ ਲੱਕੀ ਨੇ ਜਦੋਂ ਫਿਰੌਤੀ ਮੰਗਣ ਦੀ ਯੋਜਨਾ ਬਣਾਈ ਸੀ ਤਾਂ ਉਸ ਯੋਜਨਾ ਸਮੇਂ ਰੇਨੂੰ ਵੀ ਉਨ੍ਹਾਂ ਦੇ ਨਾਲ ਸੀ। ਰੇਨੂੰ ਉੱਤਰਾਖੰਡ ਦੀ ਰਹਿਣ ਵਾਲੀ ਹੈ ਤੇ ਉਸ ਦਾ ਲੱਕੀ ਨਾਲ ਪ੍ਰੇਮ ਵਿਆਹ ਹੋਇਆ ਸੀ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥ ਗੁਰਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ॥ ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥




## ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ (ਗੁਰਦੁਆਰਾ ਪੈਲਾਟਾਈਨ) ਦੇ

# 40ਵੇਂ ਸਥਾਪਨਾ ਦਿਵਸ ਦੀ

# ਲੱਖ ਲੱਖ ਵਧਾਈ ਹੋਵੇ

ਆਓ ਰਲ-ਮਿਲ ਕੇ ਮਨਾਈਏ, ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਸ਼ਿਕਾਗੋ ਦਾ 40ਵਾਂ ਸਥਾਪਨਾ ਦਿਵਸ (ਸਤੰਬਰ 1979 ਤੋਂ ਸਤੰਬਰ 2019)

## 22 ਸਤੰਬਰ 2019 (ਐਤਵਾਰ)

ਗੁਰੂ ਰੂਪ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥
ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਸ਼ਿਕਾਗੋ ਦਾ 40ਵਾਂ ਸਥਾਪਨਾ ਦਿਵਸ 22 ਸਤੰਬਰ 2019, ਐਤਵਾਰ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸ਼ੁਰੂ ਕਰਨ ਸਮੇਂ ਦੇ ਮੋਢੀ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਜਾਵੇਗਾ। ਇਤਿਹਾਸਕ ਨੁਮਾਇਸ਼ ਵੀ ਲਾਈ ਜਾਵੇਗੀ। ਇਸ ਇਤਿਹਾਸਕ ਦਿਹਾੜੇ ਲਈ ਉਚੇਚੇ ਤੌਰ 'ਤੇ ਪੰਥ ਪ੍ਰਸਿੱਧ ਕੀਰਤਨੀਏ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦੇ ਜਥੇ ਵਲੋਂ 20 ਸਤੰਬਰ, ਸ਼ੁੱਕਰਵਾਰ ਤੋਂ ਲੈ ਕੇ 22 ਸਤੰਬਰ, ਐਤਵਾਰ ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਰਤਨ ਸਮਾਗਮ ਹੋਣਗੇ।

### ਮਹਾਨ ਕੀਰਤਨ ਸਮਾਗਮ

20 ਸਤੰਬਰ (ਸ਼ੁੱਕਰਵਾਰ): ਸ਼ਾਮ 7:15 ਤੋਂ 8:30 ਵਜੇ ਤੱਕ
21 ਸਤੰਬਰ (ਸਨਿਚਰਵਾਰ): ਸਵੇਰੇ 9 ਵਜੇ ਤੋਂ 10 ਵਜੇ ਤੱਕ
ਸ਼ਾਮ 7:15 ਤੋਂ 8:30 ਵਜੇ ਤੱਕ
22 ਸਤੰਬਰ (ਐਤਵਾਰ): ਸਵੇਰੇ 11:30 ਤੋਂ ਦੁਪਹਿਰ 1 ਵਜੇ ਤੱਕ



*ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ*




ਦਾਸਰੇ: ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਪੈਲਾਟਾਈਨ

SIKH Religious Society PALATINE GURDWARA

**Sikh Religious Society**
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org

# ਸਫਲ ਰਿਹਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਮਿਡਵੈਸਟ (ਸ਼ਿਕਾਗੋ) ਦਾ ਖੇਡ ਤੇ ਸਭਿਆਚਾਰਕ ਮੇਲਾ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਮਿਡਵੈਸਟ (ਸ਼ਿਕਾਗੋ) ਦੇ 17ਵੇਂ ਸਾਲਾਨਾ ਖੇਡ ਤੇ ਸਭਿਆਚਾਰਕ ਮੇਲੇ ਵਿਚ ਜਿੱਥੇ ਕਬੱਡੀ ਤੇ ਵਾਲੀਬਾਲ ਦੇ ਖਿਡਾਰੀਆਂ ਨੇ ਉਮਦਾ ਖੇਡ ਦਿਖਾਈ, ਉਥੇ ਗਾਇਕ ਹਰਭਜਨ ਮਾਨ ਨੇ ਸਭਿਆਚਾਰਕ ਗੀਤ ਪੇਸ਼ ਕਰ ਕੇ ਮੇਲੇ ਨੂੰ ਵੱਖਰਾ ਹੀ ਰੰਗ ਚਾੜ੍ਹ ਦਿੱਤਾ। ਮੇਲੇ ਤੋਂ ਇਕ ਦਿਨ ਪਹਿਲਾਂ ਪਏ ਮੀਂਹ ਕਾਰਨ ਪ੍ਰਬੰਧਕਾਂ ਨੂੰ ਇਹ ਧੁੜਕੂ ਲੱਗਾ ਰਿਹਾ ਕਿ ਜੇ ਮੇਲੇ ਦੌਰਾਨ ਮੀਂਹ ਪੈ ਗਿਆ ਤਾਂ 'ਜਲੇਬੀਆਂ 'ਤੇ ਰੇਤਾ' ਪੈ ਜਾਣ ਵਾਲੀ ਗੱਲ ਹੋ ਜਾਣੀ ਹੈ।

ਮੇਲੇ ਵਾਲੇ ਦਿਨ ਬੱਦਲਵਾਈ ਸਵੇਰ ਤੋਂ ਹੀ ਅੰਬਰੀਂ ਡੇਰਾ ਲਾਈ ਬੈਠੀ ਰਹੀ, ਉਂਜ ਮੀਂਹ ਤੋਂ ਬਚਾਓ ਹੀ ਰਿਹਾ। ਦੁਪਹਿਰ ਤੱਕ ਲੋਕ ਆਮ ਨਾਲੋਂ ਘੱਟ ਸਨ, ਪਰ ਮੇਲਾ ਫਿਰ ਇਕ ਦਮ ਭਰਨਾ ਸ਼ੁਰੂ ਹੋ ਗਿਆ। ਮੇਲੇ ਵਿਚ ਰੌਣਕਾਂ ਲੱਗੀਆਂ ਵੇਖ ਕੇ ਕਲੱਬ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਗਿੱਲ ਅਤੇ ਹੋਰ ਕਲੱਬ ਮੈਂਬਰ ਬਾਗੋ ਬਾਗ ਨਜ਼ਰ ਆਏ। ਉਹ ਖਿੜੇ ਮੱਥੇ ਸਭ ਨੂੰ ਜੀ ਆਇਆਂ ਆਖਦੇ ਸਹਿਯੋਗੀਆਂ ਤੇ ਸਪਾਂਸਰਾਂ ਦਾ ਧੰਨਵਾਦ ਕਰ ਰਹੇ ਸਨ।

ਦਿਲਚਸਪ ਗੱਲ ਇਹ ਰਹੀ ਕਿ ਕਬੱਡੀ ਦੇ ਫਾਈਨਲ ਮੈਚ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਨੇ ਬਾਬਾ ਦੀਪ ਸਿੰਘ ਫਤਿਹ ਸਪੋਰਟਸ ਕਲੱਬ ਕੈਲੀਫੋਰਨੀਆ ਨੂੰ ਸਿਰਫ ਅੱਧੇ ਅੰਕ ਦੇ ਫਰਕ ਨਾਲ ਹਰਾ ਕੇ ਕਬੱਡੀ ਕੱਪ ਜਿੱਤ ਲਿਆ। ਫਾਈਨਲ ਮੈਚ ਦੌਰਾਨ ਜਿੱਥੇ ਕਬੱਡੀ ਪ੍ਰਸ਼ੰਸਕਾਂ ਦੀਆਂ ਨਜ਼ਰਾਂ ਖਿਡਾਰੀਆਂ ਦੇ ਜੱਫਿਆਂ-ਧਾਵਿਆਂ 'ਤੇ ਗੱਡੀਆਂ ਰਹੀਆਂ, ਉਥੇ ਸਟੇਜ ਦੇ ਮੂਹਰੇ ਕੁਰਸੀਆਂ ਮੱਲੀ ਬੀਬੀਆਂ ਹਰਭਜਨ ਮਾਨ ਦੀ ਗਾਇਕੀ ਦਾ ਅਨੰਦ ਮਾਣਨ ਲਈ ਨਜ਼ਰਾਂ ਵਿਛਾਈ ਬੈਠੀਆਂ ਰਹੀਆਂ। ਹਾਲਾਂਕਿ ਸਪੀਕਰ ਤੋਂ ਇਹ ਅਨਾਊਂਸ ਕੀਤਾ ਜਾ ਰਿਹਾ ਸੀ ਕਿ 'ਸਟੇਜ ਦੇ ਐਨ ਮੂਹਰੇ ਲੱਗੀਆਂ ਕੁਰਸੀਆਂ ਆਏ ਖਾਸ ਮਹਿਮਾਨਾਂ ਲਈ ਹਨ, ਕਿਰਪਾ ਕਰਕੇ ਖਾਲੀ ਕਰ ਦਿਓ' ਪਰ ਜਾਪਦਾ ਸੀ ਜਿਵੇਂ ਕਿਸੇ ਨੇ ਗੱਲ ਸੁਣੀ ਹੀ ਨਾ ਹੋਵੇ।

ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਬਹੁਤ ਹੀ ਘੱਟ ਬੀਬੀਆਂ ਨੇ ਫਾਈਨਲ ਮੈਚ ਦੇਖਿਆ ਹੋਊ, ਉਂਜ ਬਜੁਰਗ ਬੀਬੀਆਂ ਦੁੱਖ-ਸੁੱਖ ਫਰੋਲਣ ਤੇ ਸਜ-ਫਬ ਕੇ ਆਈਆਂ ਤ੍ਰੀਮਤਾਂ ਸੈਲਫੀਆਂ ਖਿੱਚਣ 'ਚ ਵੱਧ ਮਸ਼ਰੂਫ ਸਨ। ਸ਼ਾਮ 4 ਕੁ ਵਜਦੇ ਨੂੰ ਜਦੋਂ ਸਪੀਕਰ ਤੋਂ ਇਹ ਬੋਲ ਸੁਣਾਈ ਦਿੱਤੇ ਕਿ ਜਲਦ ਹੀ ਹਰਭਜਨ ਮਾਨ ਗਾਇਕੀ ਦਾ ਅਖਾੜਾ ਲਾਉਣਗੇ, ਬੀਬੀਆਂ ਤੇ ਕੁਝ ਪੁਰਸ਼ ਆਪੋ ਆਪਣੀਆਂ ਕੁਰਸੀਆਂ ਚੁੱਕ ਸਟੇਜ ਮੂਹਰੇ ਆ ਬੈਠੇ।

ਐਲਕ ਗਰੋਵ ਦੇ ਬਸੀ ਵੁਡਜ਼ ਫਾਰੈਸਟ ਪ੍ਰੀਜ਼ਰਵ ਵਿਚ ਹੋਏ ਮੇਲੇ ਦਾ ਅਰੰਭ ਸਵੇਰੇ ਭਾਈ ਹਰਜੰਤ ਸਿੰਘ ਵਲੋਂ ਪ੍ਰਭੂ ਚਰਨਾਂ ਵਿਚ ਅਰਦਾਸ ਕੀਤੇ ਜਾਣ ਨਾਲ ਹੋਇਆ। ਉਪਰੰਤ ਗੁਬਾਰੇ ਛੱਡੇ ਗਏ।

ਮੇਲੇ ਵਿਚ ਕਬੱਡੀ ਦੀਆਂ ਚਾਰ ਟੀਮਾਂ-ਸ਼ੇਰੇ ਪੰਜਾਬ ਸਪੋਰਟਸ ਕਲੱਬ ਮਿਡਵੈਸਟ (ਸ਼ਿਕਾਗੋ), ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ, ਬਾਬਾ ਦੀਪ ਸਿੰਘ ਫਤਿਹ ਸਪੋਰਟਸ ਕਲੱਬ ਕੈਲੀਫੋਰਨੀਆ ਅਤੇ ਬਾਬਾ ਸੇਵਾ ਦਾਸ ਸਪੋਰਟਸ ਕਲੱਬ ਨਾਰਥ ਕੈਰੋਲਾਈਨਾ ਭਿੜੀਆਂ। ਸੈਮੀਫਾਈਨਲ ਤੇ ਫਾਈਨਲ ਸਮੇਤ ਕੁਲ ਪੰਜ ਮੈਚ ਖੇਡੇ ਗਏ। ਬਾਬਾ ਦੀਪ ਸਿੰਘ ਫਤਿਹ ਸਪੋਰਟਸ ਕਲੱਬ ਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਵਿਚਾਲੇ ਹੋਏ ਫਾਈਨਲ ਮੈਚ ਵਿਚ 'ਕੋਈ ਨਿੱਤਰੂ ਵੜੇਵੇਂ ਖਾਣੀ, ਕੁੰਡੀਆਂ ਦੇ ਸਿੰਗ ਫਸ ਗਏ' ਵਾਲਾ ਮਾਹੌਲ ਸੀ। ਜਬਰਦਸਤ ਮੁਕਾਬਲੇ ਵਿਚ ਬਰੈਟੀ ਗਿੱਲ ਤੇ ਮੋਹਣਾ ਜੋਧਾਂ ਦੀ ਸ਼ੇਰੇ ਪੰਜਾਬ ਕਲੱਬ ਸਿਆਟਲ ਦੀ ਟੀਮ ਨੇ ਵਿਰੋਧੀ ਧਿਰ ਨੂੰ 34 ਅੰਕਾਂ ਦੇ ਮੁਕਾਬਲੇ ਸਾਢੇ 34 ਅੰਕ ਲੈ ਕੇ ਚਿੱਤ ਕਰ ਕਰਦਿਆਂ ਮੈਚ ਆਪਣੇ ਨਾਂ ਕਰ ਲਿਆ।

ਫਾਈਨਲ ਮੈਚ ਵਿਚ ਕਮਲ ਤੇ ਅਮਨ ਵਿਚ ਕਮਲ ਦਾ, ਕਾਲੇ ਤੇ ਕਦੂ ਵਿਚਾਲੇ ਕਾਲੇ ਦਾ ਅਤੇ ਕਮਲ ਤੇ ਦਲਜਿੰਦਰ ਵਿਚਾਲੇ ਟੱਕਰ ਵਿਚ ਕਮਲ ਦਾ ਹੱਥ ਉਪਰ ਰਿਹਾ। ਮਨੀ ਤੇ ਲਵਲੀ ਦੀ ਜ਼ੋਰ ਅਜ਼ਮਾਈ ਵਿਚ ਮਨੀ ਦਾ ਪਲੜਾ ਭਾਰੂ ਰਿਹਾ। ਯਾਦ ਤੇ ਪਾਲੀ ਵਿਚੋਂ ਯਾਦ ਕਾਮਯਾਬ ਹੋਇਆ। ਤਾਜਾ ਤੇ ਅਮਨ ਵਿਚੋਂ ਤਾਜਾ ਦੀ ਝਕਾਨੀ ਚੱਲੀ ਤੇ ਤਾਜਾ ਸ਼ੁਰਲੀ ਵਾਂਗ ਅੰਕ ਲੈ ਕੇ ਆਪਣੇ ਪਾਲੇ ਵਿਚ ਜਾ ਵੜਿਆ। ਸੰਦੀਪ ਤੇ ਮਨੀ, ਮਨੀ ਤੇ ਕਦੂ ਅਤੇ ਤਾਜਾ ਤੇ ਜਤਿੰਦਰ ਵਿਚਾਲੇ 'ਸਾਨ੍ਹਾਂ ਦੇ ਭੇੜ' ਹੋਏ। ਕਮਲ ਤੇ ਜਤਿੰਦਰ ਬੈਂਸ ਵਿਚਾਲੇ ਵਾਹਵਾ ਦੇਰ ਚੱਲੀ ਕਸ਼ਮਕਸ਼ ਵਿਚ ਜਤਿੰਦਰ ਨੇ ਕਮਲ ਨੂੰ ਕਾਬੂ ਕਰ ਕੇ ਸ਼ਾਨਦਾਰ ਅੰਕ ਹਾਸਿਲ ਕੀਤਾ। ਕਾਂਟੇ ਦੇ ਇਸ ਮੈਚ ਵਿਚ ਦੋਹਾਂ ਪਾਸਿਆਂ ਤੋਂ ਸਿਰਫ ਦੋ-ਦੋ ਜੱਫੇ ਹੀ ਲੱਗੇ ਤੇ ਰੇਡਰ ਹੀ ਮੈਚ ਵਿਚ ਹਾਵੀ ਰਹੇ।

ਪਹਿਲੇ ਸੈਮੀਫਾਈਨਲ ਮੈਚ ਵਿਚ ਬਾਬਾ ਦੀਪ ਸਿੰਘ ਫਤਿਹ ਸਪੋਰਟਸ ਕਲੱਬ ਕੈਲੀਫੋਰਨੀਆ ਨੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਮਿਡਵੈਸਟ (ਸ਼ਿਕਾਗੋ) ਨੂੰ 34 ਦੇ ਮੁਕਾਬਲੇ 22 ਅੰਕਾਂ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਇਸ ਮੈਚ ਵਿਚ ਰਵੀ ਤੇ ਅਮਨ ਕਈ ਵਾਰੀ ਆਹਮੋ-ਸਾਹਮਣੇ ਹੋਏ ਤੇ ਵਾਰੋ ਵਾਰੀ ਇਕ ਦੂਜੇ 'ਤੇ ਹਾਵੀ ਹੁੰਦੇ ਰਹੇ। ਸਤੀਸ਼ ਤੇ ਬੰਟੀ ਦੀ ਟੱਕਰ ਵਿਚ ਜਦੋਂ ਸਤੀਸ਼ ਰੇਡ ਪਾ ਕੇ ਮੁੜਿਆ ਤਾਂ ਕੁਮੈਂਟੇਟਰ ਦੇ ਬੋਲ ਸਨ, 'ਅੰਬੀਆਂ ਨੂੰ ਤਰਸੇਂਗੀ, ਛੱਡ ਕੇ ਇਲਾਕਾ ਦੁਆਬਾ।'




ਦੂਜਾ ਸੈਮੀਫਾਈਨਲ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਤੇ ਬਾਬਾ ਸੇਵਾ ਦਾਸ ਸਪੋਰਟਸ ਕਲੱਬ ਨਾਰਥ ਕੈਰੋਲਾਈਨਾ ਵਿਚਾਲੇ ਸੀ, ਜੋ ਸਿਆਟਲ ਕਲੱਬ ਨੇ ਸਾਢੇ 37 ਅੰਕ ਬਟੋਰ ਕੇ ਜਿੱਤ ਲਿਆ। ਇਸ ਜਿੱਤ ਨਾਲ ਸਿਆਟਲ ਕਲੱਬ ਫਾਈਨਲ 'ਚ ਪ੍ਰਵੇਸ਼ ਕਰ ਗਿਆ। ਬਾਬਾ ਸੇਵਾ ਦਾਸ ਕਲੱਬ 26 ਅੰਕ ਹੀ ਬਣਾ ਸਕਿਆ।

ਉਂਜ ਇਸ ਮੈਚ ਵਿਚ ਕਮਲ ਤੇ ਨਿੰਦੀ ਅਤੇ ਸੰਦੀਪ ਤੇ ਨਿੰਦੀ ਦੇ ਕਈ ਵਾਰ ਦਸਤਪੰਜ ਫਸੇ। ਕਦੇ ਕਮਲ ਬਾਜੀ ਮਾਰ ਜਾਂਦਾ ਤੇ ਕਦੇ ਨਿੰਦੀ ਹਾਵੀ ਹੋ ਜਾਂਦਾ। ਯਾਦ ਤੇ ਭੋਲੇ, ਰੇਡਰ ਹੈਪੀ ਤੇ ਕਦੂ ਦੇ ਚੰਗੇ ਸਿੰਗ ਫਸੇ। ਕਦੂ ਤੇ ਡਿੰਪੀ ਅਤੇ ਨਿੰਦੀ ਤੇ ਤਾਜੇ ਨੇ ਵੀ ਚੰਗੇ ਮੁਕਾਬਲੇ ਦਿਖਾਏ।

ਸ਼ੇਰੇ ਪੰਜਾਬ ਸਪੋਰਟਸ ਕਲੱਬ ਮਿਡਵੈਸਟ (ਸ਼ਿਕਾਗੋ) ਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਵਿਚਾਲੇ ਹੋਏ ਪਹਿਲੇ ਮੈਚ 'ਚ ਸਿਆਟਲ ਨੇ ਸ਼ਿਕਾਗੋ ਨੂੰ ਸਾਢੇ 25 ਦੇ ਮੁਕਾਬਲੇ 37 ਅੰਕਾਂ ਦੇ ਫਰਕ ਨਾਲ ਹਰਾ ਦਿੱਤਾ। ਸ਼ਿਕਾਗੋ ਦੀ ਲੋਕਲ ਟੀਮ ਵਿਚ ਰਵੀ ਆਹਲੋਵਾਲ, ਜਗਦੀਸ਼ ਆਹਲੋਵਾਲ, ਸਤੀਸ਼ ਹਰਿਆਣਾ, ਛਿੰਦਾ ਤੇ ਬਿੱਲਾ ਪ੍ਰਮੁਖ ਖਿਡਾਰੀ ਸਨ ਅਤੇ ਸਿਆਟਲ ਦੀ ਟੀਮ ਵਿਚ ਤਾਜਾ ਕਾਲਾਸੰਘਿਆਂ, ਮੰਨਾ, ਲਵਲੀ, ਯਾਦ, ਸੰਦੀਪ ਤੇ ਕਦੂ ਰਸੂਲਪੁਰੀਆ ਸਨ। ਜ਼ਿਕਰਯੋਗ ਹੈ ਕਿ ਕਬੱਡੀ ਜਗਤ ਵਿਚ ਕਦੂ ਦੇ ਨਾਂ ਨਾਲ ਮਸ਼ਹੂਰ ਖਿਡਾਰੀ ਜਾਫੀ ਕਦੂ ਰਸੂਲਪੁਰੀਆ ਸ਼ਿਕਜਾ ਕੱਸ ਕੇ ਅੰਕ ਹਾਸਿਲ ਕਰਨ ਲਈ ਚਰਚਿਤ ਹੈ, ਜਿਸ 'ਤੇ ਸਭ ਦੀਆਂ ਨਜ਼ਰਾਂ ਸਨ।

ਮੈਚ ਦੇ ਅੱਧੇ ਸਮੇਂ ਤੱਕ ਸ਼ਿਕਾਗੋ ਦੇ 14 ਅਤੇ ਸਿਆਟਲ ਦੇ ਸਾਢੇ 19 ਅੰਕ ਸਨ। ਅੱਧੇ ਸਮੇਂ ਤੋਂ ਬਾਅਦ ਹੰਧੇ ਲਾਗੇ ਜਦ ਅੰਕ ਲੈਣ ਲਈ ਗੌਰੀ ਤੇ ਸੰਦੀਪ ਦਾ ਵਾਹਵਾ ਸੰਘਰਸ਼ ਹੋਇਆ ਤੇ ਅੰਕ ਗੌਰੀ ਲੈ ਗਿਆ ਤਾਂ ਮੈਦਾਨ ਤਾੜੀਆਂ ਨਾਲ ਗੂੰਜ ਉਠਿਆ।

ਬਾਬਾ ਦੀਪ ਸਿੰਘ ਫਤਿਹ ਸਪੋਰਟਸ ਕਲੱਬ ਤੇ ਬਾਬਾ ਸੇਵਾ ਦਾਸ ਸਪੋਰਟਸ ਕਲੱਬ ਨਾਰਥ ਕੈਰੋਲਾਈਨਾ ਵਿਚਾਲੇ ਦੂਜਾ ਮੈਚ ਵੀ ਕਾਫੀ ਫਸਵਾਂ ਸੀ। ਅੱਧੇ ਸਮੇਂ ਤੱਕ ਅੰਕ ਇਕ ਟੀਮ ਦੇ 15 ਅਤੇ ਦੂਜੀ ਦੇ ਸਾਢੇ 15 ਸਨ। ਭੋਲੇ ਤੇ ਜਤਿੰਦਰ, ਪਾਲੀ ਤੇ ਯਾਦ, ਬਲਚਿਤਰ ਤੇ ਭਲਵਾਨ ਅਤੇ ਡਿੰਪੀ ਤੇ ਬੰਟੀ ਦੇ ਵੀ ਦਸਤਪੰਜੇ ਫਸੇ।

ਬਹੁਤੇ ਕਬੱਡੀ ਪ੍ਰਸ਼ੰਸਕਾਂ ਨੇ ਮਹਿਸੂਸ ਕੀਤਾ ਕਿ ਕਬੱਡੀ ਦੇ ਫਾਈਨਲ ਮੈਚ ਲਈ ਖਿਡਾਰੀਆਂ ਨੂੰ ਵਾਰ ਵਾਰ ਅਨਾਊਂਸਮੈਂਟਾਂ ਕਰ ਕੇ ਬੁਲਾਉਣਾ ਪੈਂਦਾ ਸੀ। ਇਕ ਸੱਜਣ ਦੀ ਟਿੱਪਣੀ ਸੀ, ਖਿਡਾਰੀ ਲਗਾਤਾਰ ਤਿੰਨ-ਤਿੰਨ ਮੈਚ ਇਕੱਠੇ ਖੇਡਣ ਕਰਕੇ ਫਾਈਨਲ ਮੈਚ ਤੱਕ ਆਪਣਾ ਜ਼ੋਰ ਬਰਕਰਾਰ ਰੱਖਣ ਲਈ ਕਈ ਕੁਝ ਕਰਦੇ ਹਨ, ਜਿਸ ਕਾਰਨ ਉਹ ਖੇਡ ਮੈਦਾਨ ਵਿਚ ਆਉਣ ਲੱਗਿਆਂ ਸਮਾਂ ਲੈ ਲੈਂਦੇ ਹਨ।

ਮੈਚ ਦੌਰਾਨ ਬਚਿਤਰ ਤੇ ਨਿੰਦੀ, ਕਾਲਾ ਮੀਆਵਿੰਡ ਤੇ ਭਲਵਾਨ ਦੀ ਵੀ ਕਾਫੀ ਜ਼ੋਰ ਅਜ਼ਮਾਈ ਹੋਈ। ਇਕ ਸਮੇਂ ਪੁਆਇੰਟ ਸਬੰਧੀ ਰੈਫਰੀ ਨੂੰ ਟੈਕਨੀਕਲ ਕਮੇਟੀ ਤੇ ਪ੍ਰਬੰਧਕਾਂ ਨੂੰ ਵੀ ਮੈਦਾਨ ਵਿਚ ਬੁਲਾਉਣਾ ਪਿਆ, ਜਿਨ੍ਹਾਂ ਨੇ ਇਕ ਅੰਕ ਹੋਲਡ ਕਰ ਲਿਆ। ਮੈਚ ਦੇ ਅਖੀਰ 'ਚ ਜਦੋਂ ਅੰਕ 34 ਅਤੇ ਸਾਢੇ 34 ਸਨ ਤਾਂ ਦੋਹਾਂ ਟੀਮਾਂ ਨੇ ਹੋਲਡ ਕੀਤੇ ਅੰਕ ਦਾ ਫੈਸਲਾ ਕਰਨ ਲਈ ਕਿਹਾ। ਅੰਤ ਵਿਚ ਕੈਮਰੇ ਵਿਚ ਰਿਕਾਰਡ ਮੈਚ ਦੇਖ ਕੇ ਫੈਸਲਾ ਕੀਤਾ ਗਿਆ, ਜੋ ਬਾਬਾ ਦੀਪ ਸਿੰਘ ਫਤਿਹ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਟੀਮ ਨੂੰ ਮਿਲਿਆ। ਇੰਜ ਬਾਬਾ ਸੇਵਾ ਦਾਸ ਸਪੋਰਟਸ ਕਲੱਬ ਨਾਰਥ ਕੈਰੋਲਾਈਨਾ ਦੀ ਟੀਮ ਅੱਧੇ ਅੰਕ ਨਾਲ ਹਾਰ ਗਈ।

ਟੂਰਨਾਮੈਂਟ ਵਿਚ ਦੋ ਬੈਸਟ ਰੇਡਰ ਸਾਂਝੇ ਤੌਰ 'ਤੇ ਚੁਣੇ ਗਏ। ਇਕ ਕੌਮਾਂਤਰੀ ਪ੍ਰਸਿੱਧੀ ਵਾਲਾ ਖਿਡਾਰੀ ਇੰਡੀਆ ਟੀਮ ਦਾ ਕਪਤਾਨ ਰਹਿ ਚੁਕਾ ਸੰਦੀਪ ਸੁਰਖਪੁਰੀਆ ਤੇ ਦੂਜਾ ਵੱਖ ਵੱਖ ਟੂਰਨਾਮੈਂਟਾਂ ਵਿਚ 50 ਤੋਂ ਵੱਧ ਮੋਟਰ ਸਾਈਕਲ ਜਿੱਤਣ ਵਾਲਾ ਪਾਲੀ ਛੰਦਰਾਵਾਲੀਆ। ਜ਼ਿਕਰਯੋਗ ਹੈ ਕਿ ਪਾਲੀ ਨੇ ਆਪਣੇ ਸੱਜੇ ਡੌਲੇ 'ਤੇ ਟੈਟੂ ਖੁਣਵਾਇਆ ਹੋਇਆ ਹੈ, ਜਿਸ 'ਤੇ ਲਿਖਿਆ ਹੈ, "ਵਿਦਾਊਟ ਸਟ੍ਰਗਲ, ਦੇਅਰ ਇਜ਼ ਨੋ ਪ੍ਰੋਗਰੈਸ।"

ਬੈਸਟ ਸਟਾਪਰ ਆਪਣੇ ਸਮੇਂ ਦੇ ਮਸਹੂਰ ਖਿਡਾਰੀ ਰਹੇ ਭੀਮਾ ਦਾ ਬੇਟਾ ਲਵਲੀ ਸਹੇੜੀਵਾਲਾ ਰਿਹਾ। ਰੀਗਲ ਜਿਊਲਰਜ਼ ਦੇ ਰਾਹੁਲ ਗਿੱਲ ਨੇ ਬੈਸਟ ਸਟਾਪਰ ਤੇ ਬੈਸਟ ਰੇਡਰ ਦਾ ਸੋਨੇ ਦੀਆਂ ਚੇਨੀਆਂ ਨਾਲ ਸਨਮਾਨ ਕੀਤਾ।

ਰੈਫਰੀ ਦਵਿੰਦਰ ਕੋਚ ਤੇ ਮਦਨ ਕੋਚ ਸਨ। ਅੰਕ ਰਘਵਿੰਦਰ ਸਿੰਘ ਮਾਹਲ ਨੇ ਲਿਖੇ, ਉਨ੍ਹਾਂ ਦਾ ਸਾਥ ਦਿਲਬਾਗ ਸਿੰਘ ਹੋਠੀ ਨੇ ਦਿੱਤਾ। ਲਾਈਨਮੈਨ ਦੀ ਸੇਵਾ ਹਰਦੀਪ ਬੰਦੇਸ਼ਾ ਤੇ ਪਿੰਦੇ ਨੇ ਕੀਤੀ।

ਪਹਿਲਾ ਇਨਾਮ ਏ-ਵਨ ਮੋਟਰਜ਼ ਦੇ ਸੰਤੋਖ ਸਿੰਘ ਡੀ. ਸੀ. ਵਲੋਂ ਸੀ। ਦੂਜਾ ਇਨਾਮ ਨਰਿੰਦਰ ਸਿੰਘ ਮੁੰਦਰ ਤੇ ਹਰਪਾਲ ਸਿੰਘ ਟਾਂਡਾ ਅਤੇ ਤੀਜਾ ਇਨਾਮ ਲੱਖਣ ਪੈਟਰੋਲੀਅਮ ਦੇ ਅਜੈਬ ਸਿੰਘ ਲੱਖਣ ਤੇ ਅਜਮੇਰ ਸਿੰਘ ਲਾਖਣ ਵਲੋਂ ਸਪਾਂਸਰ ਕੀਤਾ ਗਿਆ ਸੀ। ਬਾਬਾ ਦੀਪ ਸਿੰਘ ਫਤਿਹ ਸਪੋਰਟਸ ਕਲੱਬ ਟੀਮ ਦੇ ਸਪਾਂਸਰ ਸੰਦੀਪ ਸਿੰਘ ਜੈਂਟੀ ਸਨ।

ਮੁੱਖ ਮਹਿਮਾਨ ਗੁਰਇੰਦਰਜੀਤ ਸਿੰਘ ਗਰੇਵਾਲ ਸਨ, ਜਿਨ੍ਹਾਂ ਦਾ ਕਲੱਬ ਦੇ ਪ੍ਰਬੰਧਕਾਂ ਨੇ ਪਲੈਕ ਦੇ ਕੇ ਉਚੇਚਾ ਸਨਮਾਨ ਕੀਤਾ। ਇਸ ਤੋਂ ਇਲਾਵਾ ਮੀਰੀ ਪੀਰੀ ਕਲੱਬ ਇੰਡੀਆਨਾ ਦੇ ਸੁਖਦੇਵ ਸਿੰਘ ਸਮਰਾ ਨੇ ਕਬੱਡੀ ਖੇਤਰ ਵਿਚ ਪਾਏ ਯੋਗਦਾਨ ਲਈ ਕਮਲਜੀਤ ਸਿੰਘ ਚੱਠਾ ਦਾ ਸੋਨੇ ਦੀ ਚੇਨੀ ਨਾਲ ਸਨਮਾਨ ਕੀਤਾ। ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਖਿਡਾਰੀ ਗੌਰੀ ਦਾ ਬਰੈਟੀ ਗਿੱਲ ਤੇ ਮੋਹਣਾ ਜੋਧਾਂ ਨੇ ਸਨਮਾਨ ਕੀਤਾ, ਜਦੋਂ ਕਿ ਕੈਫੇ ਇੰਡੀਆ, ਮਿਲਵਾਕੀ ਦੇ ਰੇਹਾਨ ਨੇ ਕੁਮੈਂਟੇਟਰ ਮੱਖਣ ਅਲੀ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ।

ਵਾਲੀਬਾਲ ਦੇ ਮੈਚ ਵੀ ਕਾਫੀ ਰੌਚਕ ਸਨ। ਕਈ ਨਤੀਜੇ ਥੋੜ੍ਹੇ ਅੰਤਰ ਦੀ ਜਿੱਤ-ਹਾਰ ਵਾਲੇ ਸਨ। ਵਾਲੀਬਾਲ ਮੈਚ ਵਿਚ ਚਾਰ ਟੀਮਾਂ ਸਨ। ਮਿਲਵਾਕੀ ਸਪੋਰਟਸ ਕਲੱਬ ਦੀ ਟੀਮ ਬੜੇ ਫਸਵੇਂ ਫਾਈਨਲ ਮੈਚ ਵਿਚ 3-2 ਦੇ ਸੈਟ ਨਾਲ ਪਹਿਲੇ ਥਾਂ ਰਹੀ ਜਦੋਂਕਿ ਸ਼ਿਕਾਗੋ ਖਾਲਸਾ ਕਲੱਬ ਦੂਜੇ ਥਾਂ ਰਿਹਾ। ਮਿਲਵਾਕੀ ਦੀ ਟੀਮ ਵਿਚ ਰਾਜ, ਹਨੀ, ਪਰਮ, ਗੋਪੀ, ਰਵੀ, ਸਾਹਿਬ ਤੇ ਕੁਲਬੀਰ ਸਨ ਅਤੇ ਸ਼ਿਕਾਗੋ ਟੀਮ ਵਿਚ ਗੁਰਸ਼ੇਰ ਸਿੰਘ, ਸਤਨਾਮ ਸੁਨਰ, ਇੰਦਰਜੀਤ ਸਿੰਘ, ਪ੍ਰਭਜੀਤ ਸਿੰਘ ਕੰਦੋਲਾ, ਜਸਕਰਨ ਸਿੰਘ, ਸੁਖਵੀਰ ਸਿੰਘ, ਗੈਰੀ ਸਿੰਘ ਤੇ ਜੁਝਾਰ ਸਿੰਘ ਖੇਡ ਰਹੇ ਸਨ। ਬੈਸਟ ਪਲੇਅਰ ਸਭ ਤੋਂ ਛੋਟੀ ਉਮਰ ਦਾ ਪ੍ਰਭਜੀਤ ਕੰਦੋਲਾ ਚੁਣਿਆ ਗਿਆ। ਉਸ ਨੇ ਜਬਰਦਸਤ ਖੇਡ ਦਾ ਪ੍ਰਦਰਸ਼ਨ ਕਰਕੇ ਸਭ ਨੂੰ ਅਚੰਭਿਤ ਕਰ ਦਿੱਤਾ। ਉਸ ਨੇ ਯੂ ਟਿਊਬ ਤੋਂ ਆਪੇ ਹੀ ਵਾਲੀਬਾਲ ਦੀਆਂ ਬਾਰੀਕੀਆਂ ਸਿੱਖੀਆਂ ਹਨ।

ਮੇਲੀਆਂ ਲਈ ਚਾਹ-ਪਕੌੜੇ, ਸਮੋਸੇ, ਸਪਰਿੰਗ ਰੋਲ, ਜਲੇਬੀਆਂ, ਕੜ੍ਹੀ-ਚੌਲ, ਛੋਲੇ, ਚਿਕਨ, ਨਾਨ ਤੇ ਗੋਲ ਗੱਪਿਆਂ ਦਾ ਖੁੱਲ੍ਹਾ ਪ੍ਰਬੰਧ ਸੀ, ਜਦਕਿ ਵਿਸ਼ੇਸ਼ ਮਹਿਮਾਨਾਂ ਲਈ ਮੱਛੀ ਦੇ ਪਕੌੜੇ ਵੀ ਹਾਜ਼ਰ ਸਨ। ਸਵਾਦੀ ਖਾਣਾ ਕੈਫੇ ਇੰਡੀਆ, ਮਿਲਵਾਕੀ ਦਾ ਸੀ।

ਰੰਗਾਰੰਗ ਪ੍ਰੋਗਰਾਮ ਦੌਰਾਨ ਹਰਭਜਨ ਮਾਨ ਨੇ ਆਪਣੀ ਮਿੱਠੀ ਆਵਾਜ਼ ਤੇ ਮਿਆਰੀ ਗਾਇਕੀ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਮਾਨ ਨੇ ਪਹਿਲਾਂ ਬੁੱਲ੍ਹੇ ਸ਼ਾਹ ਦਾ ਕਲਾਮ, "ਮੈਂ ਅੰਨਾ ਤੇ ਤਿਲਕਣ ਰਸਤਾ, ਤੇ ਤੂੰ ਕਰ ਕਰ ਸੰਭਾਲਾਂ; ਧੱਕੇ ਦੇਵਣ ਵਾਲੇ ਬਹੁਤੇ, ਤੂੰ ਹੱਥ ਪਕੜਨ ਵਾਲਾ..." ਪੜ੍ਹਿਆ। ਫਿਰ ਆਪਣੀ ਐਲਬਮ 'ਸਤਰੰਗੀ ਪੀਂਘ' ਵਿਚੋਂ ਗੀਤ 'ਪਤਾ ਨੀਂ ਰੱਬ ਕਿਹੜਿਆਂ ਰੰਗਾਂ ਵਿਚ ਰਾਜੀ' ਗਾਇਆ।

'ਕਈ ਜੱਗ 'ਤੇ ਹੁਕਮ ਚਲਾ ਤੁਰ ਗਏ' ਤੇ 'ਗੁਰੂ ਦੀ ਕਿਰਪਾ ਹੈ' ਗੀਤ ਦਰਸ਼ਕਾਂ ਨੇ ਬੜੇ

(ਅਗਲੇ ਸਫੇ 'ਤੇ ਜਾਰੀ)





ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਕਬੱਡੀ ਕੱਪ ਹਾਸਲ ਕਰਦੀ ਹੋਈ



ਵਾਲੀਬਾਲ ਦੇ ਖਿਡਾਰੀ ਜੇਤੂ ਕੱਪ ਨਾਲ

ਧਿਆਨ ਨਾਲ ਸੁਣੇ ਤੇ ਜ਼ੋਰਦਾਰ ਤਾੜੀਆਂ ਨਾਲ ਰਜਵੀਂ ਦਾਦ ਦਿੱਤੀ। ਮਾਹੌਲ ਨੂੰ ਸੰਜੀਦਗੀ ਵਲ ਮੋੜਦਿਆਂ ਉਸ ਭਾਵੁਕ ਲਹਿਜੇ ਵਾਲਾ ਗੀਤ "ਤੇਰੇ ਪਿੰਡ ਗਈ ਸਾਂ ਵੀਰਾ ਵੇ, ਫਿਰਨੀ 'ਤੇ ਰੋ ਕੇ ਮੁੜ ਆਈ ਹਾਂ" ਗਾ ਕੇ ਦਰਸ਼ਕਾਂ ਨੂੰ ਕੀਲ ਲਿਆ।

ਕਬੱਡੀ ਦੇ ਮੇਲੇ ਵਿਚ ਜਿਥੇ ਬਹੁਤੇ ਮੇਲੀ



***ਗਾਇਕ ਹਰਭਜਨ ਮਾਨ***

ਆਪੋ ਆਪਣੇ ਮੂਡ 'ਚ ਹੁੰਦੇ ਹਨ, ਉਥੇ ਅਜਿਹੀ ਵੰਨਗੀ ਪੇਸ਼ ਕਰਨ ਦਾ ਰਿਸਕ ਉਹੀ ਗਾਇਕ ਲੈ ਸਕਦਾ ਹੈ, ਜਿਸ ਨੂੰ ਆਪਣੀ ਕਲਾ ਪੇਸ਼ਕਾਰੀ 'ਤੇ ਪੂਰਾ ਯਕੀਨ ਹੋਵੇ। ਗੁਰਸੇਵਕ ਮਾਨ ਪਹੁੰਚ ਨਾ ਸਕਿਆ, ਜਦੋਂ ਕਿ ਸਰੋਤੇ ਮਾਨ ਭਰਾਵਾਂ ਦੀ ਗਾਇਕੀ ਦਾ ਲੁਤਫ ਲੈਣਾ ਚਾਹੁੰਦੇ ਸਨ।

ਹਰਭਜਨ ਮਾਨ ਨੇ 'ਆ ਸੋਹਣਿਆ ਵੇ ਜੱਗ ਜਿਉਂਦਿਆਂ ਦੇ ਮੇਲੇ', 'ਮੈਨੂੰ ਬੜਾ ਪਿਆਰਾ ਲਗਦਾ ਏ, ਨੀ ਤੇਰੇ ਵਾਲਾਂ ਵਿਚਲਾ ਚੀਰ ਕੁੜੇ', 'ਗੱਲ੍ਹਾਂ ਗੋਰੀਆਂ ਦੇ ਵਿਚ ਟੋਏ', 'ਤੇਰੀ ਭਿੱਜ ਗਈ ਕੁੜਤੀ ਲਾਲ ਪਸੀਨੇ ਨਾਲ ਕੁੜੇ' ਤੇ 'ਤਿੰਨ ਰੰਗ ਨਹੀਂ ਲੱਭਣੇ ਬੀਬਾ-ਹੁਸਨ, ਜਵਾਨੀ ਤੇ ਮਾਪੇ' ਸਮੇਤ ਕਈ ਗੀਤ ਪੇਸ਼ ਕੀਤੇ। ਆਖਰੀ ਬੋਲੀ ਪਾਈ, "ਬਾਰੀ ਬਰਸੀ ਖਟਣ ਗਿਆ ਸੀ, ਖਟ ਕੇ ਲਿਆਂਦੇ ਛੱਲੇ; ਹੁਣ ਤੁਸੀਂ ਜਾਓ ਆਪਣੇ ਘਰੇ, ਅਸੀਂ ਆਪਣੇ ਘਰਾਂ ਨੂੰ ਚੱਲੇ।"

ਇਸ ਮੌਕੇ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਸ਼ਿਕਾਗੋ ਵਲੋਂ ਪੰਜਾਬ ਵਿਚ ਆਏ ਹੜ੍ਹਾਂ ਕਰਕੇ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਕਰ ਰਹੀ ਸੰਸਥਾ ਖਾਲਸਾ ਏਡ ਲਈ ਫੰਡ ਇਕੱਠਾ ਕਰਨ ਲਈ ਟੇਬਲ ਲਾਇਆ ਗਿਆ ਸੀ। ਰੈਫਲ ਵੀ ਕੱਢਿਆ ਗਿਆ ਜਿਸ ਵਿਚ ਟੀ. ਵੀ. ਸਮੇਤ ਕਈ ਇਨਾਮ ਸਨ।

ਸਭਿਆਚਾਰਕ ਮੇਲੇ ਦੇ ਸਪਾਂਸਰ ਮਿਲਵਾਕੀ ਤੋਂ ਡਾ. ਗੁਰਚਰਨ ਸਿੰਘ ਗਰੇਵਾਲ ਅਤੇ ਅਮਰਜੀਤ ਸਿੰਘ ਸੰਧਰ ਸਨ, ਜਦੋਂ ਕਿ ਲਾਈਵ ਕਬੱਡੀ ਡਾਟ ਕਾਮ ਦੇ ਸਪਾਂਸਰ ਰਵੀ ਹੰਝਰਾ ਸਨ।

ਕਲੱਬ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਗਿੱਲ ਨੇ ਮੇਲੇ ਦੀ ਕਾਮਯਾਬੀ ਲਈ ਮੇਲੀਆਂ, ਸਪਾਂਸਰਾਂ ਤੇ ਕਬੱਡੀ ਪ੍ਰੋਮੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਤੋਂ ਬਿਨਾ ਇਹ ਮੇਲਾ ਹੋਣਾ ਸੰਭਵ ਨਹੀਂ। ਉਨ੍ਹਾਂ ਕਿਹਾ ਕਿ ਅਸੀਂ ਕਈ ਸਾਲਾਂ ਤੋਂ ਲੇਬਰ ਡੇਅ 'ਤੇ ਹੀ ਮੇਲਾ ਕਰਵਾਉਂਦੇ ਆ ਰਹੇ ਹਾਂ ਤੇ ਇਹੋ ਸਾਡੀ ਪਛਾਣ ਬਣ ਚੁਕੀ ਹੈ। ਉਨ੍ਹਾਂ ਭਵਿੱਖ ਵਿਚ ਵੀ ਮੇਲਾ ਲੇਬਰ ਡੇਅ 'ਤੇ ਹੀ ਕਰਵਾਉਣ ਦਾ ਤਹੱਈਆ ਕੀਤਾ।



ਹਰਦੀਪ ਸਿੰਘ ਬੰਦੇਸ਼ਾ, ਦਰਸ਼ਨ ਸਿੰਘ ਪੰਮਾ, ਬਲਵਿੰਦਰ ਸਿੰਘ ਚੱਠਾ, ਪਰਮਿੰਦਰ ਸਿੰਘ ਵਾਲੀਆ ਸਮੇਤ ਹੋਰਨਾਂ ਕਲੱਬ ਮੈਂਬਰਾਂ ਨੇ ਕਿਹਾ ਕਿ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਮਿਡਵੈਸਟ (ਸ਼ਿਕਾਗੋ) ਸਾਲ 2003 ਤੋਂ ਲੈ ਕੇ ਹੁਣ ਤੱਕ ਲਗਾਤਰ ਮੇਲੇ ਕਰਵਾਉਂਦਾ ਆ ਰਿਹਾ ਹੈ। ਉਸ ਤੋਂ ਪਹਿਲਾਂ ਸ਼ਿਕਾਗੋ ਵਿਚ ਸਿਰਫ ਆਮ ਪਿਕਨਿਕਾਂ ਤੇ ਕੇਵਲ ਸਭਿਆਚਾਰਕ ਪ੍ਰੋਗਰਾਮ ਹੀ ਹੁੰਦੇ ਸਨ।

ਮੇਲੇ ਨੂੰ ਕਾਮਯਾਬ ਕਰਨ ਲਈ ਹੋਰਨਾਂ ਤੋਂ ਇਲਾਵਾ ਅਮਰਦੇਵ ਸਿੰਘ ਬੰਦੇਸ਼ਾ, ਗੁਰਦੇਵ ਗਿੱਲ, ਜਸਵਿੰਦਰ ਸਿੰਘ ਗਿੱਲ, ਨਾਜ਼ਰ ਸਿੰਘ ਗਿੱਲ, ਅਜੈਬ ਸਿੰਘ ਲੱਖਣ, ਸੰਤੋਖ ਸਿੰਘ ਡੀ. ਸੀ., ਗੁਰਮੀਤ ਸਿੰਘ ਧਾਲੀਵਾਲ, ਲਖਵਿੰਦਰ ਸਿੰਘ, ਜਸਰੂਪ ਸਿੰਘ, ਪਰਮਿੰਦਰ ਸਿੰਘ ਔਜਲਾ ਨੇ ਭਰਵੀਂ ਮਿਹਨਤ ਕੀਤੀ।

***ਤਸਵੀਰਾਂ: ਏਸ਼ੀਅਨ ਮੀਡੀਆ***



# ਸਿੱਖ ਭਾਈਚਾਰੇ ਨੇ ਲੇਬਰ ਡੇ ਪਰੇਡ ਵਿਚ ਕੀਤੀ ਸ਼ਿਰਕਤ

**ਸ਼ਿਕਾਗੋ:** ਇਥੋਂ ਦੇ ਨਾਰਥ-ਵੈਸਟਰਨ ਸਬਰਬਾਂ ਵਿਚ ਵੱਸਦੇ ਸਿੱਖ ਭਾਈਚਾਰੇ ਨੇ ਸ਼ਾਮਬਰਗ ਵਿਚ ਦੋ ਸਤੰਬਰ ਨੂੰ ਕੀਤੀ ਗਈ ਲੇਬਰ ਡੇ ਪਰੇਡ ਵਿਚ ਸਿੱਖ ਭਾਈਚਾਰੇ ਦੀ ਟੀਮ ਨੇ ਇਲੀਨਾਇ ਦੇ ਸਟੇਟ ਨੁਮਾਇੰਦੇ ਮਿਸ਼ੈਲ ਮਸਮਨ ਦੀ ਟੀਮ ਨਾਲ ਹਿੱਸਾ ਲਿਆ।

ਰੰਗ-ਬਰੰਗੀਆਂ ਦਸਤਾਰਾਂ ਨਾਲ ਸਜੇ ਸਿੱਖਾਂ ਨੇ ਅਮਰੀਕੀ ਝੰਡੇ ਲੈ ਕੇ ਪਰੇਡ ਦੀ ਸ਼ੁਰੂਆਤ ਵਾਈਜ਼ ਰੋਡ, ਸ਼ਾਮਬਰਗ ਤੋਂ ਕੀਤੀ ਅਤੇ ਉਤਰ ਵੱਲ ਸੱਮਿਟ ਡਰਾਈਵ ਵੱਲ ਮਾਰਚ ਕਰਦਿਆਂ ਸ਼ਾਮਬਰਗ ਮਿਉਂਸਿਪਲ ਸੈਂਟਰ ਪੁੱਜੇ।

ਪਰੇਡ ਵਿਚ ਹਿੱਸਾ ਲੈਣ ਵਾਲੀ ਟੀਮ ਦੇ ਕੋਆਰਡੀਨੇਟਰ ਰਾਜਿੰਦਰ ਸਿੰਘ ਮਾਗੋ ਨੇ ਕਿਹਾ, "ਸਿੱਖ ਭਾਈਚਾਰੇ ਨੂੰ ਆਪਣੇ ਖੋਲ ਵਿਚੋਂ ਬਾਹਰ ਆ ਕੇ ਆਂਢ-ਗੁਆਂਢ ਵਿਚ ਹੁੰਦੇ ਸਮਾਗਮਾਂ ਵਿਚ ਮੁੱਖ ਧਾਰਾ ਦੇ ਅਮਰੀਕੀਆਂ ਵਾਂਗ ਹੀ ਹਿੱਸਾ ਲੈਣਾ ਚਾਹੀਦਾ ਹੈ; ਸਥਾਨਕ ਲੋਕਾਂ ਤੇ ਲੀਡਰਾਂ ਨੂੰ ਮਿਲਣਾ ਚਾਹੀਦਾ ਹੈ ਅਤੇ ਉਨ੍ਹਾਂ ਚੁਣੇ ਹੋਏ ਨੁਮਾਇੰਦਿਆਂ ਦਾ ਸਮਰਥਨ ਕਰਨਾ ਚਾਹੀਦਾ ਹੈ, ਜੋ ਭਾਈਚਾਰੇ ਦਾ ਸਮਰਥਨ ਕਰਦੇ ਹਨ। ਇਸ ਨਾਲ ਆਪਸੀ ਸਦਭਾਵਨਾ ਵਧਦੀ ਹੈ ਅਤੇ ਭਾਈਚਾਰਾ ਵੀ ਸਮੁਚੇ ਭਾਈਚਾਰਾ ਦਾ ਹਿੱਸਾ ਬਣਦਾ ਹੈ।"

ਜ਼ਿਕਰਯੋਗ ਹੈ ਕਿ ਸ਼ਾਮਬਰਗ ਦੀ 'ਸਪਟੈਂਬਰ ਫੈਸਟ ਪਰੇਡ' ਹਰ ਸਾਲ ਲੇਬਰ ਡੇ ਵਜੋਂ ਮਨਾਈ ਜਾਂਦੀ ਹੈ। ਦੋ ਮੀਲ ਲੰਮੀ ਇਸ ਪਰੇਡ ਦੌਰਾਨ ਕਈ ਘਰਾਂ ਦੇ ਮਾਲਕ ਆਪਣੇ ਲਾਨਜ਼ ਵਿਚ ਪਾਰਟੀਆਂ ਦਾ ਪ੍ਰਬੰਧ ਕਰਦੇ ਹਨ, ਜਿਸ ਵਿਚ ਖਾਣ-ਪੀਣ ਤੋਂ ਇਲਾਵਾ ਗੇਮਾਂ ਵੀ ਹੁੰਦੀਆਂ ਹਨ।

ਇਹ ਮੇਲਾ 1971 'ਚ ਸਥਾਨਕ ਚੈਰੀਟੇਬਲ ਸੰਸਥਾਵਾਂ ਨੇ ਸ਼ੁਰੂ ਕੀਤਾ ਸੀ, ਤਿੰਨ ਦਿਨ ਚੱਲਦਾ ਹੈ। ਮੇਲੇ ਦੀ ਸ਼ੁਰੂਆਤ ਸਥਾਨਕ ਲੋਕਾਂ ਨੂੰ ਛੁੱਟੀਆਂ ਵਿਚ ਫੇਰੇ-ਤੋਰੇ ਲਈ ਫੰਡ ਜੁਟਾਉਣ ਲਈ ਕੀਤੀ ਗਈ ਸੀ। ਲੇਬਰ ਡੇ ਮੌਕੇ ਹਰ ਸਾਲ ਤਕਰੀਬਨ 25 ਹਜ਼ਾਰ ਲੋਕ ਇਸ ਵਿਚ ਸ਼ਿਰਕਤ ਕਰਦੇ ਹਨ। ਇਨ੍ਹਾਂ ਵਿਚ ਵਧੇਰੇ ਲੋਕ ਸ਼ਾਮਬਰਗ ਅਤੇ ਆਲੇ-ਦੁਆਲੇ ਦੇ ਵਸਨੀਕ ਹੁੰਦੇ ਹਨ।





## ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ ਦਾ ਪ੍ਰਾਜੈਕਟ 'ਮੇਰਾ ਪਿੰਡ, ਮੇਰਾ ਪੰਜਾਬ'

FRIENDS OF PUNJAB FOUNDATION

## ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ-ਮਨੁੱਖਤਾ ਦੀ ਸੇਵਾ

ਗੁਰੂ ਨਾਨਕ ਸਾਹਿਬ ਦੀ ਭੂਮੀ ਅਤੇ ਤੁਹਾਡੀਆਂ ਬਚਪਨ ਦੀਆਂ ਯਾਦਾਂ ਨਾਲ ਲਬਾਲਬ ਪਿੰਡ ਤੁਹਾਨੂੰ ਹਾਕਾਂ ਮਾਰ ਰਿਹਾ ਹੈ। ਪੰਜਾਬ ਦੇ ਪਿੰਡਾਂ ਦੇ ਚਾਰ ਤੋਂ ਪੰਜ ਫੀਸਦ ਪਰਿਵਾਰ ਅਤਿ ਦੇ ਗਰੀਬ ਹਨ। ਉਹ ਆਪਣੇ ਹੋਣਹਾਰ ਬੱਚਿਆਂ ਦੀ ਉਚ ਸਿਖਿਆ ਲਈ ਵਸੀਲੇ ਨਹੀਂ ਜੁਟਾ ਸਕਦੇ। ਵਿਧਵਾਵਾਂ, ਔਲਾਦਹੀਣ ਬਜੁਰਗਾਂ ਅਤੇ ਅੰਗਹੀਣਾਂ ਦਾ ਨਿਤ ਦਿਨ ਦਾ ਗੁਜ਼ਾਰਾ ਬੜਾ ਮੁਸ਼ਕਿਲ ਹੈ। ਸਹੂਲਤਾਂ ਤੋਂ ਸੱਖਣੇ ਅਤੇ ਲਗਾਤਾਰ ਜਦੋਜਹਿਦ ਕਰ ਰਹੇ ਇਨ੍ਹਾਂ ਲੋਕਾਂ ਲਈ ਖਾਂਦੇ-ਪੀਂਦੇ ਲੋਕ ਆਮ ਕਰਕੇ ਅਤੇ ਸਰਕਾਰੀ ਸਿਸਟਮ ਖਾਸ ਕਰਕੇ ਕੋਈ ਪ੍ਰਵਾਹ ਨਹੀਂ ਕਰ ਰਹੇ।

ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ ਨਾਲ ਜੁੜੇ ਲੋਕ, ਜੋ ਪੰਜਾਬ ਦੇ ਨਾਲ-ਨਾਲ ਵਿਦੇਸ਼ਾਂ ਵਿਚ ਵੀ ਵੱਸੇ ਹੋਏ ਹਨ, ਇਨ੍ਹਾਂ ਹਜ਼ਾਰਾਂ ਪਰਿਵਾਰਾਂ ਨੂੰ ਮਹੀਨੇਵਾਰ ਮਾਲੀ ਮਦਦ ਦੇ ਰਹੇ ਹਨ। ਪੰਜਾਬ ਦੇ ਕਰੀਬ 40 ਪਿੰਡ ਅਪਨਾਏ ਜਾ ਚੁਕੇ ਹਨ ਜਾਂ ਅਪਨਾਏ ਜਾਣ ਦੀ ਪ੍ਰਕ੍ਰਿਆ ਵਿਚ ਹਨ। ਮਦਦ ਪ੍ਰਾਪਤ ਕਰਨ ਵਾਲੇ ਪਰਿਵਾਰਾਂ ਦੀਆਂ ਕੁਝ ਮਿਸਾਲਾਂ ਇੰਜ ਹਨ:

* 80 ਸਾਲ ਤੋਂ ਉਪਰ ਬੇਜ਼ਮੀਨੇ ਬਜੁਰਗ ਵਿਧਵਾਵਾਂ, ਜਿਨ੍ਹਾਂ ਦੇ ਪੁੱਤਰ ਵੀ ਸਦੀਵੀ ਵਿਛੋੜਾ ਦੇ ਗਏ ਹਨ, ਅਜੇ ਵੀ ਦਿਹਾੜੀ ਕਰਨ ਲਈ ਮਜਬੂਰ ਹਨ।
* 45 ਸਾਲ ਦੀ ਇਕ ਛੱਡੀ ਹੋਈ ਤੇ ਬੇਜ਼ਮੀਨੀ ਔਰਤ ਆਪਣੇ ਗੁਜਾਰੇ ਅਤੇ ਤਿੰਨ ਛੋਟੀਆਂ ਧੀਆਂ (ਇਨ੍ਹਾਂ ਵਿਚੋਂ 2 ਅੰਗਹੀਣ ਹਨ) ਦੇ ਪਾਲਣ-ਪੋਸ਼ਣ ਲਈ ਮਿਹਨਤ ਮਜ਼ਦੂਰੀ ਕਰਦੀ ਹੈ।
* ਇਕ ਛੋਟੇ ਕਿਸਾਨ ਦੀ ਵਿਧਵਾ, ਜੋ ਪੋਲੀਓ ਤੋਂ ਪੀੜਤ ਹੈ, ਆਪਣੇ ਦੋ ਬੱਚੇ ਪਾਲ ਰਹੀ ਹੈ।
* ਇਕ ਲੋੜਵੰਦ ਪਰਿਵਾਰ ਦੀ ਮੁਟਿਆਰ ਕੁੜੀ ਦੀ ਮਾਸਟਰਜ਼ ਡਿਗਰੀ ਮੁਕੰਮਲ ਹੋਣ ਵਾਲੀ ਹੈ।
* ਇਕ ਬੇਜ਼ਮੀਨੇ ਅਤੇ ਅਨਪੜ੍ਹ ਜੋੜੇ ਦਾ ਪਹਿਲਾ ਹੀ ਬੱਚਾ ਲਗਭਗ ਜੋਤਹੀਣ ਹੀ ਜਨਮਿਆ ਹੈ।

**ਦੂਜੇ ਨੰਬਰ ਤਰਜੀਹ ਵਾਲੇ ਪ੍ਰਾਜਕੈਟ ਇਸ ਤਰ੍ਹਾਂ ਹਨ:**

* ਪਿੰਡ ਜਾਂ ਪਿੰਡਾਂ ਦੇ ਦਿਸ਼ਾਹੀਣ ਨੌਜਵਾਨਾਂ ਨੂੰ ਰੁਜ਼ਗਾਰ ਲਈ ਹੁਨਰ ਸਿਖਾਉਣ ਖਾਤਰ ਕੰਪਿਊਟਰ/ਸਿਖਲਾਈ ਸੈਂਟਰ ਦਾ ਪ੍ਰਬੰਧ। ਇਹ ਪ੍ਰਾਜੈਕਟ ਲਾਗੂ ਕਰਨ ਲਈ ਪਹਿਲਾ ਪਿੰਡ ਹੁਣ ਬਿਲਕੁਲ ਤਿਆਰ ਹੈ।
* ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ ਅਤੇ ਗਲੀਆਂ ਵਿਚ ਚਿੱਕੜ ਹੋਣ ਤੋਂ ਰੋਕਣ ਲਈ ਵੱਖ-ਵੱਖ ਘਰਾਂ 'ਚ ਸੋਕ ਪਿਟ ਵਾਟਰ ਰੀਚਾਰਜ ਸਿਸਟਮ (ਜਲ ਰੀਚਾਰਜ ਸਿਸਟਮ ਵਾਲਾ ਟੋਆ) ਲਾਇਆ ਜਾਵੇਗਾ।
* ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਘਰਾਂ ਵਿਚ ਮੋਰਿੰਗਾ ਪੌਦੇ ਮੁਫਤ ਲਾਉਣੇ।

ਇਨ੍ਹਾਂ ਪ੍ਰਾਜੈਕਟਾਂ ਲਈ 95 ਫੀਸਦ ਖਰਚਾ ਕੇਂਦਰ ਸਰਕਾਰ ਦੀਆਂ ਸਕੀਮਾਂ ਰਾਹੀਂ ਆਉਂਦਾ ਹੈ।

ਜੇ ਸਹੀ ਲਾਭਪਾਤਰੀ ਅਤੇ ਸਹੀ ਢੰਗ ਨਾਲ ਫੰਡ ਲਾਏ ਜਾ ਸਕਦੇ ਹੋਣ ਤਾਂ ਕਈ ਪਰਵਾਸੀ ਭਾਰਤੀ ਲੋੜਵੰਦਾਂ ਦੀ ਮਦਦ ਲਈ ਤਿਆਰ ਹਨ। ਸੰਸਥਾ ਵਲੋਂ ਤਿਆਰ ਅਤੇ ਲਾਗੂ ਕੀਤਾ ਪਾਰਦਰਸ਼ੀ ਢੰਗ ਤਰੀਕਾ ਬਹੁਤ ਸਾਰੇ ਪਰਵਾਸੀ ਭਾਰਤੀਆਂ ਨੂੰ ਉਨ੍ਹਾਂ ਦੇ ਪਿੰਡ ਨੂੰ ਅਪਨਾਉਣ ਲਈ ਰਾਹ ਦਸੇਰਾ ਬਣਿਆ ਹੈ। ਇਸ ਪ੍ਰਾਜੈਕਟ ਨਾਲ ਜੁੜੇ ਵਾਲੰਟੀਅਰ ਅਤੇ ਮੁਲਾਜ਼ਮ ਅਰੰਭ ਤੋਂ ਅੰਤ ਤੱਕ ਦਾਨੀ ਸੱਜਣਾਂ ਦੀ ਮਦਦ ਕਰਦੇ ਹਨ। ਦਾਨੀਆਂ ਦਾ 100 ਫੀਸਦੀ ਪੈਸਾ ਚੁਣੇ ਹੋਏ ਲਾਭਪਾਤਰੀਆਂ ਤੱਕ ਸਿੱਧਾ ਪੁੱਜਦਾ ਹੈ। ਸੰਸਥਾ ਫੰਡ ਇਕੱਠੇ ਨਹੀਂ ਕਰਦੀ ਅਤੇ ਨਾ ਮੰਗ ਕਰਦੀ ਹੈ।

ਆਪਣਾ 'ਪਿੰਡ' ਅਪਨਾਉ। ਆਪਣਾ ਯੋਗਦਾਨ ਪਾਉ। ਮਨੁੱਖਤਾ ਲਈ ਸੇਵਾ ਕਰੋ। ਬਾਬੇ ਨਾਨਕ ਦੀਆਂ ਸਿਖਿਆਵਾਂ ਦੇ ਪੈਰੋਕਾਰ ਬਣੋ। ਆਪਣੇ ਪਿਛੋਕੜ ਦੇ ਲੋੜਵੰਦਾਂ ਦੀ ਮਦਦ ਕਰਨਾ ਚਾਹੁੰਦੇ ਹੋ ਜਾਂ ਇਸ ਬਾਰੇ ਸੋਚਦੇ ਹੋ ਤਾਂ ਕ੍ਰਿਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

**ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179**

**www.friendsofpunjabfoundation.org**

# ਪ੍ਰਕਾਸ਼ ਪੁਰਬ ਸਮਾਗਮ: ਸਰਕਾਰ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਮਤਭੇਦ ਉਭਰੇ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮੁੱਚੀ ਕੌਮ ਵਲੋਂ ਇਕ ਮੰਚ ਤੋਂ ਮਨਾਉਣ ਦੇ ਯਤਨ ਉਸ ਵੇਲੇ ਅਸਫਲ ਸਾਬਤ ਹੋਏ ਜਦੋਂ ਸਮਾਗਮਾਂ ਦੀ ਰੂਪ ਰੇਖਾ ਉਲੀਕਣ ਸਬੰਧੀ ਬਣਾਈ ਗਈ ਸਾਂਝੀ ਤਾਲਮੇਲ ਕਮੇਟੀ ਦੀ ਮੀਟਿੰਗ ਵਿਚ ਕਾਂਗਰਸ ਸਰਕਾਰ ਦਾ ਕੋਈ ਵੀ ਨੁਮਾਇੰਦਾ ਨਾ ਪੁੱਜਾ।

ਸਰਕਾਰ ਵੱਲੋਂ ਆਪਣੇ ਦੋ ਨੁਮਾਇੰਦਿਆਂ ਦੇ ਨਾਂ ਵੀ ਨਹੀਂ ਭੇਜੇ ਗਏ ਹਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਸਮੁੱਚੀ ਸਥਿਤੀ ਤੋਂ ਜਾਣੂ ਕਰਾਉਣ ਲਈ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਭੇਜਿਆ ਹੈ। ਅਕਾਲ ਤਖਤ ਦੇ ਆਦੇਸ਼ਾਂ 'ਤੇ ਪ੍ਰਕਾਸ਼ ਪੁਰਬ ਸਮਾਗਮ ਸਾਂਝੇ ਤੌਰ 'ਤੇ ਮਨਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਸਾਂਝੀ ਤਾਲਮੇਲ ਕਮੇਟੀ ਦੀ ਮੀਟਿੰਗ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਚ ਸੱਦੀ ਗਈ ਸੀ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਦੋ ਨੁਮਾਇੰਦਿਆਂ ਵਜੋਂ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਤੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੈਂਬਰ ਜਥੇਦਾਰ ਤੋਤਾ ਸਿੰਘ ਅਤੇ ਇਕ ਸਾਂਝੇ ਨੁਮਾਇੰਦੇ ਵਜੋਂ ਨਿਹੰਗ ਸਿੰਘ ਜਥੇਬੰਦੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਦੇ ਨੁਮਾਇੰਦੇ ਬਾਬਾ ਨੌਰੰਗ ਸਿੰਘ ਸਿੱਖ ਵਿਦਵਾਨ ਵਜੋਂ ਪਹੁੰਚ ਗਏ ਪਰ ਕਾਂਗਰਸ ਦਾ ਕੋਈ ਵੀ ਨੁਮਾਇੰਦਾ ਉੱਥੇ ਨਹੀਂ ਪਹੁੰਚਿਆ। ਇਸ ਕਮੇਟੀ ਵਿਚ ਕਾਂਗਰਸ ਦੇ ਦੋ ਨੁਮਾਇੰਦੇ ਸ਼ਾਮਲ ਕੀਤੇ ਜਾਣੇ ਸਨ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਬੀਤੇ ਦਿਨੀਂ ਉਹ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰਕੇ ਆਏ ਸਨ। ਇਸ ਸਬੰਧੀ ਪਹਿਲਾਂ ਜੁਲਾਈ ਅਤੇ ਅਗਸਤ ਮਹੀਨੇ ਵਿਚ ਦੋ ਪੱਤਰ ਭੇਜ ਕੇ ਵੀ ਅਪੀਲ ਕੀਤੀ ਜਾ ਚੁੱਕੀ ਹੈ। 14 ਅਗਸਤ ਨੂੰ ਵੀ ਸਾਂਝੀ ਤਾਲਮੇਲ ਕਮੇਟੀ ਦੀ ਮੀਟਿੰਗ ਸੱਦੀ ਜਾ ਚੁੱਕੀ ਹੈ ਪਰ ਸਰਕਾਰ ਦੇ ਨੁਮਾਇੰਦੇ ਨਾ ਆਉਣ ਕਾਰਨ ਮੀਟਿੰਗ 6 ਸਤੰਬਰ ਲਈ ਮੁਲਤਵੀ ਕਰ ਦਿੱਤੀ ਗਈ ਸੀ। ਉਨ੍ਹਾਂ ਅਫਸੋਸ ਪ੍ਰਗਟਾਇਆ ਕਿ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ ਪੁਰਬ ਸਮਾਗਮ ਸਾਂਝੇ ਤੌਰ 'ਤੇ ਮਨਾਉਣ ਲਈ ਕੀਤੇ ਗਏ ਯਤਨਾਂ ਨੂੰ ਫਿਲਹਾਲ ਬੂਰ ਨਹੀਂ ਪਿਆ ਹੈ ਪਰ ਉਹ ਇਸ ਸਬੰਧੀ ਯਤਨ ਜਾਰੀ ਰੱਖਣਗੇ।

ਇਸ ਮੌਕੇ ਜਥੇਦਾਰ ਤੋਤਾ ਸਿੰਘ ਨੇ ਆਖਿਆ ਕਿ 1999 ਤੋਂ ਲੈ ਕੇ ਹੁਣ ਤੱਕ ਚਾਰ ਸ਼ਤਾਬਦੀਆਂ ਮਨਾਈਆਂ ਗਈਆਂ ਹਨ ਅਤੇ ਸਾਰੀਆਂ ਹੀ ਸ਼੍ਰੋਮਣੀ ਕਮੇਟੀ ਵਲੋਂ ਮਨਾਈਆਂ ਗਈਆਂ ਹਨ। ਉਨ੍ਹਾਂ ਆਖਿਆ ਕਿ 1999 ਵਿਚ ਖਾਲਸਾ ਪੰਥ ਦੀ 300 ਸਾਲਾ ਸ਼ਤਾਬਦੀ ਮੌਕੇ ਉਸ ਵੇਲੇ ਦੀ ਅਕਾਲੀ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਦੇ ਨੁਮਾਇੰਦੇ ਸ਼ਾਮਲ ਹੋਏ ਸਨ। ਮਗਰੋਂ 2004 ਵਿਚ ਮਨਾਈਆਂ ਦੋ ਸ਼ਤਾਬਦੀਆਂ ਵੇਲੇ ਪੰਜਾਬ ਦੀ ਕਾਂਗਰਸ ਸਰਕਾਰ ਅਤੇ ਕੇਂਦਰ ਦੀ ਮਨਮੋਹਨ ਸਿੰਘ ਸਰਕਾਰ ਦੇ ਨੁਮਾਇੰਦੇ ਸ਼੍ਰੋਮਣੀ ਕਮੇਟੀ ਦੇ ਮੰਚ 'ਤੇ ਸ਼ਾਮਲ ਹੋਏ ਸਨ। ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਭੇਜ ਕੇ ਸਾਂਝੀ ਤਾਲਮੇਲ ਕਮੇਟੀ ਬਣਾਉਣ ਦੇ ਯਤਨਾਂ ਅਤੇ ਮੌਜੂਦਾ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਹੈ।

## ਪੰਜਾਬ ਸਰਕਾਰ ਦੀ ਮਨਸ਼ਾ ਖੋਟੀ: ਗੋਬਿੰਦ ਸਿੰਘ ਲੌਂਗੋਵਾਲ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਨੂੰ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਮਿਲ ਕੇ ਇਕ ਹੀ ਮੰਚ 'ਤੇ ਮਨਾਉਣ ਲਈ 5 ਮੈਂਬਰੀ ਤਾਲਮੇਲ ਕਮੇਟੀ ਬਣਾਉਣ ਦੇ ਜਾਰੀ ਕੀਤੇ ਆਦੇਸ਼ਾਂ ਪ੍ਰਤੀ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਕੋਈ ਹੁੰਗਾਰਾ ਨਾ ਦਿੱਤੇ ਜਾਣ ਕਾਰਨ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਤਾਲਮੇਲ ਕਮੇਟੀ ਵੱਲੋਂ ਜਥੇਦਾਰ ਨੂੰ ਅਗਲੇ ਆਦੇਸ਼ ਲਈ ਪੱਤਰ ਲਿਖਿਆ ਗਿਆ ਹੈ। ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਤਾਲਮੇਲ ਕਮੇਟੀ ਦੀ ਇਕੱਤਰਤਾ ਮੁੱਖ ਦਫਤਰ ਵਿਖੇ ਹੋਈ, ਜਿਸ 'ਚ ਸ਼੍ਰੋਮਣੀ ਕਮੇਟੀ ਤਰਫੋਂ ਸ਼ਾਮਲ ਕੀਤੇ ਗਏ ਤਿੰਨ ਮੈਂਬਰ ਤੋਤਾ ਸਿੰਘ ਤੇ ਬੀਬੀ ਜਗੀਰ ਕੌਰ ਤੋਂ ਇਲਾਵਾ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਵੱਲੋਂ ਬਾਬਾ ਨੌਰੰਗ ਸਿੰਘ ਸ਼ਾਮਲ ਹੋਏ, ਪਰ ਪੰਜਾਬ ਸਰਕਾਰ ਨੇ ਆਪਣੇ 2 ਪ੍ਰਤੀਨਿਧ ਨਹੀਂ ਭੇਜੇ। ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦੀ ਮਨਸ਼ਾ ਖੋਟੀ ਹੈ ਤੇ ਉਹ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਆਪਣੀ ਚੌਧਰ ਜਮਾਉਣਾ ਚਾਹੁੰਦੀ ਹੈ।





## ਕੈਪਟਨ ਵੱਲੋਂ ਸ਼੍ਰੋਮਣੀ ਕਮੇਟੀ 'ਤੇ ਵਾਅਦੇ ਤੋਂ ਭੱਜਣ ਦੇ ਦੋਸ਼

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਇਤਿਹਾਸਕ ਦਿਹਾੜੇ ਦੇ ਪ੍ਰੋਗਰਾਮਾਂ ਦੀ ਰੂਪ ਰੇਖਾ ਉਲੀਕਣ ਲਈ ਧਾਰਮਿਕ ਸੰਸਥਾਵਾਂ ਨਾਲ ਤਾਲਮੇਲ ਲਈ ਪਹਿਲਾਂ ਹੀ ਮੰਤਰੀਆਂ ਦੀ ਕਮੇਟੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸੂਬਾ ਸਰਕਾਰ ਨਾਲ ਇਸ ਇਤਿਹਾਸਕ ਦਿਹਾੜੇ ਨੂੰ ਸਾਂਝੇ ਮੰਚ 'ਤੇ ਮਨਾਉਣ ਤੋਂ ਭੱਜ ਰਹੀ ਹੈ। ਮੁੱਖ ਮੰਤਰੀ ਨੇ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਅਜਿਹਾ ਇਤਿਹਾਸਕ ਦਿਹਾੜਾ ਸ਼੍ਰੋਮਣੀ ਕਮੇਟੀ ਨਾਲ ਸਾਂਝੇ ਤੌਰ 'ਤੇ ਮਨਾਇਆ ਜਾਵੇ ਅਤੇ ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਵੀ ਇਸ ਮਾਮਲੇ 'ਤੇ ਖੁੱਲ੍ਹੇ ਵਿਚਾਰ ਰੱਖਣ ਲਈ ਕਿਹਾ।

## ਕੈਪਟਨ ਦੀ ਨੀਅਤ ਉਤੇ ਸ਼ੱਕ...

ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਬੁਲਾਰੇ ਮਨਜਿੰਦਰ ਸਿੰਘ ਸਿਰਸਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪ੍ਰਕਾਸ਼ ਪੁਰਬ ਮੌਕੇ ਸਾਂਝਾ ਸਮਾਗਮ ਕਰਨ ਲਈ ਯਤਨ ਨਾ ਕਰਨ ਦਾ ਠੀਕਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਸਿਰ ਭੰਨਣ ਦਾ ਜਵਾਬ ਦਿੰਦਿਆਂ ਆਖਿਆ ਕਿ ਅਸਲ ਵਿਚ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਕਰੀਬੀ ਇਸ ਇਤਿਹਾਸਕ ਮੌਕੇ ਗੁਰਦੁਆਰਾ ਬੇਰ ਸਾਹਿਬ ਵਿਖੇ ਹੋ ਰਹੇ ਸਮਾਗਮਾਂ ਨੂੰ ਰੋਕਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਵਾਰ-ਵਾਰ ਅਪੀਲ ਕਰਨ, ਚਿੱਠੀਆਂ ਭੇਜਣ ਅਤੇ ਨਿੱਜੀ ਤੌਰ 'ਤੇ ਮੁਲਾਕਾਤ ਕਰਨ ਦੇ ਬਾਵਜੂਦ ਕੈਪਟਨ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਹੁਕਮਾਂ ਅਨੁਸਾਰ ਤਾਲਮੇਲ ਕਮੇਟੀ ਲਈ ਮੈਂਬਰਾਂ ਦੇ ਨਾਂ ਨਹੀਂ ਭੇਜੇ ਅਤੇ ਚੁੱਪੀ ਧਾਰ ਰੱਖੀ।

# ਪ੍ਰਕਾਸ਼ ਪੁਰਬ: ਸਰਨਾ ਭਰਾਵਾਂ ਨੂੰ ਨਗਰ ਕੀਰਤਨ ਪਾਕਿਸਤਾਨ ਲਿਜਾਣ ਦੀ ਪ੍ਰਵਾਨਗੀ

**ਅੰਮ੍ਰਿਤਸਰ:** ਭਾਰਤ ਤੇ ਪਾਕਿਸਤਾਨ ਵਿਚਾਲੇ ਬਣੇ ਤਣਾਅ ਵਾਲੇ ਮਾਹੌਲ ਦੌਰਾਨ ਪਾਕਿਸਤਾਨ ਸਰਕਾਰ ਵੱਲੋਂ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ 31 ਅਕਤੂਬਰ ਨੂੰ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਅਟਾਰੀ ਵਾਹਗਾ ਸਰਹੱਦ ਰਸਤੇ ਗੁਰਦੁਆਰਾ ਨਨਕਾਣਾ ਸਾਹਿਬ (ਪਾਕਿਸਤਾਨ)



ਲਿਆਉਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਹ ਫੈਸਲਾ ਔਕਾਫ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ ਹੈ।

ਇਸ ਸਬੰਧੀ ਲਿਖਤੀ ਪ੍ਰਵਾਨਗੀ ਪੱਤਰ ਵੀ ਸਰਨਾ ਭਰਾਵਾਂ ਨੂੰ ਸੌਂਪਿਆ ਗਿਆ ਹੈ। ਇਹ ਖੁਲਾਸਾ ਇਥੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਉਨ੍ਹਾਂ ਦੇ ਭਰਾ ਹਰਵਿੰਦਰ ਸਿੰਘ ਸਰਨਾ ਨੇ ਕੀਤਾ ਹੈ, ਜੋ ਤਿੰਨ ਰੋਜ਼ਾ ਪਾਕਿਸਤਾਨ ਦੌਰੇ ਤੋਂ ਬਾਅਦ ਅੰਮ੍ਰਿਤਸਰ ਪਰਤੇ ਸਨ। 28 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਨਾਨਕ ਪਿਆਓ ਤੋਂ ਆਰੰਭ ਹੋਣ ਵਾਲਾ ਇਹ ਨਗਰ ਕੀਰਤਨ 31 ਅਕਤੂਬਰ ਨੂੰ ਅਟਾਰੀ ਵਾਹਗਾ ਸਰਹੱਦ ਰਸਤੇ ਪਾਕਿਸਤਾਨ ਵਿਚ ਦਾਖਲ ਹੋਵੇਗਾ। ਪਾਕਿਸਤਾਨੀ ਸਰਹੱਦ ਵਿਚ ਨਗਰ ਕੀਰਤਨ ਨੂੰ ਲਹਿੰਦੇ ਪੰਜਾਬ ਦੇ ਗਵਰਨਰ ਵੱਲੋਂ ਜੀ ਆਇਆਂ ਆਖਿਆ ਜਾਵੇਗਾ। ਇਸ ਤੋਂ ਇਲਾਵਾ ਹੋਰ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਸਰਹੱਦ 'ਤੇ ਪੁੱਜਣਗੇ। ਸ੍ਰੀ ਸਰਨਾ ਨੇ ਦੱਸਿਆ ਕਿ ਸਮਾਗਮ ਵਿਚ ਸ਼ਾਮਲ ਹੋਣ ਲਈ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ, ਗਵਰਨਰ, ਕਾਨੂੰਨ ਮੰਤਰੀ ਅਤੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਨੂੰ ਵੀ ਸੱਦਾ ਪੱਤਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਤੇ ਗਵਰਨਰ ਨੇ ਮੁਲਾਕਾਤ ਦੌਰਾਨ ਸਮਾਗਮਾਂ ਵਿਚ ਸ਼ਮੂਲੀਅਤ ਦਾ ਭਰੋਸਾ ਦਿੱਤਾ ਹੈ।

ਸ੍ਰੀ ਸਰਨਾ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਸਰਕਾਰ ਨੇ ਆਖਿਆ ਕਿ ਉਨ੍ਹਾਂ ਸਿਰਫ ਇਕ ਨਗਰ ਕੀਰਤਨ ਵਾਸਤੇ ਹੀ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਇਸ ਸਬੰਧੀ ਪਾਕਿਸਤਾਨ ਔਕਾਫ ਬੋਰਡ ਵੱਲੋਂ ਜਾਰੀ ਕੀਤਾ ਹੋਇਆ ਪ੍ਰਵਾਨਗੀ ਪੱਤਰ ਵੀ ਦਿਖਾਇਆ। ਇਸ ਤੋਂ ਇਲਾਵਾ ਪੀ.ਜੀ.ਪੀ.ਸੀ. ਦੇ ਪ੍ਰਧਾਨ ਸਤਵੰਤ ਸਿੰਘ ਦੀ ਵੀਡੀਓ ਵੀ ਰਿਲੀਜ਼ ਕੀਤੀ ਹੈ, ਜਿਸ ਵਿਚ ਉਹ ਸਰਨਾ ਭਰਾਵਾਂ ਵੱਲੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਨੂੰ ਦਿੱਤੀ ਗਈ ਪ੍ਰਵਾਨਗੀ ਬਾਰੇ ਜਾਣਕਾਰੀ ਦੇ ਰਹੇ ਹਨ। ਇਸ ਨਗਰ ਕੀਰਤਨ ਰਾਹੀਂ ਸੋਨੇ ਦੀ ਪਾਲਕੀ ਤੇ ਪਾਲਕੀ ਵਾਲੀ ਵਿਸ਼ੇਸ਼ ਗੱਡੀ ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਲਿਜਾਈ ਜਾਵੇਗੀ। ਸੋਨੇ ਦੀ ਪਾਲਕੀ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ ਸਥਾਪਤ ਕੀਤੀ ਜਾਵੇਗੀ। ਇਸ ਪਾਲਕੀ ਉੱਪਰ ਲਗਭਗ ਢਾਈ ਕਿਲੋ ਸੋਨਾ ਲੱਗਾ ਹੈ ਤੇ ਇਹ ਪਾਲਕੀ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਰਾਹੀਂ ਤਿਆਰ ਕਰਵਾਈ ਗਈ ਹੈ। ਜਲੰਧਰ 'ਚ ਤਿਆਰ ਕੀਤਾ ਪਾਲਕੀ ਵਾਲਾ ਵਾਹਨ ਵੀ ਸਰਨਾ ਭਰਾਵਾਂ ਵੱਲੋਂ ਪੀ.ਜੀ.ਪੀ.ਸੀ. ਨੂੰ ਭੇਟ ਕੀਤਾ ਜਾਵੇਗਾ।

ਪਾਕਿਸਤਾਨ ਵਿਚ ਸਿੱਖ ਕੁੜੀ ਦੇ ਜਬਰੀ ਧਰਮ ਤਬਦੀਲ ਮਾਮਲੇ ਬਾਰੇ ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਵੱਲੋਂ ਇਸ ਮਾਮਲੇ ਨੂੰ ਸੁਹਿਰਦਤਾ ਨਾਲ ਅਤੇ ਚੰਗੇ ਤਰੀਕੇ ਨਾਲ ਹੱਲ ਕੀਤਾ ਗਿਆ ਹੈ। ਇਸ ਵਾਸਤੇ ਉਨ੍ਹਾਂ ਮੁੱਖ ਮੰਤਰੀ ਅਤੇ ਗਵਰਨਰ ਦੋਵਾਂ ਦਾ ਧੰਨਵਾਦ ਕੀਤਾ। ਗੁਰਦੁਆਰਾ ਕਰਤਾਰਪੁਰ ਲਾਂਘੇ ਲਈ ਪਾਕਿਸਤਾਨ ਵੱਲੋਂ 20 ਡਾਲਰ ਦੀ ਯਾਤਰੂ ਫੀਸ ਲਾਉਣ ਬਾਰੇ ਉਨ੍ਹਾਂ ਕਿਹਾ ਕਿ ਇਹ ਫੀਸ ਘੱਟ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਦਿੱਲੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਦੇ ਉਨ੍ਹਾਂ ਗ੍ਰੰਥੀਆਂ ਖਿਲਾਫ ਪੰਥਕ ਕਾਰਵਾਈ ਕੀਤੀ ਜਾਵੇ, ਜਿਨ੍ਹਾਂ ਨੇ ਨਗਰ ਕੀਰਤਨ ਬਾਰੇ ਗੁੰਮਰਾਹਕੁਨ ਪ੍ਰਚਾਰ ਕੀਤਾ ਹੈ।

# ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਅਲੌਕਿਕ ਨਗਰ ਕੀਰਤਨ

**ਬਟਾਲਾ:** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਦੇ ਵਿਆਹ ਪੁਰਬ 'ਤੇ ਸਾਲਾਨਾ ਜੋੜ ਮੇਲਾ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਬਟਾਲਾ 'ਚ ਸ਼ਰਧਾ-ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਸ਼ਾਮਲ ਹੋਈਆਂ।



ਵਿਆਹ ਪੁਰਬ ਦੀਆਂ ਖੁਸ਼ੀਆਂ 'ਚ ਸਮੁੱਚੇ ਧਾਰਮਿਕ ਅਸਥਾਨਾਂ ਗੁਰਦੁਆਰਾ ਸ੍ਰੀ ਕੰਧ ਸਾਹਿਬ, ਸ੍ਰੀ ਡੇਹਰਾ ਸਾਹਿਬ, ਸ੍ਰੀ ਸਤਿਕਰਤਾਰੀਆਂ ਸਾਹਿਬ ਤੇ ਅੱਚਲ ਸਾਹਿਬ ਵਿਖੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ (ਸਹੁਰਾ ਘਰ) ਅਸਥਾਨ ਤੋਂ ਖਾਲਸਾਈ ਜੈਕਾਰਿਆਂ ਦੀ ਗੂੰਜ 'ਚ ਸ਼ਾਨੋ-ਸ਼ੌਕਤ ਨਾਲ ਨਗਰ ਕੀਰਤਨ ਆਰੰਭ ਹੋਇਆ।

ਇਸ ਮੌਕੇ ਸਜਾਈ ਪਾਲਕੀ ਨੂੰ ਦਰਸ਼ਨਾਂ ਲਈ ਰਵਾਨਾ ਕਰਨ ਸਮੇਂ ਗਿਆਨੀ ਮਲਕੀਅਤ ਸਿੰਘ ਹੈੱਡ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਸਨ। ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੀ ਗੁਰੂ ਘਰ ਨਤਮਸਤਕ ਹੋਏ ਅਤੇ ਪਾਲਕੀ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ। ਵੱਖ-ਵੱਖ ਪੜਾਵਾਂ ਤੋਂ ਹੁੰਦੇ ਹੋਏ ਦੇਰ ਸ਼ਾਮ ਆਰੰਭਿਕ ਅਸਥਾਨ 'ਤੇ ਨਗਰ ਕੀਰਤਨ ਦੀ ਸੰਪੂਰਨਤਾ ਹੋਈ। ਇਸ ਮੌਕੇ ਸਿੱਖ ਇਤਿਹਾਸ ਨੂੰ ਰੂਪਮਾਨ ਕਰਦੀਆਂ ਪ੍ਰਦਰਸ਼ਨੀਆਂ ਵਿਸ਼ੇਸ਼ ਖਿਚ ਦਾ ਕੇਂਦਰ ਰਹੀਆਂ।

# ਕੋਟਕਪੂਰਾ ਗੋਲੀ ਕਾਂਡ: ਮੁਲਜ਼ਮਾਂ ਖਿਲਾਫ ਦੋਸ਼ ਆਇਦ ਹੋਣ ਦੀ ਕਾਰਵਾਈ ਟਲੀ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਸੈਸ਼ਨ ਜੱਜ ਹਰਪਾਲ ਸਿੰਘ ਦੀ ਅਦਾਲਤ ਵਿਚ ਮੁਕੱਦਮੇ ਦੀ ਸੁਣਵਾਈ ਹੋਈ। ਇਸ ਦੌਰਾਨ ਸਾਬਕਾ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ, ਮੁਅੱਤਲ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਐਸ.ਪੀ. ਬਲਜੀਤ ਸਿੰਘ ਸਿੱਧੂ, ਪਰਮਜੀਤ ਸਿੰਘ ਪਰਮਾਰ ਅਤੇ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਅਦਾਲਤ ਵਿਚ ਪੇਸ਼ ਹੋਏ, ਪਰ ਇਨ੍ਹਾਂ ਅਧਿਕਾਰੀਆਂ ਖਿਲਾਫ ਦਰਜ ਹੋਏ ਮੁਕੱਦਮੇ ਵਿਚ ਦੋਸ਼ ਆਇਦ ਨਹੀਂ ਹੋ ਸਕੇ, ਕਿਉਂਕਿ ਮੁਲਜ਼ਮਾਂ ਵੱਲੋਂ ਪੇਸ਼ ਹੋਏ ਵਕੀਲਾਂ ਨੇ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਮੁਕੱਦਮਾ ਨੰ: 129 ਤੇ ਅਸਲਾ ਐਕਟ ਗੈਰ-ਕਾਨੂੰਨੀ ਤੌਰ 'ਤੇ ਦਰਜ ਹੋਇਆ ਹੈ ਅਤੇ ਇਸ ਮੁਕੱਦਮੇ ਨੂੰ ਰੱਦ ਕਰਵਾਉਣ ਲਈ ਕੁਝ ਪੁਲੀਸ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਦਾਇਰ ਕੀਤੀ ਹੋਈ ਹੈ, ਜਿਸ ਦੀ ਸੁਣਵਾਈ ਅਗਲੇ ਹਫਤੇ ਹੋਣ ਦੀ ਸੰਭਾਵਨਾ ਹੈ।

ਅਦਾਲਤ ਨੇ ਦੋਹਾਂ ਧਿਰਾਂ ਦੀ ਹਾਜ਼ਰੀ ਵਿਚ ਇਸ ਮੁਕੱਦਮੇ ਦੀ ਸੁਣਵਾਈ 27 ਸਤੰਬਰ ਤੱਕ ਮੁਲਤਵੀ ਕਰ ਦਿੱਤੀ। ਸੈਸ਼ਨ ਜੱਜ ਹਰਪਾਲ ਸਿੰਘ ਨੇ ਇਨ੍ਹਾਂ ਦਰਖਾਸਤਾਂ ਦੇ ਫੈਸਲੇ ਖਿਲਾਫ ਦਾਇਰ ਹੋਈ ਅਪੀਲ ਦਾ ਪੰਜਾਬ ਸਰਕਾਰ ਅਤੇ ਐਸ. ਆਈ. ਟੀ. ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਹੈ ਤੇ ਸੁਣਵਾਈ ਵੀ 27 ਸਤੰਬਰ ਨੂੰ ਹੋਵੇਗੀ।

# ਹਰਿਮੰਦਰ ਸਾਹਿਬ ਦੀ ਤਸਵੀਰ ਵਪਾਰਕ ਹਿੱਤਾਂ ਲਈ ਵਰਤਣ 'ਤੇ 'ਫਲਿਪਕਾਰਟ' ਨੂੰ ਨੋਟਿਸ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਵਪਾਰਕ ਹਿੱਤਾਂ ਵਾਸਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਸਿੱਖ ਗੁਰਦੁਆਰਾ ਸਾਹਿਬਾਨ ਤੇ ਧਾਰਮਿਕ ਚਿੰਨ੍ਹਾਂ ਦੀ ਗੈਰ-ਕਾਨੂੰਨੀ ਤੌਰ 'ਤੇ ਵਰਤੋਂ ਕਰਨ ਲਈ ਫਲਿਪਕਾਰਟ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ।

ਕਾਨੂੰਨੀ ਟੀਮ ਰਾਹੀਂ ਭੇਜੇ ਨੋਟਿਸ 'ਚ ਸਿਰਸਾ ਨੇ ਕਿਹਾ ਕਿ ਫਲਿਪਕਾਰਟ ਵੱਲੋਂ ਸ੍ਰੀ ਦਰਬਾਰ ਸਾਹਿਬ, ਹੋਰ ਸਿੱਖ ਗੁਰਧਾਮਾਂ ਤੇ ਧਰਮ ਨਾਲ ਜੁੜੀਆਂ ਵਸਤਾਂ ਦੀਆਂ ਤਸਵੀਰਾਂ ਦੀ ਵਰਤੋਂ ਆਪਣੇ ਉਤਪਾਦ ਵੇਚਣ ਵਾਸਤੇ ਅਤੇ ਇਨ੍ਹਾਂ ਦੀ ਇਸ਼ਤਿਹਾਰਬਾਜ਼ੀ ਕਰਨ ਲਈ ਕੀਤੀ ਜਾ ਰਹੀ ਹੈ। ਜਿਸ ਨਾਲ ਦੁਨੀਆਂ ਭਰ 'ਚ ਬੈਠੀ ਸਿੱਖ ਸੰਗਤ ਦੇ ਮਨਾਂ 'ਚ ਡੂੰਘੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਨੂੰ ਸਮੁੱਚਾ ਸਿੱਖ ਜਗਤ ਸਰਬਉੱਚ ਮੰਨਦਾ ਹੈ ਤੇ ਇਹ ਅਜਿਹੀ ਥਾਂ ਨਹੀਂ, ਜਿਸ ਦੀ ਵਰਤੋਂ ਵਪਾਰ ਜਾਂ ਬ੍ਰਾਂਡ ਨੂੰ ਪ੍ਰੋਮੋਟ ਕਰਨ ਵਾਸਤੇ ਕੀਤੀ ਜਾਵੇ।

ਸਿਰਸਾ ਨੇ ਕਿਹਾ ਕਿ ਸੱਚਾਈ ਜਾਣਦੇ ਹੋਏ ਵੀ ਕੰਪਨੀ ਨੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਇਕ ਟੀ ਸ਼ਰਟ 'ਤੇ ਲਗਾ ਕੇ ਇਸ ਨੂੰ ਵੇਚਣ ਤੇ ਇਸ ਦੀ ਇਸ਼ਤਿਹਾਰਬਾਜ਼ੀ ਕਰਨ ਵਾਸਤੇ ਵਰਤੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਇਸ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਰਾਜਧਾਨੀ ਵਾਸ਼ਿੰਗਟਨ ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮ

**ਵਾਸ਼ਿੰਗਟਨ ਡੀ. ਸੀ. (ਅਵਤਾਰ ਗੋਂਦਾਰਾ):** ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਭਰਵਾਂ ਸਮਾਗਮ ਕੀਤਾ ਗਿਆ। ਇਹ ਪਹਿਲੀ ਵਾਰ ਸੀ ਕਿ ਅਮਰੀਕਾ ਵਿਚ ਸਿੱਖਾਂ ਦੀ ਏਨੀ ਵੱਡੀ ਇਕੱਤਰਤਾ ਅਮਰੀਕਾ ਦਾ ਦਿਲ ਸਮਝੀ ਜਾਂਦੀ ਯੂ. ਐਸ. ਕੈਪੀਟਲ, ਲਿੰਕਨ ਮੈਮੋਰੀਅਲ ਤੇ ਵਾਸ਼ਿੰਗਟਨ ਮਾਨੂਮੈਂਟ ਦੀਆਂ ਇਮਾਰਤਾਂ ਵਿਚਕਾਰਲੇ ਅਹਿਮ ਸਥਾਨ 'ਤੇ ਹੋਈ। ਦੁਨੀਆਂ ਭਰ ਵਿਚੋਂ ਇਹ ਸਥਾਨ ਵੇਖਣ ਆਉਣ ਵਾਲੇ ਹਜ਼ਾਰਾਂ ਸੈਲਾਨੀਆਂ ਦੀ ਸਹੂਲਤ ਲਈ ਪ੍ਰੋਗਰਾਮ ਦਾ ਬਹੁਤਾ ਹਿੱਸਾ ਅੰਗਰੇਜ਼ੀ ਵਿਚ ਚਲਾਇਆ ਗਿਆ।



ਘੋੜਾ ਬੱਘੀ ਵਿਚ ਜਾ ਰਹੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ

'ੴ ਇਨਕਾਰਪੋਰੇਸ਼ਨ' ਵਲੋਂ ਕੀਤੇ ਗਏ ਤੇ ਕਰੀਬ ਸਾਰਾ ਦਿਨ ਚੱਲੇ ਇਸ ਸਮਾਗਮ ਵਿਚ ਕੀਰਤਨ ਦਰਬਾਰ ਤੇ ਲੰਗਰ ਤੋਂ ਇਲਾਵਾ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਤੇ ਜੀਵਨ ਬਾਰੇ ਵਿਚਾਰ ਪੇਸ਼ ਕੀਤੇ। ਬੁਲਾਰਿਆਂ ਵਿਚ ਰਵੀ ਸਿੰਘ (ਖਾਲਸਾ ਏਡ), ਡਾ. ਇਕਤਦਾਰ ਚੀਮਾ (ਯੂ. ਐਨ. ਓ.), ਹਰਿੰਦਰ ਸਿੰਘ (ਸਿੱਖ ਰਿਸਰਚ ਇੰਸਟੀਚਿਊਟ), ਸਿੱਧੂ ਦਮਦਮੀ (ਉਘੇ ਲੇਖਕ ਤੇ ਮੀਡੀਆ ਕਰਮੀ), ਹਰਸ਼ਿੰਦਰ ਕੌਰ (ਲੇਖਕ ਤੇ ਔਰਤਾਂ ਦੇ ਹੱਕਾਂ ਦੀ ਐਕਟੀਵਿਸਿਟ) ਸ਼ਾਮਲ ਸਨ।

ਦੋ ਦਿਨ ਚੱਲੇ ਇਨ੍ਹਾਂ ਪ੍ਰੋਗਰਾਮਾਂ ਦਾ ਸਫਲ ਸਟੇਜ ਸੰਚਾਲਨ ਅਟਲਾਂਟਾ ਨਿਵਾਸੀ ਬਿਜਨਸਮੈਨ ਸੁਰਿੰਦਰ ਸਿੰਘ (ਲਾਲੀ) ਨੇ ਕੀਤਾ। ਉਨ੍ਹਾਂ ਨੇ ਆਪਣੀ ਪੇਸ਼ਕਾਰੀ ਨੂੰ ਗੁਰਬਾਣੀ ਦੀਆਂ ਟੂਕਾਂ, ਇਤਿਹਾਸਕ ਹਵਾਲਿਆਂ ਨਾਲ ਇੰਜ ਸਜਾਇਆ ਕਿ ਸਰੋਤੇ ਸਾਰਾ ਸਮਾਂ ਸਟੇਜ ਨਾਲ ਬੱਝੇ ਰਹੇ।

ਪ੍ਰੋਗਰਾਮ ਕਰਵਾਉਣ ਵਾਲੀ ਸੰਸਥਾ 'ੴ ਇਨਕਾਰਪੋਰੇਸ਼ਨ' ਦੇ ਰੂਹ-ਏ-ਰਵਾਂ ਰਾਜ ਨਿੱਝਰ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਬਰਾਬਰੀ ਤੇ ਮਨੁੱਖੀ ਸਾਂਝੀਵਾਲਤਾ ਦੇ ਸੁਨੇਹੇ ਨੂੰ ਗੈਰ-ਸਿੱਖਾਂ ਤਕ ਪਹੁੰਚਾਉਣ ਤੇ ਸਿੱਖ ਪਛਾਣ ਨੂੰ ਵਿਦੇਸ਼ੀਆਂ ਵਿਚ ਪੱਕੇ ਕਰਨ ਲਈ ਵੱਡੇ ਪ੍ਰੋਗਰਾਮ ਕਰਨ ਲਈ ਯੋਜਨਾ ਬਣਾਈ ਗਈ ਹੈ। ਸ. ਨਿੱਝਰ ਅਨੁਸਾਰ ਵੱਡੀ ਗਿਣਤੀ ਵਿਚ ਪ੍ਰੋਫੈਸ਼ਨਲ ਤੇ ਬਿਜਨਸਮੈਨ ਇਸ ਸੰਸਥਾ ਨਾਲ ਜੁੜੇ ਹਨ, ਪਰ ਇਸ ਦਾ ਨਾ ਕੋਈ ਪ੍ਰਧਾਨ ਹੈ, ਨਾ ਸਕੱਤਰ। ਸਾਰੇ ਸੇਵਾਦਾਰ ਹਨ।



ਅਮਰੀਕਨ ਸਿੱਖਾਂ ਦਾ ਜਥਾ ਕੀਰਤਨ ਕਰਦਾ ਹੋਇਆ

ਮੁੱਖ ਪੰਡਾਲ ਵਿਚ ਅਮਰੀਕਾ ਦੇ ਦੂਰ-ਦੁਰੇਡੇ ਸ਼ਹਿਰਾਂ ਤੋਂ ਆਈ ਨਾਨਕ ਨਾਮ ਲੇਵਾ ਸੰਗਤ ਦਾ ਹੜ੍ਹ ਵੇਖਣ ਹੀ ਵਾਲਾ ਸੀ। ਚਲ ਰਹੇ ਰਸ ਭਿੰਨੇ ਕੀਰਤਨ ਦੀ ਪਿੱਠ ਭੂਮੀ ਵਿਚ ਦੂਜੀਆਂ ਕੌਮਾਂ ਦੇ ਕਈ ਸੈਲਾਨੀਆਂ ਦਾ ਕਹਿਣਾ ਸੀ ਕਿ 'ਪੱਗਾਂ ਵਾਲਿਆਂ' ਦਾ ਏਨਾ ਵੱਡਾ ਇਕੱਠ ਉਨ੍ਹਾਂ ਪਹਿਲਾਂ ਕਦੇ ਨਹੀਂ ਸੀ ਵੇਖਿਆ।

ਪ੍ਰੋਗਰਾਮ ਦੇ ਪਹਿਲੇ ਹਿੱਸੇ ਦੌਰਾਨ ਮੁੱਖ ਸਟੇਜ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਪਿਛੋਕੜ ਵਿਚ ਅਮਰੀਕੀ ਸਰਕਾਰ ਦੇ ਗੁੰਬਦਾਂ ਦਾ ਨਜ਼ਾਰਾ ਅਤਿ ਰੌਚਕ ਸੀ। ਭਾਵੇਂ ਪੰਡਾਲ ਨੇੜੇ ਖਾਲਿਸਤਾਨੀ ਸਮਰਥਕ ਝੰਡੇ ਲਹਿਰਾਉਂਦੇ ਤੇ ਨਾਹਰੇ ਲਾਉਂਦੇ ਰਹੇ, ਪਰ ਪ੍ਰੋਗਰਾਮ ਅਟੰਕ ਚਲਦਾ ਰਿਹਾ ਤੇ ਨਿਰਵਿਘਨ ਨੇਪਰੇ ਚੜ੍ਹਿਆ।



ਅਮਰੀਕੀ ਸੰਸਦ ਦੇ ਪਿਛੋਕੜ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼

ਦੂਜੇ ਦਿਨ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਬਾਰੇ ਇਕ ਸਿੰਪੋਜ਼ੀਅਮ ਵੈਸਟਰਨ ਅਰਲਿੰਗਟਨ ਗੇਟ ਵੇ ਯੂਨੀਵਰਸਿਟੀ ਦੇ ਆਡੀਟੋਰੀਅਮ ਵਿਚ ਕਰਵਾਇਆ ਗਿਆ, ਜਿਸ ਵਿਚ ਰਵੀ ਸਿੰਘ, ਇਕਤਦਾਰ ਚੀਮਾ, ਸਿੱਧੂ ਦਮਦਮੀ ਅਤੇ ਹਰਸ਼ਿੰਦਰ ਕੌਰ ਤੋਂ ਇਲਾਵਾ ਜੋਗਿੰਦਰ ਕੈਰੋਂ ਨੇ ਵੀ ਹਿੱਸਾ ਲਿਆ। ਸੁਆਲ-ਜੁਆਬ ਸੈਸ਼ਨ ਭਰਵਾਂ ਰਿਹਾ। ਰਵੀ ਸਿੰਘ ਨੇ ਆਪਣੀ ਸੰਸਥਾ 'ਖਾਲਸਾ ਏਡ' ਵਲੋਂ ਲੋੜਵੰਦਾਂ ਲਈ ਬਹੁੜਨ ਨੂੰ ਗੁਰੂ ਨਾਨਕ ਦੇ ਹੁਕਮਾਂ 'ਤੇ ਚੱਲਣ ਦੀ ਕੋਸ਼ਿਸ਼ ਕਿਹਾ। ਉਨ੍ਹਾਂ ਕਿਹਾ ਮਦਦ ਕਰਨ ਸਮੇਂ ਉਨ੍ਹਾਂ ਦੀ ਸੰਸਥਾ ਲੋੜਵੰਦਾਂ ਦਾ ਨਾ ਧਰਮ ਵੇਖਦੀ ਹੈ, ਨਾ ਨਸਲ ਤੇ ਨਾ ਰੰਗ।



ਗੁਰੂ ਨਾਨਕ ਨੂੰ 'ਨਾਨਕ ਸ਼ਾਹ ਫਕੀਰ-ਸਿੱਖੋਂ ਕਾ ਗੁਰੂ, ਮੁਸਲਮਾਨੋਂ ਕਾ ਪੀਰ' ਦਸਦਿਆਂ ਇਕਤਦਾਰ ਚੀਮਾ ਦਾ ਕਹਿਣਾ ਸੀ ਕਿ ਗੁਰੂ ਨਾਨਕ ਕੇਵਲ ਸਿੱਖਾਂ ਦਾ ਹੀ ਰਹਿਬਰ ਨਹੀਂ ਸੀ, ਸਗੋਂ ਸਭ ਧਰਮਾਂ ਦੇ ਅਕੀਦਿਆਂ ਦੇ ਲੋਕਾਂ ਦਾ ਰਹਿਬਰ ਸੀ। ਸਿੱਧੂ ਦਮਦਮੀ ਨੇ ਬਰਾਬਰੀ ਦਾ ਸਮਾਜ ਸਿਰਜਣ ਲਈ ਗੁਰੂ ਬਾਬੇ ਵਲੋਂ ਸ਼ੁਰੂ ਕੀਤੇ ਗਏ ਸਿੱਖ ਧਰਮ ਵਿਚ ਜਾਤ-ਪਾਤ ਦੇ ਮੁੜ ਉਭਰਨ ਦੀ ਸਥਿਤੀ 'ਤੇ ਚਿੰਤਾ ਪ੍ਰਗਟਾਉਂਦਿਆਂ ਸਮੱਸਿਆ ਦੀ ਜਟਿਲਤਾ ਦੀ ਵਿਆਖਿਆ ਕੀਤੀ। ਉਨ੍ਹਾਂ ਆਖਿਆ ਕਿ ਇਸ ਬੁਰਾਈ ਨੂੰ ਖਤਮ ਕਰਨ ਲਈ 'ਗੁਰਦੁਆਰਾ ਸੁਧਾਰ ਲਹਿਰ' ਜਿਹੀ ਲਹਿਰ ਚਲਾਉਣ ਦੀ ਲੋੜ ਹੈ।

ਹਰਸ਼ਿੰਦਰ ਕੌਰ ਨੇ ਭਰੂਣ ਹਤਿਆ ਨੂੰ ਗੁਰੂ ਨਾਨਕ ਦੇ ਹੁਕਮ ਦੀ ਉਲੰਘਣਾ ਦੱਸਦਿਆਂ ਪਰਵਾਸੀ ਪੰਜਾਬੀਆਂ 'ਚ ਵੀ ਇਸ ਬੁਰਾਈ ਦੇ ਜ਼ੋਰ ਫੜਨ 'ਤੇ ਚਿੰਤਾ ਪ੍ਰਗਟਾਈ। ਡਾ. ਕੈਰੋਂ ਨੇ ਬਾਬੇ ਨਾਨਕ ਦੀ ਬਾਣੀ ਵਿਚ 'ਸ਼ਬਦ' ਦੀ ਮਹੱਤਤਾ 'ਤੇ ਚਾਨਣਾ ਪਾਇਆ।









# ਲੁਧਿਆਣੇ ਵਾਲੇ ਸਾਹਿਰ ਦਾ ਦਿੱਲੀ ਵਾਲਾ ਮੁਕੱਦਮਾ

ਸਿਰੀ ਰਾਮ ਅਰਸ਼
ਫੋਨ: +91-98884-52204

ਫਿਲਮ ਨਗਰੀ ਮੁੰਬਈ ਵਿਚ ਬਹੁਤ ਸਾਰੇ ਪ੍ਰਸਿਧ ਨਾਇਕਾਂ, ਸੰਗੀਤਕਾਰਾਂ, ਗੀਤਕਾਰਾਂ ਆਦਿ ਨੂੰ ਆਪਣੇ ਪੈਰ ਜਮਾਉਣ ਵਾਸਤੇ ਬਹੁਤ ਸੰਘਰਸ਼ ਕਰਨਾ ਪਿਆ। ਉਨ੍ਹਾਂ ਸੰਘਰਸ਼ਸ਼ੀਲ ਨੌਜਵਾਨਾਂ ਦੀ ਲੰਮੀ ਸੂਚੀ ਵਿਚ ਪੰਜਾਬ ਦੇ ਸਨਅਤੀ ਸ਼ਹਿਰ ਲੁਧਿਆਣਾ ਤੋਂ ਲਾਹੌਰ ਅਤੇ ਦਿੱਲੀ ਦੇ ਰਸਤੇ ਬੰਬਈ (ਹੁਣ ਮੁੰਬਈ) ਪਹੁੰਚੇ ਸਾਹਿਰ ਦਾ ਨਾਂ ਵੀ ਸ਼ਾਮਲ ਹੈ। ਉਹ ਮੁੰਬਈ ਤਾਂ ਪੁੱਜ ਗਿਆ ਪਰ ਉਸ ਕੋਲ ਨਾ ਕੋਈ ਠੌਰ-ਠਿਕਾਣਾ ਸੀ ਅਤੇ ਨਾ ਹੀ ਜੀਵਨ ਦੀ ਗੱਡੀ ਦੇ ਇੰਜਣ ਵਿਚ ਤੇਲ ਪਾ ਕੇ ਆਪਣੀ ਭੁੱਖ ਮਿਟਾਉਣ ਵਾਸਤੇ ਕੋਈ ਪੱਕਾ ਰੁਜ਼ਗਾਰ।

ਰੁਜ਼ਗਾਰ ਦੀ ਭਾਲ ਕਰਦਾ ਕਰਦਾ ਉਹ ਇਕ ਦਿਨ ਉਹ ਖਵਾਜਾ ਅਹਿਮਦ ਅੱਬਾਸ ਦੇ ਘਰ ਜਾ ਪੁੱਜਾ। ਉਸ ਦਿਨ ਉਸ ਨੇ ਕੁੜਤਾ-ਪਜਾਮਾ ਅਤੇ ਪੈਰਾਂ ਵਿਚ ਟੈਗੋਰ ਵਰਗੀਆਂ ਚੱਪਲਾਂ ਪਹਿਨੀਆਂ ਹੋਈਆਂ ਸਨ। ਸਾਹਿਰ ਨੇ ਆਪਣੀ ਬੇਰੁਜ਼ਗਾਰੀ ਦਾ ਰੋਣਾ ਰੋਂਦਿਆਂ ਖਵਾਜਾ ਨੂੰ ਦੱਸਿਆ ਕਿ ਫਾਕੇ ਕੱਟਣ ਦੀ ਨੌਬਤ ਆ ਗਈ ਹੈ। ਸਾਹਿਰ ਆਪਣੇ ਦੁਖ-ਸੁਖ ਦੀ ਪੋਟਲੀ ਅਜੇ ਖੋਲ੍ਹ ਹੀ ਰਿਹਾ ਸੀ ਕਿ ਕੋਈ ਫਿਲਮ ਨਿਰਮਾਤਾ ਆ ਗਿਆ। ਖਵਾਜਾ ਨੇ ਆਏ ਪ੍ਰਾਹੁਣੇ ਨਾਲ ਸਾਹਿਰ ਦੀ ਜਾਣ-ਪਛਾਣ ਕਰਾਉਂਦਿਆਂ ਕਿਹਾ ਕਿ ਇਹ ਉਰਦੂ ਦਾ ਬਹੁਤ ਵੱਡਾ ਸ਼ਾਇਰ ਹੈ। ਹੁਣੇ ਹੁਣੇ ਪੰਜਾਬ ਤੋਂ ਆਇਆ ਹੈ ਜਿਸ ਨੇ 'ਤਾਜ ਮਹਿਲ' ਵਰਗਾ ਲਾਸਾਨੀ ਸ਼ਾਹਕਾਰ ਰਚਿਆ ਹੈ। ਤੁਸੀਂ ਆਪਣੀ ਬਣ ਰਹੀ ਫਿਲਮ ਦੇ ਗੀਤ ਇਸ ਪਾਸੋਂ ਲਿਖਵਾ ਲਵੋ।

ਫਿਲਮਕਾਰ ਖਵਾਜਾ ਦੀਆਂ ਗੱਲਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਝੱਟ ਸਾਹਿਰ ਨੂੰ ਫਿਲਮ ਦਾ ਕਥਾਨਕ ਅਤੇ ਹਾਲਾਤ ਦਾ ਵੇਰਵਾ ਬਿਆਨ ਕਰਦਿਆਂ ਗੀਤ ਲਿਖਣ ਦੀ ਬੇਨਤੀ ਕਰ ਦਿੱਤੀ। ਸਾਹਿਰ ਨੇ ਤੁਰੰਤ ਨਿਵੇਕਲੀ ਥਾਂ 'ਤੇ ਬੈਠ ਕੇ ਹਾਲਾਤ ਮੁਤਾਬਿਕ ਗੀਤ ਮੁਕੰਮਲ ਕਰਕੇ ਫਿਲਮ ਨਿਰਮਾਤਾ ਦੀ ਝੋਲੀ ਪਾ ਦਿੱਤਾ। ਫਿਲਮ ਨਿਰਮਾਤਾ 500 ਰੁਪਏ ਸਾਹਿਰ ਦੇ ਹੱਥ ਫੜਾ ਕੇ ਅਗਲੀ ਮਿਲਣੀ ਦਾ ਵਾਅਦਾ ਕਰਕੇ ਚਲਾ ਗਿਆ। ਉਸ ਦੇ ਲਿਖੇ ਗੀਤ ਦੀ ਰਿਕਾਰਡਿੰਗ ਕਦੋਂ ਹੋਈ, ਇਹ ਤਾਂ ਪਤਾ ਨਹੀਂ ਪਰ ਸਾਹਿਰ ਦੀ ਇਕ ਮਹੀਨੇ ਦੀ ਚਿੰਤਾ ਖਤਮ ਹੋ ਗਈ ਸੀ।

ਕਿਸੇ ਫਿਲਮ ਦੀ ਸ਼ੂਟਿੰਗ ਚੱਲ ਰਹੀ ਸੀ ਜਿਸ ਦੇ ਮੁਕਾਲਮੇਂ (ਸੰਵਾਦ) ਕ੍ਰਿਸ਼ਨ ਚੰਦਰ ਨੇ ਲਿਖੇ ਸਨ। ਨਿਰਦੇਸ਼ਕ ਨੂੰ ਕ੍ਰਿਸ਼ਨ ਚੰਦਰ ਦੀ ਹੱਥਲਿਖਤ ਪੜ੍ਹਨ ਵਿਚ ਦਿੱਕਤ ਆਉਂਦੀ ਸੀ। ਉਹਨੇ ਕਿਤੇ ਸਾਹਿਰ ਦੀ ਹੱਥਲਿਖਤ ਵੀ ਪੜ੍ਹੀ ਹੋਈ ਸੀ। ਸਾਹਿਰ ਦੀ ਲਿਖਾਈ ਮੋਤੀਆਂ ਵਰਗੀ ਖੁਸ਼ਖਤ ਅਤੇ ਕਾਤਬ ਵਰਗੀ ਸੁੰਦਰ ਹੁੰਦੀ ਸੀ। ਉਸ ਨੇ ਸਾਹਿਰ ਨੂੰ ਬੁਲਾ ਕੇ ਕ੍ਰਿਸ਼ਨ ਚੰਦਰ ਦੇ ਖਰੜੇ ਨੂੰ ਖੂਬਸੂਰਤ ਕਰਕੇ ਲਿਖਣ ਲਈ ਰਾਜ਼ੀ ਕਰ ਲਿਆ। ਸਾਹਿਰ ਨੂੰ ਵੀ ਪੈਸਿਆਂ ਦੀ ਲੋੜ ਸੀ ਅਤੇ ਕੰਮ ਅੱਗੇ ਰਿੜ੍ਹ ਪਿਆ।

ਉਹ ਸੁਭਾਗਾ ਦਿਨ ਸੀ, ਜਦੋਂ ਸਾਹਿਰ ਨੂੰ ਫਿਲਮ 'ਬਾਜ਼ੀ' ਦੇ ਗੀਤ ਲਿਖਣ ਦਾ ਕੰਮ ਮਿਲਿਆ। ਇਸ ਫਿਲਮ ਦੇ ਗੀਤਾਂ ਨੇ ਸਾਹਿਰ ਦੀ ਮਕਬੂਲੀਅਤ ਨੂੰ ਚਾਰ ਚੰਨ ਲਾ ਦਿੱਤੇ। ਉਹ ਆਪਣੀ ਅੰਮੀ ਜਾਨ ਨਾਲ ਉਰਦੂ ਦੇ ਮੰਨੇ-ਪ੍ਰਮੰਨੇ ਨਾਵਲਕਾਰ ਕ੍ਰਿਸ਼ਨ ਚੰਦਰ ਦੇ ਘਰ ਦੀ ਪਹਿਲੀ ਮੰਜ਼ਿਲ ਉਪਰ ਰਹਿਣ ਲੱਗ ਗਿਆ ਸੀ। ਉਸ ਨੇ ਆਉਣ-ਜਾਣ ਲਈ ਕਾਰ ਵੀ ਲੈ ਲਈ ਸੀ।

ਸਾਹਿਰ ਦੀ ਸ਼ੁਹਰਤ ਦੇ ਨਾਲ ਨਾਲ ਫਿਲਮ ਸਨਅਤ ਵਿਚ ਉਸ ਦਾ ਪ੍ਰਭਾਵ ਵੀ ਵਧਦਾ ਗਿਆ ਸੀ। ਉਸ ਨੇ ਗੀਤਾਂ ਦੇ ਸੰਗੀਤਕਾਰ ਅਤੇ ਗਾਇਕ ਕਲਾਕਾਰ ਦੇ ਨਾਲ ਨਾਲ ਗੀਤਕਾਰ ਦਾ ਨਾਮ ਨਸ਼ਰ ਕਰਨ ਲਈ ਅਕਾਸ਼ਵਾਣੀ ਦੇ ਵੱਡੇ ਅਫਸਰਾਂ ਨੂੰ ਮਨਾ ਲਿਆ ਸੀ ਅਤੇ ਗੀਤਾਂ ਦੀ ਰਿਕਾਰਡਿੰਗ ਵੇਲੇ ਗੀਤਕਾਰ ਦੀ ਕੁਰਸੀ ਲੱਗਣ ਲੱਗ ਗਈ ਸੀ। ਰਿਕਾਰਡਿੰਗ ਸਟੂਡੀਓਜ਼ ਵਿਚ ਸਾਹਿਰ ਦੀਆਂ ਮੁਲਾਕਾਤਾਂ ਫਿਲਮ ਜਗਤ ਦੇ ਨਾਮਵਰ ਗਾਇਕਾਂ ਨਾਲ ਹੁੰਦੀਆਂ ਰਹਿੰਦੀਆਂ ਸਨ।

ਬੀਤੀ ਸਦੀ ਦੇ ਛੇਵੇਂ ਦਹਾਕੇ ਦੀ ਮੁਢਲੀ ਤਿਹਾਈ ਦੌਰਾਨ ਫਿਲਮ 'ਤਾਜ ਮਹਿਲ' ਬਣਨੀ ਸ਼ੁਰੂ ਹੋਈ ਜਿਸ ਦੇ ਨਾਇਕਾ ਅਤੇ ਨਾਇਕ ਵਜੋਂ ਬੀਨਾ ਰਾਏ ਅਤੇ ਪ੍ਰਦੀਪ ਕੁਮਾਰ ਦੀ ਮਸ਼ਹੂਰ ਜੋੜੀ ਨੂੰ ਲਿਆ ਗਿਆ। ਸੰਗੀਤ ਰੌਸ਼ਨ ਦਾ ਅਤੇ ਗੀਤ ਸਾਹਿਰ ਲੁਧਿਆਣਵੀ ਪਾਸੋਂ ਲਿਖਵਾਏ ਗਏ। ਸਾਹਿਰ ਬਾਰੇ ਇਹ ਗੱਲ ਮਸ਼ਹੂਰ ਸੀ ਕਿ ਉਹ ਫਿਲਮਾਂ ਦੇ ਗੀਤਾਂ ਦੀ ਰਚਨਾ ਕਰਨ ਲੱਗਿਆਂ ਵੀ ਆਪਣੇ ਸਾਹਿਤਕ ਮਿਆਰ, ਅੰਦਾਜ਼ ਅਤੇ ਲੋਕ-ਪੱਖੀ ਵਿਚਾਰਧਾਰਾ ਨੂੰ ਅੱਖੋਂ-ਪਰੋਖੇ ਨਹੀਂ ਸੀ ਹੋਣ ਦਿੰਦਾ ਅਤੇ ਨਾ ਹੀ ਸੰਗੀਤਕਾਰ ਜਾਂ ਫਿਲਮਸਾਜ਼ ਦੇ ਕਹਿਣ 'ਤੇ ਗੈਰ-ਵਾਜਬ ਜਾਂ ਅਢੁਕਵਾਂ ਸ਼ਬਦ ਸ਼ਾਮਲ ਕਰਕੇ ਗੀਤ ਦੇ ਪੱਧਰ ਨੂੰ ਡੇਗਣਾ ਪਸੰਦ ਕਰਦਾ ਸੀ।



*ਸਾਹਿਰ ਲੁਧਿਆਣਵੀ ਦੀ ਪੇਂਟਿੰਗ*

ਉਹ ਮਿਹਨਤਕਸ਼ ਤਾਂ ਸ਼ੁਰੂ ਤੋਂ ਹੀ ਸੀ, ਫਿਰ ਵੀ ਉਸ ਨੇ ਫਿਲਮ 'ਤਾਜ ਮਹਿਲ' ਦੇ ਗੀਤ ਫਿਲਮ ਦੇ ਨਾਜ਼ੁਕ ਹਾਲਾਤ ਅਤੇ ਇਸਲਾਮੀ ਮਾਹੌਲ ਨੂੰ ਮੁੱਖ ਰੱਖਦੇ ਹੋਏ ਬਹੁਤ ਕਲਾਮਈ ਢੰਗ ਨਾਲ ਲਿਖੇ ਸਨ। ਇਹ ਵੀ ਕਮਾਲ ਦੀ ਗੱਲ ਹੈ ਕਿ ਇਸ ਫਿਲਮ ਦੇ ਤਕਰੀਬਨ ਸਾਰੇ ਹੀ ਗਾਣੇ ਬਹੁਤ ਮਕਬੂਲ ਹੋਏ।

ਇਕ ਫਿਲਮ ਨਿਰਮਾਤਾ ਨੇ ਸਾਹਿਰ ਦੀ ਇਜਾਜ਼ਤ ਲਏ ਬਗੈਰ ਉਸ ਦੀ ਪਲੇਠੀ ਕਾਵਿ ਪੁਸਤਕ 'ਤਲਖੀਆਂ' ਵਿਚ ਛਪੀ ਉਸ ਦੀ ਮਸ਼ਹੂਰ ਨਜ਼ਮ 'ਤਾਜ ਮਹਿਲ' ਫਿਲਮ ਵਿਚ ਸ਼ਾਮਲ ਕਰ ਲਈ। ਜਦੋਂ ਸਾਹਿਰ ਨੂੰ ਇਸ ਗੱਲ ਦਾ ਪਤਾ ਲੱਗਿਆ, ਉਸ ਨੇ ਅਜਿਹਾ ਕਰਨ ਬਾਰੇ ਸਖਤ ਵਿਰੋਧ ਪ੍ਰਗਟਾਇਆ। ਫਿਲਮ ਮੁਕੰਮਲ ਹੋ ਚੁੱਕੀ ਸੀ ਅਤੇ ਇਸ ਨੂੰ ਰਿਲੀਜ਼ ਕਰਨ ਲਈ ਸਿਰਫ ਫਿਲਮ ਸੈਂਸਰ ਸਰਟੀਫਿਕੇਟ ਦੀ ਉਡੀਕ ਕੀਤੀ ਜਾ ਰਹੀ ਸੀ। ਫਿਲਮਸਾਜ਼ ਨੇ ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਸਾਹਿਰ ਉਪਰ ਮੁਕੱਦਮਾ ਦਰਜ ਕਰਵਾ ਦਿੱਤਾ ਤਾਂ ਜੋ ਉਹ ਉਸ ਨੂੰ ਉਪਰੋਕਤ ਫਿਲਮ ਰਿਲੀਜ਼ ਕਰਨ ਤੋਂ ਰੋਕ ਨਾ ਸਕੇ।

ਇਹ ਉਲਟਾ ਚੋਰ ਕੋਤਵਾਲ ਨੂੰ ਡਾਂਟਣ ਵਾਲੀ ਗੱਲ ਹੋ ਗਈ ਸੀ। ਮਜ਼ੇਦਾਰ ਗੱਲ ਇਹ ਹੋਈ ਕਿ ਮੁਕੱਦਮਾ ਵੀ ਫਿਲਮਸਾਜ਼ ਨੇ ਮੁੰਬਈ ਵਿਚ ਨਹੀਂ ਸਗੋਂ ਦਿੱਲੀ ਦੀ ਹੇਠਲੀ ਅਦਾਲਤ ਵਿਚ ਦਾਇਰ ਕੀਤਾ। ਇਸ ਸਿਲਸਿਲੇ ਵਿਚ ਤਾਰੀਖਾਂ ਭੁਗਤਣ ਵਾਸਤੇ ਸਾਹਿਰ ਨੂੰ ਦਿੱਲੀ ਆਉਣਾ ਪਿਆ। ਉਹ ਅਸ਼ੋਕਾ ਹੋਟਲ ਵਿਚ ਠਹਿਰਿਆ। ਉਨ੍ਹਾਂ ਦਿਨਾਂ ਵਿਚ ਦਿੱਲੀ ਆਕਾਸ਼ਵਾਣੀ ਵਿਚ ਪੰਜਾਬੀ ਪ੍ਰੋਗਰਾਮਾਂ ਦਾ ਇੰਚਾਰਜ ਦਵਿੰਦਰ ਸਿੰਘ ਸੀ। ਉਸ ਦੇ ਕਹਿਣ 'ਤੇ ਮੈਂ ਸਾਹਿਰ ਨਾਲ ਗੱਲ ਕਰਕੇ ਦਿੱਲੀ ਰੇਡੀਓ ਸਟੇਸ਼ਨ ਵਿਚ ਸਾਹਿਰ ਦੀ ਮੁਲਾਕਾਤ ਰਖਵਾ ਦਿੱਤੀ। ਸਾਹਿਰ ਨੇ ਪੁੱਛਿਆ ਸੀ ਕਿ ਮੁਲਾਕਾਤ ਕੌਣ ਕਰੇਗਾ? ਮੈਂ ਉਸ ਨੂੰ ਦੱਸ ਦਿੱਤਾ ਸੀ ਕਿ ਮੁਲਾਕਾਤ ਦਵਿੰਦਰ ਕਰੇਗਾ ਜਿਹੜਾ ਅੱਜ ਕੱਲ੍ਹ ਅੰਮ੍ਰਿਤਾ ਬਾਰੇ ਮਹੱਤਵਪੂਰਨ ਸਾਹਿਤਕ ਕੰਮ ਕਰਨ ਵਿਚ ਰੁੱਝਿਆ ਹੈ। ਦਵਿੰਦਰ ਦੇ ਜ਼ੋਰ ਦੇਣ 'ਤੇ ਮੈਂ ਮਿਥੇ ਦਿਨ ਸਵੇਰੇ ਹੀ ਹੋਟਲ ਵਿਚ ਪਹੁੰਚ ਗਿਆ ਤਾਂ ਜੋ ਸਾਹਿਰ ਨੂੰ ਸਮੇਂ ਸਿਰ ਰੇਡੀਓ ਸਟੇਸ਼ਨ ਲਿਜਾ ਸਕਾਂ। ਦਿੱਲੀ ਰੇਡੀਓ ਸਟੇਸ਼ਨ ਦੇ ਅਫਸਰ ਸ੍ਰੀ ਸ਼ਰਮਾ ਅਤੇ ਦਵਿੰਦਰ ਨੇ ਸਾਹਿਰ ਦਾ ਸਵਾਗਤ ਕੀਤਾ। ਉਸ ਵਕਤ ਵੀ ਉਨ੍ਹਾਂ ਦੀ ਜਾਣ-ਪਛਾਣ ਕਰਾਉਂਦਿਆਂ ਅੰਮ੍ਰਿਤਾ ਪ੍ਰੀਤਮ ਦਾ ਜ਼ਿਕਰ ਹੋਇਆ। ਸਾਹਿਰ ਨਾਲ ਰੇਡੀਓ ਲਈ ਮੁਲਾਕਾਤ ਦਵਿੰਦਰ ਨੇ ਕੀਤੀ ਸੀ ਜਿਸ ਵਿਚ ਯਾਦਗਾਰੀ ਗੱਲਾਂ ਹੋਈਆਂ।

ਮੇਰੇ, ਸ੍ਰੀ ਸ਼ਰਮਾ ਅਤੇ ਦਵਿੰਦਰ ਵੱਲੋਂ ਕਈ ਵਾਰ ਅੰਮ੍ਰਿਤਾ ਦਾ ਨਾਂ ਦੁਹਰਾਏ ਜਾਣ ਦੇ ਬਾਵਜੂਦ ਸਾਹਿਰ ਨੇ ਇਕ ਵਾਰੀ ਵੀ ਅੰਮ੍ਰਿਤਾ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਮੈਂ ਸਾਹਿਰ ਦੀ ਦਿੱਲੀ ਦੀ ਇਸ ਫੇਰੀ ਦੌਰਾਨ ਸਵੇਰ ਤੋਂ ਸ਼ਾਮ ਤੱਕ ਉਸ ਦੇ ਨਾਲ ਰਹਿੰਦਾ ਪਰ ਕਿਸੇ ਵੀ ਦਿਨ ਨਾ ਅੰਮ੍ਰਿਤਾ ਪ੍ਰੀਤਮ ਬਾਰੇ ਕੋਈ ਗੱਲ ਹੋਈ ਸੀ, ਨਾ ਕਦੇ ਉਨ੍ਹਾਂ ਦਾ ਟੈਲੀਫੋਨ ਆਇਆ ਅਤੇ ਨਾ ਹੀ ਸਾਹਿਰ ਦੀ ਕਾਰ ਨੇ ਕਦੀ ਹੌਜ਼ ਖਾਸ ਵੱਲ ਮੋੜ ਕੱਟਿਆ ਸੀ।

ਸਾਹਿਰ ਦੇ ਅਸ਼ੋਕਾ ਹੋਟਲ ਵਿਚ ਠਹਿਰਨ ਬਾਰੇ ਕਈ ਸ਼ਖਸੀਅਤਾਂ ਨੂੰ ਪਤਾ ਲੱਗ ਗਿਆ। ਫਿਰ ਇਕ ਦਿਨ ਸਾਹਿਰ ਨੇ ਚੁੱਪ-ਚੁਪੀਤੇ ਹੋਟਲ ਛੱਡ ਦਿੱਤਾ ਅਤੇ ਕਹਿ ਦਿੱਤਾ ਕਿ ਉਹ ਮੁੰਬਈ ਵਾਪਸ ਜਾ ਰਿਹਾ ਹੈ ਹਾਲਾਂਕਿ ਉਹ ਆਪਣਾ ਸਾਮਾਨ ਲੈ ਕੇ ਕਸ਼ਮੀਰੀ ਗੇਟ ਦੇ ਬਾਹਰਵਾਰ ਹੋਟਲ ਮੈਡਨਜ਼ ਵਿਚ ਚਲਾ ਗਿਆ ਸੀ। ਉਸ ਨੇ ਟੈਕਸੀ ਵੀ ਬਦਲ ਲਈ ਸੀ। ਸਾਹਿਰ ਦੇ ਨਵੇਂ ਹੋਟਲ ਵਿਚ ਆਉਣ ਕਾਰਨ ਮੇਰਾ ਪੈਂਡਾ ਵੀ ਘਟ ਗਿਆ ਸੀ, ਮੈਂ ਹੋਟਲ ਦੇ ਨੇੜੇ ਲਾਰੈਂਸ ਰੋਡ 'ਤੇ ਸਰਕਾਰੀ ਕੁਆਰਟਰ ਵਿਚ ਰਹਿੰਦਾ ਸੀ।

ਇਕ ਦਿਨ ਦਿੱਲੀ ਦੀਆਂ ਸੜਕਾਂ ਉਪਰ ਸਫਰ ਕਰਦਿਆਂ ਸਾਹਿਰ ਨੇ ਫਿਲਮ 'ਤਾਜ ਮਹਿਲ' ਬਾਰੇ ਗੱਲ ਕਰਦਿਆਂ ਮੈਨੂੰ ਦੱਸਿਆ ਕਿ ਉਸ ਨੇ ਇਸ ਫਿਲਮ ਲਈ ਇਹ ਗੀਤ ਵੀ ਲਿਖਿਆ ਹੈ:

ਖੁਦਾ ਏ ਬਰਤਰ ਤੇਰੀ ਜ਼ਮੀਂ ਪਰ
ਜ਼ਮੀਂ ਕੀ ਖਾਤਿਰ ਯੇਹ ਜੰਗ ਕਿਊਂ ਹੈ?
ਜ਼ਮੀਂ ਭੀ ਤੇਰੀ ਹੈ, ਹਮ ਭੀ ਤੇਰੇ ਹੈਂ
ਯੇਹ ਮਿਲਕੀਯਤ ਕਾ ਸਵਾਲ ਕਯਾ ਹੈ?
ਯੇਹ ਕਤਲ ਓ ਖੂੰ ਕਾ ਰਿਵਾਜ ਕਿਊਂ ਹੈਂ?
ਯੇਹ ਰਸਮ-ਏ-ਜੰਗ-ਓ-ਜਦਾਲ ਕਯਾ ਹੈ?
ਜਿਨਹੇਂ ਤਲਬ ਹੈ ਜਹਾਨ ਭਰ ਕੀ
ਉਨਹੀਂ ਕਾ ਦਿਲ ਇਤਨਾ ਸੰਗ ਕਿਊਂ ਹੈ?
ਗਰੀਬ ਮਾਓਂ ਸ਼ਰੀਫ ਬਹਿਨੋਂ ਕੋ
ਅਮਨ-ਓ-ਇਜ਼ਤ ਕੀ ਜ਼ਿੰਦਗੀ ਦੇ।
ਜਿਨਹੇਂ ਅਤਾ ਕੀ ਹੈ ਤੂਨੇ ਤਾਕਤ
ਉਨਹੇਂ ਹਿਦਾਯਤ ਕੀ ਰੌਸ਼ਨੀ ਦੇ।

ਸਾਹਿਰ ਨੇ ਆਖਿਆ, "ਦੇਖ ਅਰਸ਼, ਮੈਂ ਇਥੇ ਖੁਦਾ ਨੂੰ ਬਰਤਰ ਦੱਸਿਆ ਹੈ ਜਦੋਂਕਿ ਖੁਦਾ ਤਾਂ ਇਕ ਹੀ ਹੈ, ਨਾ ਉਹ ਬਰਤਰ ਹੈ ਨਾ ਹੀ ਖੁਦਾ ਬਰਤਰ ਤੋਂ ਕਿਸੇ ਹੋਰ ਦਰਜੇ ਦਾ ਹੈ। ਮੈਨੂੰ ਇਹ ਖਦਸ਼ਾ ਸਤਾ ਰਿਹਾ ਹੈ ਕਿ ਕੋਈ ਇਸ ਬਾਰੇ ਇਤਰਾਜ਼ ਨਾ ਕਰ ਦੇਵੇ।" ਮੈਂ ਕਿਹਾ ਕਿ ਤੁਸੀਂ ਤਾਂ ਖੁਦਾ ਦੀ ਅਜ਼ਮਤ ਲਈ ਉਤਮਤਾ ਦਾ ਵਿਸ਼ੇਸ਼ਣ ਹੀ ਲਾਇਆ ਹੈ। ਸਾਰੀ ਜ਼ਮੀਨ ਖੁਦਾ ਦੀ ਆਖ ਕੇ ਬੇਜ਼ਮੀਨੇ ਖੇਤ ਮਜ਼ਦੂਰਾਂ ਦਾ ਪੱਖ ਪੂਰਿਆ ਹੈ ਅਤੇ ਗਰੀਬ ਔਰਤ ਵਾਸਤੇ ਇਜ਼ਤ ਭਰੀ ਜ਼ਿੰਦਗੀ ਦੀ ਕਾਮਨਾ ਕਰਕੇ ਆਪਣੀ ਸਿਧਾਂਤਕ ਸੋਚ ਦਾ ਪ੍ਰਗਟਾਵਾ ਵੀ ਕੀਤਾ ਹੈ।

ਸਾਹਿਰ ਉਪਰ ਕੀਤੇ ਇਸ ਮੁਕੱਦਮੇ ਦੀ ਸਭ ਤੋਂ ਵਿਸ਼ੇਸ਼ ਅਤੇ ਰੌਚਕ ਗੱਲ ਇਹ ਹੈ ਕਿ ਭਾਰਤ ਦੇ ਸਾਬਕਾ ਕੇਂਦਰੀ ਮੰਤਰੀ ਕ੍ਰਿਸ਼ਨਾ ਮੈਨਨ ਬਤੌਰ ਵਕੀਲ, ਸਾਹਿਰ ਦੇ ਹੱਕ ਵਿਚ ਹੇਠਲੀ ਅਦਾਲਤ ਵਿਚ ਪੇਸ਼ ਹੋਣ ਲਈ ਉਚੇਚੇ ਤੌਰ 'ਤੇ ਮੁੰਬਈ ਤੋਂ ਦਿੱਲੀ ਆਏ। ਸ੍ਰੀ ਕ੍ਰਿਸ਼ਨਾ ਮੈਨਨ ਦਾ ਸਟਾਫ ਇਹ ਦੇਖ ਕੇ ਹੈਰਾਨ ਰਹਿ ਗਿਆ ਸੀ ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਸ੍ਰੀ ਮੈਨਨ ਪੈਸਿਆਂ ਲਈ ਨਹੀਂ ਸਗੋਂ ਦੋਸਤੀ ਨਿਭਾਉਣ ਦੀ ਖਾਤਰ ਲੋਅਰ ਕੋਰਟ ਵਿਚ ਪੇਸ਼ ਹੋਏ ਸਨ। ਸੰਸਦੀ ਚੋਣਾਂ ਦੌਰਾਨ ਸਾਹਿਰ ਵੀ ਅੱਧੀ ਅੱਧੀ ਰਾਤ ਤੱਕ ਮੈਨਨ ਦੇ ਚੋਣ ਦਫਤਰ ਵਿਚ ਬੈਠ ਕੇ ਇਸ਼ਤਿਹਾਰ ਅਤੇ ਹੋਰ ਚੋਣ ਸਮੱਗਰੀ ਲਿਖਣ ਵਿਚ ਰੁੱਝਿਆ ਰਹਿੰਦਾ ਸੀ। ਖੈਰ! ਕੇਸ ਦਾ ਫੈਸਲਾ ਸਾਹਿਰ ਦੇ ਹੱਕ ਵਿਚ ਹੋ ਗਿਆ। ਉਸ ਦਿਨ ਹੋਟਲ ਵਿਚ ਸ਼ਾਨਦਾਰ ਪਾਰਟੀ ਕਰਨ ਤੋਂ ਬਾਅਦ ਸਾਹਿਰ ਬੰਬਈ ਪਰਤ ਗਿਆ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਸਤੰਬਰ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-395



*ਅੰਨ-ਦਾਤੇ ਦਾ ਵਿਹੜਾ ਐਵੇਂ ਨਹੀਂ ਸੁਨਹਿਰਾ ਹੋਇਆ।
ਸਖਤ ਮਿਹਨਤਾਂ ਕਰਕੇ ਉਸ ਨੇ ਖੂਨ ਪਸੀਨਾ ਚੋਇਆ।*

### ਕੈਪਸ਼ਨ ਮੁਕਾਬਲਾ-393



ਪਰਿੰਦਿਆਂ ਦਾ ਮਹਿਲ ਦੇਖ ਕੇ
ਮੇਰਾ ਮਨ ਵੀ ਉਡਾਰੀਆਂ ਮਾਰੇ।
ਕਿਤੇ ਜੇ ਫੁੱਲਾਂ ਵਾਲੀਆਂ ਵੇਲਾਂ ਚੜ੍ਹ ਜਾਣ
ਹੋ ਜੂ ਜੱਗ 'ਤੇ ਵਾਰੇ ਨਿਆਰੇ।
ਵੰਨ ਸੁਵੰਨੇ ਪੰਛੀ ਰਲ ਗਾਉਣ
ਲਾਉਣ ਕੁਦਰਤ ਦੇ ਨਜ਼ਾਰੇ।

**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਉਜਾੜੇ ਫਲਸਤੀਨੀਆਂ ਵਾਂਗੂੰ
ਖੁਦ ਬਸਤੀਆਂ 'ਚ ਰਹਿੰਦੈਂ।
ਬਣਾ ਕੇ ਆਲ੍ਹਣੇ ਹੁਣ ਨਕਲੀ
ਸੱਦਾ ਸਾਨੂੰ ਰਹਿਣ ਨੂੰ ਦਿੰਦੈਂ।
ਆਜ਼ਾਦੀ ਕੁਦਰਤ ਨੇ ਬਖਸ਼ੀ ਹੈ
ਕਿਉਂ ਗੁਲਾਮ ਹੋਈਏ ਤੇਰੇ।
ਅਸਾਂ ਰਹਿਣ ਤੋਂ ਮੁਨਕਰ ਇੱਥੇ
ਲਾਵਾਂਗੇ ਦੂਰ ਕਿਧਰੇ ਡੇਰੇ।

**-ਸੇਵਾ ਸਿੰਘ ਨੂਰਪੁਰੀ**

---

ਕੱਚੇ ਘਰਾਂ ਤੋਂ ਪੱਕੇ ਕਰ ਲਏ
ਚਿੜੀਆਂ, ਕਬੂਤਰ ਸਾਰੇ ਰੁੱਸ ਗਏ।
ਚੀਂ ਚੀਂ, ਗੁਟਗੂੰ ਵਾਲੇ ਚੋਹਲਰ ਮੁੱਕੇ
ਰੈਣ ਬਸੇਰੇ ਉਨ੍ਹਾਂ ਦੇ ਖੁੱਸ ਗਏ।
ਸਿਆਣਿਆਂ ਬੰਦਿਆਂ, ਭੁੱਲ ਬਖਸ਼ਾਉਣ ਨੂੰ
ਰੁੱਖਾਂ ਨੇੜੇ ਪੱਕੇ ਆਲ੍ਹਣੇ ਟੰਗ ਕੇ
ਦਿੱਤਾ ਸੱਦਾ ਮੁੜ ਰੌਣਕਾਂ ਲਾਉਣ ਨੂੰ।

**-ਦਵਿੰਦਰ ਕੌਰ**

---

ਝੱਖੜ-ਝੋਲੇ ਤੇਜ਼ ਹਵਾਵਾਂ
ਜਦ ਵਗੇ ਜ਼ੋਰ ਦੀ ਠੱਕਾ,
ਪੰਛੀ ਮਰਨ ਅਨੇਕਾਂ ਠੰਡ ਵਿਚ
ਕਰਦੀ ਹੈ ਕੁਦਰਤ ਧੱਕਾ।
ਬੱਤਖ, ਮੋਰਨੀ ਅਤੇ ਟਟੀਹਰੀ
ਤਿਤਰੀ ਅਤੇ ਬਟੇਰੀ,
ਆਂਡੇ ਦਿੰਦੀਆਂ ਧਰਤੀ ਉਤੇ
ਦੱਸ ਕੀ ਕਰੂ ਹਨੇਰੀ?
ਬਨਾਉਟੀ ਆਲ੍ਹਣੇ ਖੰਭਿਆ ਉਤੇ
ਮਨੁੱਖ ਨੇ ਜੋ ਬਣਾਏ,
ਬੁਲੰਦ ਹੌਸਲੇ ਅਜੇ ਅਸਾਡੇ
ਅਸੀਂ ਨ੍ਹੀਂ ਇਹ ਅਪਨਾਏ।

**-ਮਾਸਟਰ ਪ੍ਰੀਤਮ ਸਿੰਘ ਲੰਮੇ**
**ਫੋਨ: 925-325-2486**

---

ਧੰਨਵਾਦ ਉਸ ਇਨਸਾਨ ਦਾ
ਜਿਸ ਇਹ ਸਕੀਮ ਬਣਾਈ।
ਮੇਰੇ ਵਲੋਂ ਉਸ ਇਨਸਾਨ ਨੂੰ
ਲੱਖ ਲੱਖ ਹੋਵੇ ਵਧਾਈ।
ਟੰਗ ਦਿੱਤੇ ਪੋਲ ਨਾਲ ਪੱਕੇ
ਪੰਛੀਆਂ ਲਈ ਰੈਣ ਬਸੇਰੇ।
ਜੇ ਅਸੀਂ ਇਸ ਤਰ੍ਹਾਂ ਦੇ
ਜੁਗਾੜ ਲਾਈਏ ਹਰ ਵਿਹੜੇ,
ਪੰਛੀਆਂ ਦੀ ਰੌਣਕ ਹੋ ਜਾਊ
ਫਿਰ ਸਾਡੇ ਚਾਰ-ਚੁਫੇਰੇ।

**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-640-6660**

---

ਕਿੰਨੇ ਵੀ ਮਜਬੂਤ ਘਰ ਬਣਾ ਦਿਓ ਭਾਵੇਂ
ਜਨੌਰ ਹਮੇਸ਼ਾ ਆਜ਼ਾਦ ਪੰਖੇਰੂ।
ਨਹੀਂ ਰਹਿੰਦੇ ਕਦੀ ਪਿੰਜਰਿਆਂ 'ਚ
ਲੈ ਡੱਕਾ ਡੱਕਾ ਫਸਾ ਇਕ ਦੂਜੇ ਵਿਚ
ਬਣਾ ਦਿੰਦੇ ਤੂੜੀ ਦੇ ਕੁੱਪ ਵਾਂਗ।
ਦੇ ਆਂਡੇ ਉਸੇ ਵਿਚ ਵਾਧਾ ਕਰਦੇ ਕੁਨਬਾ।
ਨਹੀਂ ਰਹਿੰਦੇ ਬੰਦਿਸ਼ਾਂ 'ਚ
ਬਣਾਏ ਘਰ ਕਿਸੇ ਹੋਰ ਦੇ।
ਅੱਜ ਘਰ ਇਥੇ ਕੱਲ ਨੂੰ ਹੋਰ ਕਿਤੇ।
ਮੌਸਮ ਬਦਲਦਾ ਕੂਚ ਕਰ ਜਾਂਦੇ।
ਪੰਛੀ ਅਤੇ ਮੁਸਾਫਿਰ ਹਮੇਸ਼ਾ ਆਜ਼ਾਦ ਹੁੰਦੇ।

**-ਦਰਸ਼ਨਪਾਲ ਦੋਸਾਂਝ**

# ਤਿੱਤਰਖੰਭੀ ਨੂੰ ਵਾਚਦਿਆਂ...

ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸ਼ਬਦਾਂ ਤੇ ਹਰਫਾਂ ਦੀ ਪਰਖ ਪੜਚੋਲ ਕਰਦਿਆਂ ਕਿਹਾ ਸੀ, "ਸ਼ਬਦ, ਬੋਲੇ ਵੀ ਜਾਂਦੇ ਤੇ ਅਬੋਲ ਵੀ, ਗੁੰਗੇ ਵੀ ਤੇ ਸ਼ੋਰਗੁਲ ਵੀ ਪੈਦਾ ਕਰਦੇ, ਸੁਰਬੱਧ ਵੀ ਅਤੇ ਉਗੜ ਦੁੱਗੜੇ ਵੀ ਹੁੰਦੇ। ਇਹ ਸ਼ਬਦ ਦੀ ਲੋੜ, ਰੂਪ ਅਤੇ ਵਰਤੋਂ 'ਤੇ ਨਿਰਭਰ ਕਰਦਾ।" ਗੁਰਬਾਣੀ ਦੇ ਹਵਾਲੇ ਨਾਲ ਉਹ ਦੱਸਦੇ ਹਨ, "ਗੁਰ ਕਾ ਸਬਦੁ ਕੋ ਵਿਰਲਾ ਬੂਝੈ ਆਪ ਮਾਰੇ ਤਾ ਤ੍ਰਿਭਵਣੁ ਸੂਝੈ॥ ਲੋੜ ਹੈ, ਇਸ ਸ਼ਬਦ-ਆਸਥਾ ਨਾਲ ਅੰਤਰੀਵ ਨੂੰ ਰੌਸ਼ਨ ਕਰਕੇ ਆਤਮਕ ਸਿਰਜਣਾ ਦਾ ਮਾਰਗ ਅਪਨਾਈਏ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਬੱਦਲਾਂ ਵਿਚੋਂ ਇਕ ਛੋਟੀ ਬਦਲੋਟੀ, ਜਿਸ ਨੂੰ ਤਿੱਤਰਖੰਭੀ ਵੀ ਕਹਿ ਦਿੰਦੇ ਹਨ, ਦੇ ਹਵਾਲੇ ਨਾਲ ਮਨੁੱਖੀ ਸ਼ਖਸੀਅਤ ਦੇ ਵੱਖੋ ਵੱਖ ਪੱਖਾਂ ਦਾ ਵਿਖਿਆਨ ਕੀਤਾ ਹੈ। ਉਹ ਕਹਿੰਦੇ ਹਨ, "ਤਿੱਤਰਖੰਭੀ ਵਾਂਗ ਹੀ ਜ਼ਿੰਦਗੀ ਵੀ ਦੁੱਖਾਂ ਤੇ ਸੁੱਖਾਂ ਦਾ ਸੰਗਮ, ਹਾਸਿਆਂ ਤੇ ਹੰਝੂਆਂ ਦੀ ਸਾਂਝ, ਸਫਲਤਾਵਾਂ ਤੇ ਨਾਕਾਮੀਆਂ ਵਿਚਲਾ ਅਸਾਵਾਂਪਣ ਅਤੇ ਪਨਪਦੇ ਸਬੰਧਾਂ ਤੇ ਤਿੜਕਦੇ ਰਿਸ਼ਤਿਆਂ ਦਾ ਨਾਮ-ਕਰਣ।...ਤਿੱਤਰਖੰਭੀ ਵਰਗੇ ਕੁਝ ਲੋਕ ਵੀ ਹੁੰਦੇ, ਜੋ ਤੁਹਾਡੀ ਝੋਲੀ ਵਿਚ ਕੁਝ ਧੁੱਪਾਂ ਅਤੇ ਛਾਂਵਾਂ ਪਾ ਅਲੋਪ ਹੋ ਜਾਂਦੇ।" ਉਨ੍ਹਾਂ ਦੀ ਚਾਹਨਾ ਹੈ, "ਐ ਮਨਾਂ! ਕੁਝ ਸਿੱਖ ਬੱਦਲੀ ਤੋਂ, ਕਾਹਤੋਂ ਵਰੇਸ ਗਵਾਈ। ਸੁਭ ਕਰਮਨ ਦੀ ਖੇਤੀ ਕਰ ਕੇ, ਜੱਗ ਦੀ ਖੱਟ ਵਡਿਆਈ। ਘੁੱਪ ਸਮਿਆਂ ਦੀ ਸਰਘੀ ਬਣ ਜਾ, ਕਰ ਲੈ ਕਿਰਨ-ਕਮਾਈ।" -ਸੰਪਾਦਕ*

ਤਿੱਤਰਖੰਭੀ, ਜਲ-ਵਾਸ਼ਪਾਂ ਦਾ ਬਸੇਰਾ, ਬੱਦਲਾਂ ਦਾ ਭਰਮਣ, ਧੁੱਪ ਤੇ ਛਾਂ ਦੀ ਲੁਕਣਮੀਟੀ ਅਤੇ ਨਵੇਂ ਨਵੇਂ ਅਕਾਰਾਂ ਦੀ ਧਰਾਤਲ। ਪਲ ਪਲ ਬਦਲਦੇ ਵਿਚਾਰਾਂ ਅਤੇ ਦ੍ਰਿਸ਼ਾਂ ਨੂੰ ਦ੍ਰਿਸ਼ਟਮਾਨ ਕਰਦੀਆਂ ਬਦਲੋਟੀਆਂ।

ਤਿੱਤਰਖੰਭੀ, ਪੌਣ-ਪਿੰਡੇ 'ਤੇ ਪਾਣੀ ਦੀ ਪਰਵਾਜ਼, ਹਵਾ ਸੰਗ ਨਿੱਕੀਆਂ ਨਿੱਕੀਆਂ ਗੱਲਾਂ ਅਤੇ ਹੁੰਗਾਰੇ। ਇਨ੍ਹਾਂ ਹੁੰਗਾਰਿਆਂ ਵਿਚ ਹੀ ਹਵਾ ਦੇ ਨਾਮ ਹੁੰਦੀ ਜੀਵਨ-ਨਮੀ।

ਤਿੱਤਰਖੰਭੀ, ਨਿਰੰਤਰ ਗਤੀਸ਼ੀਲ, ਸੂਰਜ ਨਾਲ ਅੱਖ-ਮਿਚੌਲੀ, ਅੰਬਰ ਦਾ ਓਹਲਾ, ਧੁੱਪ ਨੂੰ ਝਾਤ ਅਤੇ ਫਿਜ਼ਾ ਨਾਲ ਸੰਵਾਦ। ਇਹ ਸੰਵਾਦ ਸਿਰਫ ਪੌਣਾਂ ਦੀ ਬੋਲੀ ਨੂੰ ਸਮਝਣ ਵਾਲਿਆਂ ਨੂੰ ਹੀ ਸੁਣਦਾ ਅਤੇ ਉਹ ਇਸ ਦਾ ਹੁੰਗਾਰਾ ਭਰਦੇ।

ਤਿੱਤਰਖੰਭੀ ਬਹੁਤ ਕੁਝ ਮਨੁੱਖੀ ਚੇਤਨਾ ਵਿਚ ਧਰਦੀ, ਜਦ ਕਦੇ ਵੀ ਮੈਂ ਸੈਰ ਕਰਦਿਆਂ ਬੱਦਲਾਂ ਦੀ ਪੇਤਲੀ ਜਿਹੀ ਬੱਦਲੀ ਨੂੰ ਤਿੱਤਰਖੰਭੀ ਬਣਿਆ ਦੇਖਦਾ। ਇਹ ਤਿੱਤਰਖੰਭੀ ਸਾਵਣ ਦਾ ਪਹਿਲਾ ਪੈਗਾਮ, ਬਾਰਸ਼ ਦਾ ਸੁਖਦ-ਸੁਨੇਹਾ, ਮੋਰਾਂ ਦੀ ਰੁਣਝੁਣ ਦੀ ਆਮਦ ਅਤੇ ਬਿਰਖਾਂ 'ਤੇ ਪੈਣ ਵਾਲੀਆਂ ਪੀਂਘਾਂ ਲਈ ਪਲੇਠਾ ਸੱਦਾ-ਪੱਤਰ।

ਤਿੱਤਰਖੰਭੀ, ਜ਼ਿੰਦਗੀ ਦਾ ਸਮੁੱਚਾ ਚਿਤਰਣ। ਜ਼ਿੰਦਗੀ ਨੂੰ ਜ਼ਿੰਦਗੀ ਕਹਿਣ ਲਈ ਇਸ ਦਾ ਨਿਰੰਤਰ ਗਤੀਸ਼ੀਲ ਰਹਿਣਾ ਜਰੂਰੀ। ਜ਼ਿੰਦਗੀ 'ਚ ਧੁੱਪਾਂ-ਛਾਂਵਾਂ ਦਾ ਹੋਣਾ ਜੀਵਨ ਦਾ ਅਹਿਮ ਪੱਖ। ਇਹ ਧੁੱਪਾਂ-ਛਾਂਵਾਂ ਕਦੇ ਵੀ ਸਦੀਵ ਨਹੀਂ ਰਹਿੰਦੀਆਂ। ਪਲ ਪਲ ਬਦਲਦੀਆਂ। ਤਬਦੀਲ ਹੁੰਦੀ ਇਨ੍ਹਾਂ ਦੀ ਛਾਂ, ਅਕਾਰ ਅਤੇ ਸੰਘਣਾਪਣ। ਇਹ ਤਿੱਤਰਖੰਭੀ ਵਿਚਲੀ ਬਣਤਰ, ਗਤੀ ਅਤੇ ਅਕਾਰ 'ਤੇ ਨਿਰਭਰ। ਇਹ ਸੂਰਜ ਦੀ ਸਥਿਤੀ 'ਤੇ ਵੀ ਨਿਰਭਰ। ਸੂਰਜ ਨੇ ਤਾਂ ਸਦਾ ਚਮਕਣਾ ਹੈ। ਇਹ ਸਾਡੇ 'ਤੇ ਨਿਰਭਰ ਕਿ ਅਸੀਂ ਇਸ ਦੀ ਛਾਂ ਨੂੰ ਆਪਣੀ ਸੰਵੇਦਨਾ ਦਾ ਹਿੱਸਾ ਬਣਾਉਣਾ ਜਾਂ ਇਸ ਦੀ ਧੁੱਪ ਨੂੰ ਗਲਵੱਕੜੀ ਵਿਚ ਲੈਣਾ।

ਤਿੱਤਰਖੰਭੀ ਦੇ ਬਦਲਦੇ ਅਕਾਰਾਂ ਵਾਂਗ ਹੀ ਬਦਲਦੇ ਨੇ ਰਿਸ਼ਤੇ ਤੇ ਸਬੰਧ। ਦੁੱਖ-ਸੁੱਖ ਵਿਚ ਆਪਣੇ ਤੇਵਰ ਅਤੇ ਦ੍ਰਿਸ਼ਟੀ ਨੂੰ ਗਿਰਗਿਟੀ ਰੰਗ ਦੇਣ ਵਾਲੇ ਇਨ੍ਹਾਂ ਸਬੰਧਾਂ ਵਿਚ ਬਾਰਸ਼ ਬੂੰਦਾਂ ਦੀ ਤਮੰਨਾ ਕਿੰਜ ਕਰੋਗੇ? ਇਹ ਤਾਂ ਸਿਰਫ ਤਿੱਤਰਖੰਭੀ ਵਾਂਗ ਛਲਾਵਾ ਹੁੰਦੇ।

ਤਿੱਤਰਖੰਭੀ ਵਾਂਗ ਹੀ ਜ਼ਿੰਦਗੀ ਵੀ ਦੁੱਖਾਂ ਤੇ ਸੁੱਖਾਂ ਦਾ ਸੰਗਮ, ਹਾਸਿਆਂ ਤੇ ਹੰਝੂਆਂ ਦੀ ਸਾਂਝ, ਸਫਲਤਾਵਾਂ ਤੇ ਨਾਕਾਮੀਆਂ ਵਿਚਲਾ ਅਸਾਵਾਂਪਣ ਅਤੇ ਪਨਪਦੇ ਸਬੰਧਾਂ ਤੇ ਤਿੜਕਦੇ ਰਿਸ਼ਤਿਆਂ ਦਾ ਨਾਮ-ਕਰਣ।

ਤਿੱਤਰਖੰਭੀ ਵਾਂਗ ਹੀ ਕਦੇ ਜੀਵਨ ਦੀ ਸਿਖਰ ਦੁਪਹਿਰ ਹੁੰਦੀ ਅਤੇ ਕਦੇ ਢਲਦੇ ਪਰਛਾਂਵੇਂ ਸਾਡਾ ਨਸੀਬ ਬਣਦੇ। ਕਦੇ ਚੜ੍ਹਦਾ ਸੂਰਜ ਹੁੰਦਾ ਅਤੇ ਕਦੇ ਤਿਰਛੀਆਂ ਕਿਰਨਾਂ ਦਾ ਕਾਫਲਾ ਸਾਡੇ ਦਰ ਦੀ ਦਸਤਕ ਬਣਦਾ। ਕਦੇ ਸਰਘੀ 'ਚੋਂ ਫੁੱਟਦੀ ਲੋਅ ਅਤੇ ਕਦੇ ਪੱਛਮ ਵੱਲ ਉਗਮ ਰਹੀ ਗਹਿਰ। ਕਦੇ ਪੰਛੀਆਂ ਦੀ ਚੋਗ-ਤਿਆਰੀ ਅਤੇ ਕਦੇ ਘਰਾਂ ਨੂੰ ਪਰਤਣ ਲਈ ਉਡਾਰੀ। ਕਦੇ ਜਪੁਜੀ ਦੇ ਪਾਠ ਵਰਗੀ ਮਧੁਰਤਾ ਪਰਿੰਦਿਆਂ ਦੇ ਬੋਲਾਂ 'ਚ ਉਗਮਦੀ ਅਤੇ ਕਦੇ ਰਹਿਰਾਸ ਵਰਗੀ ਸੰਪੂਰਨਤਾ ਬੋਟ-ਚਹਿਕਣੀ ਬਣਦੀ।

ਤਿੱਤਰਖੰਭੀ, ਮਿਲਣ ਦੀ ਤੜਪ। ਵਾਹੋ-ਦਾਹੀ ਆਪਣੀ ਮੰਜ਼ਿਲ 'ਤੇ ਪਹੁੰਚਣ ਦੀ ਕਾਹਲ। ਬੱਦਲਾਂ ਵਿਚ ਸਮਾਉਣ ਦੀ ਲੋਚਾ ਅਤੇ ਇਸ ਵਿਚੋਂ ਹੀ ਪਨਪਦੀ ਏ ਤਰਸਣ, ਬਰਸਣ, ਵਰਸਣ ਅਤੇ ਸਦੀਵੀ ਮਿਲਾਪ ਕਾਰਨ ਸੁਖਨ ਅਤੇ ਸਕੂਨ ਵਿਚਲੀ ਲੱਜਤ।

ਤਿੱਤਰਖੰਭੀ ਕਦੇ ਕਦੇ ਮਨ 'ਤੇ ਵੀ ਤਾਰੀ ਹੁੰਦੀ। ਮਨ ਕਦੇ ਅੰਬਰ ਨੂੰ ਮਿਲਣਾ ਚਾਹੁੰਦਾ ਅਤੇ ਕਦੇ ਧਰਤ ਸੰਗ ਲਿਪਟਣ ਲਈ ਕਾਹਲਾ। ਕਦੇ ਤੁਰਨ ਵਿਚ ਤੇਜੀ, ਕਦੇ ਠਹਿਰ ਜਾਣ ਦੀ ਕਾਮਨਾ। ਕਦੇ ਖੁਸ਼ੀਆਂ ਵਿਚ ਹੁਲਾਸ ਤੇ ਚਾਅ ਦੀ ਮਹਿਕ ਅਤੇ ਕਦੇ ਬੇਗਾਨਗੀ, ਦਿਲਗੀਰੀ ਤੇ ਦਰਦ ਭਰੀ ਆਹ ਕਾਰਨ ਖੁਦ ਦੀ ਗੁੰਮਸ਼ੁਦਗੀ। ਕਦੇ ਮਿਲਣ ਦਾ ਚਾਅ ਅਤੇ ਕਦੇ ਵਿਛੜਨ ਦੀ ਉਦਾਸੀ। ਕਦੇ ਮਨ ਪਰਵਾਸੀ ਅਤੇ ਕਦੇ ਚਿੱਤ ਵਿਚ ਹੁਲਾਸੀ। ਕਦੇ ਖੁਦ ਤੋਂ ਖੁਦ ਤੀਕ ਦਾ ਸਫਰ ਮੁਕਾਉਣ ਦੀ ਚੇਸ਼ਟਾ। ਕਦੇ ਖੁਦ ਵਿਚ ਸਿਮਟ ਜਾਣ ਦੀ ਲਾਲਸਾ। ਕਦੇ ਖੁਦ ਵਿਚੋਂ ਖੁਦੀ ਨੂੰ ਮਿਟਾਉਣ ਦੀ ਲੋਚਾ। ਕਦੇ ਖੁਦੀ ਨੂੰ ਖੁਦਾ ਤੋਂ ਉਪਰ ਉਠਾਉਣ ਦੀ ਆਸ। ਇਹ ਮਨੁੱਖੀ ਹੋਛਾਪਣ ਹੀ ਹੁੰਦਾ, ਜੋ ਉਸ ਦੀ ਔਕਾਤ ਨੂੰ ਉਸ ਦੇ ਸਨਮੁੱਖ ਜਰੂਰ ਕਰਦਾ।

ਤਿੱਤਰਖੰਭੀ ਬਹੁਤ ਸਾਰੇ ਸੁਨੇਹੇ ਅਚੇਤ ਹੀ ਮਨ ਵਿਚ ਧਰਦੀ ਕਿ ਕੁਝ ਵੀ ਸਦੀਵ ਨਹੀਂ। ਪੀੜਾ, ਗਮ, ਦਰਦ, ਚਸਕ, ਇਕੱਲ, ਉਡੀਕ, ਦੁੱਖ, ਸੁੱਖ, ਹਾਸਾ, ਖੇੜਾ, ਅਮੀਰੀ, ਗਰੀਬੀ, ਵੱਡਾਪਣ, ਛੋਟਾਪਣ, ਰੁਤਬੇ, ਕੁਰਸੀਆਂ ਅਤੇ ਸ਼ਾਨੋ-ਸ਼ੌਕਤ ਆਦਿ ਕੁਝ ਵੀ ਸਦੀਵੀ ਨਹੀਂ ਰਹਿੰਦਾ। ਪਤਾ ਨਹੀਂ ਕਿਹੜੇ ਵਕਤ ਕੁਝ ਦਾ ਕੀ ਹੋ ਜਾਵੇ? ਵਸਤਾਂ ਦੀ ਥਾਂ ਮਨੁੱਖ ਨਾਲ ਜੁੜੋਗੇ ਤਾਂ ਵਖਤਾਂ ਵਿਚ ਕਈ ਮੋਢੇ ਤੁਹਾਡਾ ਮੋਢਾ ਬਣਨ ਲਈ ਤਿਆਰ ਹੋਣਗੇ। ਧਨ, ਮਰਤਬੇ, ਮਹਿਲ-ਮਾੜੀਆਂ ਜਾਂ ਸੁੱਖ-ਸਹੂਲਤਾਂ ਕਦੇ ਵੀ ਬੇਵਫਾ ਹੋ ਸਕਦੀਆਂ, ਪਰ ਸੁੱਚੇ ਸਬੰਧ ਕਦੇ ਵੀ ਦਗਾ ਨਹੀਂ ਕਮਾਉਂਦੇ। ਉਹ ਜੀਵਨੀ ਮੰਝਧਾਰ ਵਿਚ ਤੁਹਾਡੇ ਲਈ ਬੇੜੀ ਅਤੇ ਚੱਪੂ ਬਣ ਕੇ ਪਾਰ ਲੰਘਾਉਂਦੇ।

ਤਿੱਤਰਖੰਭੀ ਇਹ ਵੀ ਸੁਨੇਹਾ ਦਿੰਦੀ ਕਿ ਮਨੁੱਖ ਨੂੰ ਅੱਜ ਵਿਚ ਜੀਣਾ ਚਾਹੀਦਾ ਹੈ। ਪਤਾ ਨਹੀਂ ਅਗਲੇ ਪਲ ਕੀ ਹੋ ਜਾਵੇ? ਅੱਜ ਦਾ ਦਿਨ ਬੀਤੇ ਕੱਲ ਵਰਗਾ ਨਹੀਂ ਹੋਣਾ ਅਤੇ ਅੱਜ ਨੇ ਆਉਣ ਵਾਲੇ ਕੱਲ ਵਰਗਾ ਨਹੀਂ ਬਣਨਾ। ਇਸ ਦਾ ਭੁਲੇਖਾ ਤੇ ਕਦੇ ਜਲ ਹੀਣ ਪੌਣ ਦਾ ਪ੍ਰਤੀਬਿੰਬ।

ਤਿੱਤਰਖੰਭੀ ਦੀ ਇਕ ਬੱਦਲੀ, ਪਾਣੀ ਦੀ ਤ੍ਰਿਹਾਈ। ਕੋਲੋਂ ਲੰਘਦੇ ਬੱਦਲਾਂ ਕੋਲੋਂ, ਜਲਵਾਸ਼ਪ ਮੰਗਣ ਆਈ। ਦਰ 'ਤੇ ਆ ਕੇ ਅਲਖ ਜਗਾ ਕੇ, ਜਾ ਝੋਲੀ ਉਸ ਫੈਲਾਈ; ਤਾਂ ਬੱਦਲਾਂ ਨੇ ਮੋਹ ਦੇ ਬੱਝਿਆਂ, ਲੱਪ ਕਣੀਆਂ ਦੀ ਪਾਈ। ਤਿੱਤਰਖੰਭੀ ਨੇ ਦਾਤ ਝੋਲੀ ਦੀ, ਰੱਕੜ ਨੂੰ ਵਰਤਾਈ। ਧਰਤੀ ਹੱਸੀ ਤੇ ਬਿਰਖ ਵੀ ਮੌਲੇ, ਕਾਇਨਾਤ ਮੁਸਕਰਾਈ। ਤੇ ਅੰਬਰ ਵੰਨੀਂ ਦੇਖ ਕੇ ਬੋਲੇ, ਬੱਦਲੀ ਸੁੱਚੀ ਕੁੱਖ ਦੀ ਜਾਈ, ਜਿਸ ਦੇ ਮਸਤਕ ਉਤੇ ਚਮਕੇ, ਬੰਦਗੀ ਭਰੀ ਦਾਨਾਈ। ਐ ਮਨਾਂ! ਕੁਝ ਸਿੱਖ ਬੱਦਲੀ ਤੋਂ, ਕਾਹਤੋਂ ਵਰੇਸ ਗਵਾਈ। ਸੁਭ ਕਰਮਨ ਦੀ ਖੇਤੀ ਕਰ ਕੇ, ਜੱਗ ਦੀ ਖੱਟ ਵਡਿਆਈ। ਘੁੱਪ ਸਮਿਆਂ ਦੀ ਸਰਘੀ ਬਣ ਜਾ, ਕਰ ਲੈ ਕਿਰਨ-ਕਮਾਈ। ਰੌਸ਼ਨ ਹੋ ਜਾਣ ਰੁਸ਼ਨਾਉਣਾ ਤੇ ਕਿਰਨਾਂ ਦੀ ਬਾਰਸ਼ ਧਰਤ-ਵਿਹੜੇ ਕਰਨੀ ਹੁੰਦੀ ਅਤੇ ਆਪਣੀ ਕਰਮਯੋਗਤਾ ਨੂੰ ਪੂਰਨਤਾ ਨਾਲ ਨਿਭਾਉਣਾ ਹੁੰਦਾ। ਰੋਸ਼ਨੀ ਕਦੇ ਨਹੀਂ ਮਰਦੀ, ਨਾ ਹੀ ਮਾਰ ਸਕਦੇ ਹੋ। ਸਿਰਫ ਪਲ ਭਰ ਲਈ ਦੂਰ ਕਰਨ ਦਾ ਭਰਮ ਪਾਲ ਸਕਦੇ ਹੋ; ਪਰ ਕਿਰਨਾਂ ਕਦੇ ਵੀ ਕਤਲ ਨਹੀਂ ਹੁੰਦੀਆਂ, ਸਗੋਂ ਇਹ ਕਿਰਨਾਂ ਕਾਤਲਾਂ ਨੂੰ ਕਤਲ ਕਰਨ ਵਿਚ ਜ਼ਰਾ ਵੀ ਸੰਕੋਚ ਨਹੀਂ ਕਰਦੀਆਂ।

ਤਿੱਤਰਖੰਭੀ ਚਾਨਣ ਤੇ ਹਨੇਰ ਦਾ ਆਭਾ ਮੰਡਲ। ਸੂਰਜ ਅਤੇ ਧਰਤੀ ਦੀ ਮਿੱਠੜੀ ਗੁਫਤਗੂ। ਆਪਸੀ ਸੂਖਮ ਸੰਪਰਕ ਤੇ ਇਸ ਸੰਪਰਕ ਰਾਹੀਂ ਹੀ ਚਿੱਤ ਵਿਚ ਕੁਝ ਨਰੋਇਆ, ਨਿਵੇਕਲਾ ਅਤੇ ਨਵੀਨਤਮ ਕਰਨ ਦਾ ਖਿਆਲ ਪੈਦਾ ਹੁੰਦਾ, ਜੋ ਨਵੀਆਂ ਸੰਭਾਵਨਾਵਾਂ ਤੇ ਸੁਪਨਿਆਂ ਦੀ ਸਰਜਮੀਂ ਬਣਦਾ। ਦੀਦਿਆਂ ਨੂੰ ਦਿਸਹੱਦਿਆਂ ਦਾ ਸਿਰਨਾਂਵਾਂ ਮਿਲਦਾ ਅਤੇ ਕਦਮਾਂ ਨੂੰ ਮੰਜ਼ਿਲ ਨਸੀਬ ਹੁੰਦੀ।

ਤਿੱਤਰਖੰਭੀ, ਮਨ ਦੇ ਅੰਬਰੀਂ ਉਡਦੀ, ਪਰ ਮਨੁੱਖ ਇਸ ਤਿੱਤਰਖੰਭੀ ਦੇ ਰੂਬਰੂ ਹੋਣ ਤੋਂ ਤ੍ਰਹਿੰਦਾ। ਇਸ ਦੀਆਂ ਪਰਤਾਂ ਫਰੋਲਣ ਤੋਂ ਆਕੀ ਅਤੇ ਇਸ ਦੇ ਸੂਖਮ ਸੰਦੇਸ਼ਾਂ ਨੂੰ ਅੰਤਰੀਵ ਵਿਚ ਉਕਰਨ ਤੋਂ ਨਾਬਰ। ਇਸ ਕਰਕੇ ਹੀ ਮਨੁੱਖ ਪਰਦਾਦਾਰੀ 'ਚ ਲਿਪਟਿਆ, ਅਸਲੀਅਤ ਤੋਂ ਕੋਹਾਂ ਦੂਰ। ਕੂੜ, ਕਪਟ ਤੇ ਕੁਸੱਤ ਵਿਚ ਉਲਝ ਕੇ ਨਿਰਾਰਥ ਹੋ ਰਹੀ ਜੀਵਨ-ਯਾਤਰਾ ਨੂੰ ਕਿਹੜੇ ਸਫਰ ਦਾ ਨਾਂ ਦਿਤਾ ਜਾ ਸਕਦਾ। ਇਹ ਸਫਰ ਹੋ ਕੇ ਵੀ ਅਸਫਰ ਹੀ ਰਹਿ ਜਾਂਦਾ, ਕਿਉਂਕਿ ਇਸ ਸਫਰ ਵਿਚ ਪੈਂਡਾ ਨਹੀਂ ਮੁੱਕਦਾ, ਸਗੋਂ ਸਾਡੇ ਪੈਰਾਂ ਦੀ ਸਥਿਰਤਾ ਸਾਡੀ ਹੋਣੀ ਬਣਦੀ।

ਤਿੱਤਰਖੰਭੀ ਦੀ ਬੇਰੁਖੀ ਵਰਗੇ ਕੁਝ ਮਿੱਤਰਾਂ ਲਈ ਜਰੂਰੀ ਹੈ ਕਿ ਅੱਜ ਨੂੰ ਅੱਜ ਵਾਂਗ ਹੀ ਜੀਵਿਆ ਜਾਵੇ। ਜੀਵਨੀ ਸਮਰੱਥਾ ਤੇ ਸੰਭਾਵਨਾ ਨੂੰ ਉਨ੍ਹਾਂ ਦੇ ਮੌਜੂਦਾ ਰੂਪ ਵਿਚ ਜਿਉਂਦਿਆਂ ਸ਼ੁਕਰਗੁਜਾਰੀ ਨੂੰ ਮਨ ਦੀ ਬੀਹੀ ਵਿਚ ਫੇਰੀ ਲਾਉਣ ਦਿਓ।

ਤਿੱਤਰਖੰਭੀ ਵਰਗੇ ਕੁਝ ਲੋਕ ਵੀ ਹੁੰਦੇ, ਜੋ ਤੁਹਾਡੀ ਝੋਲੀ ਵਿਚ ਕੁਝ ਧੁੱਪਾਂ ਅਤੇ ਛਾਂਵਾਂ ਪਾ ਅਲੋਪ ਹੋ ਜਾਂਦੇ। ਤੁਹਾਨੂੰ ਇਨ੍ਹਾਂ ਧੁੱਪਾਂ-ਛਾਂਵਾਂ ਸੰਗ ਜਿਉਣ ਅਤੇ ਇਨ੍ਹਾਂ ਨੂੰ ਸੁਲਝਾਉਣ ਜਾਂ ਉਲਝਾਉਣ ਦੀ ਅਜਿਹੀ ਬਾਤ ਪਾ ਜਾਂਦੇ ਕਿ ਮਨੁੱਖ ਸੋਚਦਾ ਹੀ ਰਹਿ ਜਾਂਦਾ।

ਤਿੱਤਰਖੰਭੀ ਨੂੰ ਨੀਝ ਨਾਲ ਦੇਖਣਾ ਅਤੇ ਇਸ ਦੇ ਬਦਲ ਰਹੇ ਅਕਾਰਾਂ ਵਿਚੋਂ ਆਪਣੀ ਚੇਤਨਾ ਵਿਚ ਵੱਸੇ ਅਕਾਰਾਂ ਦਾ ਨਾਂ ਦੇਣਾ, ਤੁਹਾਨੂੰ ਲੱਗੇਗਾ ਕਿ ਕੁਝ ਅਕਾਰ ਤੁਹਾਡੇ ਬਜੁਰਗ ਜਾਪਦੇ, ਕੁਝ ਪਿੰਡ ਦੀ ਫਿਰਨੀ 'ਤੇ ਉਗੀਆਂ ਹਵੇਲੀਆਂ ਦਾ ਸਿਰਨਾਂਵਾਂ, ਕੁਝ ਖੂਹਾਂ 'ਤੇ ਉਗੇ ਪਿੱਪਲਾਂ ਵਰਗੇ, ਕੁਝ ਮੌਣ 'ਤੇ ਦੀਵਾ ਜਗਾਉਂਦੀਆਂ ਮਾਂਵਾਂ, ਕੁਝ ਹੁੰਦਲਹੇੜ ਉਮਰ ਦਾ ਝਉਲਾ, ਕੁਝ ਬਚਪਨੇ ਦਾ ਓਹਲਾ, ਕੁਝ ਤੁਹਾਡੀਆਂ ਅਗਲੀਆਂ ਪੀੜ੍ਹੀਆਂ ਦੇ ਨਕਸ਼ ਆਦਿ ਤੁਹਾਡੇ ਦੀਦਿਆਂ ਦੇ ਨਾਮ ਕਰ ਤੁਹਾਨੂੰ ਇਕ ਸੁਚਾਰੂ ਅਤੇ ਉਸਾਰੂ ਰੁਝੇਵਾਂ ਦੇ ਜਾਂਦੇ, ਜੋ ਕਦੇ ਵੀ ਅਕੇਵਾਂ ਨਹੀਂ ਹੁੰਦਾ।

ਤਿੱਤਰਖੰਭੀ, ਪਾਣੀ ਦੀ ਹਵਾ ਸੰਗ ਆੜੀ, ਹਵਾ ਦੇ ਬੁੱਲਿਆਂ ਨਾਲ ਬਦਲ ਰਹੀ ਦਿਸ਼ਾ ਅਤੇ ਦਸ਼ਾ, ਫਿੱਕੀ ਤੇ ਗਾੜ੍ਹੀ ਹੁੰਦੀ ਤਾਸੀਰ ਅਤੇ ਤਕਦੀਰ। ਕਦੇ ਕਪਾਹ ਦੀਆਂ ਫੁੱਟੀਆਂ ਜਿਹੀ ਤੇ ਕਦੇ ਸੁਰਮਈ ਭਾਅ, ਕਦੇ ਕਾਲੇ ਛਾਹ ਬੱਦਲਾਂ



ਧੁੰਦਲੀਆਂ ਸੋਚਾਂ, ਤੇ ਹਰ ਵਿਹੜੇ ਰੁਸ਼ਨਾਈ।

ਤਿੱਤਰਖੰਭੀ, ਮਨ ਦੀ ਜੂਹੇ ਇਹ ਵੀ ਧਰਦੀ ਕਿ ਧਰਤ ਤੋਂ ਉਪਰ ਉਠਣ ਵਾਲੇ ਕਦੇ ਵੀ ਸਥਿਰ ਨਹੀਂ ਹੁੰਦੇ। ਇਹ ਪਲ ਕੁ ਦਾ ਝਲਕਾਰਾ। ਆਖਰ ਨੂੰ ਉਨ੍ਹਾਂ ਨੂੰ ਵੀ ਧਰਤ ਦੀ ਪਨਾਹ ਲੈਣੀ ਪੈਂਦੀ। ਅੰਬਰ ਨੂੰ ਛੂੰਹਦਿਆਂ, ਸੂਰਜ ਸੰਗ ਸਾਂਝ ਪਾਉਂਦਿਆਂ ਅਤੇ ਧੁੱਪ ਨਾਲ ਖੁਦ ਨੂੰ ਰੁਸ਼ਨਾਉਂਦਿਆਂ ਸਿਰਫ ਕੁਝ ਪਲ ਦੀ ਉਮਰਾ। ਫਿਰ ਤਿੱਤਰਖੰਭੀ ਆਪਣਾ ਵਜੂਦ ਗਵਾ ਬਹਿੰਦੀ।

ਤਿੱਤਰਖੰਭੀ ਤਾਂ ਇਹ ਵੀ ਦੱਸ ਜਾਂਦੀ ਕਿ ਸੂਰਜ ਦੀ ਰੋਸ਼ਨੀ ਅਤੇ ਕਿਰਨ-ਕਾਫਲੇ ਨੂੰ ਸਦਾ ਲਈ ਹਨੇਰ 'ਚ ਲਪੇਟਣਾ ਅਸੰਭਵ। ਆਖਰ ਨੂੰ ਸੂਰਜ ਨੇ ਤਿੱਤਰਖੰਭੀ ਨੂੰ ਪਾਸੇ ਹਟਾ, ਧਰਤ ਨੂੰ ਕਾਰਨ ਹੋਈ ਜਿੰਦ-ਅਯਾਬੀ। ਬੇਸੁਰਿਆਂ ਵਾਂਗ ਹੋ ਗਿਆ ਕਮਲਾ ਮਨ ਬੈਰਾਗੀ। ਤਿੱਤਰਖੰਭੀ ਵਰਗੇ ਕੁਝ ਪਲ ਤਾਂ ਬਣ ਗਏ ਜੀਵਨ-ਜੋਤ, ਜਿਸ ਅਹਿਲ ਪਏ ਪੈਰਾਂ ਦੀ ਤੋੜੀ ਆਣ ਖੜੋਤ। ਤਿੱਤਰਖੰਭੀ ਸਾਹਾਂ ਵਿਚੋਂ ਸਾਹ ਨੂੰ ਮਿਲੀ ਸੀ ਮਹਿਕ, ਜਿਸ ਕਾਰਨ ਪਗਡੰਡੀਆਂ ਪਈਆਂ ਫੁੱਲਾਂ ਵਾਂਗ ਟਹਿਕ। ਤਿੱਤਰਖੰਭੀ ਬਣ ਜਦ ਜੀਵਨ-ਦਾਨੀ ਦਿਤੀ ਦਸਤਕ ਦਰੀਂ, ਤਾਂ ਬਰਕਤ-ਹੀਣ ਖੰਡਰਾਂ ਨੂੰ ਨਿਆਮਤ ਦਾਤ ਵਰੀ। ਤਿੱਤਰਖੰਭੀ ਤਨ ਦੀ ਮਿੱਟੀ, ਤਨ ਨੇ ਸਦਾ ਹੰਢਾਉਣੀ, ਤਨ-ਤੰਦੂਰ ਤਪਾਉਂਦੇ ਤਪਾਉਂਦੇ ਸਾਹ ਦੀ ਰੋਟੀ ਪਾਉਣੀ। ਇਹ ਰੋਟੀ ਜਦ ਫੱਕਰਾਂ ਹਾਰੀ ਗਲੀਏ ਫੇਰੀ ਪਾਵੇ, ਤਾਂ ਸੱਗਵੀਆਂ ਸੱਭੇ ਨਿਆਮਤਾਂ, ਮਨ-ਜੂਹੀਂ ਵਰਤਾਵੇ।

ਤਿੱਤਰਖੰਭੀ, ਰੱਕੜ ਦੇ ਨਾਂਵੇਂ ਅੰਮ੍ਰਿਤ ਬੂੰਦਾਂ ਵੀ ਕਰਦੀ, ਜੋ ਮਾਰੂਥਲਾਂ ਨੂੰ ਜੀਵਨ, ਪਿਆਸਿਆਂ ਨੂੰ ਪਾਣੀ ਅਤੇ ਕੁਦਰਤ-ਨੈਣੀਂ ਆਈ ਤ੍ਰਾਸਦੀ ਨੂੰ ਪੂੰਝਦਾ, ਮੁੱਖੜੇ ਦੇ ਨਾਂ ਖੇੜਾ ਕਰਦਾ ਅਤੇ ਇਸ ਦੀ ਸਦੀਵਤਾ ਵਿਚੋਂ ਹੀ ਆਪਣੀ ਕਰਮ-ਜਾਚਨਾ ਨੂੰ ਪੂਰਨ ਕਰਦਾ।

ਤਿੱਤਰਖੰਭੀ, ਤਰਜ਼ੀਹਾਂ, ਤਕਦੀਰਾਂ, ਤਮੰਨਾਵਾਂ ਅਤੇ ਤਾਂਘਾਂ ਲਈ ਵਰਦਾਨ। ਤਰਕੀਬਾਂ ਲਈ ਤੀਖਣਤਾ ਅਤੇ ਪੂਰਨਤਾ ਲਈ ਨਵੀਆਂ ਉਮੀਦਾਂ ਦੀ ਪੁਰਵਾਈ।

ਤਿੱਤਰਖੰਭੀ, ਇਕ ਤਾਂ ਅੰਬਰ ਵਿਚ ਉਡਾਣ ਭਰਦੀ, ਪਰ ਇਕ ਤਿੱਤਰਖੰਭੀ ਮਾਰੂਥਲੀ ਰੇਤ-ਪਿੰਡੇ 'ਤੇ ਵੀ ਉਭਰਦੀ। ਦੋਹਾਂ ਦੀ ਦਿੱਖ ਇਕਸਾਰ, ਪਰ ਇਕ ਦੀ ਹੈ ਅੰਬਰ ਨੂੰ ਛੂਹਣ ਦੀ ਤਿਆਰੀ ਤੇ ਦੂਜੀ ਧਰਤ ਨੂੰ ਬਹੁਤ ਹੈ ਪਿਆਰੀ। ਇਕ ਹਵਾਵਾਂ ਦਾ ਹੁਲਾਰਾ ਤੇ ਦੂਜੀ ਮਿੱਟੀ ਦੇ ਮੋਹ 'ਚ ਗੁੰਨੀ, ਪਰ ਦੋਵੇਂ ਹੀ ਹਵਾ ਨਾਲ ਆਪਣੀ ਹੋਂਦ, ਹਸਤੀ ਅਤੇ ਸੂਰਤ ਦੀ ਹਾਮੀ ਭਰਦੀਆਂ।

ਕਿਸੇ ਦੇ ਮਨ-ਅੰਬਰ ਵਿਚ ਤਿੱਤਰਖੰਭੀ ਬਣ ਕੇ ਪਰਵਾਜ਼ ਭਰਨੀ, ਪੌਣ ਦੇ ਹੁਲਾਰੇ ਮਾਣਨੇ, ਸੂਰਜੀ ਕਿਰਨਾਂ ਨਾਲ ਕਲੋਲ ਕਰਨਾ, ਪਾਣੀ ਦੀਆਂ ਕੁਝ ਕੁ ਬੂੰਦਾਂ ਨੂੰ ਆਪਣੀ ਅਮਾਨਤ ਸਮਝ ਕੇ ਅੰਤਰੀਵ ਨੂੰ ਤਰ ਕਰਨਾ, ਜੀਵਨ ਦੀ ਸੂਖਮਤਾ ਅਤੇ ਸੁੱਚਮਤਾ ਦਾ ਸਚਿਆਰਾਪਣ ਮਨ ਦਾ ਹਾਸਲ ਹੋਵੇਗਾ।

ਤਿੱਤਰਖੰਭੀ ਵੀ ਇਕ ਮਨ-ਲੋਚਾ, ਜੋ ਅੰਬਰ 'ਚ ਹੀ ਆਲ੍ਹਣਾ ਪਾਉਂਦੀ। 'ਵਾਵਾਂ ਦੀ ਕੰਨ੍ਹੇੜੀ ਚੜ੍ਹਦੀ। ਆਪਸ ਵਿਚ ਗੁਫਤਗੂ ਕਰਦੀਆਂ ਨਿੱਕੀਆਂ ਨਿੱਕੀਆਂ ਬਦਲੋਟੀਆਂ, ਦੁੱਖ-ਸੁੱਖ ਸਾਂਝਾਂ ਕਰਦੀਆਂ, ਹੁੰਗਾਰਾ ਭਰਦੀਆਂ, ਕਦੇ ਹੱਸਦੀਆਂ, ਕਦੇ ਮੁਸਕਰਾਉਂਦੀਆਂ, ਕਦੇ ਚੁੱਪ ਤੇ ਕਦੇ ਸ਼ੋਰ ਉਪਜਾਉਂਦੀਆਂ, ਕਦੇ 'ਕੱਲੀ 'ਕੱਲੀ, ਕਦੇ ਵੱਡਾ ਸਾਰਾ ਝੁਰਮਟ, ਕਦੇ ਸੂਰਜ ਨੂੰ ਲੁਕਾਉਂਦੀਆਂ, ਕਦੇ ਕਿਰਨਾਂ ਲਈ ਰਾਹ ਬਣਾਉਂਦੀਆਂ, ਕਦੇ ਕਿਰਨ ਫੁਲਕਾਰੀ, ਕਦੇ ਹਨੇਰ ਦੀ ਸਵਾਰੀ, ਕਦੇ ਅਹਿਲ, ਕਦੇ ਰਫਤਾਰ, ਕਦੇ ਸਪੱਸ਼ਟ ਆਕਾਰ ਅਤੇ ਕਦੇ ਨਿਰਾਕਾਰ।

ਤਿੱਤਰਖੰਭੀ, ਜੀਵਨ ਵਿਚ ਉਤਰਦੀ ਤਾਂ ਬਾਰਸ਼ ਦਾ ਭਰਮ ਪੈਦਾ ਕਰਦੀ, ਪਰ ਇਹ ਨਿਰਾ ਛਲਾਵਾ ਹੀ ਹੁੰਦਾ, ਕਿਉਂਕਿ ਤਿੱਤਰਖੰਭੀ ਨੂੰ ਸੰਘਣੇ ਬੱਦਲ ਬਣ ਕੇ ਬਾਰਸ਼-ਬੂੰਦਾਂ ਬਣਨ ਲਈ ਲੰਮਾ ਪੈਂਡਾ ਤੈਅ ਕਰਨਾ ਪੈਂਦਾ। ਫਿਰ ਇਹੋ ਤਿੱਤਰਖੰਭੀ ਬਰਕਤਾਂ ਦੀ ਬਹਿਸ਼ਤ ਬਣਦੀ ਅਤੇ ਜੀਵਨ ਦੇ ਨਾਂਵੇਂ ਸੁੱਚਮ, ਸਮਰਪਣ ਅਤੇ ਸਥਿਰਤਾ ਕਰਦੀ।

ਤਿੱਤਰਖੰਭੀ, ਤੁਹਮਤਾਂ, ਤਿਕੜਮਬਾਜੀ, ਤੁਅੱਲਕ ਜਾਂ ਤੰਗਦਸਤੀ ਨਹੀਂ ਹੁੰਦੀ, ਸਗੋਂ ਇਹ ਇਨ੍ਹਾਂ ਤੇਹ, ਤ੍ਰੈਹ ਅਤੇ ਤ੍ਰਿਪਤੀ ਵਿਚੋਂ ਹੀ ਆਪਣੀ ਸੰਪੂਰਨਤਾ ਦਾ ਸਾਧਨ ਬਣਦੀ।

ਤਿੱਤਰਖੰਭੀ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਤਿੱਤਰਖੰਭੀ ਤਾਂ ਇਕ ਬਿਰਖ ਬੀਜ ਦੀ ਨਿਆਈਂ ਹੁੰਦੀ, ਜੋ ਫੁੱਟ ਕੇ ਬਿਰਖ ਬਣਦਾ, ਫੁੱਲਾਂ ਤੇ ਫਲਾਂ ਦੀ ਦਾਤ ਵੰਡਦਾ। ਆਪਣੀ ਪਾਕ ਬਿਰਤੀ ਨੂੰ ਕਿਸੇ ਧਿਰ, ਕਬੀਲੇ ਜਾਂ ਹੱਦ-ਸਰਹੱਦ ਤੀਕ ਸੀਮਤ ਨਹੀਂ ਕਰਦਾ। ਤਿੱਤਰਖੰਭੀ ਲਈ ਵੀ ਸਾਰਾ ਅੰਬਰ ਆਪਣਾ ਹੁੰਦਾ। ਉਸ ਲਈ ਅੰਬਰ, ਧਰਤ, ਪੌਣ, ਪਾਣੀ ਦੀ ਵੰਡ ਵੰਡਾਈ ਦੇ ਕੋਈ ਅਰਥ ਨਹੀਂ। ਸਭ ਨੂੰ ਇਕਸਾਰ ਨਜ਼ਰ ਆਉਂਦੀ, ਸਭ ਦੇ ਮਨ ਨੂੰ ਭਾਉਂਦੀ ਅਤੇ ਸਭ ਲਈ ਅੰਮ੍ਰਿਤ ਬੂੰਦਾਂ ਦਾ ਵਰਦਾਨ ਮੰਗਦੀ।

ਤਿੱਤਰਖੰਭੀ ਜਿਹੀ ਸੋਚ ਮਨ ਦੇ ਬਰੂਹੀਂ ਜਰੂਰ ਪੈਦਾ ਕਰਨੀ, ਕਿਉਂਕਿ ਤਿੱਤਰਖੰਭੀ ਦਾ ਵਿਚਾਰ ਆਉਣ 'ਤੇ ਹੀ ਬਹੁਤ ਸਾਰੀਆਂ ਸੰਭਾਵਨਾਵਾਂ, ਸੁਪਨੇ, ਸਾਰਥਕਤਾਵਾਂ ਅਤੇ ਸਫਲਤਾਵਾਂ ਤੁਹਾਡੇ ਨਾਮ ਹੋਣਾ ਲੋਚਦੀਆਂ ਹਨ। ਸਿਰਫ ਤੁਸੀਂ ਤਾਂ ਇਕ ਬਹਾਨਾ ਬਣਨਾ ਹੁੰਦਾ। ਅਜਿਹਾ ਬਹਾਨਾ ਬਣਨ ਵਿਚ ਤਾਂ ਆਪਣਾ ਸਭ ਦਾ ਭਲਾ ਹੀ ਹੈ।

*ਤਿੱਤਰਖੰਭੀ ਬਹੁਤ ਸਾਰੇ ਸੁਨੇਹੇ ਅਚੇਤ ਹੀ ਮਨ ਵਿਚ ਧਰਦੀ ਕਿ ਕੁਝ ਵੀ ਸਦੀਵ ਨਹੀਂ। ਪੀੜਾ, ਗਮ, ਦਰਦ, ਚਸਕ, ਇਕੱਲ, ਉਡੀਕ, ਦੁੱਖ, ਸੁੱਖ, ਹਾਸਾ, ਖੇੜਾ, ਅਮੀਰੀ, ਗਰੀਬੀ, ਵੱਡਾਪਣ, ਛੋਟਾਪਣ, ਰੁਤਬੇ, ਕੁਰਸੀਆਂ ਅਤੇ ਸ਼ਾਨੋ-ਸ਼ੌਕਤ ਆਦਿ ਕੁਝ ਵੀ ਸਦੀਵੀ ਨਹੀਂ ਰਹਿੰਦਾ। ਪਤਾ ਨਹੀਂ ਕਿਹੜੇ ਵਕਤ ਕੁਝ ਦਾ ਕੀ ਹੋ ਜਾਵੇ? ਵਸਤਾਂ ਦੀ ਥਾਂ ਮਨੁੱਖ ਨਾਲ ਜੁੜੋਗੇ ਤਾਂ ਵਖਤਾਂ ਵਿਚ ਕਈ ਮੋਢੇ ਤੁਹਾਡਾ ਮੋਢਾ ਬਣਨ ਲਈ ਤਿਆਰ ਹੋਣਗੇ। ਧਨ, ਮਰਤਬੇ, ਮਹਿਲ-ਮਾੜੀਆਂ ਜਾਂ ਸੁੱਖ-ਸਹੂਲਤਾਂ ਕਦੇ ਵੀ ਬੇਵਫਾ ਹੋ ਸਕਦੀਆਂ, ਪਰ ਸੁੱਚੇ ਸਬੰਧ ਕਦੇ ਵੀ ਦਗਾ ਨਹੀਂ ਕਮਾਉਂਦੇ। ਉਹ ਜੀਵਨੀ ਮੰਝਧਾਰ ਵਿਚ ਤੁਹਾਡੇ ਲਈ ਬੇੜੀ ਅਤੇ ਚੱਪੂ ਬਣ ਕੇ ਪਾਰ ਲੰਘਾਉਂਦੇ।*

# ਮੁਸਲਮਾਨਾਂ ਵਲੋਂ ਸਿੱਖ ਬੱਚੀ ਦੀ ਕੀਤੀ ਧਰਮ ਬਦਲੀ ਤੇ ਵਿਦਰੋਹ

ਪਾਕਿਸਤਾਨ ਵਿਚ ਗੁਰੂ ਘਰ ਦੇ ਗ੍ਰੰਥੀ ਦੀ ਬੇਟੀ ਦੀ ਧਰਮ ਬਦਲੀ ਦਾ ਮੁੱਦਾ ਕੌਮਾਂਤਰੀ ਤੂਲ ਫੜ ਗਿਆ ਹੈ ਅਤੇ ਹੁਣ ਬਹੁਤੇ ਲੋਕ ਜਜ਼ਬਾਤੀ ਤੇ ਉਲਾਰ ਹੋ ਕੇ ਜਾਂ ਕੋਈ ਨਾ ਕੋਈ ਧਿਰ ਬਣ ਕੇ ਆਪਣੇ ਵਿਚਾਰ ਦੇ ਰਹੇ ਹਨ। ਜੋ ਲੀਡਰ ਪਾਕਿਸਤਾਨ ਦੀ ਧਿਰ ਵਜੋਂ ਬਿਆਨਬਾਜ਼ੀ ਕਰ ਰਹੇ ਹਨ ਜਾਂ ਸਾਜਿਸ਼ੀ ਤੌਰ 'ਤੇ ਚੁੱਪ ਹਨ, ਉਨ੍ਹਾਂ ਲਈ ਇਹ ਮੁੱਦਾ ਮਹਿਜ਼ ਪ੍ਰੇਮ ਵਿਆਹ ਦਾ ਮੁੱਦਾ ਹੈ ਤੇ ਇਸ ਸਬੰਧੀ ਸਾਰਾ ਕਸੂਰ ਗ੍ਰੰਥੀ ਦੀ ਲੜਕੀ ਦਾ ਹੈ, ਨਾ ਕਿ ਮੁਸਲਿਮ ਮੁੰਡੇ ਦਾ। ਭਾਰਤ ਵਲੋਂ ਬਿਆਨਬਾਜ਼ੀ ਕਰਨ ਵਾਲੇ ਆਗੂਆਂ ਲਈ ਇਹ ਮੁੱਦਾ ਪਾਕਿਸਤਾਨ ਵਿਚ ਹਿੰਦੂ ਅਤੇ ਸਿੱਖ ਕੁੜੀਆਂ ਦੀ ਧਰਮ ਬਦਲੀ ਦਾ ਗੰਭੀਰ ਮੁੱਦਾ ਹੈ, ਜਿਸ ਨੂੰ ਦੇਰ ਤੋਂ ਅਣਗੌਲਿਆ ਕੀਤਾ ਜਾ ਰਿਹਾ ਹੈ।

ਕੁਲਵੰਤ ਸਿੰਘ ਢੇਸੀ

ਆਰ. ਐਸ. ਐਸ. ਪੱਖੀ ਭਾਰਤੀ ਮੀਡੀਏ ਵਲੋਂ ਇਸ ਮੁੱਦੇ 'ਤੇ ਲਗਾਤਾਰ ਹਾਲ ਪਾਹਰਿਆ ਕੀਤੀ ਜਾ ਰਹੀ ਹੈ ਅਤੇ ਇਸ ਨੂੰ ਵੀ ਜੰਗ ਦਾ ਰੂਪ ਦਿੱਤਾ ਜਾ ਰਿਹਾ ਹੈ। ਅਜੇ ਤਕ ਕਿਸੇ ਵੀ ਧਿਰ ਨੇ ਇਹ ਵਿਚਾਰ ਦੇਣ ਦੀ ਰੁਚੀ ਨਹੀਂ ਦਿਖਾਈ ਕਿ ਅਚਾਨਕ ਹੀ ਭਾਂਬੜ ਬਣਨ ਵਾਲੇ ਇਸ ਮੁੱਦੇ ਪਿਛੇ ਉਨ੍ਹਾਂ ਸ਼ਕਤੀਆਂ ਦਾ ਹੱਥ ਵੀ ਹੋ ਸਕਦਾ ਹੈ, ਜੋ ਮੁਸਲਮਾਨਾਂ ਤੇ ਸਿੱਖਾਂ ਦਰਮਿਆਨ ਕਰਤਾਰਪੁਰ ਸਾਹਿਬ ਲਾਂਘੇ ਨੂੰ ਲੈ ਕੇ ਹੋ ਰਹੀ ਨੇੜਤਾ ਨੂੰ ਤਹਿਸ-ਨਹਿਸ ਕਰਨਾ ਚਾਹੁੰਦੀਆਂ ਹਨ ਅਤੇ ਇਸ ਮੁੱਦੇ ਪਿਛੇ ਉਸ ਕੌਮਾਂਤਰੀ ਸ਼ਕਤੀ ਦਾ ਹੱਥ ਵੀ ਹੋ ਸਕਦਾ ਹੈ, ਜੋ ਮੁਸਲਮਾਨਾਂ ਨੂੰ ਕੌਮਾਂਤਰੀ ਤੌਰ 'ਤੇ ਅਤਿਵਾਦੀ, ਗੈਰ-ਮੁਸਲਿਮ ਲੜਕੀਆਂ ਦਾ ਸ਼ੋਸ਼ਣ ਕਰਨ ਵਾਲੇ ਤੇ ਡਰੱਗੀ ਸਾਬਤ ਕਰਨ ਲਈ ਦਿਨ ਰਾਤ ਕੰਮ ਕਰ ਰਹੀ ਹੈ। ਸੋਚਣ ਵਾਲੀ ਗੱਲ ਹੈ ਕਿ ਮੁਸਲਮਾਨਾਂ ਦੀ ਬਦਨਾਮੀ ਵਿਚ ਪਾਕਿਸਤਾਨ ਦੇ ਮੁਸਲਮਾਨਾਂ ਦਾ ਨਾਂ ਹੀ ਹਮੇਸ਼ਾ ਕਿਉਂ ਵਧ ਚੜ੍ਹ ਕੇ ਬੋਲਦਾ ਹੈ, ਜਦ ਕਿ ਹੋਰ ਅਨੇਕਾਂ ਇਸਲਾਮੀ ਦੇਸ਼ਾਂ ਦੇ ਮੁਸਲਮਾਨ ਅਤਿਵਾਦ ਉਧਾਲੇ ਅਤੇ ਡਰੱਗ ਆਦਿ ਦੀਆਂ ਅਲਾਮਤਾਂ ਨਾਲ ਨੱਥੀ ਨਹੀਂ ਕੀਤੇ ਜਾਂਦੇ।

**ਅਸਲ ਮੁੱਦਾ ਕੀ ਹੈ:** ਜਿਥੋਂ ਤਕ ਪ੍ਰੇਮ ਵਿਆਹ ਦਾ ਮੁੱਦਾ ਹੈ, ਉਸ ਸਬੰਧੀ ਇਹ ਇੱਕ ਕੌੜੀ ਸੱਚਾਈ ਹੈ ਕਿ ਕਿਸ਼ੋਰ ਉਮਰ ਦੇ ਮੁੰਡੇ-ਕੁੜੀਆਂ ਆਪਸੀ ਸਬੰਧ ਬਣਾਉਣ ਲੱਗੇ ਪ੍ਰੇਮ ਵਿਚ ਅੰਨ੍ਹੇ ਹੋ ਕੇ ਧਾਰਮਿਕ ਮਨਾਹੀਆਂ ਦੀ ਪ੍ਰਵਾਹ ਨਹੀਂ ਕਰਦੇ। ਦੂਜੀ ਕੌੜੀ ਸੱਚਾਈ ਇਹ ਹੈ ਕਿ ਜੇ ਕੋਈ ਸਿੱਖ ਬੱਚਾ ਕਿਸੇ ਮੁਸਲਮਾਨ ਬੱਚੇ ਨਾਲ ਪ੍ਰੇਮ ਵਿਆਹ ਕਰਨਾ ਚਾਹਵੇ ਤਾਂ ਸਿੱਖ ਮਾਪੇ ਉਸ ਨਾਲ ਸਹਿਮਤ ਨਹੀਂ ਹੁੰਦੇ, ਜਦ ਕਿ ਮੁਸਲਮਾਨਾਂ ਦਾ ਵਤੀਰਾ ਇਸ ਤੋਂ ਉਲਟਾ ਹੈ। ਮੁਸਲਮਾਨ ਅਜਿਹੇ ਵਿਆਹ ਦੀ ਇਜਾਜ਼ਤ ਇਸ ਸ਼ਰਤ 'ਤੇ ਖੁਸ਼ੀ ਖੁਸ਼ੀ ਦਿੰਦੇ ਹਨ ਕਿ ਸਿੱਖ ਬੱਚੇ ਦੀ ਧਰਮ ਬਦਲੀ ਕਰਕੇ ਹੀ ਇਹ ਵਿਆਹ ਹੋ ਸਕਦਾ ਹੈ।

ਮੁਸਲਮਾਨ ਬਾਹਰੋਂ ਜੋ ਮਰਜ਼ੀ ਕਹਿਣ, ਪਰ ਅੰਦਰੋਂ ਉਹ ਅਜਿਹੀ ਧਰਮ ਬਦਲੀ ਕਰਵਾ ਕੇ ਬਹੁਤ ਖੁਸ਼ ਹੁੰਦੇ ਹਨ, ਕਿਉਂਕਿ ਇਸ ਨੂੰ ਉਹ ਇਸਲਾਮ ਦੀ ਵੱਡੀ ਖਿਦਮਤ ਸਮਝਦੇ ਹਨ। ਇਸਲਾਮ ਵਿਚ ਕਿਸੇ 'ਕਾਫਰ' (ਗੈਰ ਮੁਸਲਿਮ) ਦੀ ਧਰਮ ਬਦਲੀ ਵੱਡਾ ਸੁਆਬ ਸਮਝਿਆ ਜਾਂਦਾ ਹੈ। ਇਸ ਮੁੱਦੇ 'ਤੇ ਖਾਸ ਸਮਝਣ ਵਾਲੀ ਗੱਲ ਇਹ ਹੈ ਕਿ ਭਲਕ ਨੂੰ ਜੇ ਕੋਈ ਸਿੱਖ ਲੜਕਾ ਕਿਸੇ ਮੁਸਲਿਮ ਲੜਕੀ ਦਾ ਧਰਮ ਬਦਲੀ ਕਰਕੇ ਉਸ ਨਾਲ ਅਨੰਦ ਵਿਆਹ ਕਰਵਾਉਣ ਦੀ ਵੀਡੀਓ ਵਾਇਰਲ ਕਰ ਦੇਵੇ ਤਾਂ ਪਾਕਿਸਤਾਨ ਦੇ ਮੁਸਲਮਾਨ ਸਿੱਖਾਂ ਦਾ ਪਾਕਿਸਤਾਨ ਵਿਚ ਰਹਿਣਾ ਦੁੱਭਰ ਕਰ ਦੇਣਗੇ।

ਇਨ੍ਹੀਂ ਦਿਨੀਂ ਪਾਕਿਸਤਾਨ ਤੋਂ ਇੱਕ ਸਿੱਖ ਦੀ ਵੀਡੀਓ ਵਾਇਰਲ ਹੋਈ ਹੈ ਜਿਸ ਦੀ ਭਾਸ਼ਾ ਤਾਂ ਠੀਕ ਨਹੀਂ, ਪਰ ਗੱਲ ਉਹ ਸਹੀ ਕਰ ਰਿਹਾ ਹੈ ਕਿ ਸਿੱਖਾਂ ਨੂੰ ਸਿੱਖ-ਮੁਸਲਮਾਨ ਦੋਸਤੀ ਦੀਆਂ ਡੀਂਗਾਂ ਮਾਰਨ ਲੱਗਿਆਂ ਅਜਿਹੀਆਂ ਸੱਚਾਈਆਂ ਨੂੰ ਅੱਖੋਂ ਪਰੋਖੇ ਨਹੀਂ ਕਰ ਦੇਣਾ ਚਾਹੀਦਾ। ਇਸ ਗੱਲ ਦਾ ਜਵਾਬ ਹੁਣ ਮੁੱਲਾਂ ਅਤੇ ਕਾਜੀਆਂ ਤੋਂ ਮੰਗਣਾ ਬਣਦਾ ਹੈ ਕਿ ਕੀ ਉਹ ਪਾਕਿਸਤਾਨ ਦੇ ਸਿੱਖਾਂ ਨੂੰ ਇਹ ਹੱਕ ਦੇਣਗੇ ਕਿ ਜੇ ਕਿਸੇ ਸਿੱਖ ਬੱਚੇ ਦਾ ਕਿਸੇ ਮੁਸਲਿਮ ਬੱਚੇ ਨਾਲ ਪ੍ਰੇਮ ਹੋ ਜਾਵੇ ਤਾਂ ਸਿੱਖਾਂ ਦੇ ਗ੍ਰੰਥੀ ਉਸ ਦੀ ਧਰਮ ਬਦਲੀ ਕਰਕੇ ਉਸ ਦਾ ਅਨੰਦ ਕਾਰਜ ਕਰ ਦੇਣ?

**ਇਤਿਹਾਸਕ ਤਜਰਬਾ ਕੀ ਕਹਿੰਦਾ ਹੈ:** ਸਿੱਖ ਭਾਈਚਾਰਾ ਇਸ ਸਮੇਂ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾ ਰਿਹਾ ਹੈ। ਇਹ ਗੱਲ ਜੱਗ ਜਾਣਦਾ ਹੈ ਕਿ ਗੁਰੂ ਸਾਹਿਬ ਦੇ ਜੀਵਨ ਭਰ ਦੇ ਸਾਥੀ ਭਾਈ ਮਰਦਾਨਾ ਸਨ, ਜੋ ਮੁਸਲਮਾਨ ਸਨ। ਬਾਬੇ ਨਾਨਕ ਨੇ ਜਿਸ ਵਿਅਕਤੀ ਨੂੰ ਆਪਣਾ ਭਾਈ ਕਹਿ ਕੇ ਸਾਰਾ ਜੀਵਨ ਨਾਲ ਰੱਖਿਆ, ਕੀ ਉਨ੍ਹਾਂ ਨੇ ਭਾਈ ਮਰਦਾਨੇ ਨੂੰ ਇਸਲਾਮ ਦੀਆਂ ਧਾਰਮਿਕ ਮਰਿਆਦਾਵਾਂ, ਨਿਮਾਜ਼ ਜਾਂ ਸਭਿਆਚਾਰਕ ਤੌਰ 'ਤੇ ਕੋਈ ਮਨਾਹੀ ਕੀਤੀ ਸੀ? ਜਾਂ ਭਾਈ ਮਰਦਾਨਾ ਦਾ ਨਾਂ ਬਦਲਿਆ ਸੀ? ਇਸੇ ਤਰ੍ਹਾਂ ਸਾਂਈ ਮੀਆਂ ਮੀਰ, ਪੀਰ ਬੁੱਧੂ ਸ਼ਾਹ ਸਢੌਰੀਆ ਅਤੇ ਅਨੇਕਾਂ ਮੁਸਲਮਾਨਾਂ ਦੇ ਨਾਂ ਦਿੱਤੇ ਜਾ ਸਕਦੇ ਹਨ, ਜੋ ਗੁਰੂ ਸਾਹਿਬਾਨ ਦੇ ਸਾਹੀਂ ਜਿਉਂਦੇ ਸਨ, ਪਰ ਕਿਧਰੇ ਵੀ ਉਨ੍ਹਾਂ ਦੀ ਧਰਮ ਬਦਲੀ ਕਰਨ ਦਾ ਜ਼ਿਕਰ ਨਹੀਂ ਆਉਂਦਾ। ਸਿੱਖੀ ਕਿਸੇ ਗੈਰ ਸਿੱਖ ਦੀ ਧਰਮ ਬਦਲੀ ਕਰਨ ਨੂੰ ਪੁੰਨ ਕਰਮ ਨਹੀਂ ਕਹਿੰਦੀ।

ਮੇਰੇ ਪਿਤਾ ਜੀ ਇੱਕ ਦਹਾਕੇ ਤੋਂ ਵੱਧ ਅਰਬ ਵਿਚ ਡਰਾਇਵਰੀ ਕਰਦਿਆਂ ਮੁਸਲਮਾਨਾਂ ਦੇ ਸੰਪਰਕ ਵਿਚ ਰਹੇ। ਉਹ ਦੱਸਿਆ ਕਰਦੇ ਸਨ ਕਿ ਪਾਕਿਸਤਾਨੀ ਮੁਸਲਮਾਨ ਅਕਸਰ ਹੀ ਧਰਮ ਬਦਲੀ ਲਈ ਉਕਸਾਉਂਦੇ ਹਨ ਅਤੇ ਕਈ ਵੇਰਾਂ ਤਾਂ ਇਸੇ ਕਾਰਨ ਉਨ੍ਹਾਂ ਨਾਲ ਦਿਨ ਕਟੀ ਕਰਨੀ ਔਖੀ ਹੋ ਜਾਂਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਿਰਪੱਖ ਵਿਚਾਰਧਾਰਾ ਵਾਲੇ ਵੀ ਥੋੜ੍ਹੇ-ਬਹੁਤ ਮੁਸਲਮਾਨ ਹੋਣਗੇ ਪਰ ਕੱਟੜਪੰਥੀਆਂ ਦੀ ਗਿਣਤੀ ਵੱਧ ਹੈ। ਇਸੇ ਗੱਲ ਤੋਂ ਦੁਖੀ ਹੋ ਕੇ ਕਦੀ ਕਿਸੇ ਅਖੌਤੀ ਸਾਧ ਨੇ ਇਹ ਗੱਲ ਬਹੁਤ ਪ੍ਰਚਾਰੀ ਸੀ ਕਿ ਗੁਰੂ ਸਾਹਿਬ ਕਹਿ ਗਏ ਹਨ ਕਿ ਮੁਸਲਮਾਨ ਦਾ ਕਦੀ ਵਿਸ਼ਵਾਸ ਨਾ ਕਰੋ; ਜਦਕਿ ਇਤਿਹਾਸਕ ਸੱਚਾਈ ਇਹ ਹੈ ਕਿ ਗੁਰੂ ਕਾਲ ਤੋਂ ਅਖੌਤੀ ਉਚੀ ਕੁਲ ਦੇ ਹਿੰਦੂਆਂ ਨੇ ਸਿੱਖੀ ਦਾ ਰੱਜ ਕੇ ਵਿਰੋਧ ਕੀਤਾ। ਅੱਜ ਵੀ ਭਾਰਤ 'ਚ ਆਰ. ਐਸ. ਐਸ. ਇਹ ਗੱਲ ਐਲਾਨੀਆ ਤੌਰ 'ਤੇ ਕਹਿ ਰਹੀ ਹੈ ਕਿ ਭਾਰਤ ਵਿਚ ਸਿੱਖਾਂ ਨੇ ਜੇ ਰਹਿਣਾ ਹੈ ਤਾਂ ਉਹ ਹਿੰਦੂ ਬਣ ਕੇ ਰਹਿ ਸਕਦੇ ਹਨ।

ਚਰਚਾ ਤਾਂ ਇਹ ਵੀ ਹੈ ਕਿ ਭਾਰਤ ਵਿਚ ਸਿੱਖਾਂ ਨੇ ਕਿਉਂਕਿ ਕਸ਼ਮੀਰ ਦੀਆਂ ਮੁਸਲਿਮ ਬੇਟੀਆਂ ਦੀ ਰੱਖਿਆ ਕਰਕੇ ਘਰੋ-ਘਰ ਪਹੁੰਚਾਇਆ ਹੈ, ਭਾਰਤ ਤੋਂ ਬਾਹਰ ਵਸ ਰਹੇ ਸਿੱਖਾਂ ਨੇ ਕਿਉਂਕਿ ਪ੍ਰਧਾਨ ਮੰਤਰੀ ਮੋਦੀ ਦਾ ਵਿਰੋਧ ਕੀਤਾ ਹੈ ਅਤੇ ਇਸ ਕਰਕੇ ਸਿੱਖਾਂ ਨੂੰ ਸਬਕ ਦੇਣ ਲਈ ਭਾਖੜੇ ਵਰਗੇ ਡੈਮਾਂ ਦੇ ਮੂੰਹ ਖੋਲ੍ਹੇ ਗਏ ਹਨ ਅਤੇ ਹੁਣ ਪੰਜਾਬ ਬੁਰੀ ਤਰ੍ਹਾਂ ਹੜ੍ਹਾਂ ਦੀ ਲਪੇਟ ਵਿਚ ਹੈ।

ਭਾਰਤ ਅਤੇ ਪਾਕਿਸਤਾਨ-ਦੋਹਾਂ ਪਾਸਿਆਂ ਤੋਂ ਪੀੜਤ ਸਿੱਖ ਅਕਸਰ ਹੀ ਬੇਗਾਨਗੀ ਦਾ ਅਹਿਸਾਸ ਕਰਦੇ ਹਨ ਤੇ ਇਸ ਗੱਲ ਨੂੰ ਬਹੁਤ ਸੰਜੀਦਗੀ ਨਾਲ ਲੈਂਦੇ ਹਨ ਕਿ ਕਾਸ਼ ਕਿਤੇ ਸਾਡਾ ਆਪਣਾ ਵੀ ਕੋਈ ਦੇਸ਼ ਹੁੰਦਾ, ਜਿਥੇ ਸਾਡੇ ਧਰਮ ਅਤੇ ਬੋਲੀ ਦੇ ਬੋਲਬਾਲੇ ਹੁੰਦੇ ਅਤੇ ਸਾਨੂੰ ਕਿਸੇ ਦੀ ਧੌਂਸ ਵਿਚ ਨਾ ਜੀਣਾ ਪੈਂਦਾ।

**ਬਾਹਰੀ ਫੋਕਟ ਧਰਮ ਹੀ ਝਗੜੇ ਦਾ ਕਾਰਨ:** ਇਨ੍ਹੀਂ ਦਿਨੀਂ ਮੇਰਾ ਇਕ ਹਿੰਦੂ ਲੜਕੀ ਨੂੰ ਇਹ ਸਮਝਾਉਣ ਲਈ ਜ਼ੋਰ ਲੱਗਾ ਹੋਇਆ ਹੈ ਕਿ ਉਹ ਮੁਸਲਮਾਨ ਲੜਕੇ ਨਾਲ ਵਿਆਹ ਕਰਵਾਉਣ ਦੇ ਮਸਲੇ ਨੂੰ ਗੰਭੀਰਤਾ ਨਾਲ ਸਮਝੇ। ਇਹ ਬੀਬੀ ਧੁਰ ਅੰਦਰੋਂ ਸਿੱਖੀ ਨਾਲ ਵੀ ਜੁੜੀ ਹੋਈ ਹੈ ਜੋ ਕਿ ਉਸ ਨੂੰ ਖੂਨ ਵਿਚ ਮਿਲੀ ਹੈ। ਇਹ ਬੀਬੀ ਪੜ੍ਹੀ ਲਿਖੀ ਹੈ, ਲੇਖਕਾ ਹੈ ਅਤੇ ਔਰਤਾਂ ਦੇ ਹੱਕਾਂ ਅਤੇ ਸਮੱਸਿਆਵਾਂ ਪ੍ਰਤੀ ਜੂਝ ਵੀ ਰਹੀ ਹੈ। ਜਿਸ ਮੁਸਲਿਮ ਬੰਦੇ ਨਾਲ ਉਸ ਦੇ ਸਬੰਧ ਹਨ, ਉਸ ਦੇ ਫਿਰਕੇ ਦਾ ਪਾਕਿਸਤਾਨ ਵਿਚ ਰੁਤਬਾ ਉਂਜ ਹੀ ਹੈ ਜਿਵੇਂ ਕਿ ਸਿੱਖਾਂ ਵਿਚ ਰਾਧਾ ਸੁਆਮੀਆਂ ਦਾ ਹੈ। ਇਸ ਜੋੜੇ ਦੇ ਪਹਿਲੇ ਵਿਆਹਾਂ ਤੋਂ ਵੀ ਬੱਚੇ ਹਨ ਅਤੇ ਇਸ ਬੇਟੀ ਦਾ ਇਹ ਪੱਕਾ ਨਿਸ਼ਚਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਿੰਦੂ ਜਾਂ ਸਿੱਖ ਵਿਸ਼ਵਾਸਾਂ ਅਨੁਸਾਰ ਪੰਜਾਬੀਅਤ ਦੇ ਮਾਹੌਲ ਤੇ ਬੋਲੀ ਵਿਚ ਪਾਲੇਗੀ। ਇਸ ਬੇਟੀ ਨੂੰ ਸਮਝਾਉਣ ਦੇ ਅੰਦਾਜ਼ ਵਿਚ ਮੈਂ ਕਿਹਾ ਸੀ ਕਿ ਉਹ ਨਾ ਕਵੇਲ ਧਰਮ ਅਤੇ ਰੂਹਾਨੀਅਤ ਵਿਚ ਪਏ ਪਾੜੇ ਨੂੰ ਹੀ ਸਮਝੇ ਸਗੋਂ ਅਜੋਕਾ ਧਰਮ ਕਿਵੇਂ ਰੂਹਾਨੀਅਤ ਦੇ ਵਿਰੋਧ ਵਿਚ ਭੁਗਤ ਰਿਹਾ ਹੈ? ਉਸ ਨੂੰ ਵੀ ਸਮਝੇ।

ਮਨੁੱਖ ਦੇ ਰੂਹਾਨੀ ਅਸਲੇ ਬਾਰੇ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਬਚਨ ਹਨ,

ਜਾ ਤਿਸੁ ਭਾਣਾ ਤਾ ਜੰਮਿਆ  
ਪਰਵਾਰਿ ਭਲਾ ਭਾਇਆ॥  
ਲਿਵ ਛੁੜਕੀ ਲਗੀ ਤ੍ਰਿਸਨਾ  
ਮਾਇਆ ਅਮਰੁ ਵਰਤਾਇਆ॥

ਇਸ ਸਬੰਧੀ ਅੰਗ੍ਰੇਜ਼ੀ ਦਾ ਇੱਕ ਕਥਨ ਹੈ,

We are not human beings having spiritual experience. We are spiritual beings having human experience.

ਭਾਵ ਕੁਦਰਤੀ ਤੌਰ 'ਤੇ ਅਸੀਂ ਮਹਿਜ਼ ਸਰੀਰਕ ਜੀਵ ਨਹੀਂ ਹਾਂ, ਜੋ ਹੁਣ ਅਸੀਂ ਰੂਹਾਨੀ ਬਣਨਾ ਹੈ, ਸਗੋਂ ਕੁਦਰਤੀ ਤੌਰ 'ਤੇ ਹਰ ਮਨੁੱਖ ਰੂਹਾਨੀ ਹੁੰਦਾ ਹੈ, ਪਰ ਮਨੁੱਖੀ ਜੀਵਨ ਦੇ ਅਮਲਾਂ ਵਿਚ ਸਾਡੀ ਰੂਹਾਨੀਅਤ ਨੂੰ ਖਤਰਾ ਪੈ ਜਾਂਦਾ ਹੈ। ਪੰਚਮ ਪਾਤਸ਼ਾਹ ਨੇ ਇਸੇ ਕਰਕੇ ਹਿੰਦੂ ਅਤੇ ਮੁਸਲਮਾਨ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਵੱਖ ਵੱਖ ਧਰਮਾਂ ਲਈ ਰੂਹਾਨੀ ਸਾਂਝ ਪੈਦਾ ਕੀਤੀ ਸੀ, ਪਰ ਅਫਸੋਸ! ਮਨੁੱਖਾਂ ਦੇ ਅਖੌਤੀ ਧਾਰਮਿਕ ਅਮਲ ਉਨ੍ਹਾਂ ਨੂੰ ਰੂਹਾਨੀ ਬਣਾਉਣ ਦੀ ਥਾਂ ਰੂਹਾਨੀਅਤ ਨਾਲੋਂ ਤੋੜ ਕੇ ਫਿਰਕੂ ਟਕਰਾਓ ਲਈ ਭੜਕਾ ਦਿੰਦੇ ਹਨ।

ਗੁਰਬਾਣੀ ਮੁਤਾਬਕ ਰੰਗ, ਨਸਲ, ਜਾਤ ਅਤੇ ਫਿਰਕੇ ਤੋਂ ਉਪਰ ਉਠ ਕੇ ਸਾਰੇ ਮਨੁੱਖ ਇੱਕ ਸਰਬ ਸਾਂਝੇ ਪਰਮਾਤਮਾ ਦੀ ਔਲਾਦ ਹਨ। ਨਾ ਤਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਕੋਈ ਫਿਰਕਾ ਜਾਂ ਧਰਮ ਹੈ ਅਤੇ ਨਾ ਹੀ ਰੱਬ ਦਾ। ਮਾਇਆ ਦੇ ਪੰਜ ਦੂਤ ਸਾਰੀ ਮਨੁੱਖਤਾ 'ਤੇ ਬਰਾਬਰ ਕਰੋਪੀ ਕਰਦੇ ਹਨ ਅਤੇ ਸਰਬ ਸਾਂਝਾ ਪਰਮਾਤਮਾ ਸਭ ਮਨੁੱਖਤਾ 'ਤੇ ਬਰਾਬਰ ਦੀ ਰਹਿਮਤ ਕਰਦਾ ਹੈ। ਇਹ ਕਿੰਨੀ ਦੁਖਦਾਈ ਗੱਲ ਹੈ ਕਿ ਸਿੱਖ ਮਾਪੇ ਜਦੋਂ ਆਪਣੇ ਬੱਚਿਆਂ ਨੂੰ ਅਜਿਹੀ ਸਰਬ ਸਾਂਝੀ ਰੂਹਾਨੀ ਸਿੱਖਿਆ ਦਿੰਦੇ ਹਨ ਤਾਂ ਦੂਜੇ ਧਰਮਾਂ ਦੇ ਲੋਕ ਸਾਡੇ ਬੱਚਿਆਂ ਨੂੰ ਇਹ ਕਹਿ ਕੇ ਪੈਰੋਂ ਕੱਢਣ ਵਿਚ ਸਫਲ ਹੋ ਜਾਂਦੇ ਹਨ ਕਿ ਅਸਲੀ ਧਰਮ ਤਾਂ ਉਨ੍ਹਾਂ ਦਾ ਕੱਟੜਪੰਥੀ ਗਿਰੋਹ ਹੀ ਹੈ ਅਤੇ ਬਹੁਤ ਵਾਰ ਧਮਕੀਆਂ, ਡਰੱਗ ਅਤੇ ਲਾਲਚ ਵੀ ਦਿੱਤੇ ਜਾਂਦੇ ਹਨ। ਇਸ ਸਬੰਧੀ ਸਿੱਖ ਮਾਪਿਆਂ ਲਈ ਜਰੂਰੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਸ ਖਤਰੇ ਪ੍ਰਤੀ ਸਾਵਧਾਨ ਕਰਨ ਤਾਂ ਕਿ ਸਾਡੇ ਸਰਬ ਸਾਂਝੇ ਅਤੇ ਸਭਨਾਂ ਨਾਲ ਪਿਆਰ ਕਰਨਾ ਸਿੱਖਾਉਣ ਵਾਲੇ ਧਰਮ ਦਾ ਕੋਈ ਨਾਜਾਇਜ਼ ਫਾਇਦਾ ਨਾ ਉਠਾ ਸਕੇ।

# ਡਾਕਟਰ ਅਜੀਬ ਪੁਰੀ

"ਅਜੀਬ ਡਾਕਟਰ ਤੋਂ ਦਵਾਈਆਂ ਲਿਖਾ ਕੇ ਲਿਆਇਐਂ ਯਾਰ, ਪਹਿਲੀ ਵਾਰ ਦੇਖਿਐ ਦਵਾਈਆਂ ਦੇ ਨਾਂ ਇੰਜ ਵੀ ਲਿਖੇ ਜਾਂਦੇ ਨੇ!"

ਫਾਰਮਾਸਿਸਟ ਮੈਨੂੰ ਇੰਨਾ ਆਖ, ਪਰਚੀ ਦੁਕਾਨ ਦੇ ਮਾਲਕ ਕੋਲ ਲੈ ਗਿਆ। ਜਦੋਂ ਮਾਲਕ ਨੇ ਪਰਚੀ ਦੇਖੀ ਤਾਂ ਉਹ ਕੁਰਸੀ ਤੋਂ ਖੜ੍ਹਾ ਹੋ ਕੇ ਆਖਣ ਲੱਗਾ, "ਇਸ ਢੰਗ ਨਾਲ ਦਵਾਈਆਂ ਦੇ ਨਾਂ ਤਾਂ ਸੱਚੀ ਕੋਈ 'ਅਜੀਬ' ਡਾਕਟਰ ਹੀ ਲਿਖ ਸਕਦੈ ਅਤੇ ਡਾ. ਰਾਜੀਵ ਪੁਰੀ ਤੋਂ ਬਿਨਾ ਇੱਥੇ 'ਅਜੀਬ' ਹੋਰ ਕੌਣ ਹੋ ਸਕਦੈ!"



ਡਾ. ਵਿਕਰਮ ਸੰਗਰੂਰ
ਫੋਨ: 91-98884 13836

ਦਵਾਈਆਂ ਲੈ ਕੇ ਮੈਂ ਦੁਕਾਨਦਾਰ ਨੂੰ 500 ਰੁਪਏ ਦੇ ਦੋ ਨੋਟ ਦਿੱਤੇ। ਉਨ੍ਹਾਂ ਕਿਹਾ, "100 ਰੁਪਏ ਦਾ ਨੋਟ ਦਿਓ।" ਮੈਨੂੰ ਇੰਜ ਲੱਗਾ ਸ਼ਾਇਦ ਹਜ਼ਾਰ ਰੁਪਏ ਤੋਂ ਵੱਧ ਦਾ ਬਿੱਲ ਬਣ ਗਿਐ, ਪਰ ਦੁਕਾਨਦਾਰ ਨੇ 500 ਦੇ ਦੋਵੇਂ ਨੋਟ ਵਾਪਸ ਕਰਦਿਆਂ ਮੈਨੂੰ ਨਾਲ 20 ਰੁਪਏ ਦਾ ਇੱਕ ਨੋਟ ਹੋਰ ਦੇ ਦਿੱਤਾ। ਉਸ ਨੇ ਹੱਸਦਿਆਂ ਕਿਹਾ, "ਡਾਕਟਰ ਰਾਜੀਵ ਪੁਰੀ ਜੀ ਦੀ ਦਵਾਈ ਇੰਨੇ ਵਿਚ ਹੀ ਮਿਲਦੀ ਹੈ ਜਨਾਬ!"

ਅਗਲੇ ਦਿਨ ਜਦੋਂ ਡਾ. ਪੁਰੀ ਮਿਲੇ ਤਾਂ ਮੈਂ ਕਿਹਾ, "ਤੁਸੀ ਤਾਂ ਕਮਾਲ ਕਰ'ਤੀ, ਮੇਰੀ ਘਰੇਲੂ ਐਮਰਜੈਂਸੀ ਮੈਡੀਕਲ ਕਿੱਟ ਖਾਤਰ ਕਈ ਬਿਮਾਰੀਆਂ ਲਈ ਤੁਹਾਡੀ ਲਿਖੀਆਂ ਦਵਾਈਆਂ ਸਿਰਫ 80 ਰੁਪਏ ਵਿਚ ਹੀ ਮਿਲ ਗਈਆਂ!"

ਡਾ. ਪੁਰੀ ਮੇਰੀ ਗੱਲ ਸੁਣ ਕੇ ਬੋਲੇ, "ਯਾਰ ਤੂੰ ਇਹ ਵੀ ਮਹਿੰਗੀ ਲੈ ਆਇਐਂ! ਮੈਂ ਤੈਨੂੰ ਕਿਹਾ ਸੀ ਕਿ ਸਰਕਾਰੀ ਹਸਪਤਾਲ ਦੇ ਗੇਟ ਕੋਲੋਂ ਖਰੀਦੀਂ, ਉਥੋਂ ਸਰਕਾਰੀ ਰੇਟ ਉਤੇ ਇਹ ਹੋਰ ਵੀ ਸਸਤੀਆਂ ਮਿਲਣੀਆਂ ਸਨ। ਚੱਲ ਇਨ੍ਹਾਂ ਨੂੰ ਮੋੜ ਕੇ ਆਈਏ!" ਡਾ. ਪੁਰੀ ਦੀ ਗੱਲ ਸੁਣ ਕੇ ਮੈਨੂੰ ਦੁਕਾਨ ਮਾਲਕ ਦੀ ਗੱਲ ਚੇਤੇ ਆ ਗਈ, "ਡਾ. ਰਾਜੀਵ ਪੁਰੀ ਤੋਂ ਬਿਨਾ ਇੱਥੇ 'ਅਜੀਬ' ਹੋਰ ਕੌਣ ਹੋ ਸਕਦੈ!"

ਇਹ ਡਾ. ਪੁਰੀ ਨਾਲ ਮੇਰੀ ਪਹਿਲੀ 'ਅਜੀਬ' ਮੁਲਾਕਾਤ ਸੀ। ਇਸ ਪਿਛੋਂ ਉਨ੍ਹਾਂ ਨਾਲ ਹੋਈ ਹਰ ਮੁਲਾਕਾਤ ਵਿਚ ਕੁਝ ਅਜਿਹਾ 'ਅਜੀਬ' ਵਾਪਰਦਾ, ਜਿਸ ਤੋਂ ਲਗਦਾ ਕਿ ਡਾ. ਰਾਜੀਵ ਪੁਰੀ ਦਾ ਨਾਂ 'ਡਾ. ਅਜੀਬ ਪੁਰੀ' ਹੋਣਾ ਚਾਹੀਦਾ ਸੀ।

ਡਾ. ਪੁਰੀ ਨੇ ਹੁਣ ਤੱਕ ਨਾ ਕਾਰ ਰੱਖੀ, ਨਾ ਸਕੂਟਰ ਅਤੇ ਨਾ ਹੀ ਸਾਈਕਲ! ਸ਼ਹਿਰ ਵਿਚ ਉਹ ਜਦੋਂ ਵੀ ਮਿਲਦੇ ਨੇ, ਪੈਦਲ ਤੁਰਦੇ ਹੀ ਮਿਲਦੇ ਨੇ। ਮੈਂ ਹੱਸਦਿਆਂ ਇੱਕ ਵਾਰ ਉਨ੍ਹਾਂ ਨੂੰ ਕਹਿ ਬੈਠਾ, "ਤੁਹਾਡੇ ਜਨਮ ਦਿਨ 'ਤੇ ਮੈਂ ਸਾਈਕਲ ਗਿਫਟ ਕਰਨੈਂ।" ਉਨ੍ਹਾਂ ਵੀ ਹੱਸਦਿਆਂ ਜਵਾਬ ਦਿੱਤਾ, "ਜ਼ਰੂਰ ਕਰੀਂ, ਪਰ ਨਾਲ ਇੱਕ ਡਰਾਈਵਰ ਵੀ ਗਿਫਟ ਕਰ ਦਵੀਂ।"

ਮੈਂ ਪੁੱਛਿਆ, "ਤੁਹਾਨੂੰ ਸਾਈਕਲ ਚਲਾਉਣਾ ਨਹੀਂ ਆਉਂਦਾ?"

"ਆਉਂਦਾ ਤਾਂ ਹੈ ਪਰ...।" ਉਹ ਬਸ ਏਨਾ ਕਹਿ ਕੇ ਖਾਮੋਸ਼ ਹੋ ਗਏ। ਅਸੀਂ ਬਜ਼ਾਰ ਵਿਚ ਕਰੀਬ ਅੱਧਾ ਮੀਲ ਤੁਰੇ ਤਾਂ ਮੈਨੂੰ ਡਾ. ਪੁਰੀ ਦੀ 'ਪਰ...' ਤੋਂ ਅਗਲੀ ਗੱਲ ਦੀ ਆਪੇ ਸਮਝ ਆ ਗਈ। ਇਸ ਛੋਟੇ ਜਿਹੇ ਸਫਰ ਵਿਚ ਡਾ. ਪੁਰੀ ਨੂੰ ਪੈਦਲ ਤੁਰਨ ਵਾਲਿਆਂ ਤੋਂ ਲੈ ਕੇ ਵੱਡੀਆਂ ਕਾਰਾਂ ਵਾਲੇ ਕਰੀਬ ਪੰਜਾਹ ਅਜਿਹੇ ਲੋਕ ਮਿਲੇ, ਜਿਨ੍ਹਾਂ ਨੇ ਖੜ੍ਹ ਕੇ ਉਨ੍ਹਾਂ ਨਾਲ ਹੱਥ ਮਿਲਾਇਆ, ਕਈਆਂ ਹੱਥ ਜੋੜੇ ਅਤੇ ਕਈਆਂ ਪੈਰੀਂ ਹੱਥ ਲਾਏ। ਡਾ. ਪੁਰੀ ਮੈਨੂੰ ਕਹਿੰਦੇ, "ਹੁਣ ਲੱਗਾ ਪਤਾ ਕਿ ਮੈਂ ਕਾਰ, ਸਕੂਟਰ ਅਤੇ ਸਾਈਕਲ ਕਿਉਂ ਨਹੀਂ ਰੱਖਦਾ! ਮੇਰੇ ਕੋਲ ਦੋ ਹੱਥ ਨੇ, ਜੇ ਇਹ ਦੋ ਹੱਥ ਮੈਂ ਕਾਰ, ਸਕੂਟਰ ਅਤੇ ਸਾਈਕਲ ਚਲਾਉਣ ਲਈ ਵਰਤੇ ਤਾਂ ਇਨ੍ਹਾਂ ਮੁਹੱਬਤ ਕਰਨ ਵਾਲਿਆਂ ਦੇ ਹੱਥਾਂ ਦਾ ਜਵਾਬ ਮੈਂ ਕਿਹੜੇ ਹੱਥਾਂ ਨਾਲ ਦੇਵਾਂਗਾ?" ਇੰਨਾ ਆਖ ਕੇ ਉਹ ਉਚੀ-ਉਚੀ ਹੱਸਣ ਲੱਗ ਪਏ।

ਡਾ. ਪੁਰੀ ਦੀ ਇੱਕ ਅਜੀਬ ਆਦਤ ਹੈ, ਉਹ ਆਪਣੇ ਵਡੇਰੇ ਮਰੀਜ਼ਾਂ ਨੂੰ ਜਦੋਂ ਵੀ ਮਿਲਦੇ ਨੇ, ਹੱਥ ਜੋੜ ਕੇ ਅਤੇ ਝੁਕ ਕੇ ਮਿਲਦੇ ਨੇ। ਮੈਂ ਉਨ੍ਹਾਂ ਨੂੰ ਪੁੱਛਿਆ, "ਵਡੇਰੇ ਮਰੀਜ਼ਾਂ ਨੂੰ ਤੁਹਾਡਾ



ਡਾ. ਰਾਜੀਵ ਪੁਰੀ

ਹੱਥ ਜੋੜਨਾ ਤਾਂ ਠੀਕ ਹੈ, ਪਰ ਉਨ੍ਹਾਂ ਲੋਕਾਂ ਅੱਗੇ ਤੁਸੀਂ ਕਿਉਂ ਹੱਥ ਜੋੜਦੇ ਹੋ, ਜਿਨ੍ਹਾਂ ਬਾਰੇ ਤੁਹਾਨੂੰ ਵੀ ਪਤੈ ਕਿ ਤੁਹਾਡੀ ਪਿੱਠ ਪਿੱਛੇ ਉਹ ਤੁਹਾਡੀਆਂ ਆਦਤਾਂ ਦਾ ਮਜ਼ਾਕ ਉਡਾ ਕੇ ਹੱਸਦੇ ਨੇ।"

ਡਾ. ਪੁਰੀ ਨੇ ਕਿਹਾ, "ਮੈਨੂੰ ਇਹ ਸਭ ਪਤੈ! ਤੇ ਇਹ ਵੀ ਪਤੈ ਕਿ 'ਅਜਿਹੇ ਲੋਕ' ਹੀ ਸਭ ਤੋਂ 'ਵੱਡੇ ਮਰੀਜ਼' ਹਨ। ਇਲਾਜ ਨਾਲ ਅਜਿਹੇ ਲੋਕ ਕਦੀ ਖੁਸ਼ ਨਹੀਂ ਹੁੰਦੇ, ਪਰ ਮੇਰੇ ਹੱਥ ਜੋੜਨ ਨਾਲ ਉਨ੍ਹਾਂ ਨੂੰ ਲਗਦੈ ਕਿ ਇੱਕ ਡਾਕਟਰ ਸਾਡੇ ਅੱਗੇ ਝੁਕ ਗਿਆ, ਬਸ ਇੰਨੀ ਗੱਲ ਇਨ੍ਹਾਂ ਨੂੰ ਖੁਸ਼ ਕਰੀ ਰੱਖਦੀ ਹੈ। ਮੈਂ ਤਾਂ ਆਪਣੀ ਡਿਊਟੀ ਨਿਭਾ ਰਿਹਾਂ, ਹੱਥ ਨਹੀਂ ਜੋੜ ਰਿਹਾ, ਉਨ੍ਹਾਂ ਦਾ ਇਲਾਜ ਕਰ ਰਿਹਾਂ!"

ਇਹ ਸੁਣ ਕੇ ਨਾਲ ਖੜ੍ਹੇ ਇੱਕ ਸਾਬਕਾ ਸਿਵਲ ਸਰਜਨ ਡਾ. ਪੁਰੀ ਨੂੰ ਕਹਿਣ ਲੱਗੇ, "ਛੱਡ ਪੁਰੀ, ਹੁਣ ਇਹ ਸਭ ਕੁਝ! ਇੱਕ ਲੱਖ ਰੁਪਏ ਤੋਂ ਵੱਧ ਤੇਰੀ ਪੈਨਸ਼ਨ ਹੈ, ਐਸ਼ ਕਰ, ਘੁੰਮ ਦੇਖ ਦੁਨੀਆਂ ਸਾਰੀ।"

ਡਾ. ਪੁਰੀ ਨੇ ਮੁਸਕਰਾਉਂਦਿਆਂ ਕਿਹਾ, "ਬਹੁਤ ਘੁੰਮ ਲਈ ਦੁਨੀਆਂ ਅਤੇ ਦੇਖ ਵੀ ਲਈ ਇਹ 'ਬਿਮਾਰ ਦੁਨੀਆਂ' ਹੁਣ ਤਾਂ ਇਲਾਜ ਕਰਨ ਦੀ ਕੋਸ਼ਿਸ਼ ਵਿਚ ਹਾਂ!"

ਡਾ. ਪੁਰੀ ਨਾਲ ਜੇ ਤੁਸੀ ਕੁਝ ਕਦਮ ਤੁਰੋ ਤਾਂ ਤੁਹਾਨੂੰ ਲੱਗੇਗਾ ਕਿ ਇਨ੍ਹਾਂ ਆਪਣੇ ਚਹੇਤਿਆਂ ਦੀ ਵੀ 'ਸਰਜਰੀ' ਕੀਤੀ ਹੈ, ਤਾਹੀਓਂ ਉਹ ਵੀ ਇਨ੍ਹਾਂ ਵਰਗੇ 'ਅਜੀਬ' ਜਿਹੇ ਹਨ। ਕੁਝ ਵਰ੍ਹੇ ਪਹਿਲਾਂ ਚਾਹ ਦੀ ਸਟਾਲ ਤੋਂ ਚਾਹ ਪੀ ਕੇ ਡਾਕਟਰ ਸਾਹਿਬ ਪੈਸੇ ਦੇਣ ਲੱਗੇ ਤਾਂ ਚਾਹ ਵਾਲਾ ਹੱਥ ਜੋੜ ਕੇ ਖੜ੍ਹ ਗਿਆ, ਪਰ ਡਾ. ਪੁਰੀ ਨੇ 10 ਰੁਪਏ ਦਾ ਨੋਟ ਜਬਰੀ ਉਸ ਨੂੰ ਦੇ ਦਿੱਤਾ। ਚਾਹ ਵਾਲੇ ਨੇ ਕਿਹਾ, "ਇਹ ਨੋਟ ਮੈਂ ਆਖਰੀ ਸਾਹ ਤੱਕ ਸਾਂਭ ਕੇ ਰੱਖਾਂਗਾ ਜੀ, ਇਹ ਪੈਸੇ ਨਹੀਂ ਤੁਹਾਡਾ ਆਸ਼ੀਰਵਾਦ ਹੈ।"

ਸੁਣ ਕੇ ਡਾ. ਪੁਰੀ ਨੇ ਆਪਣੀ ਜੇਬ ਵਿਚਲਾ ਸਭ ਤੋਂ ਵੱਡਾ ਨੋਟ ਉਸ ਨੂੰ ਫੜਾਉਂਦਿਆਂ ਕਿਹਾ, "ਜੇ ਇਹ ਗੱਲ ਹੈ ਤਾਂ ਆ ਲੈ।"

ਉਹ ਬੋਲਿਆ, "ਨਹੀਂ ਜੀ ਤੁਹਾਡੇ ਦਿੱਤੇ ਇਹ 10 ਰੁਪਏ ਹੀ ਮੇਰੇ ਲਈ 10 ਲੱਖ ਵਰਗੇ ਨੇ!" ਉਸ ਆਮ ਜਿਹੇ ਚਾਹ ਵਾਲੇ ਦੀ ਇਹ 'ਖਾਸ' ਗੱਲ ਸੁਣ ਕੇ ਮੈਂ ਡਾ. ਪੁਰੀ ਨੂੰ ਕਿਹਾ, "ਸਰ ਤੁਹਾਡੇ ਚਹੇਤੇ ਕਿਹੜਾ ਤੁਹਾਡੇ ਤੋਂ ਘੱਟ ਨੇ!"

ਅੱਜ ਲੋਕ ਜਿੱਥੇ ਆਪਣੀ ਦੌਲਤ, ਮਹਿੰਗੇ ਮੋਬਾਈਲ ਫੋਨ, ਕਾਰਾਂ, ਆਲੀਸ਼ਾਨ ਘਰਾਂ ਅਤੇ ਜ਼ਮੀਨਾਂ ਦਾ ਦਿਖਾਵਾ ਕਰਦੇ ਹਨ, ਉਥੇ ਡਾ. ਪੁਰੀ ਕੋਲ ਸਿਵਾਏ ਇਮਾਨਦਾਰੀ ਦੇ ਅਜਿਹਾ ਕੁਝ ਵੀ ਨਹੀਂ, ਜਿਸ ਦਾ ਉਹ 'ਦਿਖਾਵਾ' ਕਰ ਸਕਣ! ਇੱਕ ਵਾਰ ਡਾ. ਪੁਰੀ ਨੇ ਅਜੀਬ 'ਦਿਖਾਵਾ' ਕੀਤਾ! ਕਾਫੀ ਵਰ੍ਹੇ ਪਹਿਲਾਂ ਆਪਣੇ ਨਿੱਜੀ ਕੰਮ ਲਈ ਇੱਕ ਦਫਤਰ ਦੇ ਬਾਬੂਆਂ ਕੋਲ ਡਾ. ਪੁਰੀ ਨੂੰ ਕਈ ਮਹੀਨੇ ਗੇੜੇ ਲਾਉਣੇ ਪੈ ਗਏ। ਅਖੀਰ ਥੱਕ ਹਾਰ ਕੇ ਡਾ. ਪੁਰੀ ਅਤੇ ਮੈਂ ਉਸ ਦਫਤਰ ਦੇ ਮੁਖੀ ਨੂੰ ਜਦੋਂ ਮਿਲੇ ਤਾਂ ਡਾ. ਸਾਹਿਬ ਜਜ਼ਬਾਤੀ ਲਹਿਜੇ ਵਿਚ ਦਫਤਰ ਮੁਖੀ ਨੂੰ ਆਪਣੀ ਵਿਥਿਆ ਸੁਣਾਉਣ ਲੱਗੇ, "ਮੈਂ ਆਪਣੀ ਡਿਊਟੀ ਦੌਰਾਨ ਕਦੀ ਖੁਦ ਕਿਸੇ ਤੋਂ ਰਿਸ਼ਵਤ ਨਹੀਂ ਮੰਗੀ ਅਤੇ ਹੁਣ ਰਿਸ਼ਵਤ ਦੇ ਕੇ ਕੰਮ ਕਿਵੇਂ ਕਰਵਾਵਾਂ ਜੀ?"

ਦਫਤਰ ਮੁਖੀ ਆਪਣੀ ਕੁਰਸੀ ਛੱਡ ਕੇ ਡਾ. ਪੁਰੀ ਕੋਲ ਆਇਆ ਅਤੇ ਉਨ੍ਹਾਂ ਦੇ ਪੈਰੀਂ ਹੱਥ ਲਾ ਕੇ ਹੱਥ ਜੋੜ ਕੇ ਉਨ੍ਹਾਂ ਦੇ ਸਾਹਮਣੇ ਖੜ ਗਿਆ, ਕਹਿਣ ਲੱਗਾ, "ਮੈਨੂੰ ਪਤੈ ਡਾ. ਸਾਹਿਬ ਤੁਸੀਂ ਕਦੀ ਰਿਸ਼ਵਤ ਨਹੀਂ ਲਈ, ਮੈਂ ਜਦੋਂ 15 ਸਾਲਾਂ ਦਾ ਸੀ, ਮੇਰਾ ਓਪਰੇਸ਼ਨ ਤੁਸੀਂ ਕਰ ਕੇ ਨਾ ਸਿਰਫ ਮੈਨੂੰ ਬਚਾਇਆ, ਸਗੋਂ ਮੇਰੇ ਗਰੀਬ ਬਾਪੂ ਜੀ ਦੀ 'ਆਸ' ਨੂੰ ਵੀ ਬਚਾਇਆ ਸੀ।"

ਮਹੀਨਿਆਂ ਤੋਂ ਲਟਕਿਆ ਡਾ. ਪੁਰੀ ਦਾ ਕੰਮ ਉਸੇ ਪਲ ਹੋ ਗਿਆ। ਇਹ ਸਭ ਦੇਖ ਮੈਨੂੰ ਆਪਣੇ ਉਸ ਪ੍ਰੋਫੈਸਰ ਦੀ ਯਾਦ ਆ ਗਈ, ਜੋ ਅਕਸਰ ਕਿਹਾ ਕਰਦੇ ਸਨ ਕਿ ਕੰਮ ਕਰਵਾਉਣ ਲਈ ਮੈਨੂੰ ਕਦੀ ਰਿਸ਼ਵਤ ਦੇਣ ਦੀ ਲੋੜ ਨਹੀਂ ਪਈ, ਕਿਉਂਕਿ ਮੈਂ ਆਪਣੇ ਵਿਦਿਆਰਥੀਆਂ ਨੂੰ ਪੂਰੀ ਇਮਾਨਦਾਰੀ ਨਾਲ ਪੜ੍ਹਾਇਆ ਅਤੇ ਉਹ ਅੱਜ ਹਰ ਵਿਭਾਗ ਵਿਚ ਉਚੇ ਅਹੁਦਿਆਂ ਉਤੇ ਹਨ। ਉਸ ਦਿਨ ਮੈਨੂੰ ਡਾ. ਪੁਰੀ ਅਤੇ ਪ੍ਰੋਫੈਸਰ ਇੱਕ ਲੱਗ ਰਹੇ ਸਨ।

ਪਹਿਲਾਂ ਡਾ. ਪੁਰੀ ਦੀ ਮੁਲਾਕਾਤ ਅਜੀਬ ਸੀ, ਪਰ ਬਾਅਦ ਵਿਚ ਉਨ੍ਹਾਂ ਦੀ ਆਮਦ ਵੀ ਅਜੀਬ ਹੋਣ ਲੱਗ ਪਈ। ਇੱਕ ਵਾਰ ਦਫਤਰ ਵਿਚ ਮੇਰਾ ਸਾਥੀ ਤੇਜ਼ੀ ਨਾਲ ਮੈਨੂੰ ਇਹ ਆਖ ਕੇ ਤੁਰ ਗਿਆ ਕਿ ਤੇਰਾ ਜਿਗਰੀ ਯਾਰ ਆਇਐ! ਮੇਰੇ ਨਾਲ ਬੈਠੇ ਸਾਥੀ ਨੇ ਦੂਜੇ ਸਾਥੀ ਨੂੰ ਕਿਹਾ, "ਲੈ ਬਈ ਡਾ. ਪੁਰੀ ਆ ਗਿਆ!" ਮੈਂ ਡਾ. ਸਾਹਿਬ ਨੂੰ ਮਿਲਣ ਲਈ ਜਦੋਂ ਬਾਹਰ ਵੱਲ ਜਾਣ ਲੱਗਾ ਤਾਂ ਦੋਹਾਂ ਸਾਥੀਆਂ ਨੇ ਮਜ਼ਾਕੀਆ ਲਹਿਜੇ ਵਿਚ ਕਿਹਾ, "ਤੂੰ ਵੀ ਡਾ. ਪੁਰੀ ਜਿਹਾ ਅਜੀਬ ਨਾ ਬਣ ਜਾਵੀਂ!"

ਸਾਥੀਆਂ ਦਾ ਮਜ਼ਾਕ ਮੈਨੂੰ ਕਿਸੇ 'ਦੁਆ' ਜਿਹਾ ਲੱਗਾ। ਮੈਂ 'ਦੁਆ' ਲਈ ਉਨ੍ਹਾਂ ਨੂੰ ਇੰਨਾ ਆਖ ਆਪਣੇ ਜਿਗਰੀ ਯਾਰ ਨੂੰ ਮਿਲਣ ਤੁਰ ਪਿਆ, "ਆਮੀਨ! ਸਾਥੀਓ, ਕਾਸ਼ ਮੈਂ ਵੀ ਡਾ. ਰਾਜੀਵ ਪੁਰੀ ਵਰਗਾ ਬਣ ਸਕਦਾ, ਡਾ. 'ਅਜੀਬ' ਪੁਰੀ!"

# ਔਰੰਗਜ਼ੇਬੀ ਜ਼ਹਿਨੀਅਤ, ਸਿੱਖਾਂ ਦਾ 'ਮੱਕਾ' 'ਮਦੀਨਾ' ਅਤੇ ਸਿੱਖ



ਡਾ. ਗੁਰਨਾਮ ਕੌਰ, ਕੈਨੇਡਾ

ਦੋ ਕੁ ਸਾਲ ਪਹਿਲਾਂ ਮੈਂ 'ਪੰਜਾਬ ਟਾਈਮਜ਼' (20 ਸਤੰਬਰ 2017) ਵਿਚ ਰੋਹੰਗਿਆ ਮੁਸਲਮਾਨ ਰਿਫਿਊਜ਼ੀਆਂ ਬਾਰੇ ਇੱਕ ਲੇਖ ਲਿਖਿਆ ਸੀ, ਜਿਸ ਵਿਚ ਪਾਕਿਸਤਾਨ ਦੀ ਅੰਗਰੇਜ਼ੀ ਅਖਬਾਰ 'ਡਾਅਨ' ਦੇ ਹਵਾਲੇ ਨਾਲ ਜ਼ਿਕਰ ਕੀਤਾ ਸੀ ਕਿ ਕਰਾਚੀ ਵਿਚ ਕਿਸ ਤਰ੍ਹਾਂ ਰੋਹੰਗਿਆ ਮੁਸਲਮਾਨਾਂ ਦੀ ਅਲੱਗ ਕਾਲੋਨੀ ਹੈ, ਜਿਸ ਨੂੰ 'ਬਰਮੀ ਕਾਲੋਨੀ' ਕਰਕੇ ਜਾਣਿਆ ਜਾਂਦਾ ਹੈ। ਖਬਰ ਅਨੁਸਾਰ ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਪਾਕਿਸਤਾਨੀ ਪਾਸਪੋਰਟ ਹੋਣਾ ਕੋਈ ਮਾਅਨੇ ਨਹੀਂ ਰੱਖਦਾ, ਖਾਸ ਕਰਕੇ ਉਨ੍ਹਾਂ ਦੇ ਸਾਹਮਣੇ ਜਿਨ੍ਹਾਂ ਕੋਲ ਤਾਕਤ ਹੈ। ਮੁਹੰਮਦ ਨਾਂ ਦੇ ਇੱਕ ਵਿਅਕਤੀ ਦਾ ਕਹਿਣਾ ਸੀ ਕਿ ਉਸ ਦੇ ਪਾਸਪੋਰਟ 'ਤੇ ਜੇ ਜਾਰੀ ਕਰਨ ਦੀ ਤਰੀਕ ਦੇਖੀ ਜਾਵੇ ਤਾਂ ਇਹ 31 ਜੁਲਾਈ 1954 ਲਿਖੀ ਹੋਈ ਹੈ ਤੇ ਉਨ੍ਹਾਂ ਨੂੰ ਫਿਰ ਵੀ ਪੁੱਛਦੇ ਹਨ ਕਿ ਆਪਣੀ ਕੌਮੀਅਤ ਸਾਬਤ ਕਰੋ ਅਤੇ ਸਾਰੇ ਰੋਹੰਗੇ ਇਸ 'ਤੇ ਇਕਸੁਰ ਹੋ ਕੇ ਬੋਲਦੇ ਹਨ। ਕਾਲੋਨੀ ਦੀਆਂ ਔਰਤਾਂ ਇਧਰ-ਉਧਰ ਨਹੀਂ ਘੁੰਮਦੀਆਂ ਤੇ ਜੋ ਨਜ਼ਰ ਆਉਂਦੀਆਂ ਹਨ, ਉਹ ਸਿਰ ਤੋਂ ਪੈਰਾਂ ਤੱਕ ਢਕੀਆਂ ਹੋਈਆਂ ਟੋਲਿਆਂ ਵਿਚ ਹੁੰਦੀਆਂ ਹਨ ਜਾਂ ਆਦਮੀ ਦੀ ਸੁਰੱਖਿਆ ਵਿਚ ਹੁੰਦੀਆਂ ਹਨ। ਉਹ ਰਾਤ ਵੇਲੇ ਕਾਲੋਨੀ ਵਿਚ ਪਹਿਰਾ ਦਿੰਦੇ ਹਨ ਅਤੇ ਆਪਣੀ 'ਸੋਸ਼ਲ ਏਡ ਕਮੇਟੀ' ਬਣਾਈ ਹੋਈ ਹੈ।

ਕੈਨੇਡਾ ਵਿਚ ਅਸੀਂ ਜਿਸ ਸਟਰੀਟ 'ਤੇ ਨਵਾਂ ਨਵਾਂ ਘਰ ਲਿਆ ਸੀ, ਉਥੇ ਚਾਰ ਪੰਜ ਘਰ ਛੱਡ ਕੇ ਇੱਕ ਸਿੱਖ ਪਰਿਵਾਰ ਰਹਿੰਦਾ ਸੀ। ਸੁਆਣੀ ਦਾ ਐਕਸੀਡੈਂਟ ਹੋ ਗਿਆ ਤੇ ਉਹ ਵਾਕਰ ਨਾਲ ਤੁਰਦੀ ਸੀ, ਨਾਲ ਨਾਲ ਉਸ ਦਾ ਘਰ ਵਾਲਾ ਹੁੰਦਾ ਸੀ (ਪਿਛਲੇ ਸਾਲ ਉਨ੍ਹਾਂ ਨੇ ਕਿਸੇ ਹੋਰ ਪਾਸੇ ਘਰ ਖਰੀਦ ਲਿਆ)। ਸਵੇਰੇ-ਸ਼ਾਮ ਜਦੋਂ ਮੈਂ ਸੈਰ ਲਈ ਜਾਣਾ ਤਾਂ ਉਹ ਬੀਬਾ ਜੋੜਾ ਅਕਸਰ ਹੀ ਮੈਨੂੰ ਮਿਲ ਜਾਂਦਾ ਅਤੇ 'ਸਤਿ ਸ੍ਰੀ ਅਕਾਲ' ਹੋ ਜਾਂਦੀ। ਹੌਲੀ ਹੌਲੀ ਮੇਰੀ ਉਨ੍ਹਾਂ ਨਾਲ ਦਿਲਚਸਪੀ ਹੋਰ ਵੱਧ ਗਈ, ਜਦੋਂ ਉਨ੍ਹਾਂ ਨੇ ਦੱਸਿਆ ਕਿ ਪਿੱਛੋਂ ਉਹ ਪਾਕਿਸਤਾਨ ਤੋਂ ਸਾਡੇ 'ਮੱਕੇ' ਭਾਵ ਨਨਕਾਣਾ ਸਾਹਿਬ ਤੋਂ ਹਨ। ਪਾਕਿਸਤਾਨ ਤੋਂ ਇਥੇ ਮੈਨੂੰ ਕਈ ਬੀਬੀਆਂ ਜਾਣਦੀਆਂ ਹਨ, ਜੋ ਪੱਛਮੀ ਪੰਜਾਬ ਅਤੇ ਕਰਾਚੀ ਤੋਂ ਹਨ। ਮੇਰੇ ਫੈਮਿਲੀ ਡਾਕਟਰ ਦਾ ਪਿਛੋਕੜ ਵੀ ਪਹਿਲਾਂ ਦਾਦੇ ਕਰਕੇ ਲੁਧਿਆਣੇ ਤੋਂ ਸੀ, ਪਰ ਹੁਣ ਪੱਛਮੀ ਪੰਜਾਬ, ਪਾਕਿਸਤਾਨ ਤੋਂ ਹੈ। ਸਭ ਨਾਲ ਸਾਂਝੇ ਪੰਜਾਬ ਦੀਆਂ ਗੱਲਾਂ ਕਰਕੇ ਬਹੁਤ ਸਕੂਨ ਵੀ ਮਿਲਦਾ ਹੈ ਅਤੇ ਜਾਣਨ ਲਈ ਉਤਸੁਕਤਾ ਵੀ ਜਾਗਦੀ ਹੈ।

ਮਸਲਨ ਹੁਣੇ ਜਿਹੇ ਪੰਜਾਬੀ ਦੇ ਸਤਿਕਾਰਤ ਸ਼ਾਇਰ ਸੁਰਜੀਤ ਪਾਤਰ ਦੀ ਸ਼ਾਇਰੀ ਦਾ ਪ੍ਰੋਗਰਾਮ ਕਰਾਇਆ ਗਿਆ ਤੇ ਉਨ੍ਹਾਂ ਦੀ ਸ਼ਾਇਰੀ ਨੂੰ ਉਨ੍ਹਾਂ ਦੇ ਭਰਾ ਉਪਕਾਰ ਸਿੰਘ, ਬੇਟੇ ਮਨਰਾਜ ਅਤੇ ਪਾਕਿਸਤਾਨੀ ਗਾਇਕ ਸ਼ੌਕਤ ਅਲੀ ਦੇ ਪੁੱਤਰ ਮੋਹਿਸਨ ਸ਼ੌਕਤ ਅਲੀ ਨੇ ਗਾ ਕੇ ਸੁਣਾਉਣਾ ਸੀ। ਮੈਂ ਇਹ ਪ੍ਰੋਗਰਾਮ ਦੇਖਣ ਉਚੇਚਾ ਗਈ, ਕਿਉਂਕਿ ਸੁਰਜੀਤ ਪਾਤਰ ਦੇ ਨਾਲ ਨਾਲ ਮੇਰੇ ਮਨ ਵਿਚ ਸ਼ੌਕਤ ਅਲੀ ਦੇ ਪੁੱਤਰ ਨੂੰ ਸੁਣਨ ਦੀ ਵੀ ਤਾਂਘ ਸੀ। ਸੁਣ ਕੇ ਇਹ ਬੜਾ ਚੰਗਾ ਲਗਦਾ ਸੀ, ਜਦੋਂ ਮੋਹਿਸਨ ਕਹਿੰਦਾ ਸੀ, "ਪਾਤਰ ਸਾਹਿਬ ਦੀ ਇਸ ਗਜ਼ਲ ਦੀ ਧੁਨ ਜਾਂ ਸੰਗੀਤ ਅੱਬਾ ਹਜ਼ੂਰ ਨੇ ਤਿਆਰ ਕੀਤਾ ਹੈ।"

ਗੱਲ ਮੈਂ ਕਰ ਰਹੀ ਸੀ ਉਸ ਪਾਕਿਸਤਾਨੀ ਸਿੱਖ ਜੋੜੇ ਦੀ। ਇੱਕ ਦਿਨ ਪਾਰਕ ਵਿਚ ਬੈਠਿਆਂ ਮੈਂ ਪਾਕਿਸਤਾਨ ਵਿਚ ਸਿੱਖਾਂ ਅਤੇ ਹਿੰਦੂਆਂ ਦੇ ਹਾਲਾਤ ਬਾਰੇ ਪੁੱਛਣ ਲੱਗ ਪਈ। ਜੋ ਉਸ ਜੋੜੇ ਨੇ ਦੱਸਿਆ, ਉਹ ਬਹੁਤ ਫਿਕਰ ਵਾਲੀ ਗੱਲ ਸੀ। ਬੀਬੀ ਕਹਿੰਦੀ, "ਭੈਣ ਜੀ! ਮੇਰੀ ਛੋਟੀ ਧੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ ਅਤੇ ਡਾਕਟਰ ਬਣਨਾ ਚਾਹੁੰਦੀ ਸੀ, ਪਰ ਮੈਂ ਡਰਦੀ ਮਾਰੀ ਨੇ ਉਸ ਨੂੰ ਦਸਵੀਂ ਤੋਂ ਬਾਅਦ ਕਾਲਜ ਨਾ ਭੇਜਿਆ, ਕਿਉਂਕਿ ਕੁੜੀਆਂ ਲਈ ਉਥੇ ਮਾਹੌਲ ਠੀਕ ਨਹੀਂ ਹੈ। ਮੇਰੀ ਛੋਟੀ ਲੜਕੀ ਅਤੇ ਲੜਕਾ ਇਥੇ ਕੇਨੈਡਾ ਦੇ ਪੱਕੇ ਰਿਹਾਇਸ਼ੀ ਹਨ ਤੇ ਵੱਡੀ ਧੀ ਪਾਕਿਸਤਾਨ ਵਿਚ ਹੀ ਹੈ।"

ਉਸ ਨੇ ਖੁਲਾਸਾ ਕੀਤਾ, "ਮੇਰੀ ਵੱਡੀ ਧੀ ਅਕਸਰ ਕਹਿੰਦੀ ਹੈ ਕਿ ਮਾਂ ਜਾਂ ਤੇ ਆਪਾਂ ਨੂੰ ਚਾਹੀਦਾ ਸੀ ਹਿੰਦੁਸਤਾਨ ਚਲੇ ਜਾਂਦੇ ਤੇ ਜਾਂ ਫਿਰ ਮੁਸਲਮਾਨ ਹੋ ਜਾਂਦੇ।"

ਉਸ ਦੇ ਇਸ ਕਥਨ ਵਿਚੋਂ ਜਿਸ ਕਿਸਮ ਦੀ ਪੀੜ ਦਾ ਮੈਨੂੰ ਅਹਿਸਾਸ ਹੋਇਆ, ਮੈਂ ਉਸ ਵਿਚੋਂ ਹੀ ਪ੍ਰਸ਼ਨ ਕੀਤਾ, "ਜਦੋਂ ਪਾਕਿਸਤਾਨ ਬਣਿਆ ਸੀ, ਤੁਸੀਂ ਉਦੋਂ ਕਿਉਂ ਬਾਕੀ ਹਿੰਦੂ-ਸਿੱਖਾਂ ਵਾਂਗ ਹਿੰਦੁਸਤਾਨ ਨਹੀਂ ਗਏ?"

ਉਸ ਨੇ ਦੱਸਿਆ ਕਿ ਉਹ ਪਿੱਛੋਂ ਰਾਵਲਪਿੰਡੀ ਵੱਲੋਂ ਹਿੰਦੁਸਤਾਨ ਜਾਣ ਲਈ ਆ ਰਹੇ ਸਨ, ਰਸਤੇ ਵਿਚ ਨਨਕਾਣਾ ਸਾਹਿਬ ਉਸ ਦੀ ਸੱਸ ਦੇ ਪੇਕੇ ਰਹਿੰਦੇ ਸਨ, ਜਿਨ੍ਹਾਂ ਨੇ ਜ਼ੋਰ ਪਾ ਕੇ ਉਥੇ ਹੀ ਰਹਿ ਜਾਣ ਲਈ ਇਹ ਕਹਿ ਕੇ ਮਨਾ ਲਿਆ ਕਿ 'ਸਾਡੇ ਗੁਰੂ ਦਾ ਜਨਮ ਸਥਾਨ ਹੈ। ਇਥੇ ਕੁਝ ਵੀ ਮਾੜਾ ਨਹੀਂ ਹੋਵੇਗਾ।'

ਨਨਕਾਣਾ ਸਾਹਿਬ ਵਿਚ ਉਥੋਂ ਦੇ ਇੱਕ ਗੁਰਦੁਆਰੇ ਦੇ ਗ੍ਰੰਥੀ ਸਿੰਘ ਦੀ ਧੀ ਜਗਜੀਤ ਕੌਰ ਨੂੰ 27 ਤੇ 28 ਅਗਸਤ ਦੀ ਰਾਤ ਢਾਈ ਕੁ ਵਜੇ, ਜਦੋਂ ਘਰ ਵਿਚ ਕੋਈ ਆਦਮੀ ਨਹੀਂ ਸੀ, ਗੁੰਡੇ ਘਸੀਟ ਕੇ ਲੈ ਗਏ। ਉਸ ਦੀ ਵੱਡੀ ਭੈਣ, ਜਿਸ ਦਾ ਘਰ ਵਾਲਾ ਕੰਮ ਦੇ ਸਿਲਸਿਲੇ ਵਿਚ ਕਿਧਰੇ ਬਾਹਰ ਗਿਆ ਹੋਇਆ ਸੀ, ਵੀ ਬੱਚਿਆਂ ਸਮੇਤ ਆਈ ਹੋਈ ਸੀ। ਉਸ ਨੇ ਜਦੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਵੀ ਜ਼ਖਮੀ ਕਰ ਦਿੱਤਾ। ਸਾਰਾ ਮਾਮਲਾ ਮੀਡੀਆ ਰਾਹੀਂ ਸਭ ਨੇ ਦੇਖਿਆ, ਸੁਣਿਆ ਤੇ ਪੜ੍ਹਿਆ ਹੈ। ਉਸ ਦਾ ਧਰਮ ਤਬਦੀਲ ਕਰਕੇ ਉਸ ਨੂੰ ਮੁਸਲਮਾਨ ਬਣਾ ਦਿੱਤਾ ਅਤੇ ਜਗਜੀਤ ਕੌਰ ਤੋਂ ਨਾਂ ਬਦਲ ਕੇ 'ਆਇਸ਼ਾ' ਰੱਖ ਦਿੱਤਾ।

ਇਹੀ ਨਹੀਂ, ਉਸ ਦਾ ਨਿਕਾਹ ਮੁਹੰਮਦ ਅਹਿਸਾਨ ਨਾਂ ਦੇ ਮੁਸਲਿਮ ਲੜਕੇ ਨਾਲ ਕਰ ਦਿੱਤਾ। ਸਿਰਫ ਇਹ ਸਾਬਤ ਕਰਨ ਲਈ ਕਿ ਕੁੜੀ ਨੇ ਨਿਕਾਹ ਆਪਣੀ ਮਰਜ਼ੀ ਨਾਲ ਕੀਤਾ ਹੈ। ਨਿਕਾਹ ਦੀ ਰਸਮੀ ਜਿਹੀ ਵੀਡੀਓ ਇੰਟਰਨੈਟ 'ਤੇ ਨਸ਼ਰ ਕਰ ਦਿੱਤੀ, ਜਿਸ ਵਿਚ ਮਰਜ਼ੀ ਪੁਛਣ ਵਾਲੇ ਮੌਲਵੀ ਦਾ ਚਿਹਰਾ ਤੱਕ ਨਹੀਂ ਦਿਖਾਇਆ; ਭਾਵੇਂ ਨਿਕਾਹ ਵਿਚ ਇਕੱਲੇ ਮੁੰਡਾ ਤੇ ਕੁੜੀ ਹੀ ਸ਼ਾਮਲ ਨਹੀਂ ਹੁੰਦੇ, ਸਾਰਾ ਪਰਿਵਾਰ ਸ਼ਾਮਲ ਹੋਣਾ ਹੁੰਦਾ ਹੈ। ਇਹ ਸਾਰਾ ਡਰਾਮਾ ਇਹ ਦਿਖਾਉਣ ਲਈ ਕੀਤਾ ਗਿਆ ਕਿ ਮੁੰਡਾ ਤੇ ਕੁੜੀ ਆਪਸ ਵਿਚ ਇਸ਼ਕ ਕਰਦੇ ਸਨ ਅਤੇ ਨਿਕਾਹ ਦੋਹਾਂ ਦੀ ਰਜ਼ਾਮੰਦੀ ਨਾਲ ਹੋਇਆ ਹੈ। ਸਭ ਨੇ ਵੀਡੀਓ ਵਿਚ ਦੇਖਿਆ ਹੈ ਕਿ ਕੁੜੀ ਡਰੀ ਤੇ ਸਹਿਮੀ ਹੋਈ ਸੀ ਅਤੇ ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਪਿਆਰ-ਵਿਆਹ ਵਰਗੀ ਕੋਈ ਖੁਸ਼ੀ ਨਜ਼ਰ ਨਹੀਂ ਸੀ ਆ ਰਹੀ।

ਕੁੜੀ ਦੇ ਦੋਹਾਂ ਵੱਡੇ ਭਰਾਵਾਂ ਦੇ ਦੱਸਣ ਅਨੁਸਾਰ ਭਾਵੇਂ ਉਸ ਨੂੰ ਘਰੋਂ ਜ਼ਬਰਦਸਤੀ ਘਸੀਟ ਕੇ ਲਿਆਂਦਾ ਗਿਆ ਸੀ, ਪਰ ਉਸ ਨੂੰ ਮੌਲਵੀ ਰੂਪੀ ਸ਼ਖਸ ਵੱਲੋਂ ਪ੍ਰਸ਼ਨ ਕਰਕੇ ਦਿਖਾਇਆ ਇਹ ਜਾ ਰਿਹਾ ਸੀ ਕਿ ਉਹ ਆਪਣੀ ਮਰਜ਼ੀ ਨਾਲ ਆਈ ਹੈ ਅਤੇ ਘਰੋਂ ਕੋਈ ਜ਼ੇਵਰਾਤ ਜਾਂ ਨਕਦੀ ਲੈ ਕੇ ਨਹੀਂ ਆਈ। ਜੇ ਉਹ ਆਪਣੀ ਮਰਜ਼ੀ ਨਾਲ ਘਰਦਿਆਂ ਤੋਂ ਚੋਰੀ ਆਈ ਹੁੰਦੀ ਤਾਂ ਘੱਟੋ ਘੱਟ ਆਪਣੇ ਵਿਆਹ 'ਤੇ ਪਾਉਣ ਲਈ ਕੱਪੜੇ ਜ਼ਰੂਰ ਢੰਗ ਦੇ ਲੈ ਕੇ ਆਉਂਦੀ। ਫਿਰ ਨਿਕਾਹ 'ਤੇ ਉਸ ਨੇ ਉਹੀ ਕਾਲੇ ਰੰਗ ਦੀ ਚੁੰਨੀ ਨਹੀਂ ਸੀ ਲਈ ਹੋਣੀ, ਜੋ ਉਸ ਨੇ ਆਪਣੇ ਘਰ ਵਿਚ ਲੈ ਰੱਖੀ ਸੀ। ਉਸ ਦੇ ਭਰਾ ਦੀ ਪਾਕਿਸਤਾਨ ਸਰਕਾਰ ਨੂੰ ਗੁਹਾਰ ਲਾਉਣ ਵਾਲੀ ਵੀਡੀਓ ਸਭ ਨੇ ਦੇਖੀ ਹੋਣੀ ਹੈ, ਜਿਸ ਵਿਚ ਉਸ ਦੇ ਪਿੱਛੇ ਖੜੀਆਂ ਘਰ ਦੀਆਂ ਹੋਰ ਔਰਤਾਂ ਦੇ ਵੀ ਉਹੋ ਜਿਹੀਆਂ ਕਾਲੇ ਰੰਗ ਦੀਆਂ ਚੁੰਨੀਆਂ ਸਿਰ ਉਤੇ ਲਈਆਂ ਹੋਈਆਂ ਹਨ।

ਇਸ ਕਿਸਮ ਦੀ ਇਹ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ ਹੈ। ਜਗਜੀਤ ਕੌਰ ਤੋਂ ਦੋ ਦਿਨ ਬਾਅਦ ਹੀ ਪੋਸਟ ਗ੍ਰੈਜੂਏਸ਼ਨ ਕਰ ਰਹੀ ਇੱਕ ਹਿੰਦੂ ਲੜਕੀ ਨੂੰ ਉਸ ਦੀ ਪੜ੍ਹਾਈ ਵਾਲੀ ਸੰਸਥਾ ਵਿਚੋਂ ਗੁੰਡੇ ਚੁੱਕ ਕੇ ਲੈ ਗਏ। ਜਗਜੀਤ ਕੌਰ ਦਾ ਰਿਸ਼ਤੇਦਾਰ ਭਰਾ, ਜੋ ਕਿਸੇ ਹੋਰ ਮੁਲਕ ਵਿਚ ਰਹਿੰਦਾ ਹੈ, 'ਅਕਾਲ' ਟੀ. ਵੀ. ਚੈਨਲ ਤੋਂ ਦੱਸ ਰਿਹਾ ਸੀ ਕਿ ਸੰਨ 2000 ਵਿਚ ਰਾਵਲਪਿੰਡੀ ਵਿਚ ਉਸ ਦੀ ਭੂਆ ਦੀ ਮਹਿਜ ਸਾਢੇ ਪੰਜ ਸਾਲ ਦੀ ਕੁੜੀ ਨੂੰ ਗਲੀ ਵਿਚ ਖੇਡਦਿਆਂ ਸਹੇਲੀ ਦੇ ਘਰ ਜਾਣ 'ਤੇ ਚੁੱਕ ਲਿਆ ਗਿਆ ਅਤੇ ਧਰਮ ਬਦਲੀ ਕਰਕੇ ਮੁਸਲਮਾਨ ਬਣਾ ਦਿੱਤਾ ਗਿਆ। ਜਦੋਜਹਿਦ ਕਰਨ 'ਤੇ ਕੁੜੀ ਉਨ੍ਹਾਂ ਨੂੰ ਵਾਪਸ ਕਰਨ ਦੀ ਥਾਂ 'ਦਾਰਾ ਉਲ ਲੂਸ਼ਮ' ਵਿਚ ਭੇਜ ਦਿੱਤਾ ਗਿਆ। ਉਸ ਇਲਾਕੇ ਵਿਚ ਪੁਲਿਸ ਜਾਂ ਸਰਕਾਰੀ ਤੰਤਰ ਦਾ ਕੋਈ ਕੰਟਰੋਲ ਨਹੀਂ ਹੈ। ਤਿੰਨ ਸਾਲ ਪਹਿਲਾਂ ਪਿਸ਼ਾਵਰ ਵਿਚ ਇਕ ਕੁੜੀ ਨਾਲ ਇਹੋ ਵਰਤਾਰਾ ਹੋਇਆ ਦੱਸਿਆ ਜਾਂਦਾ ਹੈ।

ਉਸ ਦੇ ਦੱਸਣ ਅਨੁਸਾਰ ਸੱਤ ਮਹੀਨੇ ਪਹਿਲਾਂ ਪਿਸ਼ਾਵਰ ਵਿਚ ਇੱਕ ਵਿਆਹੁਤਾ ਕੁੜੀ ਨੂੰ ਚੁੱਕ ਕੇ ਲੈ ਗਏ, ਜੋ ਗਰਭਵਤੀ ਸੀ। ਫਿਰ ਸਵਾਲ ਇਹ ਪੈਦਾ ਹੋਇਆ ਕਿ ਪਹਿਲਾਂ ਹੀ ਵਿਆਹੀ ਕੁੜੀ ਨਾਲ ਮੁੜ ਨਿਕਾਹ ਕਿਵੇਂ ਹੋਵੇਗਾ? ਇਸ ਲਈ ਉਸ ਨੂੰ ਛੱਡ ਦਿੱਤਾ ਗਿਆ। ਉਸ ਦੇ ਕਹਿਣ ਅਨੁਸਾਰ ਪਿਸ਼ਾਵਰ ਵਿਚ ਇਹ ਬਦਮਾਸ਼ੀ ਆਮ ਚੱਲਦੀ ਹੈ।

ਜੈਕੋਬਾਵਾਦ ਵਿਚ ਮਾਰਚ ਦੇ ਮਹੀਨੇ ਇਸੇ ਤਰ੍ਹਾਂ ਦਾ ਵਾਕਿਆ ਹੋਇਆ ਸੀ ਤਾਂ ਹਿੰਦੂਆਂ-ਸਿੱਖਾਂ, ਸਭ ਨੇ ਮਿਲ ਕੇ ਵੱਡਾ ਮੁਜਾਹਰਾ ਕੀਤਾ ਸੀ ਕਿ ਇਸ ਤਰ੍ਹਾਂ ਦਾ ਵਰਤਾਰਾ ਬੰਦ ਕਰਨ ਲਈ ਸਰਕਾਰ ਕਦਮ ਉਠਾਵੇ। ਉਸ ਭਰਵੇਂ ਇਕੱਠ ਦਾ ਕਹਿਣਾ ਸੀ ਕਿ ਉਹ ਪਾਕਿਸਤਾਨੀ ਸ਼ਹਿਰੀ ਹਨ ਅਤੇ ਪਾਕਿਸਤਾਨ ਨੂੰ ਹੀ ਆਪਣਾ ਮੁਲਕ ਮੰਨਦੇ ਹਨ; ਫਿਰ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਸਲੂਕ ਕਿਉਂ ਕੀਤਾ ਜਾਂਦਾ ਹੈ? ਸਰਕਾਰ ਉਨ੍ਹਾਂ ਦੀ ਜਾਨ-ਮਾਲ, ਇੱਜਤ ਅਤੇ ਬਹੂ-ਬੇਟੀਆਂ ਦੀ ਹਿਫਾਜ਼ਤ ਕਿਉਂ ਨਹੀਂ ਕਰਦੀ? ਜ਼ਨਾਬ ਇਮਰਾਨ ਖਾਨ ਉਨ੍ਹਾਂ ਵੱਲ ਕਿਉਂ ਤਵੱਜੋ ਨਹੀਂ ਦਿੰਦੇ?

ਸਿੰਧ ਵਿਚ ਸਿਰਫ ਹਿੰਦੂ ਲੜਕੀਆਂ ਹੀ ਨਹੀਂ, ਸਗੋਂ ਕਈ ਪਰਿਵਾਰਾਂ ਦੇ ਪਰਿਵਾਰ ਜ਼ਬਰੀ ਮੁਸਲਮਾਨ ਬਣਨ ਲਈ ਮਜ਼ਬੂਰ ਕੀਤੇ ਗਏ ਹਨ। ਪਾਕਿਸਤਾਨ ਵਿਚ ਹਿੰਦੂ, ਸਿੱਖ, ਈਸਾਈ ਭਾਈਚਾਰਿਆਂ ਤੋਂ ਇਲਾਵਾ ਸ਼ੀਆ ਅਤੇ ਅਹਿਮਦੀਆ ਮੁਸਲਮਾਨ ਭਾਈਚਾਰਿਆਂ ਨੂੰ ਵੀ ਹਰ ਤਰੀਕੇ ਨਾਲ ਦਬਾਇਆ ਜਾ ਰਿਹਾ ਹੈ। ਇੱਕ ਈਸਾਈ ਲੜਕੀ ਨੇ ਇਹ ਸੋਚ ਕੇ ਸਿੱਖ ਧਰਮ ਅਪਨਾ ਲਿਆ ਕਿ ਸ਼ਾਇਦ ਸਿੱਖ ਹੋਣ 'ਤੇ ਉਹ ਸੁਰੱਖਿਅਤ ਹੋ ਜਾਵੇਗੀ, ਪਰ ਉਸ ਨੂੰ ਫਿਰ ਵੀ ਬਖਸ਼ਿਆ ਨਾ ਗਿਆ। ਪਾਕਿਸਤਾਨ ਵਿਚ ਸਿੱਖ ਅਤੇ ਹਿੰਦੂ, ਜੋ ਕਿਸੇ ਵੇਲੇ ਲੱਖਾਂ ਦੀ ਤਾਦਾਦ ਵਿਚ ਸਨ, ਅੱਜ ਹਜ਼ਾਰਾਂ ਦੀ ਗਿਣਤੀ ਵਿਚ ਹੀ ਰਹਿ ਗਏ ਹਨ, ਕਿਉਂਕਿ ਉਨ੍ਹਾਂ ਦਾ ਜ਼ਬਰੀ ਧਰਮ ਬਦਲਿਆ ਜਾਂਦਾ ਹੈ।

ਜਨਾਬ ਇਮਰਾਨ ਖਾਨ ਨੇ ਹੁਣੇ ਹੁਣੇ ਲਾਹੌਰ ਵਿਚ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਦੇ ਸਿਲਸਿਲੇ ਵਿਚ ਹੋਈ ਵਿਸ਼ਵ ਕਾਨਫਰੰਸ, ਜਿਸ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਸਮੇਤ ਹਿੰਦੁਸਤਾਨ ਦੇ ਹੋਰ ਮੁਲਕਾਂ ਤੋਂ ਸਿੱਖਾਂ ਨੇ ਹੁਮ ਹੁਮਾ ਕੇ ਸ਼ਿਰਕਤ ਕੀਤੀ, ਬਹੁਤ ਜ਼ੋਰ ਸ਼ੋਰ ਨਾਲ ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਕਰਤਾਰਪੁਰ ਸਾਹਿਬ ਨੂੰ ਸਿੱਖਾਂ ਦੇ 'ਮੱਕਾ' ਅਤੇ 'ਮਦੀਨਾ' ਐਲਾਨਿਆ, ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੇ ਐਲਾਨ ਕੀਤੇ, ਸਿੱਖ ਭਾਈਚਾਰੇ ਦੀਆਂ ਵਡਿਆਈਆਂ ਕੀਤੀਆਂ। ਇਸ ਗੱਲ 'ਤੇ ਵੀ ਖੁੱਲ੍ਹ ਕੇ ਭਾਸ਼ਣ ਦਿੱਤੇ ਕਿ ਆਰ. ਐਸ. ਐਸ. ਘੱਟਗਿਣਤੀ ਭਾਈਚਾਰਿਆਂ ਦਾ ਕੀ ਹਸ਼ਰ ਕਰ ਰਹੀ ਹੈ ਜਾਂ ਕਰ ਦੇਵੇਗੀ! ਕਸ਼ਮੀਰ ਬਾਰੇ ਬੜੇ ਐਲਾਨ ਕੀਤੇ ਕਿ ਅਸੀਂ ਕਸ਼ਮੀਰੀਆਂ ਦੇ ਨਾਲ ਖੜ੍ਹੇ ਹਾਂ, ਕਸ਼ਮੀਰੀਆਂ ਦੇ ਹੱਕ ਲਈ ਭਾਰਤ ਨਾਲ ਲੜਾਈ ਵੀ ਕਰ ਸਕਦੇ ਹਾਂ, ਜਿਸ ਵਿਚ ਨਿਊਕਲੀਅਰ ਬੰਬ ਵੀ ਵਰਤੇ ਜਾ ਸਕਦੇ ਹਨ ਵਗੈਰਾ ਵਗੈਰਾ।

ਪਰ ਕੀ ਜਨਾਬ ਇਮਰਾਨ ਖਾਨ ਨੂੰ ਉਹ ਵਰਤਾਰਾ ਨਜ਼ਰ ਨਹੀਂ ਆਉਂਦਾ, ਜੋ ਘੱਟਗਿਣਤੀ ਭਾਈਚਾਰਿਆਂ ਨਾਲ ਭਾਵੇਂ ਉਹ ਸਿੱਖ ਹਨ, ਹਿੰਦੂ, ਈਸਾਈ, ਜਾਂ ਫਿਰ ਅਹਿਮਦੀਆ ਜਾਂ ਸ਼ੀਆ ਮੁਸਲਿਮ ਭਾਈਚਾਰੇ, ਨਾਲ ਵਾਪਰ ਰਿਹਾ ਹੈ? ਮਨੁੱਖੀ ਅਧਿਕਾਰਾਂ ਦਾ ਕਾਨੂੰਨ ਤਾਂ ਸਭ ਮੁਲਕਾਂ ਦੇ ਵਸਨੀਕਾਂ 'ਤੇ ਇੱਕੋ ਜਿਹਾ ਹੀ ਲਾਗੂ ਹੋਣਾ ਚਾਹੀਦਾ ਹੈ ਕਿ ਨਹੀਂ? ਇਸ ਸਬੰਧੀ ਉਨ੍ਹਾਂ ਸਿੱਖਾਂ ਨੂੰ ਵੀ ਗੰਭੀਰਤਾ ਨਾਲ ਸੋਚਣਾ ਪਵੇਗਾ, ਜੋ ਇਸ ਗੱਲ 'ਤੇ ਬਾਗੋ ਬਾਗ ਹੋ ਰਹੇ ਹਨ ਕਿ ਜਨਾਬ ਇਮਰਾਨ ਖਾਨ ਨੇ ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਕਰਤਾਰਪੁਰ ਸਾਹਿਬ ਨੂੰ ਸਿੱਖਾਂ ਦੇ 'ਮੱਕਾ' ਅਤੇ 'ਮਦੀਨਾ' ਐਲਾਨਿਆ ਹੈ। ਉਹ ਸਾਡੇ ਮੁਕੱਦਸ ਸਥਾਨ ਹਨ ਅਤੇ ਰਹਿਣਗੇ ਭਾਵੇਂ ਕੋਈ ਇਸ ਨੂੰ ਮੰਨੇ ਜਾਂ ਨਾ ਮੰਨੇ; ਕੋਈ ਐਲਾਨ ਕਰੇ ਜਾਂ ਨਾ ਕਰੇ। ਹਰ ਸਿੱਖ ਇਨ੍ਹਾਂ ਪਵਿੱਤਰ ਸਥਾਨਾਂ ਦੇ ਦਰਸ਼ਨ ਦੀਦਾਰਿਆਂ ਲਈ ਦੋ ਵੇਲੇ ਅਰਦਾਸ ਕਰਦਾ ਹੈ। ਪਰ ਸਵਾਲ ਇਹ ਹੈ ਕਿ ਸਿੱਖਾਂ ਦੇ 'ਮੱਕੇ' ਅਤੇ 'ਮਦੀਨੇ' ਜਾਂ ਪਾਕਿਸਤਾਨ ਦੇ ਹੋਰ ਹਿੱਸਿਆਂ ਵਿਚ ਰਹਿ ਰਹੇ ਸਿੱਖਾਂ ਨਾਲ ਕੀ ਹੋ ਰਿਹਾ ਹੈ? ਮੀਡੀਆ ਦੇ ਖੁਲਾਸਿਆਂ ਅਨੁਸਾਰ ਇਹ ਗੁੰਡਾ ਗਰੋਹ ਨਾ ਸਿਰਫ ਧੀਆਂ-ਭੈਣਾਂ ਨੂੰ ਚੁੱਕਦੇ, ਮੁਸਲਮਾਨ ਬਣਾਉਂਦੇ ਅਤੇ ਉਨ੍ਹਾਂ ਨਾਲ ਮੁਸਲਿਮ ਮੁੰਡਿਆਂ ਦੇ ਨਿਕਾਹ ਕਰਦੇ ਹਨ, ਸਗੋਂ ਨਨਕਾਣਾ ਸਾਹਿਬ ਵਿਖੇ ਅਤੇ ਆਸ-ਪਾਸ ਸਿੱਖਾਂ-ਹਿੰਦੂਆਂ ਦੀ ਜ਼ਮੀਨ ਜਾਇਦਾਦ 'ਤੇ ਵੀ ਨਾਜਾਇਜ਼ ਕਬਜ਼ੇ ਕਰਦੇ ਹਨ।

ਸਵਾਲ ਇਹ ਵੀ ਹੈ ਕਿ ਜੇ ਅਜਿਹੇ 'ਨਿਕਾਹ' ਮੁੰਡੇ-ਕੁੜੀਆਂ ਦੇ ਇਸ਼ਕ ਦਾ ਨਤੀਜਾ ਹੁੰਦੇ ਹਨ ਤਾਂ ਪਾਕਿਸਤਾਨੀ ਰਿਵਾਜ਼ ਅਨੁਸਾਰ ਮੁੰਡੇ ਦੇ ਘਰ ਵਾਲੇ ਕੁੜੀ ਦੇ ਘਰ ਵਾਲਿਆਂ ਤੱਕ ਪਹੁੰਚ ਕਰਕੇ ਰਿਸ਼ਤਾ ਕਿਉਂ ਨਹੀਂ ਮੰਗਦੇ ਅਤੇ ਇਹ ਪੇਸ਼ਕਸ਼ ਕਿਉਂ ਨਹੀਂ ਕਰਦੇ ਕਿ ਕੁੜੀ ਦੇ ਧਰਮ ਅਨੁਸਾਰ ਉਨ੍ਹਾਂ ਦਾ ਲੜਕਾ ਸਿੱਖ ਜਾਂ ਹਿੰਦੂ ਧਰਮ ਅਪਨਾਏਗਾ? ਕੁੜੀਆਂ ਨੂੰ ਹੀ ਕਿਉਂ ਜ਼ਬਰੀ ਚੁਕ ਕੇ ਧਰਮ ਤਬਦੀਲ ਕੀਤਾ ਜਾਂਦਾ ਹੈ?

ਪਾਕਿਸਤਾਨ ਦੇ ਅਖਬਾਰ 'ਡਾਨ' ਵਿਚ ਹੀ ਪੱਤਰਕਾਰ ਅਮੀਰ ਮਿਰਜ਼ਾ ਦਾ ਪਾਕਿਸਤਾਨੀ ਪ੍ਰਬੰਧ ਵਾਲੇ ਕਸ਼ਮੀਰ 'ਤੇ ਇੱਕ ਲੇਖ ਛਪਿਆ ਸੀ, ਜਿਸ 'ਚ ਉਸ ਨੇ ਖੁਲਾਸਾ ਕੀਤਾ ਸੀ ਕਿ 'ਉਥੇ ਮੌਲਿਕ ਸਹੂਲਤਾਂ ਦੀ ਘਾਟ ਹੈ, ਸੜਕਾਂ ਦਾ ਬੁਰਾ ਹਾਲ ਹੈ, ਪਾਕਿਸਤਾਨੀ ਕਸ਼ਮੀਰ ਵਿਚ ਗਰੀਬੀ ਦਾ ਵਿਸਤਾਰ ਖੜ੍ਹੇ ਰੁਖ ਹੈ, ਜਿਵੇਂ ਜਿਵੇਂ ਤੁਸੀਂ ਉਚਾਈ ਵੱਲ ਜਾਂਦੇ ਹੋ, ਉਦਯੋਗ ਦੀਆਂ ਸਭ ਨਿਸ਼ਾਨੀਆਂ ਖਤਮ ਹੋ ਜਾਂਦੀਆਂ ਹਨ। ਮੁਢਲੀਆਂ ਸਹੂਲਤਾਂ ਬਹੁਤ ਘੱਟ ਹਨ, ਖਾਸ ਕਰ ਸਿਹਤ ਪੱਖੋਂ, ਸਿੱਖਿਆ ਸਬੰਧੀ ਕੁਝ ਸਹੂਲਤਾਂ ਬਿਹਤਰ ਹਨ-ਜਨਤਕ, ਨਿਜੀ ਅਤੇ ਐਨ. ਜੀ. ਓ. ਵੱਲੋਂ ਚਲਾਏ ਜਾ ਰਹੇ ਸਕੂਲਾਂ ਤੇ ਕਾਲਜਾਂ ਕਰਕੇ। ਮਨੁੱਖ ਅਤੇ ਜਾਨਵਰ ਛੱਤਾਂ ਤੇ ਸੜਕਾਂ ਉਤੇ ਥਾਂ ਮੱਲਣ ਲਈ ਹੋੜ ਲਾਉਂਦੇ ਹਨ, ਮੁਰਦੇ ਵੀ ਜਿਉਂਦਿਆਂ 'ਚ ਅਰਾਮ ਫਰਮਾ ਰਹੇ ਹਨ।

ਜਨਾਬ ਇਮਰਾਨ ਖਾਨ ਨੂੰ ਚਾਹੀਦਾ ਹੈ ਕਿ ਭਾਰਤ ਨਾਲ ਲੜਾਈ ਕਰਨ ਨਾਲੋਂ ਸਾਰਾ ਪੈਸਾ ਮਕਬੂਜ਼ਾ ਕਸ਼ਮੀਰ ਦੀ ਤਰੱਕੀ ਲਈ ਵਰਤਣ ਤੇ ਉਧਰਲੇ ਕਸ਼ਮੀਰੀਆਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਪਾਕਿਸਤਾਨ ਵਿਚਲੇ ਘੱਟਗਿਣਤੀ ਭਾਈਚਾਰਿਆਂ ਦੇ ਮੁਢਲੇ ਹੱਕ ਬਹਾਲ ਕਰਕੇ ਉਨ੍ਹਾਂ ਦੇ ਜਾਨ-ਮਾਲ ਤੇ ਸਨਮਾਨ ਦੀ ਰੱਖਿਆ ਯਕੀਨੀ ਬਣਾਉਣ।

ਮਲਾਲਾ ਯੂਸਫਜ਼ਈ, ਜਿਸ ਦੇ ਨਾਂ 'ਤੇ ਬਾਕਾਇਦਾ ਸੰਸਥਾ ਸਥਾਪਤ ਹੈ ਅਤੇ ਇਸ ਸੰਸਥਾ ਦੇ ਨਾਂ 'ਤੇ ਕਰੋੜਾਂ ਡਾਲਰ ਕੌਮਾਂਤਰੀ ਭਾਈਚਾਰਿਆਂ ਵੱਲੋਂ ਮੁਹੱਈਆ ਕਰਵਾਏ ਗਏ ਹਨ ਤੇ ਪਾਕਿਸਤਾਨ ਤਾਂ ਕੀ, ਦੁਨੀਆਂ ਭਰ ਦੀਆਂ ਕੁੜੀਆਂ, ਔਰਤਾਂ ਦੇ ਹੱਕਾਂ ਦੀ ਰਾਖੀ ਲਈ ਥਾਂ ਥਾਂ ਕੌਮਾਂਤਰੀ ਪੱਧਰ 'ਤੇ ਪ੍ਰਚਾਰ ਕਰ ਰਹੀ ਹੈ ਤੇ ਸਨਮਾਨ ਲੈ ਰਹੀ ਹੈ। ਕੀ ਉਸ ਨੂੰ ਪਾਕਿਸਤਾਨ ਵਿਚ ਸਿੱਖ, ਹਿੰਦੂ ਅਤੇ ਈਸਾਈ ਕੁੜੀਆਂ ਨਾਲ ਹੋ ਰਹੇ ਧੱਕੇ, ਜ਼ਬਰੀ ਧਰਮ ਤਬਦੀਲੀ ਅਤੇ ਜ਼ਬਰੀ ਨਿਕਾਹ ਨਜ਼ਰ ਨਹੀਂ ਆਉਂਦੇ? ਉਸ ਨੇ ਇਨ੍ਹਾਂ ਨਿਮਾਣੀਆਂ ਅਤੇ ਨਿਹੱਥੀਆਂ ਦੇ ਹੱਕ ਵਿਚ ਕਦੇ ਵੀ ਹਾਅ ਦਾ ਨਾਹਰਾ ਨਹੀਂ ਮਾਰਿਆ।

ਕਿਸੇ ਵੀ ਮਨੁੱਖ ਦੇ ਮੁਢਲੇ ਸ਼ਹਿਰੀ ਹਕੂਕ ਉਸ ਦੇ ਕਿਸੇ ਮੁਲਕ ਦਾ ਨਾਗਰਿਕ ਹੋਣ ਦੇ ਹੱਕ ਵਜੋਂ ਹੁੰਦੇ ਹਨ; ਸਿੱਖ, ਹਿੰਦੂ, ਮੁਸਲਮਾਨ, ਈਸਾਈ, ਪੁਰਸ਼ ਜਾਂ ਔਰਤ ਹੋਣ ਵਜੋਂ ਨਹੀਂ ਹੁੰਦੇ। ਇਸ ਲਈ ਕਿਸੇ ਵੀ ਮੁਲਕ ਦੀ ਸਰਕਾਰ ਦਾ ਇਹ ਪਹਿਲਾ ਫਰਜ਼ ਹੈ ਕਿ ਇਨ੍ਹਾਂ ਮੁਢਲੇ ਹੱਕਾਂ ਦੀ ਸੁਰੱਖਿਆ ਆਪਣੇ ਸ਼ਹਿਰੀਆਂ ਨੂੰ ਮੁਹੱਈਆ ਕਰਾਵੇ। ਮੁਲਕ ਵਿਚ ਰਹਿ ਰਹੇ ਵੱਖ ਵੱਖ ਭਾਈਚਾਰਿਆਂ, ਖਾਸ ਕਰ ਬਹੁਗਿਣਤੀ ਦਾ ਫਰਜ਼ ਬਣਦਾ ਹੈ ਕਿ ਦੂਸਰਿਆਂ ਦੇ ਮੁਢਲੇ ਹੱਕਾਂ ਨੂੰ ਬਹਾਲ ਕਰਨ ਵਿਚ ਭਾਈਚਾਰਕ ਸਾਂਝ ਬਰਕਰਾਰ ਰੱਖਦਿਆਂ ਮਦਦ ਕਰਨ।

ਪਾਕਿਸਤਾਨੀ ਪੰਜਾਬੀ ਕੁੜੀ ਦੀ ਵਾਇਰਲ ਕੀਤੀ ਵੀਡੀਓ ਨਾਲ ਟਿੱਪਣੀਆਂ ਪੜ੍ਹ ਕੇ ਅਤੇ ਕਈਆਂ ਦੇ ਬਿਆਨ ਸੁਣ ਕੇ ਬਹੁਤ ਅਫਸੋਸ ਹੋਇਆ। ਕਸ਼ਮੀਰੀ ਕੁੜੀਆਂ ਦੀ ਮਦਦ ਕਰਨ ਕਰਕੇ ਸਿੱਖ ਹੀ ਸਿੱਖ ਵੀਰਾਂ ਨੂੰ ਕੋਸ ਰਹੇ ਸਨ ਤੇ ਕਸ਼ਮੀਰੀ ਕੁੜੀਆਂ ਨੂੰ 'ਮੁਸਲੀਆਂ' ਤੱਕ ਲਿਖਿਆ ਹੋਇਆ ਸੀ। ਕਿੰਨੇ ਅਫਸੋਸ ਦੀ ਗੱਲ ਹੈ! ਅਜਿਹੇ ਲੋਕ ਇਹ ਭੁੱਲ ਜਾਂਦੇ ਹਨ ਕਿ ਅਜਿਹੇ ਔਖੇ ਸਮੇਂ ਕਿਸੇ ਦੀ ਮਦਦ ਕਰਕੇ ਅਸੀਂ ਮਨੁੱਖ ਹੋਣ ਦਾ ਸਬੂਤ ਦਿੰਦੇ ਹਾਂ। ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਹੀ ਮਾਨਵੀ ਹੱਕਾਂ ਲਈ ਔਰੰਗਜ਼ੇਬ ਵੱਲੋਂ ਲੋਕਾਂ ਦਾ ਜ਼ਬਰੀ ਧਰਮ ਬਦਲੀ ਕਰਨ ਦੇ ਖਿਲਾਫ ਸ਼ਹਾਦਤ ਦਿੱਤੀ ਸੀ ਕਿ ਆਪਣੇ ਇਸ਼ਟ ਨੂੰ ਮੰਨਣਾ ਹਰ ਮਨੁੱਖ ਦਾ ਮੌਲਿਕ ਹੱਕ ਹੈ।

ਪਾਕਿਸਤਾਨ ਵਿਚ ਨਾਸਰ ਢਿੱਲੋਂ, ਲਵਲੀ ਸਿੰਘ ਅਤੇ ਉਨ੍ਹਾਂ ਦੇ ਦੋਸਤਾਂ ਵੱਲੋਂ ਦੋਹਾਂ ਪੰਜਾਬਾਂ ਦੇ ਲੋਕਾਂ ਵਿਚ ਮੇਲ-ਜੋਲ ਵਧਾਉਣ ਲਈ ਪੰਜਾਬੀ ਲਹਿਰ ਸ਼ੁਰੂ ਕੀਤੀ ਹੋਈ ਹੈ। ਨਗਰ ਕੀਰਤਨ ਤੇ ਨਨਕਾਣਾ ਸਾਹਿਬ ਗਏ ਬਹੁਤ ਸਾਰੇ ਸਿੱਖਾਂ ਨੇ ਉਸ ਨੂੰ ਦੇਖਿਆ ਵੀ ਹੋਵੇਗਾ। ਜਗਜੀਤ ਕੌਰ ਦੇ ਮਾਮਲੇ ਦਾ ਪਤਾ ਲੱਗਦੇ ਸਾਰ ਉਹ ਆਪਣੇ ਦੋਸਤਾਂ ਨੂੰ ਲੈ ਕੇ ਮਾਮਲੇ ਦੀ ਤਹਿ ਤੱਕ ਪਹੁੰਚਣ ਲਈ ਨਨਕਾਣਾ ਸਾਹਿਬ ਵੱਲ ਰਵਾਨਾ ਹੋ ਗਿਆ। ਜ਼ਿਆਦਤੀ ਕਿਤੇ ਵੀ ਹੋਵੇ, ਕਿਸੇ ਨਾਲ ਵੀ ਹੋਵੇ, ਉਸ ਖਿਲਾਫ ਲੜਨਾ ਤੇ ਆਵਾਜ਼ ਉਠਾਉਣੀ ਆਪਣੇ ਆਪ ਨੂੰ ਮਨੁੱਖ ਕਹਾਉਣ ਵਾਲੇ ਹਰ ਜਣੇ ਦਾ ਫਰਜ਼ ਬਣਦਾ ਹੈ ਤਾਂ ਕਿ ਔਰੰਗਜ਼ੇਬੀ ਜ਼ਹਿਨੀਅਤ ਨੂੰ ਨੱਥ ਪਾਈ ਜਾ ਸਕੇ, ਇਹ ਭਾਵੇਂ ਪਾਕਿਸਤਾਨ ਹੋਵੇ ਤੇ ਭਾਵੇਂ ਹਿੰਦੁਸਤਾਨ ਜਾਂ ਦੁਨੀਆਂ ਦਾ ਕੋਈ ਹੋਰ ਮੁਲਕ।

## 9/11: ਟਵਿਨ ਟਾਵਰ

*(ਅੱਖੀਂ ਦੇਖਿਆ ਸ਼ਹਿਰ ਦਾ ਹਾਲ)*

ਲੱਖਾਂ ਲੋਕਾਂ ਦੇ ਘਰ ਸੋਗ ਪਿਆ
ਖੁਸ਼ੀ ਕਿਸੇ ਦੇ ਘਰ ਨਾ ਆਈ।
ਤੜਪ ਤੜਪ ਭੁੱਜ ਭੁੱਜ ਮਰ ਗਏ



*ਧਮਾਕੇ ਪਿਛੋਂ ਸੜ ਰਹੇ ਟਵਿਨ ਟਾਵਰ*

ਇਕ ਦੂਜੇ ਦੇ ਵਿਚ ਵੱਜ ਵੱਜ
ਉਤੋਂ ਮਲਬਾ ਡਿੱਗੇ ਭਾਰੀ ਅੰਗਿਆਰ
ਵਿਚੋਂ ਲੋਹਾ ਤਿੱਖਾ ਟੁਕੜੇ ਟੁਕੜੇ ਕਰਦਾ
ਕੱਟ ਰਿਹਾ ਸਰੀਰ ਖੂਨੋ ਖੂਨ ਕਰਦਾ
ਜੋ ਭੱਜ ਸਕੇ ਭੱਜ ਗਏ।
ਇੰਨਾ ਭਾਰੀ ਵਜਨ
ਜੋ ਸਰੀਰਕ ਚੱਕ ਨਾ ਸਕਿਆ
ਹੋ ਗਿਆ ਰਾਖੋਂ ਰਾਖ
ਖੂਨ ਵੀ ਦਿਖਾਈ ਨਾ ਦਿੱਤਾ
ਪਿਘਲੇ ਲੋਹੇ ਦੇ ਨਾਲ।
ਜੋ ਬਚ ਨਿਕਲੇ ਅੱਗ ਅਤੇ ਮੌਤ 'ਚੋਂ
ਮਰਦਿਆਂ ਨੂੰ ਦੇਖਿਆ ਅੱਖਾਂ ਨਾਲ।
ਚੀਕਾਂ ਚਿਹਾੜਿਆਂ 'ਚ ਜਾਨ ਨਿਕਲੀ
ਆਵਾਜ਼ਾਂ ਮਾਰ ਮਾਰ।
ਸਾਹ ਘੁੱਟ ਹੋ ਗਏ ਭੱਜ ਨਾ ਸਕੇ ਮੌਤ ਤੋਂ।
ਜਦ ਚਾਰਾ ਕੋਈ ਨਾ ਰਿਹਾ ਜੀਣ ਦਾ
ਡਿੱਗੇ ਮੌਤ ਨੂੰ ਜੱਫੀ ਪਾ।
ਨਾ ਹੱਡੀ ਲੱਭੀ, ਨਾ ਪਸਲੀ ਕੋਈ
ਹੋ ਗਿਆ ਸਭ ਰਾਖੋਂ ਰਾਖ।
ਸੋਗ ਪਿਆ, ਮਰ ਗਏ ਜਿਨ੍ਹਾਂ ਦੇ
ਖੁਸ਼ੀ ਦੀ ਕਿਰਨ ਨਾ ਕਿਸੇ ਦੇ ਹੱਥ ਆਈ।
ਕਿਸ ਤਰ੍ਹਾਂ ਦਾ ਬਦਲਾ
ਕਿਸ ਤਰ੍ਹਾਂ ਦਾ ਅਤਿਵਾਦ?
ਆਪ ਵੀ ਮਰਨਾ, ਦੂਜੇ ਨੂੰ ਵੀ ਮਾਰਨਾ।
ਮਰਨ ਵਾਲਾ ਕੌਣ ਸੀ?
ਇਕ ਦਫਤਰੀ ਜਾਂ ਮਜਦੂਰ
ਸਵੇਰ ਕੋਈ ਭੱਜਿਆ ਕੰਮ ਨੂੰ
ਬੱਚੇ ਨੂੰ ਗਲੋਂ ਲਾਹ ਪਰ੍ਹੇ
ਮੁੜ ਘਰ ਨਾ ਆਇਆ
ਇੰਤਜ਼ਾਰ ਕਰਦੇ ਮਾਂ-ਬਾਪ ਰਾਹ ਤੱਕਦੇ
ਸੁਪਨਾ ਹੋ ਗਿਆ, ਸਾਲ ਬੀਤ ਗਏ
ਅੱਜ ਵੀ ਆਇਆ, ਕੱਲ ਵੀ ਆਇਆ
ਉਮੀਦ ਸੀ, ਹੌਸਲਾ ਸੀ
ਜ਼ਿੰਦਗੀ ਹੋ ਗਈ ਖੇਰੂੰ ਖੇਰੂੰ।
ਟਵਿਨ ਟਾਵਰਜ਼ ਨਾਂ ਸੀ ਜਿਸ ਦਾ
ਪੁਲਿਸ, ਅੱਗ ਬੁਝਾਊ ਸੰਸਥਾ ਬਚ ਗਏ ਜੋ
ਮਰ ਰਹੇ ਕੋਝੇ ਰੰਗਾਂ ਨਾਲ।
ਟਾਵਰ ਉਸ ਤੋਂ ਵੱਡਾ ਬਣ ਖੜ੍ਹਾ।
ਮਰੇ ਜੋ, ਲੱਭਾ ਹੀ ਨਹੀਂ ਕੁਝ ਦੇਹਾਂ ਦਾ।
ਕੀ ਕਰਨਾ ਸੁਆਹ ਲੈ ਕੇ
ਸਿਰਫ ਮਨ ਨੂੰ ਧਰਵਾਸਾ!

**-ਦਰਸ਼ਨਪਾਲ ਦੋਸਾਂਝ**

# ਅੰਮ੍ਰਿਤਾ ਪ੍ਰੀਤਮ: ਕੁਝ ਯਾਦਾਂ, ਕੁਝ ਯਾਦਗਾਰੀ ਪਲ

*ਇਹ ਵਰ੍ਹਾ ਸਰਕਰਦਾ ਲੇਖਕਾ ਅੰਮ੍ਰਿਤਾ ਪ੍ਰੀਤਮ ਦਾ ਸ਼ਤਾਬਦੀ ਵਰ੍ਹਾ ਹੈ। ਅੰਮ੍ਰਿਤਾ (31 ਅਗਸਤ 1919-31 ਅਕਤੂਬਰ 2005) ਨੇ ਕਵਿਤਾ, ਨਾਵਲ, ਕਹਾਣੀਆਂ ਅਤੇ ਵਾਰਤਕ ਰਾਹੀਂ ਪੰਜਾਬੀ ਸਾਹਿਤ ਨੂੰ ਮਾਲਾਮਾਲ ਕੀਤਾ। 'ਨਾਗਮਣੀ' ਵਰਗਾ ਸਾਹਿਤਕ ਪਰਚਾ ਕੱਢ ਕੇ ਨਵੇਂ ਲੇਖਕਾਂ ਦੇ ਪੂਰਾਂ ਦੇ ਪੂਰ ਪੈਦਾ ਕੀਤੇ। ਉਸ ਦੀ ਜ਼ਿੰਦਗੀ ਨਾਲ ਕਈ ਤਰ੍ਹਾਂ ਦੇ ਵਾਦ-ਵਿਵਾਦ ਜੁੜੇ ਰਹੇ ਹਨ, ਪਰ ਉਹ ਅਜਿਹੀ ਸ਼ਖਸੀਅਤ ਸੀ ਜਿਸ ਨੇ ਉਸ ਦੌਰ ਉਤੇ ਆਪਣਾ ਅਸਰ ਛੱਡਿਆ। ਗੁਰਦੇਵ ਚੌਹਾਨ ਨੇ ਆਪਣੇ ਇਸ ਲੇਖ ਵਿਚ ਉਸ ਦੇ ਜੀਵਨ ਦੀਆਂ ਕੁਝ ਕੁ ਝਲਕੀਆਂ ਪੇਸ਼ ਕੀਤੀਆਂ ਹਨ। -ਸੰਪਾਦਕ*

ਅੰਮ੍ਰਿਤਾ ਸਾਡੇ ਸਮਿਆਂ ਦੀ ਅਤੇ ਸਾਡੇ ਲਈ ਬਹੁਤ ਦਿਲਕਸ਼ ਸ਼ਖਸੀਅਤ ਸੀ।ਮਹਿਜ਼ ਉਸ ਨੂੰ ਵੇਖਣ ਦੀ ਖਿਚ ਹੀ ਕਾਫੀ ਹੁੰਦੀ ਸੀ। ਹਰ ਸਿਖਾਂਦਰੂ ਪੰਜਾਬੀ ਲੇਖਕ ਨੂੰ ਉਸ ਦੇ ਘਰ, ਉਸ ਨੂੰ ਵੇਖਣ ਦੀ ਖਿਚ ਹੁੰਦੀ। ਉਸ ਨੂੰ ਮਿਲ ਕੇ ਆਉਣਾ ਹਰ ਸਾਹਿਤਕਾਰ ਅਤੇ ਸਾਹਿਤ-ਰਸੀਏ ਲਈ ਇਵੇਂ ਸੀ, ਜਿਵੇਂ ਕੋਈ ਦਿੱਲੀ ਦਾ ਲਾਲ ਕਿਲ੍ਹਾ ਵੇਖ ਆਇਆ ਹੋਵੇ। ਉਹ ਅਤੇ ਉਸ ਦਾ ਘਰ ਪੰਜਾਬੀਆਂ ਲਈ ਦਿੱਲੀ ਦੀ ਯਾਤਰਾ ਦਾ ਅਹਿਮ ਅੰਗ ਬਣ ਗਿਆ ਸੀ।'ਸੀ' ਲਿਖਣ ਲਗਿਆਂ ਮੇਰਾ ਹੱਥ ਕੰਬ ਜਿਹਾ ਗਿਆ ਹੈ। ਪਤਾ ਨਹੀਂ, ਇਸ 'ਸੀ' ਨੂੰ ਅਸੀਂ ਕਿੰਨਾ ਕੁ ਚਿਰ 'ਹੈ' ਬਣਾਈ ਰੱਖ ਸਕਦੇ ਹਾਂ।



**ਗੁਰਦੇਵ ਚੌਹਾਨ**

ਮੈਂ ਸਮੇਂ ਵਿਚ ਪਿਛੇ ਜਾਂਦਾ ਹਾਂ। ਕਦੇ ਕਦੇ ਲਗਦਾ ਹੈ, ਜਿਵੇਂ ਕੇਵਲ ਪਿੱਛੇ ਜਾ ਸਕਣ ਵਾਲਾ ਸਮਾਂ ਹੀ ਮੇਰਾ ਹੈ। ਇਸੇ 'ਤੇ ਕੇਵਲ ਮੇਰੀ ਇਜਾਰੇਦਾਰੀ ਹੈ ਜਾਂ ਵੱਸ ਚਲਦਾ ਹੈ। ਹਥਲਾ ਸਮਾਂ ਤਾਂ ਹੱਥਾਂ ਵਿਚੋਂ ਕਿਰਨ ਵਾਂਗ ਮੇਰਾ ਨਹੀਂ। ਗੱਲ ਕੋਈ 1970 ਜਾਂ ਇਸ ਦੇ ਆਸ ਪਾਸ ਦੀ ਹੋਵੇਗੀ, ਜਦ ਮੈਂ ਪਹਿਲੀ ਵਾਰ ਅੰਮ੍ਰਿਤਾ ਨੂੰ ਉਸ ਦੇ ਘਰ ਜਾ ਕੇ ਵੇਖਿਆ। ਮੇਰੇ ਨਾਲ ਉਸ ਸਮੇਂ ਦੇਵ ਭਾਰਦਵਾਜ ਸੀ। ਅੰਮ੍ਰਿਤਾ ਨੂੰ ਵੇਖਣ ਦਾ ਉਸ ਦਾ ਚਾਅ ਵੀ ਵੇਖਣ ਵਾਲਾ ਸੀ। ਸ਼ਾਇਦ ਉਸੇ ਨੇ ਹੀ ਅੰਮ੍ਰਿਤਾ ਤੋਂ ਟੈਲੀਫੋਨ 'ਤੇ ਘਰ ਆਉਣ ਦੀ ਇਜਾਜ਼ਤ ਮੰਗੀ ਸੀ। ਅੰਮ੍ਰਿਤਾ ਦੇ ਘਰ ਜਾ ਆਉਣਾ ਆਪਣੇ ਘਰ ਆਉਣ ਵਰਗਾ ਅਹਿਸਾਸ ਦਿੰਦਾ ਸੀ ਅਤੇ ਖੁਸ਼ੀ ਵੀ। ਉਦੋਂ ਖੁਸ਼ੀ ਵੀ ਦੇਸੀ ਘਿਉ ਵਾਂਗ ਅਸਲੀ ਹੁੰਦੀ ਸੀ। ਅੱਜ ਕੱਲ ਖੁਸ਼ੀ ਵਿਚ ਉਹ ਦਮ ਨਹੀਂ ਰਿਹਾ।

ਰੀਲ੍ਹ ਕੁਝ ਹੋਰ ਪਿਛੇ ਘੁਮਾਉਂਦਾ ਹਾਂ। ਜਿਵੇਂ ਸਿਨੇਮਾ ਵਾਲੇ ਕਹਿੰਦੇ ਹਨ 'ਕੱਟ' ਅਤੇ ਸੀਨ ਬਦਲ ਜਾਂਦਾ ਹੈ। ਮੈਂ ਅਜੇ ਮੈਟ੍ਰਿਕ ਹੀ ਪਾਸ ਕੀਤੀ ਸੀ। ਅੰਮ੍ਰਿਤਾ ਨੂੰ ਉਦੋਂ ਕੁ ਹੀ ਸਾਹਿਤ ਅਕਾਦਮੀ ਐਵਾਰਡ ਮਿਲਿਆ ਸੀ, ਭਾਈ ਵੀਰ ਸਿੰਘ ਦੇ ਆਸ ਪਾਸ। 'ਮੇਰੇ ਸਾਈਆਂ ਜੀ' ਅਤੇ 'ਸੁਨੇਹੜੇ' ਵਿਚਾਲੇ ਜਿਵੇਂ ਠੰਢੇ ਯੁੱਧ ਦਾ ਗਰਮ ਮਾਹੌਲ ਚਲ ਰਿਹਾ ਹੋਵੇ। ਮੈਨੂੰ ਪਤਾ ਹੈ, ਉਦੋਂ ਮੇਰੇ ਵਰਗੇ ਹੋਰ ਬਹੁਤ ਸਾਰੇ ਕਮ-ਅਕਲ ਰੱਬ ਨਾਲੋਂ ਜ਼ਿੰਦਗੀ ਨੂੰ ਵੱਧ ਨੰਬਰ ਦਿੰਦੇ ਸਨ ਅਤੇ 'ਸੁਨੇਹੜੇ' ਵਿਚ ਉਨ੍ਹਾਂ ਨੂੰ ਆਪਣਾ ਦਿਲ ਧੜਕਦਾ ਸਾਫ ਸੁਣਾਈ ਦਿੰਦਾ ਸੀ ਅਤੇ ਇੰਜ ਸਹਿਜੇ ਹੀ ਅੰਮ੍ਰਿਤਾ ਜਾਣੇ-ਅਣਜਾਣੇ ਨਵੇਂ ਯੁੱਗ ਦੀ ਪ੍ਰਤੀਨਿਧਤਾ ਕਰਨ ਲੱਗ ਪਈ ਸੀ। ਇਹ ਹੱਕ ਉਸ ਨੂੰ ਪੰਜਾਬੀ ਲੋਕਾਈ ਨੇ ਦਿੱਤਾ ਸੀ। ਇਹ ਹੱਕ ਸ਼ਾਇਦ ਕਦੇ ਵੀ ਉਸ ਕੋਲੋਂ ਕਿਸੇ ਨੇ ਖੋਹਣ ਦੀ ਜਾਹਰਾ ਕੋਸ਼ਿਸ਼ ਨਹੀਂ ਕੀਤੀ। ਸ਼ਾਇਦ ਇਸ ਵਿਚ ਜਨਤਾ ਦੀ ਅੰਤਰੀਵੀ ਪਰ ਅਕਰਮਕ ਹਾਂ ਹਮੇਸ਼ਾ ਸ਼ਾਮਿਲ ਰਹੀ ਹੈ।

ਸ਼ਾਇਦ ਇੱਥੇ ਸ਼ਬਦ 'ਸ਼ਾਇਦ' ਵਿਚ ਮੇਰੀ ਲੋਚਾ ਦਾ ਵਧੇਰੇ ਹੱਥ ਹੈ, ਪਰ 'ਅੱਜ ਆਖਾਂ ਵਾਰਿਸ ਸ਼ਾਹ' ਨੂੰ ਕੌਣ ਭੁਲਾ ਸਕਦਾ ਹੈ ਅਤੇ ਕੌਣ ਉਸ ਨੂੰ ਅਜਿਹੀ ਭਰਵੇਂ ਗਲੇ ਵਾਲੀ 'ਵਾਜ਼ ਮਾਰ ਸਕਦਾ ਹੈ। ਅੰਮ੍ਰਿਤਾ ਦੀ ਇਹ 'ਵਾਜ਼ ਅੱਜ ਵੀ ਸਿਵਿਆਂ ਵਿਚੋਂ ਸੁਣਾਈ ਦਿੰਦੀ ਹੈ। ਇਨ੍ਹਾਂ ਵਿਚ ਇਕ ਹੋਰ ਸਿਵਾ ਪੰਜਾਬੀਅਤ ਦੇ ਅਸਲੀ ਮੁੱਲਾਂ ਦੀ ਜ਼ਿੰਦਾ ਮੌਤ ਦਾ ਵੀ ਸ਼ਾਮਿਲ ਹੋ ਗਿਆ ਹੈ। ਸਿਵਿਆਂ ਦੀ ਇਸ ਫਹਿਰਿਸਤ ਵਿਚ ਮੈਂ ਹੋਰ ਅੱਗੇ ਨਹੀਂ ਜਾ ਸਕਦਾ।

ਇਕ ਹੋਰ ਸਿਨਮੈਟਿਕੀ ਕੱਟ। ਸੰਮਤ 1975, ਨਵੀਂ ਦਿੱਲੀ, 25 ਹੌਜ਼ ਖਾਸ, ਅੰਮ੍ਰਿਤਾ ਦਾ ਘਰ। ਅੰਮ੍ਰਿਤਾ ਨਾਲੋਂ ਇਮਰੋਜ਼ ਦਾ ਵੱਧ, ਕਿਉਂਕਿ ਉਹ ਇਸ ਘਰ ਨੂੰ ਸਭ ਤੋਂ ਵੱਧ ਵਰਤਦਾ ਅਤੇ ਸਜਾਉਂਦਾ ਰਿਹਾ ਹੈ। ਅੰਮ੍ਰਿਤਾ ਤਾਂ ਜਿਵੇਂ ਇਮਰੋਜ਼ ਦੀ ਪੀ. ਜੀ. (ਪੇਅਇੰਗ ਗੈਸਟ) ਹੋਵੇ। ਇਸ ਵਾਰ ਮੈਂ ਕੁਝ ਵਧੇਰੇ ਸਹਿਜ ਮਹਿਸੂਸ ਕਰ ਰਿਹਾਂ ਸਾਂ। ਮੇਰੇ ਨਾਲ ਕਸ਼ਮੀਰ ਪੰਨੂ ਸੀ ਅਤੇ ਸਾਡੇ ਦੋਹਾਂ ਦੀਆਂ ਪਤਨੀਆਂ ਵੀ। ਬਹੁਤਾ ਕੁਝ ਯਾਦ ਨਹੀਂ ਪਰ ਇਸ ਘੜੀ ਦਾ ਅਹਿਸਾਸ ਅਜੇ ਵੀ ਤਾਜ਼ਾ ਹੈ, ਇਮਰੋਜ਼ ਦੀ ਬਣਾਈ ਚਾਹ ਵਾਂਗ ਅਤੇ ਉਸ ਦੇ ਸਜਾਵਟੀ ਸ਼ੀਸ਼ੇ 'ਤੇ ਲਿਖੇ ਅੰਮ੍ਰਿਤਾ ਦੇ ਸ਼ਿਅਰ ਵਾਂਗ 'ਇਕ ਦਰਦ ਸੀ ਜੋ ਮੈਂ ਚੁਪ ਚਾਪ ਪੀਤਾ ਹੈ, ਬਸ ਕੁਝ ਨਜ਼ਮਾਂ ਸਨ ਜੋ ਸਿਗਰਟ ਤੋਂ ਰਾਖ ਵਾਕੁਰ ਝਾੜੀਆਂ।' ਇਨ੍ਹਾਂ ਨਜ਼ਮਾਂ ਨੂੰ ਰਾਖਦਾਨੀ ਵਿਚ ਝਾੜ ਕੇ ਭਾਵੇਂ ਅੰਮ੍ਰਿਤਾ ਚਲੇ ਗਈ ਹੈ ਪਰ ਕੁਕਨੂਸ ਵਾਂਗ ਉਹ ਇਸ ਰਾਖ 'ਚੋਂ ਫਿਰ ਜ਼ਿੰਦਾ ਹੋ ਗਈ ਹੈ, ਸਮੇਤ ਆਪਣੀਆਂ ਨਜ਼ਮਾਂ ਦੇ, ਜੋ ਕਦੇ ਵੀ ਰਾਖ ਨਹੀਂ ਬਣ ਸਕਦੀਆਂ।

ਅਸੀਂ ਰਾਖਾਂ ਵਿਚ ਵਿਸਵਾਸ਼ ਨਹੀਂ ਰਖਦੇ।

ਇਹ ਧੂਫਦਾਨੀ ਸਾਲ ਸਨ ਅਤੇ ਵੇਖਦਿਆਂ ਹੀ ਕੋਈ ਸਿਲਸਿਲਾ ਜਿਹਾ ਸ਼ੁਰੂ ਹੋ ਗਿਆ ਸੀ: ਅੰਮ੍ਰਿਤਾ ਦੇ ਘਰ ਜਾਣ ਦਾ, ਅੰਮ੍ਰਿਤਾ ਦੇ ਮੂੰਹ ਤੋਂ ਆਪਣਾ ਨਾਂ ਸੁਣਨ ਦਾ, ਇਮਰੋਜ਼ ਨਾਲ ਗੱਪਸ਼ੱਪ ਦਾ, ਸਾਹਿਤ ਬਾਰੇ ਉਸ ਦੇ ਵਿਚਾਰ ਸੁਣਨ ਦਾ, ਉਸ ਦੇ ਘਰੋਂ ਕੋਈ ਨਾ ਕੋਈ ਕਿਤਾਬ ਮੰਗ ਕੇ ਲਿਆਉਣ ਦਾ, 'ਨਾਗਮਣੀ' ਲਈ ਲਿਖਣ ਦਾ, ਹੋਰ ਲੇਖਕਾਂ-ਲੇਖਿਕਾਵਾਂ ਨੂੰ ਉਸ ਦੇ ਘਰ ਮਿਲਣ ਦਾ, ਪਹਿਲਾਂ ਪਹਿਲਾਂ ਉਥੇ ਚਾਹ ਪੀਣ ਦਾ, ਫਿਰ ਕਦੇ ਕਦੇ ਰੋਟੀ ਖਾ ਆਉਣ ਦਾ, ਉਥੇ ਰਹਿ ਆਉਣ ਦਾ। ਨਾਗਮਣੀ ਲਈ ਲਿਖਣ ਦਾ, ਨਾਗਮਣੀ ਦੀ ਉਡੀਕ ਕਰਨ ਦਾ, ਨਾਗਮਣੀਆਂ ਨੂੰ ਜਿਲਦ ਕਰਨ ਦਾ, ਹੋਰਾਂ ਨੂੰ ਨਾਗਮਣੀ ਪੜ੍ਹਾਉਣ ਦਾ, ਅੰਮ੍ਰਿਤਾ ਨੂੰ ਚਿੱਠੀਆਂ ਲਿਖਣ ਦਾ, ਫਿਰ ਉਸ ਦੇ ਜਵਾਬੀ ਖਤ ਉਡੀਕਣ ਅਤੇ ਮਾਣਨ ਦਾ। ਉਸ ਦੀਆਂ ਨਜ਼ਮਾਂ ਅੰਗਰੇਜ਼ੀ ਵਿਚ ਅਨੁਵਾਦ ਕਰਨ ਦਾ, ਉਸ ਦੇ ਕਹੇ ਤੇ ਕੁਝ ਯੂਰਪੀ ਕਹਾਣੀਆਂ ਦੇ ਪੰਜਾਬੀਕਰਨ ਦਾ।



*ਇਮਰੋਜ਼ ਨਾਲ ਅੰਮ੍ਰਿਤਾ।*

ਕਦੇ ਮੈਂ ਇਕੱਲਾ ਚਲੇ ਜਾਂਦਾ, ਕਦੇ ਕੋਈ ਲੇਖਕ ਦੋਸਤ ਨਾਲ ਹੁੰਦਾ। ਕਦੇ ਕਦੇ ਲੇਖਕਾਂ ਦਾ ਪੂਰਾ ਲਾਣਾ ਹੀ ਕਿਸੇ ਸਾਹਿਤਕ ਫੰਕਸ਼ਨ ਤੋਂ ਬਾਅਦ ਉਥੇ ਚਲਾ ਜਾਂਦਾ। ਬਹੁਤੀ ਵਾਰ ਲੇਖਕ ਆਪਣੀਆਂ ਪ੍ਰੇਮਕਾਵਾਂ ਵੀ ਅੰਮ੍ਰਿਤਾ ਨਾਲ ਆਪਣੀ ਨੇੜਤਾ ਦਾ ਰੁਹਬ ਪਾਉਣ ਲਈ ਲੈ ਜਾਂਦੇ। ਅੰਮ੍ਰਿਤਾ ਦਾ ਘਰ ਸਾਹਿਤ ਅਤੇ ਨਵੀਂ ਜੀਵਨ ਸ਼ੈਲੀ ਦਾ ਅੱਡਾ ਬਣ ਗਿਆ ਸੀ। ਅੰਮ੍ਰਿਤਾ ਨੂੰ ਸਿਰਜਣਾਤਮਕ ਸਰਗਰਮੀ ਪਸੰਦ ਸੀ। ਉਹ ਲਿਖਣ ਅਤੇ ਹੋਰ ਲਿਖਣ ਲਈ ਉਕਸਾਉਂਦੀ। ਵਧੀਆ ਸਾਹਿਤ ਪੜ੍ਹਨ ਲਈ ਕਹਿੰਦੀ। ਨੀਕੋ ਕਜ਼ਾਨਜ਼ਾਕਿਸ ਦਾ 'ਜ਼ੋਰਬਾ ਦਿ ਗਰੀਕ', ਆਇਨਰੈਂਡ ਦਾ 'ਫਾਊਂਟੇਨਹੈੱਡ', ਹੈਨਰਿਕ ਬੋਅਲ ਦੀਆਂ ਕਹਾਣੀਆਂ, ਤਸਤਾਯੇਵਾ, ਬਲਾਗਾ, ਗਰੋਜ਼ਦਾਨਾ, ਨੈਲੀਸਾਚ, ਯਵਤੂਸ਼ੰਕੂ ਅਤੇ ਲੋਰਕਾ ਦੀਆਂ ਕਵਿਤਾਵਾਂ ਪੜ੍ਹਨ ਲਈ ਉਸੇ ਨੇ ਪ੍ਰੇਰਿਆ। ਇਸੇ ਤਰ੍ਹਾਂ ਸਾਨੂੰ ਵੀ ਨਵੇਂ ਅਤੇ ਵਧੀਆ ਲੇਖਕਾਂ ਨੂੰ ਪਛਾਣਨ ਦੀ ਜਾਚ ਆਉਣੀ ਸ਼ੁਰੂ ਹੋ ਗਈ। ਮੈਨੂੰ ਯਾਦ ਹੈ, ਮੈਂ ਅਤੇ ਦੇਵ ਭਾਰਦਵਾਜ਼ ਹੀ ਸਾਂ ਜਿਨ੍ਹਾਂ ਨੂੰ ਅੰਮ੍ਰਿਤਾ ਨੇ ਸਭ ਤੋਂ ਪਹਿਲਾਂ ਰਸੂਲ ਹਮਜ਼ਾਤੋਵ ਦਾ 'ਮੇਰਾ ਦਾਗਿਸਤਾਨ' ਚੰਡੀਗੜ੍ਹੋਂ ਲਿਆ ਕੇ ਪੜ੍ਹਨ ਲਈ ਦਿੱਤਾ ਸੀ। ਪੰਜਾਬ ਬੁੱਕ ਸੈਂਟਰ 'ਤੇ ਅਚਾਨਕ ਅਣਸਾਹਿਤਕ ਨਾਂ ਵਾਲੀ ਨਵੀਂ ਛਪ ਕੇ ਆਈ ਇਸ ਪੁਸਤਕ ਦੇ ਪਹਿਲੇ ਸਫੇ ਦੇ ਪਹਿਲੇ ਫਿਕਰੇ 'ਤੇ ਦੇਵ ਭਾਰਦਵਾਜ ਦੀ ਨਜ਼ਰ ਪੈ ਗਈ। ਬਸ ਇਹ ਸਤਰ ਹੀ ਉਸ ਨੂੰ ਅਤੇ ਬਾਅਦ ਵਿਚ ਸਾਨੂੰ ਸਾਰੀ ਕਿਤਾਬ ਪੜ੍ਹਾ ਗਈ ਸੀ।

ਮੈਨੂੰ ਯਾਦ ਹੈ, ਜਦ ਕਦੇ ਵੀ ਮੌਕਾ ਜੁੜਦਾ, ਮੈਂ ਅਕਸਰ ਅੰਮ੍ਰਿਤਾ ਨੂੰ ਚਿੱਠੀਆਂ ਲਿਖਦਾ ਰਹਿੰਦਾ। ਇਕ ਵਾਰ ਅੰਮ੍ਰਿਤਾ ਦੀ ਚਿੱਠੀ ਆਈ ਜਿਸ ਵਿਚ ਉਸ ਨੇ ਮੇਰੇ ਇਕ ਨਿੱਕੇ ਜਿਹੇ ਖਤ ਦੀ ਬਹੁਤ ਤਾਰੀਫ ਕੀਤੀ ਸੀ ਅਤੇ ਪੁੱਛਿਆ ਸੀ ਕਿ ਜੇ ਮੇਰੀ ਇਜਾਜ਼ਤ ਹੋਵੇ ਤਾਂ ਉਹ ਇਸ ਨੂੰ ਨਾਗਮਣੀ ਦੇ ਪ੍ਰਸਤਾਵਤ 'ਖਤ ਅੰਕ' (ਇਹ ਬਾਅਦ ਵਿਚ 'ਕਾਲੇ ਤਿਲੀਅਰ' ਨਾਂ ਥੱਲੇ ਆਇਆ ਸੀ) ਵਿਚ ਛਾਪਣਾ ਚਾਹੇਗੀ, ਜੋ ਬਾਅਦ ਵਿਚ ਪੁਸਤਕ ਰੂਪ ਵਿਚ ਵੀ ਛਾਪਿਆ ਜਾਵੇਗਾ। ਉਸ ਨੇ ਇਹ ਵੀ ਲਿਖਿਆ ਸੀ ਕਿ ਮੇਰਾ ਖਤ ਨਵਤੇਜ ਦੇ ਖਤ, ਜੋ ਉਸ ਨੇ ਸ਼ਿਮਲੇ ਤੋਂ ਉਸ ਨੂੰ ਲਿਖਿਆ ਸੀ ਅਤੇ ਇਕ ਹੋਰ ਖਤ ਤੋਂ ਜਿਸ ਦੇ ਲਿਖਣ ਵਾਲੇ ਦਾ ਉਸ ਜ਼ਿਕਰ ਵੀ ਕੀਤਾ ਸੀ, ਤੋਂ ਬਾਅਦ ਮੇਰਾ ਖਤ ਤੀਜੇ ਨੰਬਰ 'ਤੇ ਉਸ ਦੇ ਪਸੰਦੀਦਾ ਖਤਾਂ ਵਜੋਂ ਆਉਂਦਾ ਹੈ, ਜੋ ਉਦੋਂ ਤੀਕ ਉਸ ਨੂੰ ਲਿਖੇ ਗਏ ਸਨ।

ਇਕ ਵਾਰ ਮੈਂ ਅਤੇ ਭੂਸ਼ਨ ਕੁਝ ਦਿਨ ਅੰਮ੍ਰਿਤਾ ਦੇ ਘਰ ਰਹੇ। ਨਾਗਮਣੀ ਦਾ 'ਦੇਖ ਕਬੀਰਾ' ਅੰਕ ਕੱਢਣਾ ਸੀ। ਉਥੇ ਰਹਿੰਦਿਆਂ ਭੂਸ਼ਨ ਨੇ ਕਈ ਲੇਖ ਲਿਖ ਲਏ। ਹਰ ਸਵੇਰ ਅੰਮ੍ਰਿਤਾ ਪੁੱਛਦੀ- ਕੀ ਲਿਖਿਆ ਹੈ, ਸੁਣਾ। ਮੇਰੇ ਕੋਲੋਂ ਕੁਝ ਨਾ ਲਿਖਿਆ ਜਾਂਦਾ। ਇਸ ਤਰ੍ਹਾਂ ਸਾਈ 'ਤੇ ਜੁੱਤੀ ਬਣਾਉਣ ਵਾਂਗ ਮੈਂ ਨਹੀਂ ਸਾਂ ਲਿਖ ਸਕਦਾ, ਇਹ ਮੈਨੂੰ ਉਦੋਂ ਪਤਾ ਲੱਗਾ। ਫਿਰ ਵੀ ਮੈਂ ਕਿਵੇਂ ਨਾ ਕਿਵੇਂ ਭੂਸ਼ਨ ਦੀ ਪਤਨੀ ਦਾ ਜ਼ਿਕਰ-ਏ-ਖੈਰ ਲਿਖ ਲਿਆ। ਇਕ ਵਾਰ ਬਹੁਤ ਸਾਰੇ ਲੇਖਕ ਅੰਮ੍ਰਿਤਾ ਦੇ ਘਰ ਇਕੱਠੇ ਹੋ ਗਏ। ਅਗਸਤ ਦਾ ਮਹੀਨਾ ਸੀ ਅਤੇ ਅੰਮ੍ਰਿਤਾ ਦਾ ਜਨਮ ਦਿਨ। ਇਹ ਸਾਰੇ ਅੰਮ੍ਰਿਤਾ ਨੂੰ ਜਨਮ ਦਿਨ ਮੁਬਾਰਕ ਕਹਿਣ ਆਏ ਸਨ। ਇਨ੍ਹਾਂ ਵਿਚ ਮੈਂ ਵੀ ਸਾਂ। ਅਜੀਤ ਕੌਰ, ਦਲੀਪ ਕੌਰ ਟਿਵਾਣਾ ਆਦਿ ਨੂੰ ਮੈਂ ਪਹਿਲੀ ਵਾਰ ਉਥੇ ਹੀ ਵੇਖਿਆ। ਕੁਝ ਹਿੰਦੀ ਲੇਖਕ ਵੀ ਪਹਿਲੀ ਅਤੇ ਆਖਰੀ ਵਾਰ ਉਥੇ ਹੀ ਵੇਖੇ।

ਇਕ ਵਾਰ ਦੇਵ ਦੇ ਘਰ ਕਿਸੇ ਸਮਾਗਮ ਤੋਂ ਬਾਅਦ ਅਸੀਂ ਕੁਝ ਲੇਖਕ ਅੰਮ੍ਰਿਤਾ ਦੇ ਘਰ ਚਲੇ ਗਏ। ਜੇ ਮੈਂ ਗਲਤੀ ਨਹੀਂ ਕਰਦਾ ਤਾਂ ਇਨ੍ਹਾਂ ਵਿਚ ਮੋਹਨਜੀਤ ਤੋਂ ਸਿਵਾ ਬਾਬਾ ਨੂਰ (ਸਤਿੰਦਰ ਸਿੰਘ) ਵੀ ਸੀ। ਕੈਨੇਡਾ ਤੋਂ ਆਇਆ ਕਵੀ ਅਜਮੇਰ ਰੋਡੇ ਅਤੇ ਉਸ ਦੀ ਖੂਬਸੂਰਤ ਪਤਨੀ ਤੇ ਕਵਿਤਰੀ ਸੁਰਜੀਤ ਕਲਸੀ ਵੀ ਸਾਡੇ ਨਾਲ ਹੀ ਸਨ। ਅਮਰੀਕਾ ਰਹਿੰਦੀ ਆਪਣੇ ਜ਼ਮਾਨੇ ਦੀ ਸਿਰਕੱਢ ਬਿਊਟੀ, ਜੋ ਹੁਣ ਵੀ ਖੂਬਸੂਰਤ ਸੀ,



*ਅੰਮ੍ਰਿਤਾ ਪ੍ਰੀਤਮ ਦੀ ਇਕ ਪੇਂਟਿੰਗ।*

ਸਬੱਬ ਨਾਲ ਅੰਮ੍ਰਿਤਾ ਪਾਸ ਆਈ ਹੋਈ ਸੀ। ਉਹ ਅਜੇ ਵੀ ਕੁਝ ਕੁ ਵੱਧ ਪੱਕੇ ਅਨਾਰ ਦੇ ਫੁਲ ਵਰਗੀ ਹੀ ਸੀ। ਹੁਣ ਮੈਨੂੰ ਉਸ ਦਾ ਨਾਂ ਭੁੱਲ ਗਿਆ ਹੈ, ਪਰ ਮੈਂ ਬਹੁਤ ਵਰ੍ਹੇ ਉਸ ਦਾ ਨਾਂ ਬੜਾ ਸੰਭਾਲ ਕੇ ਆਪਣੀ ਕਮਜ਼ੋਰ ਯਾਦਦਾਸ਼ਤ ਵਿਚ ਰੱਖ ਛਡਿਆ ਸੀ। ਕਹਿੰਦੇ ਹਨ, ਕਿਸੇ ਜ਼ਮਾਨੇ ਵਿਚ ਪਾਕਿਸਤਾਨੀ ਸ਼ਾਇਰ ਫੈਜ਼ ਅਹਿਮਦ ਫੈਜ਼ ਵੀ ਉਸ ਉਤੇ ਮੋਹਿਤ ਹੋ ਗਿਆ ਸੀ। ਸਬੱਬ ਨਾਲ ਉਨ੍ਹਾਂ ਦਿਨਾਂ ਵਿਚ ਦਲੀਪ ਕੌਰ ਟਿਵਾਣਾ ਵੀ ਕਈ ਦਿਨਾਂ ਤੋਂ ਅੰਮ੍ਰਿਤਾ ਪਾਸ ਠਹਿਰੀ ਹੋਈ ਸੀ। ਉਹ ਨੰਗੇ ਪੈਰੀਂ ਅੰਮ੍ਰਿਤਾ ਦੇ ਘਰ ਵਿਚ ਟਹਿਲਦੀ ਹੋਈ 'ਨੰਗੇ ਪੈਰਾਂ ਦਾ ਸਫਰ' ਲਿਖ ਰਹੀ ਸੀ। ਝੱਟ ਹੀ ਅਜੀਤ ਕੌਰ ਵੀ ਆ ਗਈ। ਗੱਲ ਕੀ, ਪੰਜਾਬੀ ਬੋਲੀ ਦੀ ਸਰੀਰਕ ਅਤੇ ਮਾਨਸਿਕ ਖੂਬਸੂਰਤੀ, ਖਾਸ ਤੌਰ 'ਤੇ ਔਰਤਾਨਾ ਖੂਬਸੂਰਤੀ ਦੀ ਮਹਿਫਿਲ ਲੱਗ ਗਈ ਸੀ, 25 ਹੌਜ਼ ਖਾਸ ਵਿਚ।

ਅੰਮ੍ਰਿਤਾ ਇਸ ਇਕੱਠ ਦੀ ਪ੍ਰਧਾਨ ਸ਼ਖਸੀਅਤ ਸੀ। ਛੇਤੀ ਹੀ ਫੈਸਲਾ ਹੋਇਆ ਕਿ ਕਿਉਂ ਨਾ ਇਸ ਅਕਸਮਾਤ ਇਕੱਤਰਤਾ ਦਾ ਫਾਇਦਾ ਉਠਾਇਆ ਜਾਵੇ। ਸਭ ਤੋਂ ਪਹਿਲਾਂ ਗੱਲ ਸ਼ੁਰੂ ਹੋਈ ਦੇਵ ਆਰਟਿਸਟ ਦੀ ਡੋਰੀਅਨ ਗਰੇ ਟਾਈਪ ਖੂਬਸੂਰਤੀ ਦੀ। ਬਸ ਫਿਰ ਕੀ ਸੀ, ਸ਼ੁਰੂ ਹੋ ਗਈ ਗੱਲਬਾਤ ਉਥੇ ਜੁੜੇ ਲੇਖਕਾਂ ਵਿਚਕਾਰ। ਅੰਮ੍ਰਿਤਾ ਕਹਿਣ ਲੱਗੀ ਕਿ ਗੁਰਦੇਵ ਚੌਹਾਨ ਤੂੰ ਇਸ ਗੱਲਬਾਤ ਨੂੰ ਕਲਮਬੰਦ ਕਰੇਂਗਾ। ਇਹ ਗੁਫਤਗੂ ਅਗਲੇ ਮਹੀਨੇ ਦੀ ਨਾਗਮਣੀ ਵਿਚ ਛਪੀ। ਇਸ ਵਿਚ ਮੇਰਾ ਨਾਂ ਸਕਰਾਈਬ ਵਜੋਂ ਦਿੱਤਾ ਗਿਆ ਸੀ। ਮੇਰੇ ਲਈ ਇਹ ਖੂਬਸੂਰਤ ਇਕੱਠ ਖੂਬਸੂਰਤ ਯਾਦਦਾਸ਼ਤ ਵਿਚ ਬਦਲ ਗਿਆ।

ਅੰਮ੍ਰਿਤਾ ਦਾ ਘਰ ਬਹੁਤ ਸਾਰੇ ਖੂਬਸੂਰਤ ਮੋੜਾਂ, ਸਬੱਬਾਂ ਅਤੇ ਮੌਕਾ ਮੇਲਾਂ ਦਾ ਘਰ ਬਣ ਜਾਣ ਦੀ ਤੌਫੀਕ ਰੱਖਦਾ ਹੈ। 'ਕਾਫਲਾ ਇੰਟਰ-ਕੌਂਟੀਨੈਂਟਲ' ਦਾ ਪਲੇਠਾ ਅੰਕ ਅੰਮ੍ਰਿਤਾ ਨੇ ਆਪਣੇ ਘਰ ਵਿਚ ਹੀ ਰਿਲੀਜ਼ ਕੀਤਾ ਸੀ। ਦੇਵ ਭਾਰਦਵਾਜ ਰਾਹੀਂ ਸੰਪਾਦਿਤ ਇਸ ਅੰਗਰੇਜ਼ੀ ਸਾਹਿਤਕ ਪੱਤਰ ਨਾਲ ਮੈਂ ਵੀ ਇਸ ਦੇ ਕਾਰਜਕਾਰੀ ਸੰਪਾਦਕ ਹੋਣ ਦੇ ਨਾਤੇ ਜੁੜਿਆ ਹੋਇਆ ਹਾਂ। ਕੁਝ ਸਾਲ ਪਹਿਲਾਂ ਅਸੀਂ ਦੋਹਾਂ ਨੇ ਅੰਮ੍ਰਿਤਾ 'ਤੇ ਇਕ ਪੁਸਤਕ ਅੰਗਰੇਜ਼ੀ ਵਿਚ ਸੰਪਾਦਿਤ ਕੀਤੀ ਸੀ, ਜਿਸ ਦਾ ਨਾਂ ਹੈ: 'ਅੰਮ੍ਰਿਤਾ ਪ੍ਰੀਤਮ: ਏ ਲਿਵਿੰਗ ਲੀਜੈਂਡ।'

ਸ਼ਾਇਦ ਇਹ 1991 ਕੁ ਦੀ ਗੱਲ ਹੈ। ਅੰਮ੍ਰਿਤਾ ਨੇ ਪੁਸਤਕ ਪੜ੍ਹਨ ਲਈ ਦਿੱਤੀ। ਇਹ ਸੀ ਉਸ ਦੀ ਹਿੰਦੀ ਵਿਚ ਲਿਖੀ ਪਾਕਿਸਤਾਨੀ ਸ਼ਾਇਰਾ ਅਤੇ ਸਹੇਲੀ ਸਾਰਾ ਸ਼ਗੁਫਤਾ ਦੀ ਜੀਵਨੀ। ਇਸ ਪੁਸਤਕ ਦਾ ਨਾਂ ਸੀ, 'ਏਕ ਥੀ ਸਾਰਾ।' ਇਹ ਪੁਸਤਕ ਸ਼ਾਇਦ ਅਜੇ ਤੀਕ ਵੀ ਪੰਜਾਬੀ ਵਿਚ ਨਹੀਂ ਆਈ। ਜਦ ਮੈਂ ਘਰ ਆ ਕੇ ਕਿਤਾਬ ਪੜ੍ਹੀ ਤਾਂ ਇਸ ਦੀ ਛਿਲਤ ਮੇਰੀ ਰੂਹ ਵਿਚ ਡੂੰਘੀ ਧਸ ਗਈ। ਕਈ ਦਿਨ ਮੈਂ ਇਸ ਦੀ ਗਹਿਰੀ ਪੀੜ ਤੋਂ ਮੁਕਤ ਨਾ ਹੋ ਸਕਿਆ। ਸਾਰਾ ਸ਼ਗੁਫਤਾ ਦਾ ਦੁਖ ਘੁੰਮ ਕੇ ਜਿਵੇਂ ਵਾਰ-ਵਾਰ ਫਿਰ ਮੇਰੇ ਕੋਲ ਆ ਜਾਂਦਾ ਹੋਵੇ। ਮੈਂ ਅੰਮ੍ਰਿਤਾ ਕੋਲੋਂ ਇਸ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਨ ਦੀ ਇਜਾਜ਼ਤ ਮੰਗੀ, ਜੋ ਅੰਮ੍ਰਿਤਾ ਨੇ ਝੱਟ ਦੇ ਦਿੱਤੀ। ਮੈਂ ਹੁਣ ਤੀਕ ਕੇਵਲ ਫੁਟਕਲ ਅਨੁਵਾਦ ਹੀ ਕੀਤੇ ਸਨ, ਇੰਜ ਮੇਰੇ ਲਈ ਇਹ ਕੰਮ ਵੱਡਾ ਚੈਲੇਂਜ ਸੀ। ਉਤੋਂ ਅੰਮ੍ਰਿਤਾ ਚਾਹੁੰਦੀ ਸੀ ਕਿ ਇਹ ਪੈਂਗੁਇਨ ਵਾਲੇ ਹੀ ਛਾਪਣ। ਜਦ ਮੈਂ ਕੁਝ ਮਹੀਨਿਆਂ ਬਾਅਦ ਇਸ ਦਾ ਅਨੁਵਾਦ ਮੁਕਾ ਲਿਆ ਤਾਂ ਮੈਂ ਇਸ ਦੀਆਂ ਤਿੰਨ ਕਾਪੀਆਂ ਉਸ ਦੇ ਕਹੇ ਅਨੁਸਾਰ ਉਸ ਨੂੰ ਭੇਜ ਦਿਤੀਆਂ। ਉਨ੍ਹੀਂ ਦਿਨੀਂ ਖੁਸ਼ਵੰਤ ਸਿੰਘ ਇਸ ਅਦਾਰੇ ਨਾਲ ਸਿੱਧਾ ਜੁੜਿਆ ਹੋਇਆ ਸੀ। ਸੋ, ਅਨੁਵਾਦ ਉਸ ਨੂੰ ਭੇਜ ਦਿੱਤਾ ਗਿਆ ਪਰ ਇਸ ਵਿਚ ਕੁਝ ਗੈਰ-ਅਨੁਵਾਦੀ ਊਣਤਾਈਆਂ, ਖਾਸ ਤੌਰ 'ਤੇ ਇਸ ਦੀ ਪੰਕਚੂਏਸ਼ਨ ਕੌਮਾਂਤਰੀ ਯੂਸੇਜ਼ ਅਨੁਸਾਰ ਨਾ ਹੋਣ ਕਰਕੇ ਇਹ ਪੁਸਤਕ ਉਥੇ ਨਾ ਛਪ ਸਕੀ, ਜਿਸ ਦਾ ਅੰਮ੍ਰਿਤਾ ਨੂੰ ਅਫਸੋਸ ਸੀ। ਫਿਰ ਕੁਝ ਸੋਧਾਂ ਉਪਰੰਤ ਇਹ ਪੁਸਤਕ ਡੀ. ਕੇ. ਪਬਲਿਸ਼ਰਜ਼, ਦਿੱਲੀ ਨੇ 1993 ਵਿਚ ਛਾਪੀ। ਇਸ ਦਾ ਰਾਇਲਟੀ ਕਾਂਟਰੈਕਟ (ਅੰਮ੍ਰਿਤਾ ਤੇ ਮੈਨੂੰ ਕੁੱਲ 10% ਵਿਚੋਂ ਅੱਧੀ-ਅੱਧੀ ਰਾਇਲਟੀ ਮਿਲਣੀ ਸੀ) ਅੱਜ ਵੀ ਮੇਰੇ ਪਾਸ ਹੈ ਜਿਸ ਵਿਚ ਅੰਮ੍ਰਿਤਾ ਦੇ ਅੰਗਰੇਜ਼ੀ ਵਿਚ ਦਸਤਖਤ ਵੀ ਹਨ। ਜਦ ਮੈਂ ਇਸ ਨੂੰ ਵੇਖਦਾ ਹਾਂ ਤਾਂ ਅੰਮ੍ਰਿਤਾ ਪ੍ਰਤੀ ਮੇਰਾ ਦਿਲ ਮਾਣ ਨਾਲ ਭਰ ਜਾਂਦਾ ਹੈ।

ਹੋਰ ਵੀ ਕਈ ਯਾਦਾਂ ਹਨ ਪਰ ਇਕ ਯਾਦ ਕੁਝ ਵੱਖਰੇ ਰੰਗ ਦੀ ਹੈ। ਅਤਿਵਾਦ ਦੇ ਅੰਤਲੇ ਦਿਨ ਸਨ, ਸ਼ਾਇਦ 1993 ਦੇ ਆਸ ਪਾਸ ਦੇ। ਇਸ ਵਾਰ ਮੇਰੇ ਨਾਲ ਜੋਗਾ ਸਿੰਘ ਸੀ। ਕਿਸੇ ਗੱਲੋਂ ਉਹ ਉਨ੍ਹੀਂ ਦਿਨੀਂ ਅੰਮ੍ਰਿਤਾ ਪਾਸ ਜਾਣ ਦਾ ਹੌਂਸਲਾ ਨਹੀਂ ਸੀ ਕਰ ਸਕਦਾ। ਹਰਭਜਨ ਹਲਵਾਰਵੀ, ਜੋਗਾ ਸਿੰਘ ਅਤੇ ਮੈਂ ਭਾਰਤੀ ਸਾਹਿਤ ਅਕਾਦਮੀ ਦੇ ਸੈਮੀਨਾਰ ਵਿਚ ਹਿੱਸਾ ਲੈਣ ਗਏ ਸਾਂ। ਮੈਂ ਅਤੇ ਜੋਗਾ ਸਿੰਘ ਨੇ ਆਪਣੇ ਪਰਚੇ ਪੜ੍ਹਨੇ ਸਨ ਅਤੇ ਹਲਵਾਰਵੀ 'ਤੇ ਕਿਸੇ ਹੋਰ ਨੇ ਪਰਚਾ ਪੜ੍ਹਨਾ ਸੀ। ਪੰਜਾਬ ਵਿਚ ਬੱਸਾਂ ਦੀ ਹੜਤਾਲ ਸੀ ਅਤੇ ਅਸੀਂ ਪਾਣੀਪਤ ਤਕ ਟੈਕਸੀ 'ਤੇ ਗਏ। ਉਥੋਂ ਅਸੀਂ ਬੱਸ ਲੈ ਲਈ। ਅਸੀਂ ਦਿੱਲੀ ਦੀ ਬਾਹਰਲੀ ਰਿੰਗ ਰੋਡ 'ਤੇ ਉਤਰੇ। ਰਾਤ ਦੇ ਕੋਈ ਦਸ ਵੱਜ ਚੁਕੇ ਹੋਣਗੇ। ਜੋਗਾ ਸਿੰਘ ਅਨੁਸਾਰ, ਰੋਹਣੀ ਵਾਲੇ ਪਾਸੇ ਨੇੜੇ ਹੀ ਕਿਧਰੇ ਉਸ ਦੇ ਮਾਮੇ ਦਾ ਘਰ ਸੀ। ਸੋ, ਅਸੀਂ ਪੈਦਲ ਹੀ ਤੁਰ ਪਏ। ਜੋਗਾ ਸਿੰਘ ਹਰ ਆਉਣ ਵਾਲੇ ਅਗਲੇ ਖੰਭੇ ਵਲ ਹੱਥ ਕਰਕੇ ਕਹੇ ਕਿ ਬਸ ਉਸ ਖੰਭੇ ਕੋਲ ਮਾਮੇ ਦਾ ਘਰ ਹੈ। ਇਸ ਤਰ੍ਹਾਂ ਤੁਰਦੇ ਅਸੀਂ ਕੋਈ ਦਸ ਕਿਲੋਮੀਟਰ ਚਲੇ ਗਏ ਹੋਵਾਂਗੇ ਪਰ ਮਾਮੇ ਦਾ ਘਰ ਨਾ ਆਇਆ। ਅਗਲੇ ਚੌਰਾਹੇ 'ਤੇ ਲੇਟ ਨਾਈਟ ਵਾਲੀ ਬੱਸ ਕਿਸੇ ਤਰ੍ਹਾਂ ਮਿਲ ਗਈ। ਅਸੀਂ ਉਸ ਵਿਚ ਜੋਗਾ ਸਿੰਘ ਦੇ ਮਨ੍ਹਾ ਕਰਨ ਦੇ ਬਾਵਜੂਦ ਚੜ੍ਹ ਗਏ। ਕੁਝ ਮੀਲਾਂ ਬਾਅਦ ਅਸੀਂ ਉਤਰ ਗਏ, ਕਿਉਂਕਿ ਬੱਸ ਕਿਸੇ ਦੂਜੇ ਪਾਸੇ ਜਾ ਰਹੀ ਸੀ। ਬਾਰਸ਼ ਉਤਰ ਆਈ ਸੀ। ਅਸੀਂ ਉਥੋਂ ਆਪੋ-ਆਪਣੇ ਬੁਚਕੇ ਚੁੱਕ ਕੇ ਕਿਸੇ ਪੈਟਰੋਲ ਪੰਪ ਤੋਂ ਉਸ ਦੇ ਮਾਮੇ ਦੇ ਘਰ ਵਾਲੇ ਨਗਰ ਦਾ ਰਸਤਾ ਪਤਾ ਕਰ ਕੇ ਫਿਰ ਤੁਰ ਪਏ। ਸਾਡੇ ਬੈਗ ਹੁਣ ਪਾਣੀ ਨਾਲ ਲੱਗਭੱਗ ਭਿੱਜ ਚੁੱਕੇ ਸਨ। ਮਾਮੇ ਦਾ ਘਰ ਅਜੇ ਵੀ ਕੁਝ ਦੂਰ ਸੀ। ਅਚਾਨਕ ਉਸ ਦੇ ਮਾਮੇ ਦਾ ਘਰ ਆ ਗਿਆ। ਜਿਹੜਾ ਜੋਗਾ ਸਿੰਘ ਨੂੰ ਉਸ ਦੇ ਮਾਮੇ ਦਾ ਘਰ ਲੱਗ ਰਿਹਾ ਸੀ, ਉਸ ਦੇ ਬਾਹਰੋਂ ਅਸੀਂ ਰਿੰਗ ਦਿੱਤੀ। ਇਕ, ਦੋ, ਤਿੰਨ ਵਾਰ। ਉਨ੍ਹਾਂ ਦਿਨਾਂ ਵਿਚ ਰਾਤ ਨੂੰ ਦਰਵਾਜੇ ਕੋਈ

(ਬਾਕੀ ਅਗਲੇ ਸਫੇ 'ਤੇ)

ਹਿੰਮਤ ਵਾਲਾ ਹੀ ਖੋਲ੍ਹਦਾ ਸੀ। ਦਰਵਾਜੇ ਤੋਂ ਕਿਸੇ ਨੇ ਡਰ ਅਤੇ ਹਿੰਮਤ ਦੇ ਰਲੇ ਮਿਲੇ ਅਹਿਸਾਸ ਨਾਲ ਪੁੱਛਿਆ, "ਕੌਣ?" ਜੋਗਾ ਸਿੰਘ ਅਨੁਸਾਰ, ਇਹ ਉਸ ਦਾ ਮਾਮਾ ਨਹੀਂ ਸੀ ਹੋ ਸਕਦਾ। ਇਸ ਵਿਚਕਾਰ ਬਾਰਸ਼ ਹੋਰ ਤੇਜ਼ ਹੋਣ ਦਾ ਖਿਆਲ ਆ ਗਿਆ। ਜੋਗਾ ਸਿੰਘ ਨੂੰ ਅਗਲੀ ਗਲੀ ਵਿਚ ਮਾਮੇ ਦਾ ਘਰ ਹੋਣ ਵਿਚ ਪੂਰਾ ਵਿਸ਼ਵਾਸ ਸੀ।


ਖੈਰ ਲੰਮੀ ਗੱਲ ਛੋਟੀ ਕਰਕੇ ਇਹ ਗੱਲ ਬਣੀ ਕਿ ਮਾਮੇ ਦੇ ਘਰ ਦੇ ਐਨ ਕੋਲੋਂ, ਭਾਵੇਂ ਸਾਨੂੰ ਪਤਾ ਨਹੀਂ ਸੀ ਕਿ ਇਹ ਇੰਨਾ ਕੋਲ ਹੈ, ਸਣੇ ਜੋਗਾ ਸਿੰਘ ਦੇ, ਹਲਵਾਰਵੀ ਸਾਨੂੰ ਛੱਡ ਕੇ ਦਿੱਲੀ ਦੀਆਂ ਗਲੀਆਂ ਵਿਚ ਆਪਣੀ ਰਾਤ ਦਾ ਮੁਕੱਦਰ ਲਿਖਣ ਲਈ ਆਪਣਾ ਭਿੱਜਿਆ ਬੈਗ ਲੈ ਕੇ ਗੁੰਮ ਹੋ ਗਿਆ। ਥੋੜ੍ਹੀ ਦੇਰ ਬਾਅਦ ਮਾਮੇ ਦਾ ਘਰ ਆ ਗਿਆ, ਸਮੇਤ ਸਾਰੀਆਂ ਸਹੂਲਤਾਂ ਦੇ। ਸਵੇਰੇ ਦਸ ਵਜੇ ਸਮਾਗਮ ਸੀ ਅਤੇ ਜੋਗਾ ਸਿੰਘ ਚਾਰ ਵਜੇ ਦਾ ਅਲਾਰਮ ਲਾ ਕੇ ਬਾਰਾਂ ਵਜੇ ਸੌਂ ਗਿਆ, ਉਸ ਨੇ ਸਵਖਤੇ ਉਠ ਕੇ ਅਜੇ ਪਰਚਾ ਲਿਖਣਾ ਸੀ।

ਖੈਰ, ਮੈਂ ਉਸ ਦੇ ਪਰਚੇ ਦੇ ਫਿਕਰ ਵਿਚ ਆਪ ਨਾ ਸੌਂ ਸਕਿਆ ਅਤੇ ਪੂਰੇ ਚਾਰ ਵਜੇ ਉਠ ਕੇ ਬੈਠ ਗਿਆ ਪਰ ਜੋਗਾ ਸਿੰਘ ਆਪ ਪੂਰੇ ਨੌਂ ਵਜੇ ਉਠਿਆ। ਉਹ ਵੱਖਰੇ ਕਮਰੇ ਵਿਚ ਸੁੱਤਾ ਸੀ। ਜਦ ਮੈਂ ਉਸ ਨੂੰ ਵੇਖਿਆ ਤਾਂ ਸਾਢੇ ਨੌਂ ਵੱਜ ਚੁੱਕੇ ਸਨ। ਮੀਂਹ ਹੋਰ ਤੇਜ਼ ਹੋ ਗਿਆ ਸੀ। ਰੋਟੀ ਖਾਂਦਿਆਂ ਦਸ ਵੱਜ ਗਏ। ਬਾਹਰ ਆ ਕੇ ਜਦ ਅਸੀਂ ਆਟੋ 'ਤੇ ਚੜ੍ਹੇ ਤਾਂ ਸਾਢੇ ਦਸ, ਪਰ ਅਸੀਂ ਦੇਰ ਨਾਲ ਹੀ ਸਹੀ, ਪਹੁੰਚ ਗਏ ਸਾਂ। ਸੈਮੀਨਾਰ ਸ਼ੁਰੂ ਹੋ ਗਿਆ ਸੀ।

ਅਕਾਦਮੀ ਦੀ ਇਕ ਕੁੜੀ ਪੜ੍ਹੇ ਜਾਣ ਵਾਲੇ ਪਰਚਿਆਂ ਦੀਆਂ ਕਾਪੀਆਂ ਲੈ ਰਹੀ ਸੀ। ਜਦ ਉਹ ਜੋਗਾ ਸਿੰਘ ਪਾਸ ਆਈ ਅਤੇ ਪਰਚਾ ਮੰਗਿਆ ਤਾਂ ਜੋਗਾ ਸਿੰਘ ਨੇ ਬਹੁਤ ਹਲੀਮੀ ਅਤੇ ਹੌਸਲੇ ਨਾਲ ਕਿਹਾ, "ਬੇਟਾ! ਮੈਂ ਹੁਣੇ ਜਾਣ ਤੋਂ ਪਹਿਲਾਂ ਤੈਨੂੰ ਪਰਚਾ ਦੇ ਦਿਆਂਗਾ, ਕਾਗਜ਼ ਕੁਝ ਉਗੜ-ਦੁਘੜੇ ਹੋ ਗਏ ਹਨ।" ਉਹ ਕੁੜੀ ਚਲੀ ਗਈ।

ਪਰਚਾ ਪੜ੍ਹਨ ਦੀ ਵਾਰੀ ਆਈ ਤਾਂ ਜੋਗਾ ਸਿੰਘ ਨੇ ਕਾਗਜ਼ਾਂ ਦਾ ਪਲੰਦਾ ਜਿਹਾ ਕੱਢ ਲਿਆ ਅਤੇ ਕਹਿਣ ਲੱਗਾ ਕਿ ਪਰਚਾ ਬਹੁਤ ਮਿਹਨਤ ਨਾਲ ਲਿਖਿਆ ਹੈ ਪਰ ਜ਼ਰਾ ਲੰਮਾ ਹੈ। ਪੜ੍ਹਨ ਨੂੰ ਦੇਰ ਲੱਗ ਜਾਵੇਗੀ, ਵੈਸੇ ਵੀ ਸੈਮੀਨਾਰ ਦੇਰ ਨਾਲ ਸ਼ੁਰੂ ਹੋਣ ਕਰਕੇ ਅਤੇ ਪ੍ਰਧਾਨ ਦੇ ਵਕਤ ਦੀ ਥੋੜ੍ਹ ਬਾਰੇ ਸੰਕੇਤ ਨੂੰ ਮੁੱਖ ਰਖਦਿਆਂ ਮੂੰਹ ਜ਼ਬਾਨੀ ਹੀ ਖਾਸ ਖਾਸ ਗੱਲਾਂ, ਜੋ ਮੈਂ ਲਿਖੀਆਂ ਹਨ, ਦੁਹਰਾ ਦਿੰਦਾ ਹਾਂ। ਫਿਰ ਉਸ ਨੇ ਜ਼ਬਾਨੀ ਕਲਾਮੀ ਅਜਿਹਾ ਠੁੱਕ ਬੰਨ੍ਹਿਆ ਕਿ ਪਰਚਾ ਹੋਣ ਜਾਂ ਨਾ ਹੋਣ ਵਲ ਕਿਸੇ ਦਾ ਧਿਆਨ ਹੀ ਨਹੀਂ ਗਿਆ। ਮੈਂ ਸੁੱਖ ਮਨਾਇਆ।

ਖੈਰ ਗੱਲ ਮੁੱਕੀ। ਅਸੀਂ ਚੌਕ 'ਤੇ ਆ ਗਏ। ਜੋਗਾ ਸਿੰਘ ਕਹਿਣ ਲੱਗਾ- ਗੁਰਦੇਵ, ਅੰਮ੍ਰਿਤਾ ਪਾਸ ਜਾਣਾ ਹੈ ਪਰ ਹੌਸਲਾ ਨਹੀਂ ਪੈ ਰਿਹਾ। ਗੱਲ




***ਪਾਕਿਸਤਾਨੀ ਕਵਿਤਰੀ ਸਾਰਾ ਸਗੁਫਤਾ ਦੀ ਕਿਤਾਬ ਦਾ ਮੁਖੜਾ।***

ਵਿਚੋਂ ਇਹ ਸੀ ਕਿ ਉਸ ਨੇ ਅੰਮ੍ਰਿਤਾ ਦੀਆਂ ਕਾਫੀ ਸਾਰੀਆਂ ਕਿਤਾਬਾਂ ਪ੍ਰਤਾਪ ਮਹਿਤਾ ਦੀ ਦੁਕਾਨ 'ਤੇ ਆਪਣੀ ਜ਼ਾਮਨੀ ਦੇ ਕੇ ਮੰਗਵਾ ਲਈਆਂ ਸਨ। ਇਹ ਝੱਟਪੱਟ ਵਿਕ ਵੀ ਗਈਆਂ ਸਨ ਪਰ ਪ੍ਰਤਾਪ ਦਾ ਹੱਥ ਤੰਗ ਹੋਣ ਕਰਕੇ ਜਾਂ ਮਹਿਜ਼ ਉਸ ਦੇ ਸੁਭਾ ਕਰਕੇ ਬਾਵਜੂਦ ਜੋਗਾ ਸਿੰਘ ਦੇ ਵਾਰ-ਵਾਰ ਕਹਿਣ 'ਤੇ ਵੀ ਉਸ ਅੰਮ੍ਰਿਤਾ ਨੂੰ ਪੈਸੇ ਨਾ ਭੇਜੇ। ਅੰਮ੍ਰਿਤਾ ਜੋਗਾ ਸਿੰਘ ਨੂੰ ਕਹੇ ਕਿ ਤੁਸੀਂ ਜ਼ਿੰਮੇਵਾਰੀ ਚੁੱਕੀ ਸੀ, ਪ੍ਰਤਾਪ ਦੇਵੇ ਜਾਂ ਉਹ ਆਪ, ਉਸ ਨੂੰ ਤਾਂ ਪੈਸੇ ਚਾਹੀਦੇ ਹਨ। ਸੋ, ਇਹ ਮਾਮਲਾ ਕਾਫੀ ਚਿਰ ਤੋਂ ਲਟਕ ਰਿਹਾ ਸੀ। ਜੋਗਾ ਸਿੰਘ ਦੇ ਲਾਰਿਆਂ ਦੀ ਮੁਨਿਆਦ ਕਿ ਦੀਦੀ ਇਸ ਮਹੀਨੇ ਭਿਜਵਾ ਦਿਆਂਗਾ ਜਾਂ ਆਪ ਭੇਜ ਦੇਵਾਂਗਾ, ਵੀ ਕਦੋਂ ਦੀ ਮੁੱਕ-ਮੁਕਾ ਚੁੱਕੀ ਸੀ। ਸਾਰੇ ਬਹਾਨੇ ਬਹੇ ਹੋ ਚੁੱਕੇ ਸਨ।

ਖੈਰ, ਹੌਸਲਾ ਬਟੋਰਨ ਲਈ ਉਸ ਰੰਮ ਦੀਆਂ ਦੋ ਬੋਤਲਾਂ ਚਾਨਣੀ ਚੌਕ ਤੋਂ ਲੈ ਲਈਆਂ ਅਤੇ ਉਸ ਦੇ ਬੈਗ ਵਿਚ ਦੋ ਲਈ ਥਾਂ ਨਾ ਹੋਣ ਕਾਰਨ ਉਸ ਇਕ ਮੈਨੂੰ ਆਪਣੇ ਬੈਗ ਵਿਚ ਰੱਖਣ ਲਈ ਦੇ ਦਿੱਤੀ ਅਤੇ ਨੈਸ਼ਨਲ ਬੁੱਕ ਸ਼ਾਪ ਵਿਚ ਪਿਆਰਾ ਸਿੰਘ ਦਾਤਾ ਤੋਂ ਗਿਲਾਸ ਫੜ ਕੇ ਡੇਢ ਪਊਆ ਅੰਦਰ ਸੁੱਟ ਲਈ। ਸ਼ਰਾਬ ਅੰਦਰ ਜਾਣ ਨਾਲ ਉਸ ਵਿਚ ਤਾਜ਼ਾ ਹਾਲਾਤ ਨਾਲ ਭਿੜਨ ਦੀ ਤਾਕਤ ਬਾਹਰ ਆ ਗਈ। ਅਸੀਂ ਆਟੋ 'ਤੇ ਅੰਮ੍ਰਿਤਾ ਦੇ ਘਰ ਪਾਸ ਉਤਰ ਗਏ। ਆਟੋ ਤੋਂ ਉਤਰ ਕੇ ਜੋਗਾ ਸਿੰਘ ਨੇ ਆਟੋ ਵਾਲੇ ਕਿਰਾਏ ਦੀ ਟਿੱਪ ਵਜੋਂ ਦੋ ਪੈੱਗ ਵੀ ਦਿਤੇ, ਜੋ ਆਟੋ ਵਾਲੇ ਨੇ ਮਜਬੂਰੀ ਅਤੇ ਸ਼ੁਕਰਾਨੇ ਦੇ ਰਲੇ ਮਿਲੇ ਅਹਿਸਾਸ ਨਾਲ ਚਾੜ੍ਹ ਲਏ।

ਅੰਮ੍ਰਿਤਾ ਦਾ ਘਰ ਅਜੇ ਵੀ ਕੁਝ ਘਰ ਦੂਰ ਸੀ। ਬੱਦਲਾਂ ਅਤੇ ਬਾਰਸ਼ ਦੇ ਓਹਲੇ ਵਿਚ ਉਸ ਕਾਇਮ ਹੋਣ ਲਈ ਕੋਈ ਅੱਧਾ ਗਿਲਾਸ ਹੋਰ ਪੀ ਲਿਆ। ਮੈਨੂੰ ਵੀ ਉਸ ਇਕ ਦੋ ਪੈੱਗ ਮੱਲੋਮੱਲੀ ਦੇ ਦਿੱਤੇ। ਖੈਰ, ਅੰਮ੍ਰਿਤਾ ਦਾ ਘਰ ਆ ਗਿਆ। ਉਸ ਰਿੰਗ ਦਿੱਤੀ। ਜੋਗਾ ਸਿੰਘ ਅਤੇ ਮੇਰੇ ਲਈ ਦਰਵਾਜਾ ਖੁੱਲ੍ਹ ਗਿਆ। ਅੰਮ੍ਰਿਤਾ ਰੋਸ ਵਲੋਂ ਵੱਧ ਅਤੇ ਆਦਤ ਵਜੋਂ ਘੱਟ ਆਪਣੇ ਕਮਰੇ ਤੋਂ ਕੁਝ ਦੇਰ ਬਾਹਰ ਨਾ ਆਈ ਤਾਂ ਜੋਗਾ ਸਿੰਘ ਨੂੰ ਸ਼ਰਾਬ ਦਾ ਸਹਾਰਾ ਵੀ ਜਾਂਦਾ ਦਿਖਾਈ ਦਿੱਤਾ। ਜਦ ਉਹ ਆਖਰ ਬਾਹਰ ਆਈ ਤਾਂ ਜੋਗਾ ਸਿੰਘ ਜਿਵੇਂ ਉਸ ਦੇ ਪੈਰੀਂ ਹੀ ਢਹਿ ਪਿਆ। ਉਹ ਮੁੜ ਮੁੜ ਮਾਫੀ ਮੰਗੀ ਜਾਵੇ ਪਰ ਅੰਮ੍ਰਿਤਾ ਮੁੜ-ਮੁੜ ਉਸ ਨੂੰ ਮਾਫੀ ਤੋਂ ਅਸਲੀ ਗੱਲ ਵਲ ਲਿਆਵੇ ਤਾਂ ਜੋ ਗੱਲ ਕਿਸੇ ਫੈਸਲਾਕੁਨ ਸਥਿਤੀ 'ਤੇ ਪਹੁੰਚ ਸਕੇ।

ਲਗਦਾ ਸੀ ਅੰਮ੍ਰਿਤਾ ਪੈਸੇ ਮਿਲਣ ਤੋਂ ਕਿਸੇ ਘੱਟ ਸਥਿਤੀ ਲਈ ਤਿਆਰ ਹੋ ਸਕਣ ਦੇ ਰੌਂਅ ਵਿਚ ਨਹੀਂ। ਦੀਦੀ ਨੂੰ ਸ਼ਾਇਦ ਅੰਦਰੋਂ ਇਹ ਵੀ ਲਗਦਾ ਹੋਵੇ ਕਿ ਕਿਧਰੇ ਪੈਸੇ ਮਰ ਹੀ ਨਾ ਜਾਣ। ਸੋ, ਉਹ ਬਜ਼ਿਦ ਸੀ ਕਿ ਕੋਈ ਠੋਸ ਨਤੀਜਾ ਨਿਕਲ ਸਕੇ। ਇਕ ਪਾਸੇ ਨਿਤਾਂਤ ਮਜਬੂਰੀ ਅਤੇ ਦੂਜੇ ਪਾਸੇ ਆਉਣ ਵਾਲੇ ਪੈਸਿਆਂ ਤੋਂ ਮਿਲਣ ਵਾਲੀ ਕਾਲਪਨਿਕ ਖੁਸ਼ੀ ਅਤੇ ਪੈਸਿਆਂ ਦੇ ਖਟਾਈ ਵਿਚ ਪੈ ਜਾਣ ਤੋਂ ਪੈਦਾ ਹੋਣ ਵਾਲਾ ਜ਼ਾਹਰਾ-ਜ਼ਹੂਰ ਸੰਤਾਪ ਆਪਸ ਵਿਚ ਲੜ ਰਹੇ ਸਨ। ਅਜਿਹੇ ਸਮੇਂ ਜਿੱਤ ਹਮੇਸ਼ਾ ਪੈਸੇ ਵਾਲੇ ਦੀ ਹੁੰਦੀ ਹੈ। ਪੈਸੇ ਉਗਰਾਹੁਣ ਵਾਲੇ ਕੋਲ ਰੱਬੋਂ ਹੀ ਹਮੇਸ਼ਾ ਵਧੀਆ ਦਲੀਲਾਂ ਹੁੰਦੀਆਂ ਹਨ। ਜੋਗਾ ਸਿੰਘ ਇਹ ਲੜਾਈ ਇਕ ਵਾਰ ਫਿਰ ਹਾਰ ਗਿਆ ਸੀ।

ਹੁਣ ਫੈਸਲਾ ਇਹ ਹੋਇਆ ਕਿ ਪ੍ਰਤਾਪ ਮਹਿਤਾ ਨੂੰ ਇਸ ਮਸਲੇ ਵਿਚੋਂ ਬਾਹਰ ਕੱਢ ਦਿੱਤਾ ਜਾਵੇ, ਕਿਉਂਕਿ ਕਿਤਾਬਾਂ ਉਸ ਜੋਗਾ ਸਿੰਘ ਨੂੰ ਭੇਜੀਆਂ ਸਨ। ਇਹ ਵੱਖਰੀ ਗੱਲ ਹੈ ਕਿ ਕਿਤਾਬਾਂ ਗਈਆਂ ਕੁਲੈਕਟਿਵ ਬੁੱਕ ਸੈਂਟਰ 'ਤੇ ਹੀ ਸਨ। ਅਗਲੀ ਗੱਲ ਇਹ ਤੈਅ ਹੋਈ ਕਿ ਜੋਗਾ ਸਿੰਘ ਅਗਲੇ ਮਹੀਨੇ ਤੋਂ ਕਿਸੇ ਵੀ ਤਰ੍ਹਾਂ ਹੋਵੇ, ਹਰ ਮਹੀਨੇ ਕੁਝ ਪੈਸੇ ਭੇਜਦਾ ਰਹੇਗਾ, ਜਦ ਤੀਕ ਕਿਤਾਬਾਂ ਦੇ ਪੈਸੇ ਪੂਰੇ ਨਾ ਹੋ ਜਾਣ। ਸੋ, ਹੁਣ ਦੀਦੀ ਖੁਸ਼ ਸੀ। ਜੋਗਾ ਸਿੰਘ ਦੀ ਪਹਿਲਾਂ ਵਾਲੀ ਪੁੱਛ-ਗਿੱਛ ਬਹਾਲ ਹੋ ਗਈ। ਘਰ ਵਿਚ ਹੁਣ ਹਾਸਿਆਂ ਅਤੇ ਚੁਟਕਲੀ ਅੰਦਾਜ਼ ਵਾਲੇ ਠਹਾਕਿਆਂ ਦੀ ਟੁਣਕਾਰ ਪਰਤ ਆਈ ਸੀ। ਦੀਦੀ ਨੇ ਕੁਝ ਚਿਰ ਪਹਿਲਾਂ ਵਾਪਰਿਆ ਹਾਦਸਾ ਇਸ ਤਰ੍ਹਾਂ ਚਮਤਕਾਰੀ ਢੰਗ ਨਾਲ ਭੁਲਾ ਦਿੱਤਾ, ਜਿਵੇਂ ਕੋਈ ਘਿਉ 'ਚੋਂ ਮੱਖੀ ਕਢ ਦੇਵੇ; ਜਿਵੇਂ ਪਹਿਲਾਂ ਵਾਲੀ ਅੰਮ੍ਰਿਤਾ ਕੋਈ ਹੋਰ ਹੋਵੇ ਤੇ ਇਹ ਹੁਣ ਵਾਲੀ ਕਵਿਤਾ ਤੇ ਸਿਰਜਣਾਤਮਕਤਾ ਦੀ ਸਾਖਸ਼ਾਤ ਮੂਰਤ ਕੋਈ ਹੋਰ।

ਮੈਨੂੰ ਲਗਦਾ ਹੈ ਕਿ ਇਸ ਗੱਲ ਤੋਂ ਬਾਅਦ ਸ਼ਾਇਦ ਅੰਮ੍ਰਿਤਾ ਲਈ ਉਨ੍ਹਾਂ ਕਿਤਾਬਾਂ ਦੇ ਪੈਸਿਆਂ ਦੀ ਵੀ ਕੋਈ ਮਹੱਤਤਾ ਨਾ ਰਹਿ ਗਈ ਹੋਵੇ ਜਾਂ ਲੋੜ। ਉਹ ਸਿਰਫ ਇਹ ਚਾਹੁੰਦੀ ਸੀ ਕਿ ਚੀਜ਼ਾਂ ਉਵੇਂ ਵਾਪਰਨ ਜਿਵੇਂ ਉਨ੍ਹਾਂ ਨੂੰ ਵਾਪਰਨਾ ਚਾਹੀਦਾ ਹੈ। ਉਸ ਦੇ ਅੰਦਰ ਹਮੇਸ਼ਾ ਆਦਰਸ਼ਵਾਦ ਸੁਲਘਦਾ ਰਹਿੰਦਾ ਸੀ। ਜਦ ਉਸ ਦਾ ਵਿਸ਼ਵਾਸ ਕੋਈ ਅਣਸੁਖਾਵੀਂ ਘਟਨਾ ਤੋੜ ਦਿੰਦੀ ਤਾਂ ਉਹ ਲੋੜ ਤੋਂ ਵੱਧ ਉਤੇਜਿਤ ਹੋ ਜਾਂਦੀ। ਇਹ ਉਸ ਦਾ ਬੰਦਿਆਂ ਨਾਲੋਂ ਘਟਨਾ ਦੇ ਅੰਦਰੂਨੀ ਵਿਘਟਨ ਦੇ ਖਿਲਾਫ ਵੱਧ ਪ੍ਰਤੀਕਰਮ ਹੁੰਦਾ ਸੀ, ਭਾਵੇਂ ਕਈ ਵਾਰ ਇਹ ਜਾਹਰ ਦੂਜੀ ਤਰ੍ਹਾਂ ਵੀ ਹੋ ਜਾਂਦਾ, ਪਰ ਇਹ ਗੱਲਾਂ ਹਾਲਾਤ ਦੇ ਵਸ ਵਧੇਰੇ ਹੁੰਦੀਆਂ ਹਨ।

ਅੰਮ੍ਰਿਤਾ ਹੁਣ ਸਾਡੇ ਪਾਸ ਨਹੀਂ ਹੈ। ਉਸ ਦੀਆਂ ਲਿਖਤਾਂ ਅਤੇ ਯਾਦਾਂ ਹੀ ਸਾਡੇ ਪਾਸ ਹਨ, ਇਨ੍ਹਾਂ ਦੇ ਸਹਾਰੇ ਹੀ ਹੁਣ ਅੰਮ੍ਰਿਤਾ ਦੀ ਗੱਲ ਦੀ ਗੱਡੀ ਅੱਗੇ ਤੁਰ ਸਕੇਗੀ; ਸਾਡੀ ਸਿਮਰਤੀ ਵਿਚ, ਸਾਡੇ ਸਭਿਆਚਾਰ ਤੇ ਸਾਡੇ ਇਤਿਹਾਸ ਵਿਚ। ਮੇਰੇ ਖਿਆਲ ਵਿਚ ਗੱਲਾਂ ਅਤੇ ਸ਼ਬਦ, ਲਿਖਤੀ ਜਾਂ ਮੌਖਿਕ, ਕਦੇ ਮਰਦੇ ਨਹੀਂ। ਇਹ ਸਾਡੇ ਸੁਭਾਅ ਵਿਚ ਰਲ ਜਾਂਦੇ ਹਨ, ਜਿਵੇਂ ਮਿੱਟੀ ਵਿਚ ਹੋਰ ਮਿੱਟੀ ਅਤੇ ਲਹਿਰ ਵਿਚ ਹੋਰ ਲਹਿਰ, ਪਰ ਇਕ ਸ਼ਬਦ ਹੈ, ਜੋ ਆਪਣੀ ਥਾਂ ਕਿਸੇ ਹੋਰ ਨੂੰ ਨਹੀਂ ਦਿੰਦਾ, ਨਾ ਦੇ ਸਕਦਾ। ਇਸ ਸ਼ਬਦ ਨੂੰ ਨਾਂ ਕਹਿੰਦੇ ਹਨ ਤੇ ਹੁਣ ਵਾਲੇ ਪ੍ਰਸੰਗ ਵਾਲੀ ਹਰੀ ਭਰੀ ਅਮਰ ਸ਼ਖਸੀਅਤ ਦਾ ਨਾਂ ਹੈ, ਅੰਮ੍ਰਿਤਾ ਪ੍ਰੀਤਮ।

ਅੰਮ੍ਰਿਤਾ ਪਹਿਲਾਂ ਪਹਿਲ ਆਪਣੀਆਂ ਚਿੱਠੀਆਂ ਦੇ ਅਖੀਰ ਵਿਚ ਸ਼ਬਦ 'ਆਮੀਨ' ਲਿਖਦੀ ਹੁੰਦੀ ਸੀ। ਇਹ ਹੋਰ ਬਹੁਤ ਸਾਰੇ ਸ਼ਬਦਾਂ ਅਤੇ ਗੱਲਾਂ ਵਾਂਗ ਅਸੀਂ ਉਸੇ ਤੋਂ ਸਿੱਖਿਆ ਸੀ।

ਅੱਜ ਮੈਂ ਇਹ ਸ਼ਬਦ ਫਿਰ ਇਕ ਵਾਰ, ਪਰ ਇਸ ਵਾਰ ਸਦਾ ਲਈ, ਉਸੇ ਦੀ ਯਾਦ ਨੂੰ ਉਸੇ ਦੀ ਦਿੱਤੀ ਦਾਤ ਵਜੋਂ ਮੋੜ ਰਿਹਾ ਹਾਂ... ਆਮੀਨ!

## ਅੰਮ੍ਰਿਤਾ ਪ੍ਰੀਤਮ ਦੀਆਂ ਦੋ ਕਵਿਤਾਵਾਂ

### ਚਾਨਣ ਦੀ ਫੁਲਕਾਰੀ

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ!
ਅੰਬਰ ਦਾ ਇਕ ਆਲਾ ਸੂਰਜ ਬਾਲ ਦਿਆਂ
ਮਨ ਦੀ ਉਚੀ ਮਮਟੀ ਦੀਵਾ ਕੌਣ ਧਰੇ!

ਅੰਬਰ ਗੰਗਾ ਹੁੰਦੀ ਗਾਗਰ ਭਰ ਦੇਂਦੀ
ਦਰਦਾਂ ਦਾ ਦਰਿਆਉ ਕਿਹੜੀ ਘੁੱਟ ਭਰੇ!

ਇਹ ਜੁ ਸਾਨੂੰ ਅੱਗ ਰਾਖਵੀਂ ਦੇ ਚੱਲਿਉਂ
ਦਿਲ ਦੀ ਬੁੱਕਲ ਬਲਦੀ ਚਿਣਗਾਂ ਕੌਣ ਜਰੇ!
ਆਪਣੇ ਵੱਲੋਂ ਸਾਰੀ ਬਾਤ ਮੁਕਾ ਬੈਠੇ
ਹਾਲੇ ਵੀ ਇਕ ਹਉਕਾ ਤੇਰੀ ਗੱਲ ਕਰੇ!

---

### ਸ਼ੌਕ ਸੁਰਾਹੀ

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ!
ਕੀਕਣ ਦਿਹੁੰ ਗੁਜ਼ਾਰੇ?
ਜਿੰਦ ਕਹੇ ਮੈਂ ਸੁਪਨੇ ਤੇਰੇ
ਮਹਿੰਦੀ ਨਾਲ ਸ਼ਿੰਗਾਰੇ।

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ!
ਕੀਕਣ ਨੈਣ ਰੋਵੰਦੇ?
ਜਿੰਦ ਕਹੇ ਮੈਂ ਲੱਖਾਂ ਤਾਰੇ
ਜ਼ੁਲਫ ਤੇਰੀ ਵਿਚ ਗੁੰਦੇ।

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ!
ਕੀਕਣ ਬਲੇ ਸਵਾਈ?
ਜਿੰਦ ਕਹੇ ਮੈਂ ਆਤਸ਼ ਤੇਰੀ
ਪੱਛੀ ਹੇਠ ਲੁਕਾਈ।

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ!
ਕੀਕਣ ਵਰ੍ਹੇ ਬਿਤਾਏ?
ਜਿੰਦ ਕਹੇ ਮੈਂ ਸ਼ੌਕ ਤੇਰੇ ਨੂੰ
ਸੂਲਾਂ ਦੇ ਵੇਸ ਹੰਢਾਏ।

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ!
ਘਾਉ ਕਹੇ ਕੁ ਚੰਗੇ?
ਜਿੰਦ ਕਹੇ ਮੈਂ ਰੱਤ ਜਿਗਰ ਦੀ
ਸ਼ਗਨਾਂ ਦੇ ਸਾਲੂ ਰੰਗੇ।

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ!
ਕਰਮ ਕਹੇ ਕੁ ਕੀਤੇ?
ਜਿੰਦ ਕਹੇ ਤੇਰੀ ਸ਼ੌਕ ਸੁਰਾਹੀਉਂ
ਦੁੱਖਾਂ ਦੇ ਦਾਰੂ ਪੀਤੇ।

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ!
ਕੀਕਣ ਉਮਰਾ ਬੀਤੀ?
ਜਿੰਦ ਕਹੇ ਮੈਂ ਨਾਮ ਤੇਰੇ ਤੋਂ
ਸਦ ਕੁਰਬਾਨੇ ਕੀਤੀ।

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ!
ਆਸ਼ਕ ਦਾ ਕੀ ਕਹਿਣਾ?
ਜਿੰਦ ਕਹੇ ਤੇਰਾ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ।

# ਘਰ ਤੇ ਬਾਹਰ ਦੇ ਜੋਗੀ ਦੀ ਸਿੱਧੀ ਦਾ ਕੱਚ ਸੱਚ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

31 ਅਗਸਤ 2019 ਨੂੰ ਸਵਰਗੀ ਅੰਮ੍ਰਿਤਾ ਪ੍ਰੀਤਮ ਨੇ 100 ਸਾਲ ਦੀ ਹੋ ਜਾਣਾ ਸੀ। ਇਸ ਵਾਰ ਅੰਗਰੇਜ਼ੀ ਦੇ ਅਖਬਾਰਾਂ ਨੇ ਆਪਣੇ ਐਤਵਾਰੀ ਅੰਕਾਂ ਵਿਚ ਉਸ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਭਰਪੂਰ ਲੇਖ ਛਾਪੇ ਹਨ। ਉਹ ਪੰਜਾਬੀ ਕਵੀਆਂ ਦੀ ਮਹਾਰਥੀ ਮੰਨੀ ਜਾਂਦੀ ਸੀ ਤੇ ਉਸ ਨੇ ਆਪਣੇ ਸਾਥੀ ਇਮਰੋਜ਼ ਨਾਲ ਰਲ ਕੇ 'ਨਾਗਮਣੀ' ਨਾਂ ਦਾ ਸਾਹਿਤਕ ਰਸਾਲਾ ਵੀ ਕਈ ਵਰ੍ਹੇ ਕੱਢਿਆ। ਪਰ ਪੰਜਾਬੀ ਅਖਬਾਰਾਂ ਨੇ, ਇਕ ਅੱਧ ਨੂੰ ਛੱਡ ਕੇ, ਉਸ ਦਾ ਏਨਾ ਜ਼ਿਕਰ ਨਹੀਂ ਕੀਤਾ, ਜਿੰਨਾ ਅੰਗਰੇਜ਼ੀ ਅਖਬਾਰਾਂ ਨੇ ਕੀਤਾ। ਮੈਂ ਖੁਦ ਵੀ ਆਪਣੇ ਕਾਲਮ ਵਿਚ ਉਹਦੇ ਬਾਰੇ ਨਹੀਂ ਲਿਖਿਆ, ਭਾਵੇਂ ਆਪਣੀ ਨਵੀਂ ਦਿੱਲੀ ਰਿਹਾਇਸ਼ ਸਮੇਂ ਮੈਂ ਉਸ ਨੂੰ ਉਸ ਦੇ ਘਰ ਹੀ ਨਹੀਂ, ਪ੍ਰਸਿੱਧ ਅੰਗਰੇਜ਼ੀ ਲੇਖਕ ਖੁਸ਼ਵੰਤ ਸਿੰਘ ਤੇ ਹਿੰਦੀ ਲੇਖਕ ਭੀਸ਼ਮ ਸਾਹਨੀ ਦੇ ਘਰ ਵੀ ਮਿਲਦਾ ਰਿਹਾ ਹਾਂ। ਉਹ ਕਈ ਵਾਰ ਮੇਰੇ ਘਰ ਵੀ ਆਈ ਸੀ ਤੇ ਮੈਨੂੰ ਲਾਡ ਨਾਲ ਗੁਲਜ਼ਾਰ ਮੀਆਂ ਕਹਿ ਕੇ ਸੰਬੋਧਨ ਕਰਦੀ ਸੀ।

ਕੀ ਮੈਂ ਇਸ ਘਟਨਾਕ੍ਰਮ ਲਈ 'ਘਰ ਦਾ ਜੋਗੀ ਜੋਗੜਾ ਤੇ ਬਾਹਰ ਦਾ ਜੋਗੀ ਸਿੱਧ' ਵਾਲਾ ਅਖਾਣ ਵਰਤ ਸਕਦਾ ਹਾਂ? ਬਿਲਕੁਲ ਨਹੀਂ। ਉਹ ਪੰਜਾਬੀ ਪਾਠਕਾਂ ਦੇ ਮਨਾਂ ਵਿਚ ਵਸਦੀ ਹੈ। ਜੇ ਸੱਚ ਪੁੱਛੋ ਤਾਂ ਪੰਜਾਬੀ ਰਸਾਲੇ ਤੇ ਪੱਤਰ ਪੂਰਾ ਸਾਲ ਉਸ ਦਾ ਗੁਣ ਗਾਇਨ ਕਰਦੇ ਰਹੇ ਹਨ। ਮੈਂ ਖੁਦ ਉਸ ਦੀਆਂ 'ਤੂੰ ਨਹੀਂ ਆਇਆ' ਕਵਿਤਾ ਦੀਆਂ ਹੇਠ ਲਿਖੀਆਂ ਲਾਈਨਾਂ ਸੈਂਕੜੇ ਮਹਿਫਿਲਾਂ ਵਿਚ ਸੁਣਾਉਂਦਾ ਰਿਹਾ ਹਾਂ,

ਇਸ਼ਕ ਦੀ ਦਹਿਲੀਜ਼ 'ਤੇ
ਸਜਦਾ ਕਰੇਗਾ ਜਦ ਕੋਈ
ਯਾਦ ਫਿਰ ਦਹਿਲੀਜ਼ ਨੂੰ
ਮੇਰਾ ਜ਼ਮਾਨਾ ਆਏਗਾ,
ਤੂੰ ਨਹੀਂ ਆਇਆ।

ਸ਼ੁਹਰਤਾਂ ਦੀ ਧੂੜ ਡਾਢੀ
ਧੂੜ ਊਜਾਂ ਦੀ ਬੜੀ
ਰੰਗ ਦਿਲ ਦੇ ਖੂਨ ਦਾ
ਕੋਈ ਕਿਵੇਂ ਬਦਲਾਏਗਾ,
ਤੂੰ ਨਹੀਂ ਆਇਆ।

ਅੰਮ੍ਰਿਤਾ ਨੇ ਪੰਜਾਬੀ ਕਵਿਤਾ ਨੂੰ ਏਧਰਲੇ ਤੇ ਉਧਰਲੇ ਪੰਜਾਬ ਵਿਚ ਹੀ ਨਹੀਂ, ਦੁਨੀਆਂ ਭਰ ਵਿਚ ਹਰਮਨ ਪਿਆਰੀ ਬਣਾਇਆ। ਦੇਸ਼ ਵੰਡ ਬਾਰੇ ਉਸ ਦੀ ਲਿਖੀ ਕਵਿਤਾ ਦੇ ਕਈ ਬੰਦ ਲੋਕ ਮਨਾਂ ਵਿਚ ਅੱਜ ਤੱਕ ਵੱਸੇ ਹੋਏ ਹਨ:

ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੇ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬ-ਏ-ਇਸ਼ਕ ਦਾ
ਤੂੰ ਅਗਲਾ ਵਰਕਾ ਫੋਲ।
ਇੱਕ ਰੋਈ ਸੀ ਧੀ ਪੰਜਾਬ ਦੀ
ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ
ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।

'ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ' ਆਦਿ ਬੋਲ ਘਟ ਘਟ ਵਿਚ ਸਮਾਏ ਹੋਏ ਹਨ। ਚੰਗੀ ਕਵਿਤਾ ਦੇ ਰਸੀਏ ਅਜਿਹੇ ਬੋਲਾਂ ਦੀ ਕਾਵਿਕ ਉਤਮਤਾ 'ਤੇ ਤਾਂ ਹਰਫ ਉਠਾ ਸਕਦੇ ਹਨ, ਪਰ ਇਨ੍ਹਾਂ ਦੀ ਹਰਮਨ ਪਿਆਰਤਾ 'ਤੇ ਨਹੀਂ। ਉਸ ਨੇ ਛੋਟੀ ਵੱਡੀ ਕਵਿਤਾ ਰਚੀ। ਵੱਡੀ ਉਮਰੇ ਹਰਮਨ ਪਿਆਰੇ ਨਾਵਲ ਲਿਖਣ ਵਾਲੀ ਵੀ ਉਹੀਓ ਸੀ। ਉਸ ਦੀਆਂ ਕਵਿਤਾਵਾਂ ਤੇ ਨਾਵਲ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਹੀ ਨਹੀਂ, ਅਨੇਕਾਂ ਵਿਦੇਸ਼ੀ ਭਾਸ਼ਾਵਾਂ ਵਿਚ ਵੀ ਅਨੁਵਾਦ ਹੋ ਕੇ ਛਪ ਚੁਕੇ ਹਨ-ਰੂਸੀ, ਡੱਚ, ਬੁਲਗਾਰੀਅਨ, ਪੋਲਿਸ਼, ਸਪੇਨਿਸ਼, ਅਲਬੇਨੀਅਨ, ਚੀਨੀ, ਜਪਾਨੀ, ਹੰਗੇਰੀਅਨ, ਰੋਮਾਨੀਅਨ, ਉਜ਼ਬੇਕ, ਜਰਮਨ, ਡੈਨਿਸ਼, ਮੈਕਡੋਨੀਅਨ, ਯੁਕਰੇਨੀਅਨ ਤੇ ਹੋਰ ਕਈ ਭਾਸ਼ਾਵਾਂ ਵਿਚ।

ਅੰਮ੍ਰਿਤਾ ਨੂੰ ਕਈ ਯੂਨੀਵਰਸਿਟੀਆਂ ਨੇ ਡਾਕਟਰੇਟ ਦੀ ਆਨਰੇਰੀ ਡਿਗਰੀ ਦਿੱਤੀ ਤੇ ਦਰਜਨਾਂ ਖੋਜਾਰਥੀਆਂ ਨੇ ਉਸ ਦੀਆਂ ਰਚਨਾਵਾਂ 'ਤੇ ਖੋਜ ਰਚਨਾਵਾਂ ਲਿਖ ਕੇ ਪੀਐਚ. ਡੀ. ਕੀਤੀ। ਉਸ ਦੀ ਸਾਹਿਤਕ ਦੇਣ ਨੂੰ ਮੁੱਖ ਰਖਦਿਆਂ ਉਸ ਨੂੰ ਭਾਰਤੀ ਗਿਆਨਪੀਠ ਸਨਮਾਨ ਨਾਲ ਨਿਵਾਜਿਆ ਗਿਆ। ਉਸ ਦੇ ਮਾਣ ਸਨਮਾਨਾਂ ਦੀ ਪੂਰੀ ਸੂਚੀ ਦਰਜ ਕਰਨੀ ਹੋਵੇ ਤਾਂ ਇੱਕ ਕਾਲਮ ਕਾਫੀ ਨਹੀਂ।

ਕੁਝ ਦਿਨ ਪਹਿਲਾਂ ਮੈਂ ਸਰਹਿੰਦ ਤੋਂ ਲੁਧਿਆਣਾ ਜਾ ਰਿਹਾ ਸਾਂ। ਰਸਤੇ ਵਿਚ ਖੰਨਾ ਮੰਡੀ ਪੈਂਦੀ ਹੈ, ਜਿੱਥੋਂ ਦੇ ਆਰੀਆ ਹਾਈ ਸਕੂਲ ਤੋਂ ਮੈਂ ਮਿਡਲ ਪਾਸ ਕੀਤੀ ਸੀ। ਮੈਂ ਸੋਚਿਆ ਮੈਨੂੰ ਆਪਣੇ 70 ਸਾਲ ਪਹਿਲੇ ਸਕੂਲ ਦੀ ਝਲਕ ਪਵੇਗੀ, ਪਰ ਛੇ-ਸੱਤ ਕਿਲੋਮੀਟਰ ਲੰਬੇ ਫਲਾਈ ਓਵਰ ਨੇ ਮੈਨੂੰ ਖੰਨਾ ਤਾਂ ਕੀ, ਭੱਟੀਆਂ, ਬਾਹੋ ਮਾਜਰਾ, ਲਿਬੜਾ ਆਦਿ ਪਿੰਡਾਂ ਦਾ ਵੀ ਪਤਾ ਨਾ ਲੱਗਣ ਦਿੱਤਾ। ਇੱਕ ਹਾਈਵੇਅ ਕਿੰਗ ਢਾਬੇ ਉਤੇ ਚਾਹ ਪੀਣ ਲਈ ਰੁਕਿਆ ਤਾਂ ਮੈਂ ਵਰਤਾਵੇ ਨੂੰ ਪੁੱਛਿਆ, ਕਿੰਗ ਢਾਬਾ ਕਿਹੜੇ ਪਿੰਡ ਦੀ ਜ਼ਮੀਨ ਵਿਚ ਪੈਂਦਾ ਹੈ?

ਉਸ ਦੇ ਮੂੰਹ ਤੋਂ 'ਖੰਨਾ' ਸੁਣ ਕੇ ਮੈਂ ਮੁੜ ਪੁੱਛਿਆ ਕਿ ਪਿੰਡ ਲਿਬੜਾ ਕਿੱਧਰ ਹੈ? ਉਸ ਦਾ ਉਤਰ ਸੀ, 'ਲਿਬੜਾ ਤਾਂ ਪਿੱਛੇ ਰਹਿ ਗਿਆ ਜੀ।' ਭਾਵ ਮੇਰੇ ਵਾਲਾ ਖੰਨਾ ਰਸਤੇ ਵਿਚ ਪੈਂਦੇ ਭੱਟੀਆਂ, ਕੋੜੀ ਤੇ ਬਾਹੋਮਾਜਰਾ ਨਾਂ ਦੇ ਪਿੰਡਾਂ ਨੂੰ ਹੀ ਨਹੀਂ, ਲਿਬੜਾ ਨੂੰ ਵੀ ਆਪਣੇ ਪੈਰਾਂ ਥੱਲੇ ਮਧੋਲ ਗਿਆ ਹੈ। ਮੈਨੂੰ ਆਪਣੀ ਛੇ ਮਹੀਨੇ ਪਹਿਲਾਂ ਵਾਲੀ ਪਾਕਿਸਤਾਨ ਫੇਰੀ ਚੇਤੇ ਆ ਗਈ। ਉਥੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ। ਸੜਕਾਂ ਵੀ ਭੀੜੀਆਂ ਹਨ। ਆਲੇ ਦੁਆਲੇ ਸਫੈਦੇ ਦੇ ਰੁੱਖ ਤਾਂ ਕੀ, ਨਿੰਮ ਤੇ ਕਿੱਕਰਾਂ ਵੀ ਨਹੀਂ। ਦੋਹਾਂ ਵਿਚੋਂ ਕਿਸ ਲਈ ਮੁਰਦਾਬਾਦ ਸ਼ਬਦ ਵਰਤੀਏ ਤੇ ਕਿਸ ਲਈ ਜ਼ਿੰਦਾਬਾਦ?

**ਅੰਤਿਕਾ: ਜਗਵਿੰਦਰ ਜੋਧਾ**

ਪਤਾ ਨਹੀਂ ਕਿਉਂ ਇੱਕ ਦਿਨ ਉਸ ਨੂੰ
ਭਰੇ ਹੋਣ ਦਾ ਵਹਿਮ ਹੋ ਗਿਆ,
ਊਣਾ ਭਾਂਡਾ ਛਲਕਣ ਲੱਗਾ।
ਪੌਣ ਕੰਧਾੜੇ ਚੜ੍ਹ ਕੇ ਉਡਿਆ
ਅੱਕ ਕੱਕੜੀ ਦਾ ਅਦਨਾ ਫੰਬ,
ਅਸਮਾਨਾਂ ਸੰਗ ਜਿੱਦਣ ਲੱਗਾ।

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-4

# ਬਜਰੰਗ ਦਲ

## ਹਮਲਿਆਂ ਦੀ ਸਿਆਸਤ ਕਾਰੋਬਾਰ ਬਣੀ

***ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ.ਐਸ.ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਜ਼ਿੰਮੇਵਾਰ ਸੰਗਠਨਾਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਇਸ ਕਿਸ਼ਤ ਵਿਚ ਬਜਰੰਗ ਦਲ ਦੇ ਕੰਮ ਢੰਗ ਬਾਰੇ ਭਰਪੂਰ ਖੁਲਾਸਾ ਕੀਤਾ ਗਿਆ ਹੈ। -ਸੰਪਾਦਕ***

### ਹਿੰਦੂਤਵੀ ਲਸ਼ਕਰ



**ਧੀਰੇਂਦਰ ਕੁਮਾਰ ਝਾਅ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਹਿੰਦੂ ਯੁਵਾ ਵਾਹਿਨੀ ਦੇ ਬਣਨ ਦੇ ਪਹਿਲੇ ਸਾਲ 2002 ਵਿਚ ਹੀ 6 ਵੱਡੇ ਫਿਰਕੂ ਦੰਗੇ ਹੋਏ। ਇਹ ਮੋਹਨ ਮੁੰਦਰਾ, ਨਥੂਆ, ਤੁਰਕਮਾਨਪੁਰ, ਨਾਰਕਾਥਾ, ਭੇਦਾਹੀ ਅਤੇ ਧਨਘਾਟਾ ਪਿੰਡਾਂ ਵਿਚ ਹੋਏ। ਸਥਾਨਕ ਪ੍ਰਸ਼ਾਸਨ ਵਿਚ ਦਮ ਨਾ ਹੋਣ ਕਾਰਨ ਅਗਲੇ ਸਾਲਾਂ ਵਿਚ ਵੀ ਫਿਰਕੂ ਝਗੜੇ ਕਰਵਾਉਣ ਦਾ ਸਿਲਸਿਲਾ ਬੇਰੋਕ-ਟੋਕ ਜਾਰੀ ਰਿਹਾ। ਸਥਾਨਕ ਵਾਰਦਾਤਾਂ ਦਾ ਰਿਕਾਰਡ ਰੱਖਣ ਵਾਲੇ ਪੱਤਰਕਾਰ ਮਨੋਜ ਕੁਮਾਰ ਅਨੁਸਾਰ 2007 ਵਿਚ ਅਦਿਤਿਆ ਨਾਥ ਦੀ ਗ੍ਰਿਫਤਾਰੀ ਵੇਲੇ ਤਕ ਗੋਰਖਪੁਰ ਅਤੇ ਨਾਲ ਲੱਗਦੇ ਜਿਲਿਆਂ ਵਿਚ 22 ਵੱਡੇ ਫਿਰਕੂ ਫਸਾਦ ਹੋ ਚੁਕੇ ਸਨ।

28 ਜਨਵਰੀ 2007 ਨੂੰ ਜਦੋਂ ਅਦਿਤਿਆ ਨਾਥ ਅਤੇ ਦਰਜਨ ਤੋਂ ਵਧੇਰੇ ਹੋਰ ਆਗੂ ਗੋਰਖਪੁਰ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗੋਰਖਪੁਰ ਵਿਚ ਉਸ ਸਮੇ ਦੰਗਿਆਂ ਕਾਰਨ ਗੜਬੜ ਫੈਲੀ ਹੋਈ ਸੀ। ਇਕ ਦਿਨ ਪਹਿਲਾਂ ਹੀ ਅਦਿਤਿਆ ਨਾਥ ਨੇ ਇਕ ਛੋਟੇ ਝਗੜੇ ਨੂੰ ਭੜਕਾਊ ਭਾਸ਼ਣ ਦੇ ਕੇ ਮੁਕੰਮਲ ਫਿਰਕੂ ਜੰਗ ਵਿਚ ਬਦਲ ਦਿੱਤਾ ਸੀ। ਇਹ ਗ੍ਰਿਫਤਾਰੀ ਬਿਲਕੁਲ ਉਸ ਵਕਤ ਕੀਤੀ ਗਈ, ਜਦੋਂ ਹਿੰਦੂ ਯੁਵਾ ਵਾਹਿਨੀ 29 ਜਨਵਰੀ ਨੂੰ ਤਾਜੀਆ ਜਲਾਉਣ ਅਤੇ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦੇ ਰਹੀ ਸੀ। ਤਾਜੀਆ ਇਰਾਕ ਵਿਚ ਇਮਾਮ ਹੁਸੈਨ ਦੀ ਕਬਰ ਦਾ ਨਮੂਨਾ ਹੈ ਅਤੇ ਭਾਰਤੀ ਮੁਸਲਮਾਨਾਂ ਵੱਲੋਂ ਮੁਹੱਰਮ ਦੇ ਦਿਨ ਇਸ ਨੂੰ ਦਫਨਾਏ ਜਾਣ ਦੀ ਪਰੰਪਰਾ ਹੈ। ਗ੍ਰਿਫਤਾਰੀਆਂ ਦੇ ਬਾਵਜੂਦ ਗੋਰਖਪੁਰ ਅਤੇ ਨਾਲ ਵਾਲੇ ਜਿਲਿਆਂ ਵਿਚ ਦੰਗੇ ਭੜਕ ਗਏ। ਅਦਿਤਿਆ ਨਾਥ ਨੂੰ 11 ਦਿਨ ਹਿਰਾਸਤ ਵਿਚ ਰਹਿਣਾ ਪਿਆ, 7 ਫਰਵਰੀ ਤੱਕ ਜ਼ਮਾਨਤ ਮਿਲਣ ਤਕ।

ਇਹ ਪਹਿਲਾ ਅਤੇ ਅਜਿਹਾ ਇਕੋ ਇਕ ਮੌਕਾ ਸੀ, ਜਦੋਂ ਸਥਾਨਕ ਪ੍ਰਸ਼ਾਸਨ ਨੇ ਅਦਿਤਿਆ ਨਾਥ ਅਤੇ ਉਸ ਦੇ ਲਸ਼ਕਰ ਖਿਲਾਫ ਐਨੀ ਤੇਜ਼ੀ ਨਾਲ ਕਾਰਵਾਈ ਕੀਤੀ ਹੋਵੇ। ਯੂ. ਪੀ. ਦੇ ਸਮਾਜਵਾਦੀ ਪਾਰਟੀ ਦੇ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਨੇ ਅਦਿਤਿਆ ਨਾਥ ਨੂੰ ਖੁਸ਼ ਰੱਖਣ ਦੀ ਆਪਣੀ ਨੀਤੀ ਤੋਂ ਪਿੱਛੇ ਹਟ ਕੇ, ਭਾਵੇਂ ਕੁਝ ਸਮੇਂ ਲਈ ਹੀ ਸਹੀ, ਇਹ ਜੋ ਕਾਰਵਾਈ ਕੀਤੀ, ਇਸ ਦੇ ਕਾਰਨਾਂ ਨੂੰ ਲੈ ਕੇ ਵਿਵਾਦ ਹੈ। ਸ਼ਾਇਦ ਉਸ ਨੇ ਅਜਿਹਾ ਇਸ ਲਈ ਕੀਤਾ ਕਿ ਅਦਿਤਿਆ ਨਾਥ ਆਉਣ ਵਾਲੀਆਂ ਅਪਰੈਲ-ਮਈ 2007 ਦੀਆਂ ਚੋਣਾਂ ਤੋਂ ਪਹਿਲਾਂ ਵੱਡਾ ਫਿਰਕੂ ਦੰਗਾ ਭੜਕਾਉਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਸੀ। ਸਥਾਨਕ ਲੋਕਾਂ ਦੀ ਰਾਏ ਹੈ ਕਿ ਅਜਿਹੇ ਫਿਰਕੂ ਦੰਗਿਆਂ ਨੇ ਮੁਲਾਇਮ ਦੀ ਹਾਲਤ ਹੋਰ ਕਮਜ਼ੋਰ ਕਰ ਦੇਣੀ ਸੀ ਅਤੇ ਮੁਸਲਿਮ ਵੋਟਾਂ ਬਹੁਜਨ ਸਮਾਜ ਪਾਰਟੀ ਦੀ ਮਾਇਆਵਤੀ ਦੇ ਹੱਕ ਵਿਚ ਭੁਗਤ ਜਾਣੀਆਂ ਸਨ।

ਕਾਰਨ ਭਾਵੇਂ ਕੁਝ ਵੀ ਹੋਵੇ, ਅਦਿਤਿਆ ਨਾਥ ਦੀ ਗ੍ਰਿਫਤਾਰੀ ਅਤੇ ਉਸ ਦੇ ਅੰਗ ਰੱਖਿਅਕਾਂ ਦੀ ਵਾਪਸੀ ਨੇ ਉਸ ਨੂੰ ਇਸ ਹੱਦ ਤੱਕ ਭੈਭੀਤ ਕਰ ਦਿੱਤਾ ਕਿ ਲੋਕ ਸਭਾ ਦੇ ਸਪੀਕਰ ਸੋਮਨਾਥ ਚੈਟਰਜੀ ਅੱਗੇ ਆਪਣਾ ਦੁੱਖ ਰੋਂਦਿਆਂ ਉਸ ਦੀਆਂ ਅੱਖਾਂ ਵਿਚੋਂ ਹੰਝੂ ਵਗ ਤੁਰੇ ਅਤੇ ਉਸ ਨੇ ਇਸ ਨੂੰ ਸਿਆਸੀ ਸਾਜ਼ਿਸ਼ ਦੱਸਿਆ। ਅੰਗਰੇਜ਼ੀ ਅਖਬਾਰ 'ਹਿੰਦੂ' ਵਿਚ ਲੱਗੀ ਰਿਪੋਰਟ ਅਨੁਸਾਰ:

'ਐਮ. ਪੀ., ਜਿਸ ਨੇ ਗੋਰਖਪੁਰ ਜੇਲ੍ਹ ਵਿਚ 11 ਦਿਨ ਰਹਿਣ ਪਿਛੋਂ ਲੋਕ ਸਭਾ ਵਿਚ ਹਾਜ਼ਰੀ ਭਰੀ, ਸਦਨ ਵਿਚ ਫੁੱਟ ਫੁੱਟ ਕੇ ਰੋਣ ਲੱਗਾ ਅਤੇ ਰਾਜ ਸਰਕਾਰ ਵਲੋਂ ਧੱਕਾ ਕੀਤੇ ਜਾਣ ਬਾਰੇ ਕਹਿਣ ਲੱਗਾ। ਤਿੰਨ ਵਾਰ ਗੋਰਖਪੁਰ ਤੋਂ ਐਮ. ਪੀ. ਚੁਣੇ ਜਾਣ ਵਾਲਾ ਅਦਿਤਿਆ ਨਾਥ ਸੋਮਨਾਥ ਚੈਟਰਜੀ ਅੱਗੇ ਫੁੱਟ ਫੁੱਟ ਕੇ ਰੋ ਰਿਹਾ ਸੀ ਅਤੇ ਰਾਜ ਸਰਕਾਰ ਦੇ ਉਸ 'ਤੇ ਤਸ਼ੱਦਦ ਢਾਹੁਣ ਦੀ ਗੱਲ ਕਰ ਰਿਹਾ ਸੀ। ਸਪੀਕਰ ਨੇ ਮਸਲੇ ਦੀ ਨਜ਼ਰਸਾਨੀ ਬਾਰੇ ਕਿਹਾ। ਉਸ ਨੇ ਸਪੀਕਰ ਨੂੰ ਕਿਹਾ, 'ਕੀ ਸਾਨੂੰ ਸੁਰੱਖਿਆ ਮਿਲੇਗੀ ਜਾਂ ਸਾਡੇ ਨਾਲ ਵੀ ਸੁਨੀਲ ਮਹਾਤੋ ਵਾਲੀ ਹੋਵੇਗੀ?' ਝਾਰਖੰਡ ਮੁਕਤੀ ਮੋਰਚਾ ਦੇ ਮੈਂਬਰ ਸੁਨੀਲ ਮਹਾਤੋ ਨੂੰ ਜਮਸ਼ੇਦਪੁਰ ਨੇੜੇ ਹਫਤਾ ਪਹਿਲਾਂ ਹੀ ਕਤਲ ਕਰ ਦਿੱਤਾ ਗਿਆ ਸੀ।

ਹੰਝੂ ਕੇਰਦੇ ਅਦਿਤਿਆ ਨਾਥ ਦੀ ਹਾਲਤ ਦੇਖ ਕੇ ਠਾਕੁਰ ਹਮਾਇਤੀਆਂ ਨੂੰ ਧੱਕਾ ਲੱਗਾ। ਮਾਰਸ਼ਲ ਕਹਾਉਂਦੀ ਜਾਤ ਦੇ ਮਰਦ ਵਲੋਂ ਇਸ ਤਰ੍ਹਾਂ ਹੰਝੂ ਕੇਰਨਾ ਕਮਜ਼ੋਰੀ ਦੀ ਨਿਸ਼ਾਨੀ ਸੀ, ਪਰ ਛੇਤੀ ਹੀ ਉਸ ਦੇ ਚੇਲਿਆਂ ਨੇ ਉਸ ਦੀ ਡਿਗ ਰਹੀ ਸਾਖ ਨੂੰ ਸੰਭਾਲਣ ਦਾ ਕੰਮ ਸ਼ੁਰੂ ਕਰ ਦਿੱਤਾ। ਹਿੰਦੂ ਯੁਵਾ ਵਾਹਿਨੀ ਦੇ ਉਸ ਦੇ ਚੇਲਿਆਂ ਨੇ ਇਹ ਸਫਾਈ ਪੇਸ਼ ਕਰਨੀ ਸ਼ੁਰੂ ਕਰ ਦਿੱਤੀ ਕਿ ਉਹ ਭਾਵੁਕ ਬੰਦਾ ਹੈ, ਇਸ ਲਈ ਹੰਝੂ ਆ ਗਏ। ਆਮ ਲੋਕ ਉਸ ਨੂੰ ਬੁਜ਼ਦਿਲ ਆਦਮੀ ਦੇ ਤੌਰ 'ਤੇ ਦੇਖ ਰਹੇ ਸਨ, ਜੋ ਸਿਰਫ ਹਜੂਮੀ ਹਿੰਸਾ ਹੀ ਫੈਲਾ ਸਕਦਾ ਸੀ।

---

2007 ਦੀ ਗ੍ਰਿਫਤਾਰੀ ਨੂੰ ਛੱਡ ਕੇ ਗੋਰਖਪੁਰ ਅਤੇ ਇਸ ਦੇ ਨਾਲ ਲਗਦੇ ਇਲਾਕਿਆਂ ਵਿਚ ਅਦਿਤਿਆ ਨਾਥ ਅਤੇ ਉਸ ਦੀ ਹਿੰਦੂ ਯੁਵਾ ਵਾਹਿਨੀ 'ਤੇ ਨਕੇਲ ਕੱਸਣ ਲਈ ਪੁਲਿਸ ਤਿਆਰ ਨਹੀਂ ਸੀ। ਕਾਨੂੰਨ ਦਾ ਰਾਜ ਮਜ਼ਾਕ ਬਣ ਕੇ ਰਹਿ ਗਿਆ ਸੀ। ਉਸ ਨੂੰ ਮਿਲਣ ਵਾਲੀ ਰਾਜਸੀ ਸ਼ਹਿ ਅਤੇ ਹਿੰਦੂ ਯੁਵਾ ਵਾਹਿਨੀ ਦੇ ਕਾਰਕੁਨਾਂ ਦੀ ਲੋਕਾਂ ਦੇ ਜਜ਼ਬਾਤ ਨੂੰ ਭੜਕਾਉਣ ਦੀ ਚਤੁਰਾਈ ਨੇ ਧਾਰਮਿਕ ਘੱਟ ਗਿਣਤੀਆਂ ਲਈ ਬੜੀ ਮੁਸੀਬਤ ਵਾਲੀ ਹਾਲਤ ਪੈਦਾ ਕਰ ਦਿੱਤੀ ਸੀ। ਅਦਿਤਿਆ ਨਾਥ ਅਤੇ ਹਿੰਦੂ ਯੁਵਾ ਵਾਹਿਨੀ ਦੇ ਕਾਰਕੁਨਾਂ 'ਤੇ ਕੇਸ ਦਰਜ ਕਰਨ ਵਾਲੇ ਬਹੁਤ ਸਾਰੇ ਅਧਿਕਾਰੀਆਂ ਨੂੰ ਇਸ ਦਾ ਖਮਿਆਜ਼ਾ ਤਬਾਦਲਿਆਂ ਦੇ ਰੂਪ 'ਚ ਭੁਗਤਣਾ ਪਿਆ। ਇਸ ਨੇ ਅਦਿਤਿਆ ਨਾਥ ਦਾ ਕੱਦ-ਕਾਠ ਵੱਡਾ ਕਰ ਦਿੱਤਾ ਅਤੇ ਇਹ ਆਪਣੇ ਆਪ ਵਿਚ ਸੰਦੇਸ਼ ਸੀ ਕਿ ਅਦਿਤਿਆ ਨਾਥ ਅਤੇ ਉਸ ਦੀ ਜਥੇਬੰਦੀ ਦੇ ਮੈਂਬਰ ਕਾਨੂੰਨ ਤੋਂ ਉਪਰ ਹਨ।



*ਹਿੰਦੂ ਯੁਵਾ ਵਾਹਿਨੀ ਦੇ ਲੀਡਰ।*

ਇਸ ਦਾ ਨਤੀਜਾ ਇਹ ਹੋਇਆ ਕਿ ਮੁਕਾਮੀ ਪ੍ਰਸ਼ਾਸਨ ਨਿਸੱਤਾ ਮਹਿਸੂਸ ਕਰਨ ਲੱਗਾ ਅਤੇ ਉਨ੍ਹਾਂ ਕੋਲ ਦੰਗੇ ਭੜਕਾ ਰਹੇ ਅਦਿਤਿਆ ਨਾਥ ਤੇ ਉਸ ਦੀ ਹਿੰਦੂ ਯੁਵਾ ਵਾਹਿਨੀ ਦੇ ਮੁਸ਼ਟੰਡਿਆਂ ਅੱਗੇ ਗੋਡੇ ਟੇਕਣ ਤੋਂ ਬਿਨਾ ਕੋਈ ਚਾਰਾ ਨਾ ਬਚਿਆ।

ਹੈਰਾਨੀ ਦੀ ਗੱਲ ਨਹੀਂ ਕਿ ਅਦਿਤਿਆ ਨਾਥ ਦਾ ਨਾਂ ਕਈ ਪੁਲਿਸ ਰਿਪੋਰਟਾਂ ਵਿਚ ਸ਼ਾਮਲ ਹੋਣ ਦੇ ਬਾਵਜੂਦ ਜਾਂਚ ਉਪਰੰਤ ਪੁਲਿਸ ਵਲੋਂ ਪੇਸ਼ ਕੀਤੀ ਕਿਸੇ ਵੀ ਚਾਰਜਸ਼ੀਟ ਵਿਚ ਉਸ ਦਾ ਨਾਂ ਕਦੇ ਵੀ ਨਜ਼ਰ ਨਹੀਂ ਆਇਆ। ਇਥੋਂ ਤੱਕ ਕਿ ਸੱਤਿਆ ਪ੍ਰਕਾਸ਼ ਯਾਦਵ, ਜੋ ਸਮਾਜਵਾਦੀ ਪਾਰਟੀ ਆਗੂ ਤਲਤ ਅਜ਼ੀਜ਼ ਦਾ ਅੰਗ ਰੱਖਿਅਕ ਸੀ, ਨੂੰ 10 ਫਰਵਰੀ 1999 ਨੂੰ ਪੰਚ ਰੁਖੀਆ ਵਿਚ ਦਿਨ ਦਿਹਾੜੇ ਗੋਲੀ ਮਾਰ ਕੇ ਮਾਰ ਦੇਣ ਦੀ ਘਟਨਾ, ਜਿਸ ਵਿਚ ਅਦਿਤਿਆ ਨਾਥ ਦਾ ਨਾਂ ਰਿਪੋਰਟ ਵਿਚ ਸਭ ਤੋਂ ਉਪਰ ਸੀ, ਉਸ ਮਾਮਲੇ ਵਿਚ ਵੀ ਉਹ ਅਤੇ ਉਸ ਦੇ ਚੇਲੇ ਖੁੱਲ੍ਹੇ ਤੁਰੇ ਫਿਰਦੇ ਹਨ। ਕ੍ਰਾਈਮ ਬਰਾਂਚ ਅਤੇ ਸੂਹੀਆ ਵਿੰਗ ਦੀਆਂ ਜਾਂਚ ਰਿਪੋਰਟਾਂ ਅਨੁਸਾਰ ਗੋਲੀਆਂ ਦੋਹਾਂ ਪਾਸਿਆਂ ਤੋਂ ਚੱਲੀਆਂ ਸਨ ਅਤੇ ਇਹ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਕਿ ਸੱਤਿਆ ਪ੍ਰਕਾਸ਼ ਦੀ ਮੌਤ ਕਿਸ ਦੀ ਗੋਲੀ ਨਾਲ ਹੋਈ।

ਜਿੰਨੀ ਵਾਰ ਵੀ ਅਦਿਤਿਆ ਨਾਥ ਜਾਂ ਹਿੰਦੂ ਯੁਵਾ ਵਾਹਿਨੀ 'ਤੇ ਕੋਈ ਰਿਪੋਰਟ ਦਰਜ ਹੁੰਦੀ ਹੈ, ਕ੍ਰਾਈਮ ਬਰਾਂਚ ਅਤੇ ਸੀ. ਆਈ. ਡੀ. ਉਸ ਦੀ ਮਦਦ ਲਈ ਆ ਪਹੁੰਚਦੀ ਹੈ। ਅੱਜ ਤੱਕ ਕਦੇ ਵੀ ਕ੍ਰਾਈਮ ਬਰਾਂਚ ਜਾਂ ਸੀ. ਆਈ. ਡੀ. ਦੇ ਕਿਸੇ ਜਾਂਚ ਅਧਿਕਾਰੀ ਨੇ ਅਦਿਤਿਆ ਨਾਥ ਨੂੰ ਨਿਰਾਸ਼ ਨਹੀਂ ਕੀਤਾ।

ਫਿਰ ਵੀ ਗੋਰਖਪੁਰ ਵਿਚ ਕਾਨੂੰਨ ਦਾ ਰਾਜ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰਹੀਆਂ। ਤਲਤ ਅਜ਼ੀਜ਼, ਕਤਲ ਦੇ 17 ਸਾਲ ਬਾਅਦ ਵੀ ਮਾਮਲੇ ਨੂੰ ਤਰਕਸੰਗਤ ਸਿੱਟੇ ਉਪਰ ਲਿਜਾਣ ਲਈ ਡਟਿਆ ਹੋਇਆ ਹੈ। ਤਲਤ ਅਜ਼ੀਜ਼, ਜੋ ਹੁਣ ਕਾਂਗਰਸ ਵਿਚ ਸ਼ਾਮਲ ਹੈ, ਦੱਸਦਾ ਹੈ, "ਪੁਲਿਸ ਦੀ ਐਫ. ਆਈ. ਆਰ. ਤੋਂ ਇਲਾਵਾ ਮੈਂ ਵੀ ਐਫ. ਆਈ. ਆਰ. ਦਰਜ ਕਰਵਾਈ ਹੈ। ਪੁਲਿਸ ਨੇ ਤਾਂ ਕ੍ਰਾਈਮ ਬਰਾਂਚ-ਸੀ. ਆਈ. ਡੀ. ਦੀਆਂ ਜਾਂਚ ਰਿਪੋਰਟਾਂ ਤੋਂ ਬਾਅਦ ਅਦਿਤਿਆ ਨਾਥ ਖਿਲਾਫ ਕੇਸ ਵਾਪਸ ਲੈ ਲਿਆ ਹੈ, ਮੈਂ ਅਦਾਲਤ ਵਿਚ ਵੀ ਇਸ ਦੀ ਪੈਰਵੀ ਕਰ ਰਿਹਾ ਹਾਂ। ਯਕੀਨਨ, ਇਕ ਦਿਨ ਅਦਾਲਤ ਵਿਚ ਮੈਨੂੰ ਨਿਆਂ ਮਿਲੇਗਾ ਅਤੇ ਅਦਾਲਤ, ਸਥਾਨਕ ਪ੍ਰਸ਼ਾਸਨ ਨੂੰ ਉਸ ਖਿਲਾਫ ਚਾਰਜਸ਼ੀਟ ਦਾਇਰ ਕਰਨ ਲਈ ਮਜਬੂਰ ਕਰੇਗੀ।"

ਸੀਨੀਅਰ ਉਰਦੂ ਪੱਤਰਕਾਰ ਪਰਵੇਜ਼ ਪਰਵਾਜ਼ ਇਕ ਹੋਰ ਧਰਮੀ ਯੋਧਾ ਹੈ, ਜੋ ਅਦਿਤਿਆ ਨਾਥ ਦੇ ਗੋਰਖਪੁਰ ਦੰਗਿਆਂ ਦੇ 2007 ਦੇ ਭੜਕਾਊ ਭਾਸ਼ਣਾਂ ਅਤੇ ਦੰਗਿਆਂ ਵਿਚ ਉਸ ਦੀ ਸਰਗਰਮ ਭੂਮਿਕਾ ਬਾਰੇ ਅਦਾਲਤ ਵਿਚ ਕਾਨੂੰਨੀ ਲੜਾਈ ਲੜ ਰਿਹਾ ਹੈ ਤਾਂ ਜੋ ਸਥਾਨਕ ਪ੍ਰਸ਼ਾਸਨ ਨੂੰ ਕਾਰਵਾਈ ਲਈ ਮਜਬੂਰ ਕੀਤਾ ਜਾ ਸਕੇ। ਇਸ ਲੜਾਈ ਨੇ ਉਸ ਨੂੰ ਸੰਘਰਸ਼ ਦਾ ਚਿੰਨ੍ਹ ਬਣਾ ਦਿੱਤਾ ਹੈ। ਉਹ ਦੱਸਦਾ ਹੈ, "ਸ਼ੁਰੂ ਵਿਚ ਤਾਂ ਮੈਨੂੰ ਲੱਗਦਾ ਸੀ ਕਿ ਇਹ ਤਾਂ ਆਪਣੇ ਲਈ ਮੁਸੀਬਤ ਖੜ੍ਹੀ ਕਰਨ ਵਾਲਾ ਰਸਤਾ ਹੈ। ਮੈਂ ਆਪਣੀ ਸਾਰੀ ਜਾਇਦਾਦ ਵੇਚ ਕੇ ਮੁਕੱਦਮੇ 'ਤੇ ਲਾ ਦਿੱਤੀ ਤਾਂ ਜੋ ਮਾਮਲੇ ਦੀ ਕਾਨੂੰਨੀ ਪੈਰਵਾਈ ਕੀਤੀ ਜਾ ਸਕੇ। ਲੜਾਈ, ਜਿਸ ਦਾ ਕੋਈ ਅੰਤ ਨਜ਼ਰ ਨਹੀਂ ਆਉਂਦਾ ਪਰ ਮੇਰੇ ਕੋਲ ਅਦਿਤਿਆ ਨਾਥ ਖਿਲਾਫ ਪੱਕੇ ਸਬੂਤ ਹਨ, ਜੋ ਮੈਨੂੰ ਔਖੇ ਵੇਲਿਆਂ ਵਿਚ ਵੀ ਡੋਲਣ ਨਹੀਂ ਦਿੰਦੇ।"

ਪਿਛਲੇ ਨੌਂ ਸਾਲ ਤੋਂ ਜਾਰੀ ਪਰਵਾਜ਼ ਦੀ ਕਾਨੂੰਨੀ ਲੜਾਈ ਦਰਸਾਉਂਦੀ ਹੈ ਕਿ ਕਿਵੇਂ ਗੋਰਖਪੁਰ ਦਾ ਸਮੁੱਚਾ ਸਰਕਾਰੀ ਤੰਤਰ ਅਦਿਤਿਆ ਨਾਥ ਨੂੰ ਹਰ ਹੀਲੇ ਬਚਾਉਣ 'ਤੇ ਤੁਲਿਆ ਹੋਇਆ ਹੈ। 27 ਜਨਵਰੀ 2007 ਨੂੰ ਹਿੰਦੂ ਯੁਵਾ ਵਾਹਿਨੀ ਦੇ ਕਾਰਕੁਨਾਂ ਨੂੰ ਫਿਰਕੂ ਦੰਗਿਆਂ ਲਈ ਉਕਸਾ ਰਹੇ ਅਦਿਤਿਆ ਨਾਥ ਦੇ ਭਾਸ਼ਣ ਦੀ ਰਿਕਾਰਡਿੰਗ ਹੋਣ ਦੇ ਬਾਵਜੂਦ ਪਰਵੇਜ਼ ਨੂੰ ਗੋਰਖਪੁਰ ਦੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਅਤੇ ਅਲਾਹਾਬਾਦ ਹਾਈ ਕੋਰਟ ਵਿਚ ਕਰੀਬ ਦੋ ਸਾਲ ਇਹ ਕਾਨੂੰਨੀ ਲੜਾਈ ਲੜਦਿਆਂ ਲੱਗ ਗਏ ਤਾਂ ਜੋ ਅਦਾਲਤ ਸਥਾਨਕ ਪੁਲਿਸ ਨੂੰ ਉਸ ਖਿਲਾਫ ਐਫ. ਆਈ. ਆਰ. ਦਰਜ ਕਰਨ ਦੀ ਹਦਾਇਤ ਕਰੇ।

ਪਰਵਾਜ਼ ਦੱਸਦੇ ਹਨ, "ਸਥਾਨਕ ਪੁਲਿਸ ਮਾਮਲੇ ਦਾ ਨੋਟਿਸ ਲੈਣ ਤੋਂ ਐਨਾ ਡਰਦੀ ਸੀ ਕਿ ਇਸ ਨੇ ਐਫ. ਆਈ. ਆਰ. ਦਰਜ ਕੀਤੇ ਜਾਣ ਦੇ 24 ਘੰਟਿਆਂ ਵਿਚ ਹੀ ਮਾਮਲਾ ਕ੍ਰਾਈਮ ਬਰਾਂਚ ਅਤੇ ਸੀ. ਆਈ. ਡੀ. ਦੇ ਸਪੁਰਦ ਕਰ ਦਿੱਤਾ। ਮੈਂ ਸਾਰੀ ਚਾਲ ਸਮਝਦਾ ਸੀ ਅਤੇ ਹਾਈਕੋਰਟ ਦਾ ਦਰਵਾਜਾ ਮੁੜ ਖੜਕਾਉਂਦਿਆਂ ਗੁਜ਼ਾਰਿਸ਼ ਕੀਤੀ ਕਿ ਜਾਂਚ ਕਿਸੇ ਸੀ. ਬੀ. ਆਈ. ਵਰਗੀ ਆਜ਼ਾਦ ਏਜੰਸੀ ਨੂੰ ਸੌਂਪੀ ਜਾਵੇ, ਪਰ ਮੇਰੇ ਅਦਾਲਤੀ ਹੁਕਮ ਹਾਸਲ ਕਰਨ ਤੋਂ ਪਹਿਲਾਂ ਹੀ ਇਕ ਦੋਸ਼ੀ ਨੇ ਹਾਈਕੋਰਟ ਦੇ ਪਹਿਲੇ ਫੈਸਲੇ ਖਿਲਾਫ ਸੁਪਰੀਮ ਕੋਰਟ ਤੋਂ ਸਟੇਅ ਲੈ ਲਿਆ, ਜਿਸ ਫੈਸਲੇ ਤਹਿਤ ਐਫ. ਆਈ. ਆਰ. ਦਰਜ ਕੀਤੀ ਗਈ ਸੀ, ਪਰ ਸੁਪਰੀਮ ਕੋਰਟ ਨੇ 2012 ਵਿਚ ਹਾਈਕੋਰਟ ਦੇ ਦਿੱਤੇ ਹੁਕਮਾਂ ਨੂੰ ਸਹੀ ਕਰਾਰ ਦਿੱਤਾ। ਇਸ ਪਿਛੋਂ ਸੀ. ਆਈ. ਡੀ. ਅਤੇ ਕ੍ਰਾਈਮ ਬਰਾਂਚ ਦੀ ਜਾਂਚ ਦਾ ਲਮਕਾਊ ਅਮਲ ਸ਼ੁਰੂ ਹੋ ਗਿਆ। ਕਿਸੇ ਹੇਰਾਫੇਰੀ ਦੇ ਖਦਸ਼ੇ ਕਾਰਨ ਮੈਂ ਹਾਈ ਕੋਰਟ ਵਿਚ ਪੂਰਕ ਅਪੀਲ ਦਾਇਰ ਕਰਕੇ ਖਦਸ਼ਾ ਪ੍ਰਗਟਾਇਆ ਕਿ ਕ੍ਰਾਈਮ ਬਰਾਂਚ-ਸੀ. ਆਈ. ਡੀ. ਅਦਿਤਿਆ ਨਾਥ ਦਾ ਬਚਾਓ ਕਰ ਸਕਦੀ ਹੈ, ਕਿਉਂਕਿ ਇਸ ਨੇ ਬਹੁਤ ਸਾਰੇ ਗਵਾਹਾਂ ਦੇ ਬਿਆਨ ਰਿਕਾਰਡ ਹੀ ਨਹੀਂ ਕੀਤੇ।

---

ਫਰਵਰੀ-ਮਾਰਚ 2017 ਦੀਆਂ ਚੋਣਾਂ ਵਿਚ ਭਾਜਪਾ ਦੀ ਹੂੰਝਾ ਫੇਰੂ ਜਿੱਤ ਪਿਛੋਂ ਅਦਿਤਿਆ ਨਾਥ ਦਾ ਸਹੁੰ ਚੁੱਕ ਸਮਾਗਮ ਭਾਵੇਂ ਗੋਰਖਪੁਰ ਦੇ ਬਹੁਤ ਸਾਰੇ ਯੋਧਿਆਂ ਲਈ ਨਿਰਾਸ਼ ਕਰਨ ਵਾਲਾ ਸੀ, ਪਰ ਇਹ ਉਨ੍ਹਾਂ ਦੇ ਯਤਨਾਂ ਦਾ ਅੰਤ ਨਹੀਂ। ਇਸ ਅਪਾਰ ਸਫਲਤਾ ਦੀ ਬੁਲੰਦੀ 'ਤੇ ਪਹੁੰਚੇ ਅਦਿਤਿਆ ਨਾਥ ਨੇ ਗ੍ਰਹਿ ਮੰਤਰਾਲਾ ਆਪਣੇ ਹੱਥ ਵਿਚ ਰੱਖਿਆ ਹੈ। ਗ੍ਰਹਿ ਮੰਤਰਾਲੇ ਦੇ ਮੁਖੀ ਦੀ ਹੈਸੀਅਤ ਵਿਚ ਫਾਈਲ ਮਨਜ਼ੂਰੀ ਲਈ ਉਸੇ ਦੇ ਮੇਜ਼ 'ਤੇ ਆਉਂਦੀ ਹੈ, ਜਿਸ ਵਿਚ ਰਾਜ ਦੀ ਪੁਲਿਸ ਵਲੋਂ ਉਸ ਖਿਲਾਫ ਮੁਕੱਦਮਾ ਚਲਾਉਣ ਦੀ ਆਗਿਆ ਮੰਗੀ ਗਈ ਹੈ। ਇਹ ਉਹੀ ਕੇਸ ਹੈ, ਜਿਸ ਦੀ ਪੈਰਵਾਈ ਪਰਵੇਜ਼ ਐਨੀ ਸ਼ਿੱਦਤ ਨਾਲ ਕਰ ਰਿਹਾ ਹੈ।

ਦਰਅਸਲ ਮਨਜ਼ੂਰੀ ਲਈ ਭੇਜੀ ਇਹ ਫਾਈਲ 2015 ਤੋਂ ਲਟਕ ਰਹੀ ਹੈ, ਜਦੋਂ ਕ੍ਰਾਈਮ ਬਰਾਂਚ ਅਤੇ ਸੀ.ਆਈ.ਡੀ. ਨੇ ਅਦਿਤਿਆ ਨਾਥ ਦੇ ਭੜਕਾਊ ਬਿਆਨਾਂ ਅਤੇ ਇਸ ਦੇ ਸਿੱਟੇ ਵਜੋਂ ਹੋਏ 2007 ਦੇ ਫਿਰਕੂ ਦੰਗਿਆਂ ਦੀ ਪੂਰੀ ਜਾਂਚ ਪਿਛੋਂ ਉਸ ਅਤੇ ਉਸ ਦੇ ਚਾਰ ਹੋਰ ਸਾਥੀਆਂ ਖਿਲਾਫ ਚਾਰਜਸ਼ੀਟ ਪੇਸ਼ ਕਰਨ ਲਈ ਰਾਜ ਸਰਕਾਰ ਤੋਂ ਮਨਜ਼ੂਰੀ ਮੰਗੀ ਸੀ। ਅਖਿਲੇਸ਼ ਯਾਦਵ ਉਦੋਂ ਮੁੱਖ ਮੰਤਰੀ ਸੀ, ਜਿਸ ਦੀ ਪਾਰਟੀ ਦਾ 2017 ਦੀਆਂ ਚੋਣਾਂ ਵਿਚ ਸਫਾਇਆ ਹੋ ਗਿਆ। ਉਸ ਨੇ ਅਦਿਤਿਆ ਨਾਥ ਨੂੰ ਖੁਸ਼ ਰੱਖਣ ਦੀ ਨੀਤੀ ਅਖਤਿਆਰ ਕੀਤੀ ਅਤੇ ਦੋ ਸਾਲ ਤਕ ਇਸ ਬੇਨਤੀ 'ਤੇ ਕੋਈ ਕਾਰਵਾਈ ਨਾ ਕੀਤੀ। ਹੁਣ ਉਹੀ ਅਦਿਤਿਆ ਨਾਥ ਮੁੱਖ ਮੰਤਰੀ ਹੈ।

### ਬਜਰੰਗ ਦਲ

40 ਸਾਲਾ ਸ਼ਰਨ ਪੰਪਵੈਲ ਮੰਗਲੌਰ ਤੋਂ ਬਜਰੰਗ ਦਲ ਦਾ ਆਗੂ ਹੈ। ਉਸ ਦਾ ਮਿਲਾਪੜਾ ਸੁਭਾਅ, ਉਸ ਦੀ ਵਪਾਰੀਆਂ ਵਾਲੀ ਸੂਖਮ ਬੁੱਧੀ ਨਾਲ ਮੇਲ ਖਾਂਦਾ ਹੈ। ਕਿਸੇ ਚੰਗੇ ਵਪਾਰੀ ਵਾਂਗ ਮੰਗ ਅਤੇ ਸਪਲਾਈ ਦੇ ਸਿਧਾਂਤ ਨੂੰ ਲਾਗੂ ਕਰਦਿਆਂ ਉਸ ਨੇ ਸਥਾਨਕ ਵਪਾਰੀਆਂ ਵਿਚ ਸੁਰੱਖਿਆ ਨੂੰ ਲੈ ਕੇ ਚਿੰਤਾ ਦਾ ਲਾਹਾ ਲੈਂਦਿਆਂ ਬਜਰੰਗ ਦਲ ਦੀਆਂ ਸਰਗਰਮੀਆਂ ਨੂੰ ਇਸ ਮੁਤਾਬਿਕ ਢਾਲ ਲਿਆ। ਉਹ ਉਨ੍ਹਾਂ ਨੂੰ ਉਸੇ ਹਿੰਦੂਤਵੀ ਜਥੇਬੰਦੀ ਦੇ ਹੇਠਲੇ ਕਾਰਿੰਦਿਆਂ ਦੀ ਮਦਦ ਨਾਲ ਸੁਰੱਖਿਆ ਮੁਹੱਈਆ ਕਰਦਾ ਹੈ, ਜਿਸ ਤੋਂ ਉਨ੍ਹਾਂ ਦੀ ਸੁਰੱਖਿਆ ਨੂੰ ਖਤਰਾ ਹੈ। ਉਸ ਦੀ ਜਥੇਬੰਦੀ ਦੋਵੇਂ ਕੰਮ ਕਰਦੀ ਹੈ। ਇਹ (ਬਜਰੰਗ ਦਲ) ਵਪਾਰੀਆਂ ਨੂੰ ਆਪਣੇ ਹੀ ਬਣਾਏ ਮਾਹੌਲ ਵਿਚ ਸੁਰੱਖਿਆ ਦਿੰਦੀ ਹੈ ਅਤੇ ਇਸ ਦੇ ਕਾਰਿੰਦਿਆਂ ਨੂੰ ਉਨ੍ਹਾਂ ਦੇ ਆਪਣੇ ਵਲੋਂ ਹੀ ਫੈਲਾਈ ਹਿੰਸਾ ਤੇ ਗੁੰਡਾਗਰਦੀ ਦੇ ਮਾਹੌਲ ਵਿਚ ਪੱਕਾ ਰੋਜ਼ਗਾਰ ਮਿਲਿਆ ਹੋਇਆ ਹੈ।

ਸ਼ਰਨ ਦੀ ਸਿਆਸਤ ਦਾ ਅਰਥ ਵਿਗਿਆਨ ਸਮਝਣ ਬੈਠੀਏ ਤਾਂ ਉਹ ਦੱਸਦਾ ਹੈ, "ਅਸੀਂ ਵਪਾਰ ਦੇ ਨਿਯਮਾਂ ਦਾ ਸਖਤੀ ਨਾਲ ਪਾਲਣ ਕਰਦੇ ਹਾਂ। ਵਪਾਰੀ ਸਾਡੇ ਨਾਲ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ, ਕਿਉਂ ਜੁ ਅਸੀਂ ਉਨ੍ਹਾਂ ਨੂੰ ਬਹੁਤ ਹੀ ਜਾਇਜ਼ ਦਰਾਂ 'ਤੇ ਸੁਰੱਖਿਆ ਮੁਹੱਈਆ ਕਰਾਉਂਦੇ ਹਾਂ। ਬਜਰੰਗ ਦਲ ਆਰ.ਐਸ.ਐਸ. ਦੀ ਲਗਰ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਹਮਲਾਵਰ ਨੌਜਵਾਨ ਵਿੰਗ ਹੈ। ਇਸ ਦਾ ਮੁੱਖ ਮਨੋਰਥ ਕਦੀ ਸਿਆਸਤ ਰਿਹਾ ਹੋਵੇਗਾ, ਪਰ ਮੰਗਲੌਰ ਵਿਚ ਜਿਥੇ ਅੱਜ ਇਹ ਜਥੇਬੰਦੀ ਕਾਫੀ ਸਰਗਰਮ ਹੈ, ਉਥੇ ਸਪਸ਼ਟ ਜਾਪਦਾ ਹੈ ਕਿ ਇਸ ਦੀਆਂ ਕਾਰਵਾਈਆਂ ਕਾਰੋਬਾਰੀ ਨਫੇ ਤੋਂ ਪ੍ਰੇਰਿਤ ਹਨ।

**ਇਸ ਦਾ ਕੰਮ ਕਰਨ ਦਾ ਤਰੀਕਾ ਇਸ ਤਰ੍ਹਾਂ ਹੈ:** ਸਭ ਤੋਂ ਪਹਿਲਾਂ ਤਾਂ ਬਜਰੰਗ ਦਲ ਦੇ ਹੁੱਲੜਬਾਜ਼ ਅੰਦੋਲਨਾਂ ਰਾਹੀਂ ਸੁਰੱਖਿਆ ਦੀ ਮੰਗ ਪੈਦਾ ਕੀਤੀ ਜਾਂਦੀ ਹੈ, ਇਹ ਕਾਰਵਾਈਆਂ ਤੋਂ ਗੁੰਡਾਗਰਦੀ ਅਤੇ ਗੁੰਡਾਗਰਦੀ ਤੋਂ ਭੰਨਤੋੜ ਤੱਕ ਵੱਖ-ਵੱਖ ਰੂਪ ਧਾਰਦੀਆਂ ਹਨ। ਇਸ ਨਾਲ ਮਾਲ, ਦੁਕਾਨਾਂ ਅਤੇ ਅਪਾਰਟਮੈਂਟਾਂ ਦੇ ਮਾਲਕਾਂ 'ਚ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ। ਸ਼ਰਨ 'ਈਸ਼ਵਰੀ ਮੈਨਪਾਵਰ ਸੋਲਿਊਸ਼ਨਜ਼ ਲਿਮਿਟਿਡ' ਕੰਪਨੀ ਦਾ ਮਾਲਕ ਹੈ, ਜੋ ਭੈਭੀਤ ਮਾਲਕਾਂ ਨੂੰ ਸੁਰੱਖਿਆ ਗਾਰਡ ਦਿੰਦੀ ਹੈ। ਸ਼ਰਨ ਦੇ ਦੱਸਣ ਅਨੁਸਾਰ, "ਕੰਪਨੀ ਲਈ ਕੰਮ ਕਰਦੇ ਸਾਰੇ ਸੁਪਰਵਾਈਜ਼ਰ ਅਤੇ ਸੁਰੱਖਿਆ ਗਾਰਡ ਬਜਰੰਗ ਦਲ ਦੇ ਕਾਰਕੁਨ ਹਨ। ਸ਼ਹਿਰ ਵਿਚ ਬਜਰੰਗ ਦਲ ਦਾ ਆਗੂ ਹੋਣ ਦੇ ਨਾਤੇ ਸਾਰੇ ਕਾਰਿੰਦਿਆਂ ਦੀ ਰੋਟੀ-ਰੋਜ਼ੀ ਦਾ ਜੁਗਾੜ ਕਰਨਾ ਉਸ ਦਾ ਫਰਜ਼ ਹੈ। ਮੇਰੇ ਕੋਲ ਜੋ ਵੀ ਕੋਈ ਨੌਕਰੀ ਲਈ ਆਉਂਦਾ ਹੈ, ਮੈਂ ਕਿਸੇ ਨੂੰ ਜਵਾਬ ਨਹੀਂ ਦਿੰਦਾ। ਸ਼ਹਿਰਾਂ ਵਿਚ ਸੁਰੱਖਿਆ ਗਾਰਡਾਂ ਦੀ ਚੋਖੀ ਮੰਗ ਹੈ। ਸਾਡੇ ਕਈ ਗਾਰਡ ਮੁਸਲਮਾਨ ਵੀ ਹਨ।"

2005 ਵਿਚ ਸ਼ਰਨ ਪੰਪਵੈਲ ਦੇ ਬਜਰੰਗ ਦਲ ਵਿਚ ਸ਼ਾਮਲ ਹੋਣ ਤੋਂ ਬਾਅਦ ਇਸ ਦੇ ਕਾਰਜਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ। 2011 ਵਿਚ ਉਹ ਮੰਗਲੌਰ ਡਵੀਜ਼ਨ ਦਾ ਕਨਵੀਨਰ ਬਣਿਆ। 2014 ਵਿਚ ਉਸ ਨੂੰ ਦੱਖਣੀ ਕਰਨਾਟਕ ਦਾ ਕਨਵੀਨਰ ਬਣਾ ਦਿੱਤਾ ਗਿਆ। ਕਰਨਾਟਕ ਵਿਚ ਬਜਰੰਗ ਦਲ ਦੇ ਜਥੇਬੰਦਕ ਢਾਂਚੇ ਦੇ ਦੋ ਯੂਨਿਟ ਉਤਰੀ ਤੇ ਦੱਖਣੀ ਕਰਨਾਟਕ ਹਨ। ਹਰ ਯੂਨਿਟ ਦਾ ਵੱਖਰਾ ਕਨਵੀਨਰ ਹੈ। ਉਤਰੀ ਕਰਨਾਟਕ ਵਿਚ ਬਜਰੰਗ ਦਲ ਕਮਜ਼ੋਰ ਹੈ, ਜਦਕਿ ਦੱਖਣੀ ਕਰਨਾਟਕ 'ਚ ਇਹ ਕਾਫੀ ਸਰਗਰਮ ਹੈ।

ਸ਼ਰਨ ਦੀ ਕੰਪਨੀ 'ਈਸ਼ਵਰੀ ਮੈਨਪਾਵਰ ਸੋਲਿਊਸ਼ਨ ਲਿਮਿਟਿਡ' ਕੋਲ ਸ਼ਹਿਰ ਦੀਆਂ ਬਹੁਤ ਸਾਰੀਆਂ ਦੁਕਾਨਾਂ ਅਤੇ ਅਪਾਰਟਮੈਂਟਾਂ ਤੋਂ ਇਲਾਵਾ ਤਿੰਨ ਮਾਲਜ਼-ਸਿਟੀ ਸੈਂਟਰ, ਫੋਰਮ ਪੀਜ਼ਾ ਅਤੇ ਬਿਗ ਬਜ਼ਾਰ ਦੀ ਸੁਰੱਖਿਆ ਦੇ ਠੇਕੇ ਹਨ। ਦਿਲਚਸਪ ਗੱਲ ਇਹ ਹੈ ਕਿ ਸਿਟੀ ਸੈਂਟਰ ਅਤੇ ਫੋਰਮ ਪੀਜ਼ਾ ਵਿਚ ਬਹੁਤੀਆਂ ਦੁਕਾਨਾਂ ਮੁਸਲਮਾਨਾਂ ਦੀਆਂ ਹਨ, ਜੋ ਦੇਸ਼ ਦੀਆਂ ਹੋਰ ਥਾਂਵਾਂ ਵਾਂਗ ਮੰਗਲੌਰ ਵਿਚ ਵੀ ਬਜਰੰਗ ਦਲ ਦੇ ਹਮਲਿਆਂ ਦਾ ਮੁੱਖ ਨਿਸ਼ਾਨਾ ਹੈ। ਮੰਗਲੌਰ ਵਿਚ ਇਸ ਨੇ ਆਪਣੇ ਗਾਹਕਾਂ ਵਿਚ ਘੱਟ ਗਿਣਤੀ ਦੇ ਲੋਕ ਵੀ ਸ਼ਾਮਲ ਕਰ ਲਏ ਹਨ। ਇਉਂ ਕਾਰੋਬਾਰੀ ਕੰਪਨੀ ਵਜੋਂ ਬਜਰੰਗ ਦਲ ਵਲੋਂ ਆਪਣੀ ਮੁਸਲਿਮ ਵਿਰੋਧੀ

*(ਬਾਕੀ ਅਗਲੇ ਸਫੇ 'ਤੇ)*

ਸਿਆਸਤ ਦੀ ਥਾਂ, ਫਿਰਕੂ ਸਦਭਾਵਨਾ ਨੂੰ ਦੇਣ ਨਾਲ ਇਸ ਦਾ ਆਧਾਰ ਦੂਣ ਸਵਾਇਆ ਹੋ ਗਿਆ।

ਆਪਣੀ ਕਾਰੋਬਾਰੀ ਚਤੁਰਾਈ ਦਾ ਮੁਜਾਹਰਾ ਕਰਦਾ ਸ਼ਰਨ ਇਹ ਗੱਲ ਸਵੀਕਾਰ ਕਰਦਾ ਹੈ ਕਿ ਉਸ ਨੂੰ ਮੁਸਲਮਾਨ ਦੁਕਾਨਦਾਰਾਂ ਅਤੇ ਮਾਲ ਮਾਲਕਾਂ ਤੋਂ ਕੰਮ ਇਸ ਕਰਕੇ ਮਿਲ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਉਸ ਦੀ ਕੰਪਨੀ 'ਤੇ ਭਰੋਸਾ ਹੈ। ਅਸਲ ਵਿਚ ਮੁਸਲਿਮ ਕਾਰੋਬਾਰੀਆਂ ਨੂੰ 'ਈਸ਼ਵਰੀ ਮੈਨਪਾਵਰ' ਦੀਆਂ ਸੁਰੱਖਿਆ ਸੇਵਾਵਾਂ ਡਰ ਕਾਰਨ ਲੈਣੀਆਂ ਪੈ ਰਹੀਆਂ ਹਨ। ਸਿਟੀ ਸੈਂਟਰ ਵਿਚਲੀ ਇਕ ਦੁਕਾਨ ਦਾ ਮੁਸਲਮਾਨ ਮਾਲਕ ਕਹਿੰਦਾ ਹੈ, "ਬਜਰੰਗ ਦਲ ਜਿਸ ਕਿਸਮ ਦੀਆਂ ਸਰਗਰਮੀਆਂ ਕਰਦਾ ਹੈ, ਉਨ੍ਹਾਂ ਹਾਲਾਤ ਵਿਚ ਅਮਨ-ਅਮਾਨ ਨਾਲ ਵਪਾਰ ਕਰਨ ਲਈ ਇਹੀ ਸਭ ਤੋਂ ਵਧੀਆ ਰਸਤਾ ਹੈ। ਮੰਗਲੌਰ ਵਰਗੇ



*ਬਜਰੰਗ ਦਲ ਦਾ ਆਗੂ ਸ਼ਰਨ ਪੰਪਵੈਲ।*

ਸ਼ਹਿਰ ਵਿਚ ਜੇ ਤੁਸੀਂ ਆਪਣੀ ਸੁਰੱਖਿਆ ਦਾ ਠੇਕਾ ਉਨ੍ਹਾਂ ਨੂੰ ਨਹੀਂ ਦਿੰਦੇ, ਤੁਹਾਨੂੰ ਨੁਕਸਾਨ ਪਹੁੰਚਾਉਣਾ ਬਹੁਤ ਸੌਖਾ ਹੈ। ਤੁਹਾਨੂੰ ਸਿਰਫ ਸੁਰੱਖਿਆ ਗਾਰਡ ਹੀ ਨਹੀਂ ਮਿਲਦੇ, ਤੁਹਾਨੂੰ ਉਨ੍ਹਾਂ ਵਲੋਂ ਇਕ ਤਰ੍ਹਾਂ ਨਾਲ ਯਕੀਨਦਹਾਨੀ ਵੀ ਮਿਲਦੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਹਿੰਦੂਤਵੀ ਕਾਰਵਾਈ ਸਮੇਂ ਤੁਹਾਡਾ ਖਿਆਲ ਰੱਖਿਆ ਜਾਵੇਗਾ। ਨਹੀਂ ਤਾਂ ਸਿਰਫ ਇਕ ਹਮਲਾ ਹੀ ਤੁਹਾਡੇ ਕਾਰੋਬਾਰ ਨੂੰ ਚੌਪਟ ਕਰਨ ਲਈ ਕਾਫੀ ਹੁੰਦਾ ਹੈ।"

ਇਸ ਕਾਰੋਬਾਰ 'ਚ ਸੁਰੱਖਿਆ ਦੇ ਨਾਂ 'ਤੇ ਬਜਰੰਗ ਦਲ ਦੀ ਕਾਇਆ-ਪਲਟੀ ਨਿਸ਼ਚੇ ਹੀ ਹਿੰਦੂਤਵੀ ਸਿਆਸਤ ਦੀ ਸੁਭਾਵਿਕ ਤਰੱਕੀ ਨਹੀਂ ਹੈ। ਇਹ ਮੰਗਲੌਰ ਦੇ ਕਾਰੋਬਾਰੀਆਂ ਅਤੇ ਆਮ ਨਾਗਰਿਕਾਂ ਵਿਚ ਵੱਡੇ ਪੱਧਰ 'ਤੇ ਪ੍ਰਚਲਿਤ ਇਸ ਮਨੌਤ ਨਾਲ ਹੀ ਸੰਭਵ ਹੋਇਆ ਕਿ ਸੁਰੱਖਿਆ ਲਈ ਪੁਲਿਸ ਕੋਲ ਫਰਿਆਦ ਕਰਨਾ ਫਜ਼ੂਲ ਹੈ। ਜਦੋਂ ਸਟੇਟ ਗੜਬੜ ਕਰਨ ਵਾਲੇ ਅਨਸਰਾਂ ਨੂੰ ਨੱਥ ਪਾਉਣ ਦੇ ਅਯੋਗ ਹੋਵੇ, ਕਾਨੂੰਨ ਵਿਵਸਥਾ ਨੂੰ ਲਾਗੂ ਕਰਨ ਵਾਲੀ ਮਸ਼ੀਨਰੀ ਉਨ੍ਹਾਂ ਦੇ ਦਾਬੇ ਹੇਠ ਹੋਵੇ ਤਾਂ ਆਵਾਮ ਕੋਲ ਇਹੀ ਬਦਲ ਬਚਦਾ ਹੈ ਕਿ ਜੁਰਮ ਅਤੇ ਭੈਅ ਦਾ ਮਾਹੌਲ ਪੈਦਾ ਕਰਨ ਵਾਲਿਆਂ ਨਾਲ ਮੇਲ-ਮਿਲਾਪ ਕਰ ਲਿਆ ਜਾਵੇ।

---

ਮੰਗਲੌਰ ਵਿਚ ਬਜਰੰਗ ਦਲ ਦੀ ਸਿਆਸੀ ਪਹੁੰਚ ਛੋਟੇ ਪੈਮਾਨੇ ਦੀ, ਸਥਾਨਕ ਅਤੇ ਧੰਦਾ ਮੁਖੀ ਹੈ। ਜਦੋਂ ਕਿਸੇ ਸੰਸਥਾ ਦੇ ਕਾਰਿੰਦਿਆਂ ਦਾ ਮੁੱਖ ਹਿੱਸਾ ਸਮਾਜ ਦੇ ਆਰਥਿਕ ਤੌਰ 'ਤੇ ਗਰੀਬ ਹਿੱਸੇ ਦੇ ਬੇਰੁਜ਼ਗਾਰ ਨੌਜਵਾਨ ਹੋਣ ਤਾਂ ਇਸ ਦੀ ਲੋੜ ਸਾਫ ਸਮਝ ਆਉਂਦੀ ਹੈ। ਜਦੋਂ 1984 ਵਿਚ ਬਜਰੰਗ ਦਲ ਦੀ ਸਥਾਪਨਾ ਹੋਈ ਸੀ ਤਾਂ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇਸ ਨੂੰ ਖਾੜਕੂ ਨੌਜਵਾਨ ਵਿੰਗ ਵਜੋਂ ਸਥਾਪਤ ਕੀਤਾ ਸੀ। ਇਸ ਦਾ ਅਸਲ ਮਨੋਰਥ ਅਯੁੱਧਿਆ ਲਹਿਰ ਲਈ ਹਿੰਦੂ ਲਾਮਬੰਦੀ ਦਾ ਵਧਾਰਾ-ਪਸਾਰਾ ਸੀ, ਜਿਸ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਥੋੜ੍ਹੇ ਮਹੀਨੇ ਪਹਿਲਾਂ ਹੀ ਕੇਂਦਰੀ ਮੁਹਿੰਮ ਦੇ ਤੌਰ 'ਤੇ ਅਪਨਾਇਆ ਸੀ। ਬਜਰੰਗ ਦਲ ਦਾ ਨਾਂ, ਯੁੱਧ ਵਿਚ ਰਾਮ ਦੀ ਸੈਨਾ ਦੀ ਅਗਵਾਈ ਕਰਨ ਵਾਲੇ ਬਾਨਰ ਦੇਵ ਹਨੂੰਮਾਨ ਦਾ ਪ੍ਰਤੀਕ ਹੈ, ਜੋ ਇਸ ਜਥੇਬੰਦੀ ਦੇ ਮੈਂਬਰਾਂ ਦੀ ਧਾਂਕ ਅਤੇ ਧੱਕੜ ਤਾਕਤ ਦਾ ਇਜ਼ਹਾਰ ਹੈ।

1977 ਵਿਚ ਨੌਜਵਾਨ ਸਾਧੂ ਯੁਗਲ ਕਿਸ਼ੋਰ ਸ਼ਰਨ ਸ਼ਾਸਤਰੀ, ਜੋ ਅਯੁੱਧਿਆ ਦਾ ਵਸਨੀਕ ਸੀ, ਆਰ.ਐਸ.ਐਸ. ਨਾਲ ਜੁੜਿਆ ਅਤੇ 1981 ਵਿਚ ਇਸ ਦਾ ਪ੍ਰਚਾਰਕ ਬਣ ਗਿਆ। ਦੋ ਸਾਲ ਬਾਅਦ ਉਸ ਦੀ ਡਿਊਟੀ ਵਿਸ਼ਵ ਹਿੰਦੂ ਪ੍ਰੀਸ਼ਦ ਵਿਚ ਲਾ ਕੇ ਉਸ ਨੂੰ ਫੈਜ਼ਾਬਾਦ ਜਿਲਾ ਇਕਾਈ ਦਾ ਮੁਖੀ ਬਣਾ ਦਿੱਤਾ ਗਿਆ। ਸ਼ਾਸਤਰੀ ਦੱਸਦਾ ਹੈ, "ਬਜਰੰਗ ਦਲ ਅਯੁੱਧਿਆ ਵਿਚ ਬਾਬਰੀ ਮਸਜਿਦ ਵਾਲੇ ਸਥਾਨ 'ਤੇ ਰਾਮ ਮੰਦਿਰ ਦੀ ਉਸਾਰੀ ਦੇ ਕਾਜ ਨੂੰ ਪੂਰੀ ਤਰ੍ਹਾਂ ਸਮਰਪਿਤ ਸੀ, ਇਸ ਲਈ ਵਿਨੈ ਕਟਿਆਰ (ਜੋ 1980 ਤੋਂ ਆਰ. ਐਸ. ਐਸ. ਦਾ ਪ੍ਰਚਾਰ ਕਰ ਰਿਹਾ ਸੀ) ਨੂੰ ਇਸ ਦਾ ਕੌਮੀ ਕਨਵੀਨਰ ਚੁਣਿਆ ਗਿਆ। ਬਜਰੰਗ ਦਲ ਬਣਨ ਤੋਂ ਕੁਝ ਹਫਤੇ ਪਹਿਲਾ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਅਲਾਹਾਬਾਦ ਦੇ ਕਾਇਦਗੰਜ ਵਿਚ ਮੀਟਿੰਗ ਕੀਤੀ ਸੀ, ਜਿਸ ਵਿਚ ਗਿਰੀ ਰਾਜ ਕਿਸ਼ੋਰ, ਅਸ਼ੋਕ ਸਿੰਘਲ, ਠਾਕੁਰ ਗੁੰਜਨ ਸਿੰਘ ਅਤੇ ਮਹੇਸ਼ ਨਰਾਇਣ ਸਿੰਘ ਸਮੇਤ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸੀਨੀਅਰ ਆਗੂ ਸ਼ਾਮਲ ਹੋਏ। ਇਸ ਵਿਚ ਉਤਰ ਪ੍ਰਦੇਸ਼ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਆਰ. ਐਸ. ਐਸ. ਦੇ ਜਿਲਾ ਆਗੂ ਵੀ ਸ਼ਾਮਲ ਸਨ। ਮੈਂ ਫੈਜ਼ਾਬਾਦ ਜਿਲੇ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਡੈਲੀਗੇਸ਼ਨ ਵਿਚ ਸ਼ਾਮਲ ਸੀ। ਕਟਿਆਰ ਦੇ ਨਾਂ 'ਤੇ ਸਹਿਮਤੀ ਤੋਂ ਪਹਿਲਾਂ ਨਵੀਂ ਜਥੇਬੰਦੀ ਦੇ ਨਾਂ 'ਤੇ ਚਰਚਾ ਹੋਈ। ਸਿੰਗਲ ਨੇ ਬਜਰੰਗ ਸੈਨਾ ਨਾਂ ਸੁਝਾਇਆ। ਮਹੇਸ਼ ਨਰਾਇਣ ਸਿੰਘ, ਜੋ ਉਤਰ ਪ੍ਰਦੇਸ਼ ਦਾ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਜਥੇਬੰਦਕ ਸਕੱਤਰ ਹੈ, ਨੇ ਕਿਹਾ ਕਿ 'ਸੈਨਾ' ਸਰਕਾਰ ਨੂੰ ਸ਼ਾਇਦ ਸਹੀ ਨਾ ਲੱਗੇ ਅਤੇ ਉਹ ਇਸ ਨੂੰ ਪੰਗੇਬਾਜ਼ ਦੇ ਤੌਰ 'ਤੇ ਲੈ ਸਕਦੀ ਹੈ। ਇਸ ਲਈ ਉਸ ਨੇ ਸੁਝਾਅ ਦਿੱਤਾ ਕਿ ਨਵੀਂ ਜਥੇਬੰਦੀ ਦਾ ਨਾਂ ਬਜਰੰਗ ਦਲ ਰੱਖਿਆ ਜਾਵੇ, ਜੋ ਸਭ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ।"

ਸ਼ਾਸਤਰੀ ਲੰਮਾ ਸਮਾਂ ਵਿਸ਼ਵ ਹਿੰਦੂ ਪ੍ਰੀਸ਼ਦ ਵਿਚ ਨਾ ਟਿਕ ਸਕਿਆ। 1986 ਵਿਚ ਉਸ ਨੇ ਸੰਘ ਪਰਿਵਾਰ ਨਾਲੋਂ ਸਾਰੇ ਰਿਸ਼ਤੇ ਤੋੜ ਲਏ। ਉਸ ਨੇ ਮਹਿਸੂਸ ਕੀਤਾ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਅਸਲ ਵਿਚ ਰਾਮ ਮੰਦਿਰ ਬਣਾਉਣ ਵਿਚ ਦਿਲਚਸਪੀ ਨਹੀਂ ਰੱਖਦੇ, ਉਹ ਤਾਂ ਸਿਰਫ ਇਸ ਦਾ ਬੀ.ਜੇ.ਪੀ. ਲਈ ਸਿਆਸੀ ਲਾਹਾ ਲੈ ਰਹੇ ਹਨ। ਉਦੋਂ ਤੋਂ ਹੀ ਉਹ ਮੁਲਕ ਦੇ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਫਿਰਕੂ ਸਦਭਾਵਨਾ ਦਾ ਸੁਨੇਹਾ ਦੇ ਰਿਹਾ ਹੈ ਅਤੇ ਫਿਰਕਾਪ੍ਰਸਤੀ ਦੀ ਸਿਆਸਤ ਨੂੰ ਨਿਸ਼ਾਨਾ ਬਣਾ ਰਿਹਾ ਹੈ। ਉਸ ਦੱਸਦਾ ਹੈ, "ਅਜਿਹਾ ਮਹਿਸੂਸ ਕਰਨ ਵਾਲਾ ਮੈਂ ਇਕੱਲਾ ਨਹੀਂ ਸੀ। ਅਯੁੱਧਿਆ ਦੇ ਬਹੁਤ ਸਾਰੇ ਸਾਧੂ, ਜੋ ਇਹ ਸੋਚ ਕੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਵਿਚ ਸ਼ਾਮਲ ਹੋਏ ਸਨ ਕਿ ਭਗਵਾਨ ਰਾਮ ਮੰਦਿਰ ਬਣਾਇਆ ਜਾਵੇਗਾ, ਛੇਤੀ ਹੀ ਗੈਰ-ਸਰਗਰਮ ਹੋ ਗਏ।"

ਸ਼ਾਇਦ ਇਹੀ ਕਾਰਨ ਸੀ ਕਿ ਬਜਰੰਗ ਦਲ, ਜਿਸ ਨੇ ਅਯੁੱਧਿਆ ਵਿਚ ਮੰਦਿਰ ਦੀ ਉਸਾਰੀ ਨੂੰ ਆਪਣਾ ਮੁੱਖ ਟੀਚਾ ਮਿਥਿਆ ਸੀ ਤੇ ਇਸ ਦਾ ਕੌਮੀ ਕਨਵੀਨਰ ਵੀ ਅਯੁੱਧਿਆ ਦਾ ਆਗੂ ਬਣਾਇਆ ਗਿਆ ਸੀ, ਨੂੰ ਸ਼ੁਰੂ-ਸ਼ੁਰੂ ਵਿਚ ਸਥਾਨਕ ਸਾਧੂਆਂ ਤੋਂ ਬਹੁਤਾ ਸਹਿਯੋਗ ਨਾ ਮਿਲਿਆ। ਡੱਚ ਮਾਨਵ ਵਿਗਿਆਨੀ ਪੀਟਰ ਵਾਨ-ਦਿ ਵੀਰ ਨੇ ਨੋਟ ਕੀਤਾ ਸੀ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੀ ਸ਼ੋਭਾ ਯਾਤਰਾ ਦਾ ਬਹੁਤ ਹੀ ਅਣਮੰਨੇ ਢੰਗ ਨਾਲ ਸਵਾਗਤ ਕਰਨ ਤੋਂ ਵੀ ਇਹ ਸਪਸ਼ਟ ਸੀ। ਇਹ ਯਾਤਰਾ ਅਯੁੱਧਿਆ ਮੰਦਿਰ ਨੂੰ ਆਜ਼ਾਦ ਕਰਵਾਉਣ ਦੇ ਮਕਸਦ ਨਾਲ ਸੀਤਾ ਮੜ੍ਹੀ (ਬਿਹਾਰ) ਤੋਂ ਪੂਰੀ ਸਜ-ਧਜ ਨਾਲ ਉਥੇ ਪਹੁੰਚੀ ਸੀ।

ਜਲੂਸ, ਜਿਸ ਨੂੰ ਰਾਮ-ਜਾਨਕੀ ਰਥ ਯਾਤਰਾ ਕਿਹਾ ਗਿਆ, ਪਹਿਲਾ ਵੱਡਾ ਸਮਾਰੋਹ ਸੀ, ਜੋ ਬਜਰੰਗ ਦਲ ਦੀ ਸਥਾਪਨਾ ਅਤੇ ਰਾਮ ਜਨਮ ਭੂਮੀ ਲਈ ਹਿੰਦੂਆਂ ਨੂੰ ਲਾਮਬੰਦ ਕਰਨ ਲਈ ਕੀਤਾ ਗਿਆ। ਇਹ 6 ਅਕਤੂਬਰ 1984 ਨੂੰ ਅਯੁੱਧਿਆ ਪਹੁੰਚੀ। ਉਨ੍ਹਾਂ ਦੇ ਸਨਮਾਨ ਵਿਚ ਅਗਲੇ ਦਿਨ ਜਨਤਕ ਇਕੱਠ ਕੀਤਾ ਗਿਆ, ਪਰ ਸਥਾਨਕ ਸਾਧੂਆਂ ਨੇ ਬਹੁਤੀ ਰੁਚੀ ਨਾ ਦਿਖਾਈ। ਪੀਟਰ ਵੀਰ ਨੇ ਲਿਖਿਆ ਹੈ, "ਮੈਂ ਦੇਖਿਆ, ਸਿਰਫ 5-7 ਹਜ਼ਾਰ ਲੋਕ ਹੀ ਉਨ੍ਹਾਂ ਨੂੰ ਸੁਣਨ ਲਈ ਆਏ। ਇਹ ਗਿਣਤੀ ਨਿਰਾਸ਼ ਕਰਨ ਵਾਲੀ ਸੀ। ਹਿੰਦੀ ਪ੍ਰੈਸ ਨੇ ਇਸ ਨੂੰ ਵਧਾ ਕੇ 50 ਹਜ਼ਾਰ ਤੱਕ ਪੇਸ਼ ਕੀਤਾ। ਕਈ ਅਖਬਾਰਾਂ ਨੇ ਤਾਂ ਇਸ ਨੂੰ ਇਕ ਲੱਖ ਤੱਕ ਦੱਸਿਆ, ਜਿਸ ਨੂੰ ਕੌਮੀ ਪ੍ਰੈਸ ਨੇ ਵੀ ਛਾਪਿਆ। ਅਯੁੱਧਿਆ ਵਿਚ ਪੜਾਅ ਕਰਨ ਤੋਂ ਬਾਅਦ ਅਗਲੇ ਦਿਨ ਇਹ ਜਲੂਸ ਲਖਨਊ ਲਈ ਰਵਾਨਾ ਹੋਇਆ, ਤਾਂ ਜੋ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਪਟੀਸ਼ਨ ਪੇਸ਼ ਕੀਤੀ ਜਾ ਸਕੇ। ਅਯੁੱਧਿਆ ਤੋਂ ਕੁਝ ਸਾਧੂ ਵੀ ਇਸ ਜਲੂਸ ਵਿਚ ਸ਼ਾਮਲ ਹੋ ਕੇ ਲਖਨਊ ਗਏ। ਵਾਪਸ ਆ ਕੇ ਉਨ੍ਹਾਂ ਨੇ ਦੱਸਿਆ ਕਿ ਇਹ ਯਾਤਰਾ ਅਯੁੱਧਿਆ ਨਾਲੋਂ ਲਖਨਊ ਅਤੇ ਰਸਤੇ ਵਿਚ ਆਉਣ ਵਾਲੇ ਹੋਰ ਥਾਂਵਾਂ 'ਤੇ ਵਧੇਰੇ ਸਫਲ ਰਹੀ।



*ਬਜਰੰਗ ਦਲ ਦੀ ਬੁਰਛਾਗਰਦੀ ਦੀ ਝਲਕ*

ਭਾਵੇਂ ਅਯੁੱਧਿਆ ਵਿਚ ਪਹਿਲਾਂ ਪਹਿਲ ਐਨਾ ਜੋਸ਼ ਨਹੀਂ ਸੀ, ਪਰ ਜਦੋਂ 1980ਵਿਆਂ ਦੇ ਅੰਤ 'ਚ ਬੀ.ਜੇ.ਪੀ., ਵੀ.ਐਚ.ਪੀ. ਅਤੇ ਆਰ. ਐਸ. ਐਸ. ਦੀ ਆਮ ਸਿਆਸਤ ਨੇ ਜ਼ੋਰ ਫੜਿਆ ਤਾਂ ਬਜਰੰਗ ਦਲ ਦੀ ਹਰਮਨ ਪਿਆਰਤਾ ਬਾਕੀ ਉਤਰ ਪ੍ਰਦੇਸ਼ ਅਤੇ ਹੋਰ ਗੁਆਂਢੀ ਰਾਜਾਂ ਵਿਚ ਤੇਜ਼ੀ ਨਾਲ ਵਧੀ। ਬੀ.ਜੇ.ਪੀ. ਦੇ ਆਗੂ ਐਲ.ਕੇ. ਅਡਵਾਨੀ ਦੀ ਰਥ ਯਾਤਰਾ ਵਿਚ ਇਸ ਦੀ ਅਹਿਮ ਭੂਮਿਕਾ ਸੀ। ਇਹ ਜਲੂਸ ਵਿਸ਼ੇਸ਼ ਤੌਰ 'ਤੇ ਬਣਾਏ ਗਏ ਰਥ ਰਾਹੀਂ ਸਤੰਬਰ 1990 ਵਿਚ ਗੁਜਰਾਤ ਦੇ ਸੋਮਨਾਥ ਮੰਦਿਰ ਤੋਂ ਸ਼ੁਰੂ ਹੋਇਆ। ਇਸ ਨੇ 10,000 ਕਿਲੋਮੀਟਰ ਦਾ ਪੈਂਡਾ ਗਾਹ ਕੇ ਪੱਛਮੀ ਅਤੇ ਉਤਰੀ ਭਾਰਤ ਵਿਚੋਂ ਹੁੰਦੇ ਹੋਏ ਅਯੁੱਧਿਆ ਪਹੁੰਚ ਕੇ ਸਮਾਪਤੀ ਕਰਨੀ ਸੀ। ਬਜਰੰਗ ਦਲ ਦੇ ਵਾਲੰਟੀਅਰਾਂ ਨੇ ਆਪਣੀ ਵਚਨਬੱਧਤਾ ਦਾ ਸਬੂਤ ਦੇਣ ਲਈ ਉਸ ਨੂੰ ਆਪਣੇ ਲਹੂ ਦਾ ਪਿਆਲਾ ਪੇਸ਼ ਕੀਤਾ ਅਤੇ ਉਸ ਦੇ ਨਾਲ ਰਹੇ। ਉਨ੍ਹਾਂ ਨੇ ਉਸ ਦੀ ਆਓ-ਭਗਤ ਉਸ ਦੇ ਮੱਥੇ 'ਤੇ ਇਸ ਲਹੂ ਦਾ ਤਿਲਕ ਲਾ ਕੇ ਕੀਤੀ। ਕਾਰਕੁਨਾਂ ਨੇ ਯਾਤਰਾ ਮਾਰਗ ਨੂੰ ਖੂਬ ਸਜਾਇਆ ਅਤੇ ਇਸ ਦੌਰਾਨ ਫਿਰਕੂ ਪ੍ਰਚਾਰ ਕਰਦੇ ਰਹੇ।

ਰਥ ਯਾਤਰਾ ਅਯੁੱਧਿਆ ਨਾ ਪਹੁੰਚ ਸਕੀ। ਬਿਹਾਰ ਵਿਚ ਜਨਤਾ ਦਲ ਦੀ ਲਾਲੂ ਪ੍ਰਸਾਦ ਯਾਦਵ ਸਰਕਾਰ ਨੇ 23 ਅਕਤੂਬਰ ਨੂੰ ਅਡਵਾਨੀ ਨੂੰ ਗ੍ਰਿਫਤਾਰ ਕਰ ਲਿਆ। ਉਦੋਂ ਤਕ ਇਹ ਬਜਰੰਗ ਦਲ ਦੇ ਕਾਰਕੁਨਾਂ ਵਿਚ ਐਨਾ ਵਿਸ਼ਵਾਸ ਭਰਨ ਵਿਚ ਸਫਲ ਹੋ ਗਈ ਸੀ ਕਿ ਇਕ ਹਫਤੇ ਪਿਛੋਂ 30 ਅਕਤੂਬਰ ਨੂੰ ਉਨ੍ਹਾਂ ਦੇ ਇਕ ਗਰੁੱਪ ਨੇ ਅਯੁੱਧਿਆ ਵਿਚ ਬਾਬਰੀ ਮਸਜਿਦ ਦੇ ਗੁੰਬਦ 'ਤੇ ਕੇਸਰੀ ਝੰਡਾ ਲਹਿਰਾ ਦਿੱਤਾ। ਇਸ ਦਾ ਨਤੀਜਾ ਇਹ ਹੋਇਆ ਕਿ ਸਥਾਨਕ ਪੁਲਿਸ ਅਤੇ ਹਜ਼ਾਰਾਂ ਕਾਰ ਸੇਵਕਾਂ ਦਰਮਿਆਨ ਹੋਈ ਟੱਕਰ 'ਚ ਕਈਆਂ ਨੂੰ ਜਾਨ ਤੋਂ ਹੱਥ ਧੋਣੇ ਪਏ।

1991 ਵਿਚ ਉਤਰ ਪ੍ਰਦੇਸ਼ ਵਿਚ ਬੀ.ਜੇ.ਪੀ. ਦੇ ਸੱਤਾ ਵਿਚ ਆਉਣ ਤੋਂ ਬਾਅਦ ਬਜਰੰਗ ਦਲ ਨੇ ਅਯੁੱਧਿਆ ਮੁੱਦੇ 'ਤੇ ਹੋਈਆਂ ਝੜਪਾਂ ਵਿਚ ਸਿੱਧੇ ਤੌਰ 'ਤੇ ਹਿੱਸਾ ਲਿਆ ਜਦੋਂ ਕਿ ਸੰਘ ਪਰਿਵਾਰ ਦੀਆਂ ਮੁੱਖ ਜਥੇਬੰਦੀਆਂ ਆਰ. ਐਸ. ਐਸ., ਬੀ.ਜੇ.ਪੀ. ਅਤੇ ਵੀ.ਐਚ.ਪੀ. ਬਹੁਤੀਆਂ ਸਾਹਮਣੇ ਨਾ ਆਈਆਂ। ਇਹ ਸਾਰਾ ਕੁਝ ਸੋਚੀ ਸਮਝੀ ਯੁੱਧਨੀਤੀ ਤਹਿਤ ਹੇਠਲੇ ਦਰਜੇ ਦੀ ਜਥੇਬੰਦੀ ਨੂੰ ਮੁੱਦੇ ਨੂੰ ਭਖਦਾ ਰੱਖਣ ਦੀ ਮਨਸ਼ਾ ਨਾਲ ਕੀਤਾ ਗਿਆ ਤਾਂ ਜੋ ਭਵਿਖ ਵਿਚ ਇਸ ਦਾ ਲਾਹਾ ਲਿਆ ਜਾ ਸਕੇ।

1990 ਵਾਂਗ 1992 ਵਿਚ ਵੀ ਬਜਰੰਗ ਦਲ, ਸੰਘ ਪਰਿਵਾਰ ਦੇ ਮੁੱਖ ਹਥਿਆਰ ਦੇ ਰੂਪ ਵਿਚ ਕਾਰ ਸੇਵਾ ਲਈ ਸ਼ਹਿਰੀ ਨੌਜਵਾਨਾਂ ਨੂੰ ਲਾਮਬੰਦ ਕਰਨ 'ਚ ਜੁਟਿਆ ਰਿਹਾ। ਇਸ ਦੇ ਕਾਰਿੰਦੇ 6 ਦਸੰਬਰ 1992 ਦੇ ਦਿਨ ਬਾਬਰੀ ਮਸਜਿਦ ਨੂੰ ਢਾਹੁਣ ਲਈ ਕੀਤੇ ਹਮਲੇ ਦੀਆਂ ਮੂਹਰਲੀਆਂ ਸਫਾਂ ਵਿਚ ਸ਼ਾਮਲ ਸਨ।

---

ਮਸਜਿਦ ਢਾਹੁਣ ਦੇ ਕਾਂਡ ਨੇ ਪੂਰੇ ਭਾਰਤ ਨੂੰ ਹਿਲਾ ਦਿੱਤਾ ਪਰ ਪੀ.ਵੀ. ਨਰਸਿਮਹਾ ਰਾਓ ਸਰਕਾਰ ਇਸ ਘਟਨਾਕ੍ਰਮ ਬਾਰੇ ਦੋਚਿਤੀ ਦਾ ਸ਼ਿਕਾਰ ਰਹੀ। ਚਾਰ ਦਿਨ ਬਾਅਦ 10 ਦਸੰਬਰ 1992 ਨੂੰ ਇਸ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਬਜਰੰਗ ਦਲ 'ਤੇ ਪਾਬੰਦੀ ਲਾ ਦਿੱਤੀ। ਦਲ ਦੇ ਨਾਲ ਨਾਲ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਆਰ. ਐਸ. ਐਸ. 'ਤੇ ਵੀ ਪਾਬੰਦੀ ਲਾਈ ਗਈ। ਉਂਜ, ਇਸ ਨੇ ਇਨ੍ਹਾਂ ਜਥੇਬੰਦੀਆਂ ਵਲ ਕਰੜਾ ਰੁਖ ਅਖਤਿਆਰ ਕਰਨ ਦੀ ਥਾਂ ਸਮਝੌਤੇ ਵਾਲੀ ਸੁਰ ਜਾਰੀ ਰੱਖੀ। ਬਹੁਤ ਘੱਟ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ, ਜ਼ਿਆਦਾਤਰ ਮੁੱਖ ਆਗੂ ਕਾਰਿੰਦਿਆਂ ਨੂੰ ਰੂਪੋਸ਼ ਹੋਣ ਦਿੱਤਾ ਗਿਆ। 4 ਜੂਨ 1993 ਨੂੰ ਦਿੱਲੀ ਹਾਈ ਕੋਰਟ ਦੇ ਜਸਟਿਸ ਪੀ.ਕੇ. ਬਾਹਰੀ ਦੀ ਅਗਵਾਈ ਵਾਲੇ ਟ੍ਰਿਬਿਊਨਲ ਨੇ ਬਜਰੰਗ ਦਲ ਅਤੇ ਆਰ.ਐਸ.ਐਸ. 'ਤੇ ਪਾਬੰਦੀ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਪਰ ਵਿਸ਼ਵ ਹਿੰਦੂ ਪ੍ਰੀਸ਼ਦ 'ਤੇ ਪਾਬੰਦੀ ਜਾਰੀ ਰਹੀ।

*ਬਜਰੰਗ ਦਲ ਦਾ ਲੋਗੋ।*

ਅਯੁੱਧਿਆ ਅੰਦੋਲਨ ਅਤੇ ਬਾਬਰੀ ਮਸਜਿਦ ਤੋੜਨ ਦੇ ਕਾਂਡ ਨੇ ਹਿੰਦੂਤਵੀ ਤਾਕਤਾਂ ਵਿਚ ਬਜਰੰਗ ਦਲ ਦਾ ਰੁਤਬਾ ਵਧਾ ਦਿੱਤਾ। ਇਸ ਦੀਆਂ ਸਫਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਇਜ਼ਾਫਾ ਸ਼ੁਰੂ ਹੋ ਗਿਆ ਅਤੇ ਇਸ ਦਾ ਨਾਅਰਾ 'ਜੋ ਰਾਮ ਕੇ ਕਾਮ ਨਾ ਆਏ, ਵੋ ਬੇਕਾਰ ਜਵਾਨੀ ਹੈ' ਸਮਾਜ ਦੇ ਚੋਖੇ ਹਿੱਸਿਆਂ ਵਿਚ ਮਕਬੂਲ ਹੋਣਾ ਸ਼ੁਰੂ ਹੋ ਗਿਆ। 16 ਦਸੰਬਰ 1992 ਨੂੰ ਆਰ.ਐਸ.ਐਸ. ਨਾਲ ਸਬੰਧਤ ਭੋਪਾਲ ਤੋਂ ਛਪਦੇ ਹਿੰਦੀ ਅਖਬਾਰ 'ਸਵਦੇਸ਼' ਵਿਚ ਬਜਰੰਗ ਦਲ ਦੇ ਕਾਰਿੰਦੇ ਧਰਮਿੰਦਰ ਸਿੰਘ ਗੁਰਜਰ ਦੀ ਇੰਟਰਵਿਊ ਛਪੀ, ਜਿਸ ਵਿਚ ਉਸ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਦੇ 100 ਮੈਂਬਰੀ ਦਸਤੇ ਨੂੰ ਇਸ ਕੰਮ ਦੀ ਸਿਖਲਾਈ ਦਿੱਤੀ ਗਈ ਅਤੇ ਕਿਵੇਂ ਉਨ੍ਹਾਂ ਬਾਬਰੀ ਮਸਜਿਦ ਢਾਹੀ। ਛੇਤੀ ਬਾਅਦ ਪ੍ਰੈਸ ਵਿਚ ਅਜਿਹੇ ਖੁਲਾਸੇ ਸ਼ੁਰੂ ਹੋ ਗਏ।

ਪਾਬੰਦੀ ਹਟਾਏ ਜਾਣ ਤੋਂ ਤੁਰੰਤ ਪਿਛੋਂ ਆਰ. ਐਸ. ਐਸ. ਨੇ ਬਜਰੰਗ ਦਲ ਦਾ ਸੰਚਾਲਨ ਜਥੇਬੰਦਕ ਅਤੇ ਵਿਚਾਰਧਾਰਕ ਪੱਖਾਂ ਤੋਂ ਹੋਰ ਵੀ ਸੁਚੱਜੇ ਤਰੀਕੇ ਨਾਲ ਸ਼ੁਰੂ ਕਰ ਦਿੱਤਾ। ਉਦੋਂ ਤੱਕ ਇਸ ਦਾ ਢਾਂਚਾ ਢਿੱਲਾ ਜਿਹਾ ਹੀ ਸੀ ਅਤੇ ਇਨ੍ਹਾਂ ਦੇ ਮੈਂਬਰਾਂ ਦੀ ਪਛਾਣ ਸਿਰਾਂ 'ਤੇ ਬੰਨ੍ਹੇ 'ਰਾਮ' ਸ਼ਬਦ ਵਾਲੇ ਕੇਸਰੀ ਪਰਨੇ ਤੋਂ ਹੁੰਦੀ ਸੀ। ਫਿਰ ਇਸ ਨੂੰ ਆਰ.ਐਸ.ਐਸ. ਦੀ ਤਰਜ਼ 'ਤੇ ਸਖਤ ਜ਼ਾਬਤੇ ਵਿਚ ਰਹਿ ਕੇ ਕੰਮ ਕਰਨ ਵਾਲੀ ਕੌਮੀ ਪੱਧਰ ਦੀ ਮਜ਼ਬੂਤ ਜਥੇਬੰਦੀ ਬਣਾਉਣ ਦਾ ਅਮਲ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ ਤਾਂ ਇਨ੍ਹਾਂ ਦੀ ਬਾਕਾਇਦਾ ਵਰਦੀ ਤੈਅ ਕੀਤੀ ਗਈ: ਨੀਲੀਆਂ ਪੈਂਟਾਂ, ਸਫੈਦ ਕਮੀਜ਼ਾਂ ਤੇ ਕੇਸਰੀ ਪਰਨੇ। ਦੂਜਾ, ਹਿੰਸਕ ਤੇਵਰਾਂ ਵਾਲੀ ਇਸ ਜਥੇਬੰਦੀ 'ਤੇ ਕੰਟਰੋਲ ਰੱਖਣ ਲਈ ਆਰ.ਐਸ.ਐਸ. ਦੇ ਕੱਟੜ ਕਾਰਿੰਦੇ ਇਸ ਵਿਚ ਲਾਏ ਗਏ। ਤੀਜਾ, ਇਸ ਦੇ ਕਾਰਿੰਦਿਆਂ ਲਈ ਵੱਡੇ-ਵੱਡੇ ਵਿਸ਼ੇਸ਼ ਟਰੇਨਿੰਗ ਕੈਂਪ ਲਾਉਣ ਦੇ ਇੰਤਜ਼ਾਮ ਕੀਤੇ ਗਏ। 1993 ਵਿਚ ਅਜਿਹੇ 350 ਕੈਂਪ ਲਾਏ ਗਏ।

ਇਸ ਤੋਂ ਬਿਨਾ ਇਨ੍ਹਾਂ ਕਾਰਿੰਦਿਆਂ ਨੂੰ ਟਰੇਨਿੰਗ ਦੇਣ ਲਈ 'ਨੇਮਾਵਲੀ' ਤਿਆਰ ਕੀਤੀ ਗਈ। ਇਸ ਦੀ ਆਦਿਕਾ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸੀਨੀਅਰ ਆਗੂ ਅਚਾਰੀਆ ਗਿਰੀ ਰਾਜ ਕਿਸ਼ੋਰ ਨੇ ਬਜਰੰਗ ਦਲ ਵਲੋਂ 6 ਦਸੰਬਰ 1992 ਦੇ ਬਾਬਰੀ ਮਸਜਿਦ ਕਾਂਡ ਨੂੰ ਅੰਜਾਮ ਦੇਣ ਸਮੇਂ ਕੀਤੇ ਕੰਮ ਦੀ ਭਰਪੂਰ ਤਾਰੀਫ ਇਨ੍ਹਾਂ ਸ਼ਬਦਾਂ 'ਚ ਕੀਤੀ, "ਉਸ ਦਿਨ ਗੱਭਰੂਆਂ ਦੀ ਸ਼ਕਤੀ ਆਪਣੇ ਆਗੂ ਦੇ ਹੱਥੋਂ ਨਿਕਲ ਕੇ ਅੱਗੇ ਵਧਦੀ ਗਈ, ਜੋ ਬਾਹਰ ਉਨ੍ਹਾਂ ਨੂੰ ਰੋਕਣ ਦਾ ਯਤਨ ਕਰ ਰਹੇ ਸਨ ਅਤੇ ਇਉਂ ਇਨ੍ਹਾਂ ਨੇ ਆਪਣਾ ਮਿਸ਼ਨ ਨੇਪਰੇ ਚਾੜ੍ਹਿਆ, ਐਸਾ ਮਿਸ਼ਨ ਜੋ ਨਮੋਸ਼ੀ ਦੇ ਦਾਗ (ਭਾਵ, ਬਾਬਰੀ ਮਸਜਿਦ) ਮਿਟਾਉਣ ਲਈ ਸੀ।"

ਬਜਰੰਗ ਦਲ ਦੇ ਕਾਰਿੰਦਿਆਂ ਨੇ ਜ਼ਾਬਤੇ ਦੇ ਮਾਮਲੇ ਵਿਚ ਕੁਝ ਸੁਧਾਰ ਕਰ ਲਿਆ। ਆਰ. ਐਸ. ਐਸ. ਵਾਂਗ ਇਨ੍ਹਾਂ ਦੀਆਂ ਲਗਾਤਾਰ ਸ਼ਾਖਾਵਾਂ ਨਹੀਂ ਲੱਗਦੀਆਂ, ਸਮੇਂ-ਸਮੇਂ 'ਤੇ ਟਰੇਨਿੰਗ ਕੈਂਪ ਲਾਏ ਜਾਂਦੇ ਹਨ। ਇਹ ਵੀ ਬਾਕਾਇਦਾ ਲਗਦੇ ਹਨ ਤਾਂ ਜੋ ਚੰਚਲ ਅਤੇ ਅੱਥਰੇ ਅਨਸਰਾਂ ਦਾ ਜੋਸ਼ ਬਰਕਰਾਰ ਰੱਖਿਆ ਜਾ ਸਕੇ। ਆਰ.ਐਸ.ਐਸ. ਵਾਂਗ ਕਿਸੇ ਵੀ ਤਰ੍ਹਾਂ ਦੇ ਵਿਚਾਰਧਾਰਕ ਅਤੇ ਸਰੀਰਕ ਟਰੇਨਿੰਗ ਪ੍ਰੋਗਰਾਮਾਂ ਦੀ ਬੱਝਵੀਂ ਕਾਰਜ ਸੂਚੀ ਨਾ ਹੋਣ ਕਾਰਨ ਇਉਂ ਪ੍ਰਤੀਤ ਹੁੰਦਾ ਹੈ ਕਿ ਬਜਰੰਗ ਦਲ ਨੂੰ ਸੰਘ ਪਰਿਵਾਰ ਦੇ ਅੰਦੋਲਨਾਂ ਲਈ ਰਾਖਵੀਂ ਤਾਕਤ ਮੰਨਿਆ ਜਾਂਦਾ ਹੈ।

ਇਹ ਜਥੇਬੰਦੀ ਵੱਖ-ਵੱਖ ਸਮਿਆਂ 'ਤੇ ਹਰ ਤਰ੍ਹਾਂ ਦੇ ਬਦਲਾਓ ਦੇ ਬਾਵਜੂਦ ਬਾਹੂਬਲ, ਧੱਕੇਸ਼ਾਹੀ, ਹੁੱਲੜਬਾਜ਼ੀ, ਦੰਗਾ-ਫਸਾਦ ਅਤੇ ਦਹਿਸ਼ਤ ਦਾ ਸਮਾਨ-ਅਰਥੀ ਬਣੀ ਹੋਈ ਹੈ। ਪਾਲ ਆਰ. ਬਰਾਸ ਇਸ਼ਾਰਾ ਕਰਦੇ ਹਨ: ਬਹੁਤ ਸਾਰੇ ਪੱਖਾਂ ਤੋਂ ਬਜਰੰਗ ਦਲ ਹੋਰ ਜਥੇਬੰਦੀਆਂ ਲਈ ਲੜਾਕੂ ਰਾਖਾ ਦਸਤਾ ਜਿਹੀ ਦਿਸਦੀ ਹੈ। ਇਉਂ ਇਹ ਇਕ ਤਰ੍ਹਾਂ ਨਾਲ ਨਾਜ਼ੀ ਧਾਵਾ ਲਸ਼ਕਰ (ਐਸ. ਏ.) ਦਾ ਹੀ ਮਾਮੂਲੀ ਜਿਹਾ ਪਰ ਖਤਰਨਾਕ ਰੂਪ ਜਾਪਦੀ ਹੈ। ਆਰ.ਐਸ.ਐਸ. ਦੇ ਸਿੱਖਿਅਤ ਕਾਰਿੰਦਿਆਂ ਦੇ ਮੁਕਾਬਲੇ ਬਜਰੰਗ ਦਲ ਦੇ ਕਾਰਿੰਦਿਆਂ ਦਾ ਗੈਰਸਿੱਖਿਅਤ ਹੋਣਾ, ਇਸ ਨੂੰ ਸਿੱਧੀ ਜ਼ਿੰਮੇਵਾਰੀ ਤੋਂ ਬਚਾਈ ਰੱਖਦਾ ਹੈ। ਸੰਘ ਪਰਿਵਾਰ ਦੇ ਕਥਿਤ ਜ਼ਿੰਮੇਵਾਰ ਮੈਂਬਰ ਇਨ੍ਹਾਂ ਨੂੰ 'ਅਨੁਸ਼ਾਸਨਹੀਣਤਾ ਅਤੇ ਹਿੰਸਾ ਦੇ ਇਕਾ-ਦੁੱਕਾ ਸੂਝ ਵਿਹੂਣੇ ਮਾਮਲੇ' ਕਹਿ ਕੇ ਸਹਿਜੇ ਹੀ ਟਾਲ ਦਿੰਦੇ ਹਨ।

ਸੰਘ ਪਰਿਵਾਰ ਸ਼ਾਇਦ ਜਾਣ-ਬੁੱਝ ਕੇ ਇਕ ਹੋਰ ਘਚੋਲਾ ਖੜ੍ਹਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਹੈ ਬਜਰੰਗ ਦਲ ਦੇ ਜ਼ਿਆਦਾਤਰ ਪੈਰੋਕਾਰਾਂ ਦੇ ਪਿਛੋਕੜ ਦਾ ਮਾਮਲਾ। ਆਪਣੀ ਖੋਜ ਦੌਰਾਨ ਮੈਂ ਆਰ.ਐਸ.ਐਸ., ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਜਿਨ੍ਹਾਂ ਵੀ ਆਗੂਆਂ ਨਾਲ ਗੱਲ ਕੀਤੀ, ਕਰੀਬ ਸਭ ਦਾ ਕਹਿਣਾ ਸੀ ਕਿ ਜਥੇਬੰਦੀ ਦੇ ਕਾਰਿੰਦੇ ਮੁੱਖ ਤੌਰ 'ਤੇ ਪਿਛੜੀਆਂ ਜਾਤਾਂ ਵਿਚੋਂ ਹਨ। ਸ਼ਾਇਦ ਸ਼ੁਰੂ ਵਿਚ ਇਹ ਸੱਚ ਨਾ ਹੋਵੇ। ਕ੍ਰਿਸਟੋਫ ਜੈਫਰਲੋਟ ਨੇ 1990ਵਿਆਂ ਦੇ ਸ਼ੁਰੂ ਅਤੇ ਦਰਮਿਆਨ ਦੇ ਸਾਲਾਂ ਵਿਚ ਜੋ ਅਧਿਐਨ ਕੀਤਾ ਸੀ, ਉਸ ਮੁਤਾਬਕ ਉਚ ਤੇ ਦਰਮਿਆਨੀਆਂ ਜਾਤਾਂ ਦੇ ਆਰਥਿਕ ਤੌਰ 'ਤੇ ਹਾਸ਼ੀਆਗ੍ਰਸਤ ਹਿੱਸਿਆਂ ਦੇ ਨੌਜਵਾਨ ਬਜਰੰਗ ਦਲ ਦੀ ਮੈਂਬਰਸ਼ਿਪ ਵਿਚ ਭਾਰੂ ਹਨ, ਜਿਨ੍ਹਾਂ ਦੀ ਬਾਬਰੀ ਮਸਜਿਦ 'ਤੇ ਹਮਲਾ ਕਰਨ ਵਿਚ ਭੂਮਿਕਾ ਸੀ।

ਇਉਂ ਬਜਰੰਗ ਦਲ ਦੇ ਜ਼ਿਆਦਾਤਰ ਕਾਰਕੁਨ ਘੱਟ ਪੜ੍ਹੇ ਲਿਖੇ, ਬੇਰੁਜ਼ਗਾਰ ਜਾਂ ਰੁਜ਼ਗਾਰ ਤੋਂ ਅਸੰਤੁਸ਼ਟ ਨੌਜਵਾਨ ਹਨ। ਭਾਵੇਂ ਆਗੂ ਟੀਮ ਉਚ ਜਾਤੀ ਜਾਂ ਦਰਮਿਆਨੀਆਂ ਜਾਤਾਂ ਦੇ ਲੋਕਾਂ ਦੀ ਹੋਵੇ, ਇਸ ਦੇ ਮੁਢਲੇ ਪੱਧਰ ਦੇ ਕਾਰਿੰਦਿਆਂ ਦਾ ਮੁੱਖ ਹਿੱਸਾ ਪਿਛੜੀਆਂ ਜਾਤਾਂ ਅਤੇ ਇਥੋਂ ਤੱਕ ਕਿ ਦਲਿਤ ਲੋਕਾਂ ਵਿਚੋਂ ਹੈ। ਉਨ੍ਹਾਂ ਨੂੰ ਆਰ.ਐਸ.ਐਸ. ਦੀਆਂ ਸ਼ਾਖਾਵਾਂ ਵਾਲੀ ਵਿਚਾਰਧਾਰਕ ਢਲਾਈ ਜਾਂ ਕਰੜਾ ਜ਼ਾਬਤਾ ਪਸੰਦ ਨਹੀਂ। ਉਹ ਤਾਂ ਮੁੱਖ ਤੌਰ 'ਤੇ ਮੁਸਲਮਾਨ ਅਤੇ ਇਸਾਈਆਂ ਨਾਲ ਲੜ-ਭਿੜ ਕੇ ਆਪਣੀ ਹੋਂਦ ਦਰਸਾਉਣ ਲਈ ਤਤਪਰ ਹਨ, ਜਿਨ੍ਹਾਂ ਨੂੰ ਸੰਘ ਪਰਿਵਾਰ 'ਬੇਗਾਨੇ' ਕਹਿੰਦਾ ਹੈ।

ਹਾਲਾਂਕਿ ਇਸ ਦਾ ਭਾਵ ਇਹ ਨਹੀਂ ਕਿ ਇਹ ਨਵੀਂ ਪਛਾਣ ਹਾਸਲ ਕਰਕੇ ਇਹ ਹਿੱਸਿਆਂ ਨਾਲ ਸਬੰਧਤ ਬਜਰੰਗ ਦਲ ਦੇ ਮੈਂਬਰਾਂ ਨੂੰ ਆਪਣੀਆਂ ਉਹ ਸਮਾਜਿਕ, ਆਰਥਿਕ ਦੁਸ਼ਵਾਰੀਆਂ ਭੁੱਲ ਜਾਂਦੀਆਂ ਹਨ, ਜੋ ਉਨ੍ਹਾਂ ਨੂੰ ਹਿੰਦੂਤਵੀ ਘੇਰੇ ਵਿਚ ਧੱਕਣ ਦਾ ਕਾਰਨ ਬਣੀਆਂ ਸਨ। ਜਾਤ ਆਧਾਰਤ ਭੇਦ-ਭਾਵ ਇਸ ਬੇਚੈਨੀ ਨੂੰ ਕਈ ਵਾਰ ਅਸਾਧਾਰਨ ਤੌਰ 'ਤੇ ਵਿਸਫੋਟਕ ਵੀ ਬਣਾ ਦਿੰਦਾ ਹੈ। ਮਿਸਾਲ ਵਜੋਂ, ਬਜਰੰਗ ਦਲ ਦੀ ਮੰਗਲੌਰ ਇਕਾਈ ਵਿਚ ਫੁੱਟ ਪੈ ਗਈ, ਜਿਸ ਨੇ ਸ੍ਰੀ ਰਾਮ ਸੈਨਾ ਬਣਾਏ ਜਾਣ ਦਾ ਰਾਹ ਪੱਧਰਾ ਕਰ ਦਿੱਤਾ।

**(ਚਲਦਾ)**

# ਕੈਮਰਾ ਅਤੇ ਫੋਟੋ ਕਲਚਰ

ਸ਼ਬਦ-ਮੂਲ ਦੇ ਮਾਹਿਰ ਵਿਲਫਰੈਡ ਫੰਕ ਅਨੁਸਾਰ ਕੈਮਰਾ, ਕਮਰਾ ਤੇ ਚੈਂਬਰ ਇੱਕੋ ਗੱਲ ਹੈ। ਇੱਕੋ ਕਮਰੇ 'ਚ ਰਹਿਣ ਵਾਲੇ ਕਾਮਰੇਡ ਹੁੰਦੇ ਹਨ ਤੇ ਇੱਕੋ ਚੈਂਬਰ 'ਚ ਰਹਿਣ ਵਾਲੇ ਚੰਮ। ਨਾਲ ਰਹਿਣ ਵਾਲੇ ਨਾਲ ਸਾਂਝ ਪੈ ਜਾਂਦੀ ਹੈ ਤੇ ਪਿਆਰ ਹੋ ਜਾਂਦਾ ਹੈ; ਇਸ ਲਈ ਕਾਮਰੇਡ ਤੇ ਚੰਮ ਦਾ ਅਰਥ ਮਿੱਤਰ ਹੋ ਗਿਆ ਹੈ। ਬੰਦ ਕਮਰੇ ਵਿਚ ਹਨੇਰਾ ਹੁੰਦਾ ਹੈ। ਕੈਮਰਾ ਵੀ ਨਿੱਕਾ ਜਿਹਾ ਬੰਦ ਅਤੇ ਹਨੇਰਾ ਕਮਰਾ ਹੁੰਦਾ ਹੈ, ਜਿਸ ਵਿਚ ਲੈਨਜ਼ ਦੀ ਮਦਦ ਨਾਲ ਰੌਸ਼ਨ ਅਕਸ ਕਲਿੱਕ ਕੀਤੇ ਜਾਂਦੇ ਹਨ।

ਕੈਮਰਾ ਅਜਿਹੀ ਵੱਡੀ ਕਾਢ ਹੈ, ਜਿਸ ਨੇ ਮਾਨਵ ਜਗਤ ਨੂੰ ਬੇਹੱਦ ਪ੍ਰਭਾਵਤ ਕੀਤਾ ਹੈ ਤੇ ਸੱਭਿਅਤਾ ਦੇ ਇਤਿਹਾਸ ਵਿਚ ਜ਼ਬਰਦਸਤ ਇਨਕਲਾਬ ਲੈ ਆਂਦਾ ਹੈ। ਕੈਮਰੇ ਦੇ ਬਿਨਾ ਜਿਵੇਂ ਸਾਡਾ ਜੀਵਨ ਹਨੇਰੇ ਵਿਚ ਹੀ ਸੀ; ਜਿਵੇਂ ਕੈਮਰੇ ਦੇ ਹਨੇਰੇ ਨੇ ਸਾਨੂੰ ਹਨੇਰੇ 'ਚੋਂ ਬਾਹਰ ਕੱਢ ਲਿਆਂਦਾ ਹੋਵੇ ਜਾਂ ਸਾਨੂੰ ਕਿਸੇ ਹੋਰ ਹਨੇਰੇ ਵਿਚ ਲੈ ਗਿਆ ਹੋਵੇ; ਕੁਝ ਕਿਹਾ ਨਹੀਂ ਜਾ ਸਕਦਾ।



**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਕੈਮਰਾ ਅਸਲੀਅਤ 'ਤੇ ਪਾਇਆ ਗਿਆ ਪਰਦਾ ਵੀ ਹੈ। ਰੰਗ ਅਤੇ ਕਲਰ ਦਾ ਬੁਨਿਆਦੀ ਅਰਥ ਲੁਕੋਣਾ ਅਤੇ ਧੋਖਾ ਦੇਣਾ ਹੈ। ਜਦ ਅਸੀਂ ਰੰਗ ਕਰਦੇ ਹਾਂ ਤਾਂ ਅਸਲੀਅਤ ਲੁਕ ਜਾਂਦੀ ਹੈ। ਕਲਰ ਦਾ ਅਰਥ ਕਿਸੇ ਹਕੀਕਤ ਨੂੰ ਬਦਲ ਦੇਣਾ ਹੈ। ਕੈਮਰਾ ਅਸਲ ਵਿਚ ਵੱਡਾ ਛਲ ਹੈ, ਜਿਸ ਨੇ ਸਾਰੇ ਜਹਾਨ ਨੂੰ ਆਪਣੀ ਮੁੱਠੀ ਵਿਚ ਜਕੜ ਲਿਆ ਹੈ ਜਾਂ ਕਹਿ ਲਉ ਛਲ ਲਿਆ ਹੈ। ਕੈਮਰੇ ਦੇ ਹਨੇਰੇ ਚੈਂਬਰ ਵਿਚ ਅਸੀਂ ਅੰਨ੍ਹੇ ਹੋਏ ਫਿਰਦੇ ਹਾਂ।

ਪੰਜਾਬੀ ਵਿਚ 'ਭਾ' ਅੱਗ ਨੂੰ ਕਹਿੰਦੇ ਹਨ, ਜਿਸ ਦਾ ਅਰਥ ਹੈ, ਰੋਸ਼ਨੀ। ਭਾ ਦੇ ਸਗੋਤੀ ਯੂਨਾਨੀ ਸ਼ਬਦ ਫੌਸ ਦਾ ਅਰਥ ਵੀ ਅੱਗ ਅਤੇ ਰੋਸ਼ਨੀ ਹੈ। ਫਾਸਫੋਰਸ ਦਾ ਅਰਥ ਹੈ, ਰੋਸ਼ਨੀ ਲਿਆਉਣ ਵਾਲੀ। ਫਾਸ ਤੋਂ ਹੀ ਫੋਟੋ ਸ਼ਬਦ ਹੋਂਦ ਵਿਚ ਆਇਆ ਹੈ। ਰੋਸ਼ਨੀ ਫੋਟੋਨ ਦੀ ਖੇਡ ਹੈ ਤੇ ਫੋਟੋ ਰੋਸ਼ਨੀਆਂ ਦਾ ਹੀ ਕ੍ਰਿਸ਼ਮਾ ਹੈ। ਸਾਇੰਸ ਦੇ ਵਿਦਿਆਰਥੀ ਜਾਣਦੇ ਹਨ ਕਿ ਰੋਸ਼ਨੀ ਤੇ ਰੰਗ ਇੱਕੋ ਗੱਲ ਹੈ। ਸ਼ਿਵ ਕੁਮਾਰ ਬਟਾਲਵੀ ਨੇ 'ਕੁਝ ਸ਼ੋਖ ਜਿਹੇ ਰੰਗਾਂ ਦਾ ਨਾਂ ਤਸਵੀਰਾਂ ਹੈ' ਐਵੇਂ ਨਹੀਂ ਸੀ ਆਖਿਆ।

ਮੈਨੂੰ ਯਾਦ ਹੈ, ਨੌਵੀਂ 'ਚ ਪੜ੍ਹਦਿਆਂ ਮੇਰੇ ਦੋਸਤ ਨੇ ਕਿਤੇ ਲਾਟਰੀ ਪਾਈ ਤਾਂ ਉਸ ਦਾ ਕੈਮਰਾ ਨਿਕਲ ਆਇਆ। ਉਹ ਇੰਨਾ ਖੁਸ਼ ਹੋਇਆ, ਜਿਵੇਂ ਅੱਜ ਕਲ ਕਿਸੇ ਦਾ ਹਵਾਈ ਜਹਾਜ ਨਿਕਲ ਆਵੇ। ਉਸ ਨੇ ਮੈਨੂੰ ਦੱਸਿਆ ਤੇ ਅਸੀਂ ਕੈਮਰਾ ਲੈ ਕੇ ਆਪਣੇ ਪਿੰਡ ਦੇ ਨੇੜੇ ਬੇਟ ਵਾਲੇ ਪਾਸੇ ਵਗਦੀ ਨੈੜੀ ਕੰਢੇ ਚਲੇ ਗਏ।

ਕਹਿੰਦੇ ਹਨ, ਕਿਸੇ ਵੇਲੇ ਸਤਲੁਜ ਦਰਿਆ ਸਾਡੇ ਪਿੰਡ ਦੇ ਨਾਲ ਵਗਦਾ ਸੀ। ਸਮੇਂ ਦੇ ਫੇਰ ਨਾਲ ਦਰਿਆ ਪਿੱਛੇ ਹਟਦਾ ਗਿਆ ਤੇ ਉਸ ਦੀ ਰਹਿੰਦ-ਖੂੰਹਦ ਜਿਹੀ ਇਹ ਨੈੜੀ ਰਹਿ ਗਈ। ਕੋਈ ਇਸ ਨੂੰ ਵੇਈਂ ਵੀ ਕਹਿ ਸਕਦਾ ਹੈ, ਪਹਾੜੀਏ ਇਸ ਨੂੰ ਕੂਲ੍ਹ ਕਹਿ ਸਕਦੇ ਹਨ ਤੇ ਅੰਗਰੇਜ਼ੀ ਵਾਲੇ 'ਕਰੀਕ' ਕਹਿ ਸਕਦੇ ਹਨ।

ਪਹਿਲਾਂ ਇਹ ਸਤਿਲੁਜ ਵਿਚੋਂ ਨਿਕਲ ਕੇ ਉਸੇ ਵਿਚ ਸਮਾ ਜਾਂਦੀ ਸੀ, ਪਰ ਹੁਣ ਇਸ ਨੂੰ ਬਿਸਤ ਦੁਆਬ ਨਹਿਰ ਨਾਲ ਜੋੜ ਦਿੱਤਾ ਗਿਆ ਹੈ। ਇਸ ਵਿਚ ਏਨਾ ਕੁ ਪਾਣੀ ਛੱਡਿਆ ਜਾਂਦਾ ਸੀ ਕਿ ਡੰਗਰ ਪਾਣੀ ਪੀ ਸਕਣ ਤੇ ਤਾਰੀਆਂ ਲਾ ਸਕਣ। ਇਸ ਵਿਚ ਨਿਆਣੇ ਮੱਝਾਂ ਨੁਹਾਉਂਦੇ, ਨੱਚਦੇ, ਟੱਪਦੇ, ਮੱਛਰਦੇ ਤੇ ਤਾਰੀਆਂ ਲਾਉਂਦੇ ਸਨ। ਮੁੜ ਮੁੜ ਚਿੱਕੜ 'ਚ ਲਿੱਬੜ ਕੇ, ਪਾਣੀ 'ਚ ਛਾਲਾਂ ਮਾਰਨੀਆਂ ਸਾਡੀ ਮਨਪਸੰਦ ਖੇਡ ਹੁੰਦੀ ਸੀ।

ਇਸ ਵਿਚ ਕਈ ਥਾਂਵੀਂ ਡੂੰਘੇ ਡੁੰਮ ਬਣੇ ਹੋਏ ਸਨ, ਜੋ ਇੰਨੇ ਡੂੰਘੇ ਸਨ ਕਿ ਕਦੇ ਕਦੇ ਉਸ ਵਿਚ ਕੋਈ ਡੁੱਬ ਜਾਂਦਾ ਤਾਂ ਡਰ ਅਤੇ ਸੋਗ ਕਈ ਮਹੀਨੇ ਲਗਾਤਾਰ ਰਹਿੰਦਾ ਸੀ।

ਸਾਰਾ ਪਿੰਡ ਖੇਤਾਂ ਵਿਚ ਜੰਗਲ ਜਾਂਦਾ ਸੀ ਤੇ ਪਾਣੀ ਵਾਲਾ ਭਾਗ ਨੈੜੀ 'ਤੇ ਪੂਰਾ ਹੁੰਦਾ ਸੀ। ਕੋਈ ਦੋਸਤ ਮਿੱਤਰ, ਰਿਸ਼ਤੇਦਾਰ ਜਾਂ ਵਾਕਿਫਕਾਰ ਘਰੇ ਆਉਂਦਾ ਤਾਂ ਚਾਹ ਪੀਣ ਤੋਂ ਵੀ ਪਹਿਲਾਂ ਕਹਿੰਦਾ, "ਚਲੋ ਨੈੜੀ 'ਤੇ ਘੁੰਮਣ ਚੱਲੀਏ।" ਸਾਡੇ ਲਈ ਨੈੜੀ ਸਾਡਾ ਪਿਕਨਿਕ ਸਪੌਟ ਅਰਥਾਤ ਬੀਚ ਹੀ ਸੀ। ਇੱਥੇ ਘੁੰਮਣ ਜਾਣਾ ਸਾਡੇ ਲਈ ਕੁਦਰਤ ਦੀ ਵੱਡੀ ਨਿਆਮਤ ਸੀ। ਬਹੁਤ ਪਿਆਸ ਲੱਗੀ ਹੋਵੇ ਤਾਂ ਅਸੀਂ ਇਸ ਦਾ ਪਾਣੀ ਪੱਲੇ ਨਾਲ ਪੁਣ ਕੇ ਪੀ ਵੀ ਲੈਂਦੇ ਸਾਂ।

ਹੁਣ ਇਹ ਪੂਰੀ ਤਰ੍ਹਾਂ ਸੁੱਕੀ ਪਈ ਹੈ। ਇਸ ਵਿਚ ਹੁਣ ਕਦੇ ਪਾਣੀ ਨਹੀਂ ਛੱਡਿਆ ਜਾਂਦਾ ਤੇ ਕਈ ਥਾਂਵਾਂ 'ਤੇ ਲੋਕਾਂ ਨੇ ਵਾਹ ਕੇ ਖੇਤਾਂ 'ਚ ਰਲਾ ਲਈ ਹੈ; ਪਤਾ ਹੀ ਨਹੀਂ ਲੱਗਦਾ ਕਿ ਇੱਥੇ ਕਦੀ ਨੈੜੀ ਵੀ ਸੀ। ਇੰਜ ਲੱਗਦਾ ਹੈ, ਜਿਵੇਂ ਕਿਸੇ ਨੇ ਜ਼ਮੀਨ 'ਤੇ ਹੀ ਪੁਲ ਬਣਾਇਆ ਹੋਵੇ।

ਹਾਂ, ਕੈਮਰੇ ਵਾਲਾ ਦੋਸਤ ਤੇ ਮੈਂ ਨੈੜੀ 'ਤੇ ਚਲੇ ਗਏ ਤੇ ਪੁਲ 'ਤੇ ਖੜ੍ਹ ਕੇ ਫੋਟੋਆਂ ਖਿੱਚੀਆਂ। ਉਹ ਰੀਲ੍ਹ ਅਸੀਂ ਧੁਆਈ ਤਾਂ ਫੋਟੋਆਂ ਦੇਖ ਦੇਖ ਬੜੇ ਖੁਸ਼ ਹੋਏ। ਇੰਜ ਲੱਗਾ, ਜਿਵੇਂ ਅਸੀਂ ਫਿਲਮ ਸ਼ੂਟ ਕੀਤੀ ਹੋਵੇ ਤੇ ਅਸੀਂ ਧਰਮਿੰਦਰ ਹੋਈਏ।

ਐਮ. ਏ. ਦੌਰਾਨ ਮੇਰੀ ਭੈਣ ਨੇ ਅਮਰੀਕਾ ਤੋਂ ਕੋਡਕ ਦਾ ਵੰਨ ਟੈਨ ਕੈਮਰਾ ਭੇਜ ਦਿੱਤਾ, ਜੋ ਮੈਂ ਕਾਲ ਖਾਧਾ ਯੂਨੀਵਰਸਿਟੀ ਨੂੰ ਨਾਲ ਲੈ ਗਿਆ। ਉਥੇ ਦੋਸਤਾਂ ਦੀਆਂ ਫੋਟੋਆਂ ਖਿੱਚੀਆਂ ਤੇ ਬੂਟੈਨੀਕਲ ਗਾਰਡਨ ਦੀ ਸੁੰਦਰਤਾ ਕੈਮਰੇ 'ਚ ਕੈਦ ਕਰ ਲਈ। ਉਸ ਵਿਚ ਕੁਝ ਅਜਿਹੀਆਂ ਫੋਟੋਆਂ ਵੀ ਸਨ, ਜਿਨ੍ਹਾਂ ਨੂੰ ਦੇਖ ਦੇਖ ਕੇ ਕੋਈ ਜ਼ਿੰਦਗੀ ਕੱਟ ਸਕਦਾ ਸੀ, ਚੰਦ ਤਸਵੀਰਾਂ ਬੁਤੇ।

ਕਿਸੇ ਸਮਾਗਮ ਦੌਰਾਨ ਮੈਂ ਉਹ ਕੈਮਰਾ ਕਿਤੇ ਰੱਖ ਬੈਠਾ ਤੇ ਉਹ ਅੱਖ ਦੇ ਫੋਰ ਵਿਚ ਗੁੰਮ ਹੋ ਗਿਆ। ਬੜੀ ਕੋਸ਼ਿਸ਼ ਕੀਤੀ, ਕੋਈ ਥਹੁ ਪਤਾ ਨਾ ਲੱਗਾ। ਕੈਮਰਾ ਕਿਸੇ ਈਰਖਾਲੂ ਦੀ ਨਜ਼ਰੇ ਚੜ੍ਹਿਆ ਹੋਇਆ ਸੀ ਤੇ ਉਸ ਨੇ ਕਾਰਾ ਕਰ ਦਿੱਤਾ। ਮੈਂ ਕਈ ਦਿਨ ਕੈਮਰੇ ਤੇ ਉਸ ਵਿਚਲੀਆਂ ਤਸਵੀਰਾਂ ਦੇ ਸਦਮੇ 'ਚੋਂ ਬਾਹਰ ਨਾ ਆ ਸਕਿਆ।

ਅੱਠ ਦੱਸ ਸਾਲ ਹੋਏ, ਮੇਰੇ ਭਾਣਜੇ ਨੇ ਅਮਰੀਕਾ ਤੋਂ ਕੋਡਕ ਦਾ ਡਿਜੀਟਲ ਕੈਮਰਾ ਭੇਜ ਦਿੱਤਾ। ਸਕੂਲ ਪੜ੍ਹਦੇ ਮੇਰੇ ਬੇਟੇ ਨੇ ਟ੍ਰਿਪ 'ਤੇ ਨਾਲ ਲੈ ਜਾਣ ਲਈ ਪੁੱਛਿਆ। ਮੈਂ ਕਿਹਾ, 'ਲੈ ਜਾ, ਪਰ ਇਹ ਗੁਆਚ ਜਾਣੈ।' ਰਾਤ ਨੂੰ ਹਨੇਰੇ ਵਿਚ ਉਹ ਵਾਪਸ ਆਇਆ ਤਾਂ ਉਸ ਦਾ ਹੱਥ ਜੇਬ 'ਤੇ ਸੀ। ਮੈਂ ਸਮਝਿਆ, 'ਗਿਆ ਕੈਮਰਾ', ਪਰ ਉਸ ਨੇ ਅੰਦਰਲੀ ਜੇਬ 'ਚ ਪਾਇਆ ਹੋਇਆ ਸੀ। ਉਹ ਸਾਰਾ ਦਿਨ ਸਹਿਮਿਆ ਰਿਹਾ ਕਿ ਕੈਮਰਾ ਗੁਆਚ ਨਾ ਜਾਵੇ। ਮੈਨੂੰ ਲੱਗਾ ਕਿ ਮੈਂ ਅੱਛਾ ਬਾਪ ਨਹੀਂ ਹਾਂ। ਬੇਟੇ ਨੂੰ ਬਿਨਾ ਵਜ੍ਹਾ ਸਹਿਮ ਦੇਣ ਅਤੇ ਉਸ ਦੀ ਮੌਜ ਮਸਤੀ ਵਿਚ ਕੈਮਰੇ ਦੇ ਫਿਕਰ ਦਾ ਵਿਘਨ ਪਾਉਣ ਲਈ, ਮੈਂ ਆਪਣੇ ਆਪ ਨੂੰ ਲਾਹਨਤਾਂ ਪਾਈਆਂ ਕਿ ਅਸੀਂ ਬੱਚਿਆਂ ਦੇ ਕਿਹੜੇ ਕਿਹੜੇ ਹੱਕ ਕਿਸ ਕਿਸ ਤਰੀਕੇ ਨਾਲ ਖੋਹ ਲੈਂਦੇ ਹਾਂ।

ਉਸ ਕੈਮਰੇ ਨਾਲ ਬੜੀਆਂ ਫੋਟੋਆਂ ਖਿੱਚੀਆਂ; ਕਈ ਜਨਮ ਦਿਨ, ਮੰਗਣੀਆਂ, ਵਿਆਹ, ਸ਼ਾਦੀਆਂ ਤੇ ਭੋਗ ਉਸ ਕੈਮਰੇ ਨੂੰ ਨਸੀਬ ਹੋਏ; ਦਿਲਕਸ਼ ਦ੍ਰਿਸ਼ ਉਸ ਕੈਮਰੇ ਦੀ ਬਦੌਲਤ ਚਿਰਜੀਵੀ ਹੋ ਗਏ ਤੇ ਕਈ ਅਭੁੱਲ ਯਾਦਾਂ ਰੰਗਾਂ ਵਿਚ ਘੁਲ ਮਿਲ ਕੇ ਬੋਲਣ ਲੱਗ ਪਈਆਂ। ਉਸ ਕੈਮਰੇ ਰਾਹੀਂ ਅੱਖਾਂ ਨੇ ਬੜਾ ਕੁਝ ਦੇਖਿਆ, ਜੋ ਉਂਜ ਕਦੀ ਨਹੀਂ ਸੀ ਦੇਖਣਾ। ਫਿਰ ਉਹ ਕੈਮਰਾ ਪੁਰਾਣਾ ਹੋ ਗਿਆ ਤੇ ਖਰਾਬ ਹੋ ਗਿਆ।

ਮੇਰੇ ਮਨ ਵਿਚ ਕੋਈ ਅੱਛਾ ਕੈਮਰਾ ਰੱਖਣ ਦੀ ਬੜੀ ਚਿਰੋਕਣੀ ਰੀਝ ਹੈ ਤੇ ਮੈਂ ਅਕਸਰ ਕੈਮਰਿਆਂ ਦੇ ਭਾਅ ਪਤਾ ਕਰਦਾ ਰਹਿੰਦਾ ਹਾਂ। ਪਰ, ਸਾਨੂੰ ਭਾਰਤੀਆਂ ਨੂੰ ਆਪਣੀਆਂ ਰੀਝਾਂ ਦਬਾਈ ਰੱਖਣ ਦੀ ਬੜੀ ਭੈੜੀ ਆਦਤ ਹੈ ਤੇ ਦਿਲ ਦੀਆਂ ਰਮਜ਼ਾਂ ਨਾ ਸਮਝਣ ਵਿਚ ਸਾਡਾ ਕੋਈ ਸਾਨੀ ਨਹੀਂ ਹੈ। ਇਸੇ ਕਰਕੇ ਸਾਡੀ ਉਮਰ ਲੰਘ ਜਾਂਦੀ ਹੈ, ਪਰ ਜ਼ਿੰਦਗੀ ਨਹੀਂ ਗੁਜ਼ਰਦੀ।

ਹੁਣ ਮੋਬਾਇਲ ਆ ਗਏ ਹਨ ਤੇ ਹਰ ਮੋਬਾਇਲ ਵਿਚ ਕੈਮਰਾ ਹੈ, ਜਿਸ ਕਰਕੇ ਹਰ ਮੋਬਾਇਲਧਾਰੀ ਫੋਟੋਗ੍ਰਾਫਰ ਬਣਿਆ ਫਿਰਦਾ ਹੈ; ਪਰ ਅਸੀਂ ਅਜੀਬ ਫੋਟੋਗ੍ਰਾਫਰ ਹਾਂ ਕਿ ਸਾਨੂੰ ਫੋਟੋ ਖਿੱਚਣ ਵਿਚ ਅਨੰਦ ਨਹੀਂ ਆਉਂਦਾ, ਸਗੋਂ ਫੋਟੋ ਖਿਚਵਾਉਣ ਵਿਚ ਆਉਂਦਾ ਹੈ। ਜਦ ਵੀ ਅਸੀਂ ਕੋਈ ਪੁਲ, ਇਮਾਰਤ, ਰੁੱਖ, ਝੀਲ ਜਾਂ ਦਰਿਆ ਦੇਖਦੇ ਹਾਂ ਤਾਂ ਝੱਟ ਉਸ ਦ੍ਰਿਸ਼ ਦੇ ਨੇੜੇ ਹੋ ਕੇ ਖੜ੍ਹ ਜਾਂਦੇ ਹਾਂ ਤੇ ਆਸ-ਪਾਸ ਦੇਖਣ ਲਗ ਪੈਂਦੇ ਹਾਂ ਕਿ ਕੋਈ ਫੋਟੋ ਖਿੱਚਣ ਵਾਲਾ ਮਿਲ ਜਾਏ। ਸਾਨੂੰ ਲੱਗਦਾ ਹੈ ਕਿ ਉਹ ਕਾਹਦਾ ਦ੍ਰਿਸ਼ ਹੋਇਆ, ਜਿਸ ਵਿਚ ਅਸੀਂ ਆਪ ਨਾ ਹੋਈਏ।

ਕੋਈ ਦਿਖੇ ਸਹੀ, ਅਸੀਂ ਝੱਟ ਆਵਾਜ਼ ਮਾਰਦੇ ਹਨ, 'ਭਾ ਜੀ, ਆਹ ਖਿਚਿਓ ਜਰਾ।' ਵਿਸਮਾਦ ਜਿਹੇ ਵਿਚ ਅਸੀਂ ਫੋਟੋ ਕਹਿਣਾ ਵੀ ਭੁੱਲ ਜਾਂਦੇ ਹਾਂ। ਅਗਲਾ ਫੋਟੋ ਖਿੱਚਦਾ ਹੈ ਤੇ ਧੰਨ ਧੰਨ ਜਿਹਾ ਹੋ ਜਾਂਦਾ ਹੈ ਕਿ ਉਸ ਨੂੰ ਕਿਸੇ ਨੇ ਕੈਮਰੇ ਦਾ ਕਲਾਕਾਰ ਸਮਝਿਆ। ਫੋਟੋ ਖਿੱਚਣ ਵਾਲੇ ਨੇ ਹਾਲੇ ਮੂੰਹ ਵੀ ਨਹੀਂ ਘੁਮਾਇਆ ਹੁੰਦਾ ਕਿ ਅਸੀਂ ਉਥੇ ਹੀ ਫੋਟੋ ਫੇਸਬੁੱਕ 'ਤੇ ਚਾੜ੍ਹ ਦਿੰਦੇ ਹਾਂ; ਜਿਸ ਦਾ ਭਾਵ ਹੁੰਦਾ ਹੈ, 'ਦੇਖੋ ਅਸੀਂ ਕਿੱਥੇ ਪੁੱਜ ਗਏ।'

ਕਿਸੇ ਵੇਲੇ ਅਸੀਂ ਜਪੁਜੀ ਸਾਹਿਬ ਦੇ ਪੰਜ ਖੰਡ ਪੜ੍ਹਦੇ ਸਾਂ, ਜਿਨ੍ਹਾਂ ਵਿਚ ਨਿਰੰਕਾਰ ਦਾ ਦੇਸ ਸਚ ਖੰਡ ਸਭ ਤੋਂ ਆਖਰੀ ਸੀ। ਹੁਣ ਸਾਡਾ ਅਜਿਹੇ ਕਿਸੇ ਖੰਡ ਵਿਚ ਯਕੀਨ ਨਹੀਂ ਰਿਹਾ। ਹੁਣ ਤਾਂ ਅਮਰੀਕਾ-ਕੈਨੇਡਾ ਦੀ ਯਾਤਰਾ ਸਾਡੇ ਪੰਜ ਖੰਡ ਬਣੇ ਹੋਏ ਹਨ। ਪਹਿਲਾ ਖੰਡ ਜਦ ਸਾਡਾ ਵੀਜ਼ਾ ਲੱਗਦਾ ਹੈ, ਦੂਜਾ ਜਦ ਅਸੀਂ ਦਿੱਲੀ ਏਅਰਪੋਰਟ ਪੁੱਜਦੇ ਹਾਂ, ਤੀਜਾ ਜਦ ਅਸੀਂ ਜਹਾਜ ਚੜ੍ਹਦੇ ਹਾਂ ਤੇ ਚੌਥਾ ਜਦ ਅਸੀਂ ਉਸ ਮੁਲਕ 'ਚ ਪੈਰ ਧਰਦੇ ਹਾਂ। ਪੰਜਵਾਂ ਖੰਡ ਜਦ ਅਸੀਂ ਅਮਰੀਕਾ-ਕੈਨੇਡਾ ਦੇ ਕਿਸੇ ਮਾਲ ਅੰਦਰ ਵੜਦੇ ਹਾਂ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜਪੁਜੀ ਦੇ ਪੰਜ ਖੰਡ ਮਾਣਸ ਦੇ ਦੇਵਤਾ ਹੋਣ ਦਾ ਸ਼ੁੱਭ ਸਫਰ ਹਨ; ਜਦਕਿ ਵਿਦੇਸ਼ ਯਾਤਰਾ ਦੇ 'ਪੰਜ ਖੰਡ' ਰੂਹਾਨੀਅਤ ਤੋਂ ਪਲਾਇਨ ਦੇ ਅਸ਼ੁੱਭ ਪੜਾਅ ਹਨ।




ਅਜੋਕੀ ਮਾਨਸਿਕਤਾ ਵਾਲੇ ਲੋਕ ਪੰਜ ਖੰਡਾਂ ਦੇ ਪਾਂਧੀ ਨੂੰ ਤਾਂ ਹਾਰਿਆ ਹੋਇਆ ਇਨਸਾਨ ਸਮਝਦੇ ਹਨ; ਜਦਕਿ ਵਿਦੇਸ਼ੀ ਸਫਰ ਦੀਆਂ ਪੌੜੀਆਂ ਚੜ੍ਹਨ ਅਤੇ ਉਤਰਨ ਵਾਲਾ ਹਰ ਭਾਰਤੀ ਖੁਦ ਨੂੰ ਕੋਲੰਬਸ ਤੋਂ ਘੱਟ ਨਹੀਂ ਸਮਝਦਾ ਤੇ ਉਥੋਂ ਦੀ ਕਿਸੇ ਇਮਾਰਤ ਅੱਗੇ ਖੜ੍ਹ ਕੇ ਇੰਜ ਫੋਟੋ ਖਿਚਾਉਂਦਾ ਹੈ, ਜਿਵੇਂ ਆਪ ਡਿਜ਼ਾਈਨ ਕੀਤੀ ਹੋਵੇ।

ਉਥੇ ਕੋਈ ਸਾਨੂੰ ਸੇਲ 'ਤੇ ਲੱਗੀ ਹੋਈ ਪੈਂਟ ਲੈ ਦਿੰਦਾ ਹੈ, ਕੋਈ ਸ਼ਰਟ, ਟੀ-ਸ਼ਰਟ ਤੇ ਕੋਈ ਬੂਟ, ਬੈਲਟ ਜਾਂ ਬਟੂਆ। ਅਸੀਂ ਭੋਰਾ ਸੰਗਦੇ ਵੀ ਨਹੀਂ, ਉਨ੍ਹਾਂ ਸਾਹਮਣੇ ਹੀ ਆਪਣੇ ਬੁਦੇ ਹੋਏ ਉਤਾਰ ਕੇ ਨਵੇਂ ਨਕੋਰ ਚਾੜ੍ਹ ਕੇ ਫੋਟੋ ਖਿਚਾ ਕੇ ਫੇਸਬੁੱਕ 'ਤੇ ਚਾੜ੍ਹ ਦਿੰਦੇ ਹਾਂ; ਜਿਵੇਂ ਕਹਿ ਰਹੇ ਹੋਈਏ, 'ਦੇਖੋ, ਅਸੀਂ ਕੀ ਬਣ ਗਏ।'



ਉਨ੍ਹਾਂ ਸ਼ੋਅ-ਰੂਮਾਂ ਵਿਚ ਸਾਡੇ ਦੇਸੀ ਬੰਦਿਆਂ ਲਈ ਅੰਦਰਲੇ ਕੱਪੜੇ ਨਹੀਂ ਮਿਲਦੇ ਤੇ ਤੀਵੀਆਂ ਲਈ ਬਾਹਰਲੇ। ਬੰਦੇ ਤਾਂ ਬਾਹਰਲੇ ਕੱਪੜੇ ਪਾ ਕੇ ਫਟਾਫਟ ਫੋਟੋ ਫੇਸਬੁੱਕ 'ਤੇ ਚਾੜ੍ਹ ਦਿੰਦੇ ਹਨ; ਪਰ, ਤੀਵੀਆਂ ਵਿਚਾਰੀਆਂ ਕਿਸੇ ਨੂੰ ਦੱਸ ਵੀ ਨਹੀਂ ਸਕਦੀਆਂ ਕਿ ਉਨ੍ਹਾਂ ਨੂੰ ਕਿਸੇ ਨੇ ਕੀ ਲੈ ਦਿੱਤਾ ਹੈ, ਸਰੀ ਦੀ ਟੌਹਰ ਤੇ ਬਰੀ ਦੀ ਨਮੋਸ਼ੀ।

ਅਜੋਕੇ ਪੰਜ ਖੰਡਾਂ ਦੀਆਂ ਪੌੜੀਆਂ ਚੜ੍ਹ ਕੇ ਖੁਦ ਨੂੰ ਖੁਦਾ ਸਮਝਣ ਵਾਲੇ ਲੋਕ ਵਾਪਸ ਪਰਤ ਕੇ ਸੂਟ ਕੇਸਾਂ 'ਚ ਭਰਿਆ ਗੋਦੜੀ ਬਾਜ਼ਾਰ ਖੋਲ੍ਹ ਖੋਲ੍ਹ ਅਤੇ ਫੋਲ ਫੋਲ ਲੀਰਾਂ ਕਚੀਰਾਂ ਦੇਖਦੇ ਹਨ ਤਾਂ ਲੁੱਟੇ ਪੁੱਟੇ ਜਿਹੇ ਮਹਿਸੂਸ ਕਰਦੇ ਹਨ। ਮੁੱਲ ਵਾਲੇ ਟੈਗ ਪੜ੍ਹ ਪੜ੍ਹ ਕੇ ਡਾਲਰਾਂ ਨੂੰ ਰੁਪਿਆਂ 'ਚ ਤਬਦੀਲ ਕਰ ਕੇ ਰਤਾ ਰਾਹਤ ਮਹਿਸੂਸ ਕਰਦੇ ਹਨ। ਕੁੱਲ ਆਮਦਨ-ਖਰਚ ਦਾ ਕੱਚਾ ਚਿੱਠਾ ਤਿਆਰ ਕਰਕੇ ਹਿਸਾਬ ਲਾਉਂਦੇ ਹਨ ਕਿ ਕਿਹੜੀ ਚੀਜ, ਨਾ ਸੱਚ, ਲੀਰ ਕਿੰਨੇ ਦੀ ਪਈ। ਅਸੀਂ ਕੋਈ ਚੀਜ 'ਕਿੰਨੇ ਦੀ ਲਈ' ਨਾਲੋਂ 'ਕਿੰਨੇ ਦੀ ਪਈ' ਵਿਚ ਵਧੇਰੇ ਯਕੀਨ ਰੱਖਦੇ ਹਾਂ।

ਵਿਆਹ-ਸ਼ਾਦੀਆਂ ਜਾਂ ਭੋਗਾਂ ਸਮੇਂ ਸਾਡੇ ਪੂਰਵਜਾਂ ਨੂੰ ਝੱਗੇ ਚੁੰਨੀਆਂ ਤੇ ਸ਼ਗਨ ਦੇਣ ਲਈ ਘੰਟਾ ਘੰਟਾ ਘੋਲ ਕਰਨੇ ਪੈਂਦੇ ਸਨ ਤੇ ਲੈਣ ਵਾਲਿਆਂ ਨੂੰ ਉਸ ਤੋਂ ਵੀ ਵੱਧ ਜ਼ੋਰ ਲਾਉਣਾ ਪੈਂਦਾ ਸੀ। ਅਖੀਰ ਇੱਕ ਰੁਪਿਆ ਰੱਖ ਕੇ ਸੌ ਦਾ ਨੋਟ ਵਾਪਸ ਕਰਨ ਲਈ ਵੀ ਪੂਰਾ ਟਿੱਲ ਲਾਉਂਦੇ ਸਨ।

ਅੱਜ ਕੱਲ ਪੈਲੇਸਾਂ ਵਿਚ ਅਸੀਂ ਕੰਬਦੇ ਹੱਥਾਂ ਨਾਲ ਸ਼ਗਨ ਵਾਲਾ ਲਿਫਾਫਾ ਫੜਾ ਕੇ ਝੱਟ ਖਾਣ ਪੀਣ ਵਾਲੇ ਪਾਸੇ ਖਿਸਕ ਜਾਂਦੇ ਹਾਂ ਤੇ ਪੈਸੇ ਪੂਰੇ ਕਰਦੇ ਹਾਂ। ਅਗਲੇ ਵੀ ਲਿਫਾਫਾ ਇਸ ਤਰ੍ਹਾਂ ਫੜਦੇ ਹਨ, ਜਿਵੇਂ ਗੱਲੇ 'ਤੇ ਬੈਠਾ ਹਲਵਾਈ ਪੈਸੇ ਫੜਦਾ ਹੈ। ਮਾਇਆ ਦੇ ਭਰਮ ਜਾਲ ਵਿਚ ਅਸੀਂ ਇਸ ਕਦਰ ਉਲਝ ਗਏ ਹਾਂ ਕਿ ਹੁਣ ਤਾਂ ਵਿਆਹ-ਸ਼ਾਦੀ ਪਿਛੋਂ ਪਰਿਵਾਰ ਦੇ ਸਾਰੇ ਮੈਂਬਰ 'ਕੱਠੇ ਹੋ ਕੇ ਸ਼ਗਨਾਂ ਦੇ ਲਿਫਾਫੇ ਇੰਜ ਖੋਲ੍ਹਦੇ ਹਨ, ਜਿਵੇਂ ਗੁਰਦੁਆਰੇ ਦੀ ਗੋਲਕ ਹੋਵੇ। ਅਖੀਰ ਸਾਰੀ ਗਿਣਤੀ ਮਿਣਤੀ ਪੂਰੀ ਕਰਕੇ ਹਿਸਾਬ ਲਾਉਂਦੇ ਹਨ ਕਿ 'ਨੂੰਹ ਕਿੰਨੇ 'ਚ ਪਈ' ਤੇ 'ਕੁੜੀ ਕਿੰਨੇ 'ਚ ਗਈ।'

ਗੱਲ ਗੋਦੜੀ ਬਾਜ਼ਾਰ, ਲੀਰਾਂ ਕਚੀਰਾਂ, ਬਰੀ ਜਾਂ ਸਰੀ ਦੀ ਨਹੀਂ, ਫੋਟੋ ਦੀ ਹੈ। ਅਸੀਂ ਇੱਕੋ ਪੋਜ਼ ਦੀਆਂ ਕਈ ਕਈ ਫੋਟੋਆਂ ਫੇਸਬੁੱਕ 'ਤੇ ਪਾ ਦਿੰਦੇ ਹਾਂ ਤੇ ਹਰ ਫੋਟੋ ਵਿਚ ਅਸੀਂ ਆਪ ਜ਼ਰੂਰ ਹੁੰਦੇ ਹਾਂ। ਜਿਸ ਫੋਟੋ ਵਿਚ ਅਸੀਂ ਆਪ ਨਾ ਹੋਈਏ, ਉਸ ਫੋਟੋ ਨਾਲ ਸਾਡਾ ਕੋਈ ਲੈਣਾ ਦੇਣਾ ਨਹੀਂ ਹੁੰਦਾ ਤੇ ਨਾ ਅਜਿਹੀ ਫੋਟੋ ਫੇਸਬੁੱਕ ਦਾ ਸ਼ਿੰਗਾਰ ਬਣਦੀ ਹੈ।

ਜਿਸ ਵਿਚ ਕੋਈ ਨਦੀ, ਝਰਨਾ, ਸ਼ਾਖਾ, ਫਲ, ਫੁੱਲ, ਰੁੱਖ, ਬਾਗ, ਖਾਈ, ਘਾਟੀ, ਪਰਬਤ, ਬੱਦਲ, ਮੀਂਹ ਜਾਂ ਚੰਨ ਤਾਰੇ ਹੋਣ, ਅਜਿਹੀ ਫੋਟੋ ਸਾਡਾ ਰੱਤੀ ਭਰ ਧਿਆਨ ਨਹੀਂ ਖਿੱਚਦੀ। ਜੇ ਅਸੀਂ ਚੰਨ 'ਤੇ ਚੜ੍ਹ ਸਕਦੇ ਹੁੰਦੇ ਤਾਂ ਸ਼ਾਇਦ ਉਸ ਦੀ ਫੋਟੋ ਵੀ ਫੇਸਬੁੱਕ 'ਤੇ ਪੈ ਜਾਂਦੀ; ਪਰ ਕਿੱਥੇ! ਨਾ ਸਾਨੂੰ ਆਪਣੇ ਆਪ ਤੋਂ ਵਿਹਲ ਮਿਲੇ ਤੇ ਨਾ ਕੁਦਰਤ ਦਾ ਕੋਈ ਕ੍ਰਿਸ਼ਮਾ ਸਾਡੀ ਨਜ਼ਰ ਖਿੱਚੇ।

ਅਸੀਂ ਇਹ ਵੀ ਨਹੀਂ ਦੇਖਦੇ ਕਿ ਕੈਮਰੇ ਦਾ ਲੈਂਨਜ਼ ਬਾਹਰ ਵੱਲ ਨੂੰ ਹੁੰਦਾ ਹੈ ਤੇ ਇਸ ਦਾ ਭਾਵ ਇਹੀ ਹੈ ਕਿ ਫੋਟੋ ਦੂਸਰੇ ਦੀ ਖਿੱਚੀ ਜਾਵੇ। ਹੁਣ ਮੋਬਾਇਲ ਦੇ ਅੰਦਰ ਵੱਲ ਵੀ ਕੈਮਰਾ ਹੋਣ ਕਾਰਨ ਸਾਡੀ ਭਾਸ਼ਾ ਵਿਚ ਇੱਕ ਨਵਾਂ ਸ਼ਬਦ 'ਸੈਲਫੀ' ਸ਼ਾਮਲ ਹੋ ਗਿਆ ਹੈ, ਜਿਸ ਕਰਕੇ ਹਾਦਸਿਆਂ ਵਿਚ ਵੀ ਇੱਕ ਹੋਰ ਖਬਰ ਦਾ ਇਜ਼ਾਫਾ ਹੋ ਗਿਆ ਹੈ ਕਿ 'ਸੈਲਫੀ ਲੈਂਦੀ ਕੁੜੀ ਨਹਿਰ 'ਚ ਡਿਗੀ'- ਕਿਤੇ ਡਿਗੀ, ਕਿਤੇ ਡਿਗਿਆ। ਸਾਡਾ ਅਡਵੈਂਚਰ ਅਤੇ ਖਤਰਿਆਂ ਨਾਲ ਖੇਡਣ ਦਾ ਸ਼ੌਕ ਸੈਲਫੀ ਤੱਕ ਸੀਮਤ ਹੋ ਗਿਆ ਹੈ। ਕਹਿੰਦੇ ਹਨ, ਸਮੁੰਦਰ ਵਿਚ ਇੰਨੇ ਹਾਦਸੇ ਸ਼ਾਰਕ ਕਰਕੇ ਨਹੀਂ ਹੁੰਦੇ, ਜਿੰਨੇ ਸੈਲਫੀ ਕਰਕੇ ਹੁੰਦੇ ਹਨ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਅਤੇ ਪਦਮਸ਼੍ਰੀ ਭਾਈ ਨਿਰਮਲ ਸਿੰਘ ਹਰ ਰੋਜ ਸਵੇਰ ਸਾਰ ਵੱਟਸ ਐਪ 'ਤੇ ਮੈਨੂੰ ਫਤਿਹ ਗਜਾਉਂਦੇ ਹਨ। ਨਿੱਤ ਦੇਸ਼ਾਂ-ਵਿਦੇਸ਼ਾਂ ਵਿਚ ਰਹਿਣ ਦੇ ਬਾਵਜੂਦ ਅੱਜ ਤੱਕ ਉਨ੍ਹਾਂ ਨੇ ਆਪਣੀ ਫੋਟੋ ਨਹੀਂ ਭੇਜੀ। ਮੇਰੇ ਜਪਾਨ ਵਾਲੇ ਦੋਸਤ ਪਰਮਿੰਦਰ ਸੋਢੀ ਹਰ ਰੋਜ ਸਵੇਰੇ ਕਿਸੇ ਫੁੱਲ ਦੀ ਤਾਜਾਤਰੀਨ ਫੋਟੋ ਭੇਜਦੇ ਹਨ। ਮੈਂ ਇਨ੍ਹਾਂ ਦੋਹਾਂ ਦੇ ਜਵਾਬ ਵਿਚ ਕਿਸੇ ਹੋਰ ਫੁੱਲ ਦੀ ਫੋਟੋ ਭੇਜਦਾ ਹਾਂ। ਇਸ ਅਲੋਕਾਰ ਅਦਾਨ-ਪ੍ਰਦਾਨ ਨਾਲ ਮਨ ਖਿੜ੍ਹ ਜਾਂਦਾ ਹੈ।

ਸ਼ਿਮਲੇ ਵਾਲਾ ਦੋਸਤ ਜਗਮੋਹਣ ਸਿੰਘ ਕਦੀ ਕਦੀ ਉਚੀਆਂ ਚੋਟੀਆਂ, ਡੂੰਘੀਆਂ ਖਾਈਆਂ ਤੇ ਸਪਾਟ ਵਾਦੀਆਂ ਦੀ ਫੋਟੋ ਭੇਜਦਾ ਹੈ, ਜਿਸ ਨੂੰ ਦੇਖ ਕੇ ਰੂਹ ਨਸ਼ਿਆ ਜਾਂਦੀ ਹੈ।

ਅਮਰੀਕਾ ਵਾਲਾ ਦੋਸਤ ਬਲਰਾਜ ਕੈਮਰੇ ਦਾ ਸਿਰੇ ਦਾ ਮਾਹਰ ਹੈ। ਉਹ ਕਦੀ ਕਦੀ ਕਿਸੇ ਦ੍ਰਿਸ਼ ਦੀ ਫੋਟੋ ਖਿੱਚਦਾ ਹੈ; ਉਸ ਦੀ ਕਲਾਤਮਕ ਅਲੌਕਿਕਤਾ ਤੇ ਅਦਭੁੱਤ ਤਕਨੀਕ ਦੇ ਵਿਸਮਾਦ ਨੂੰ ਕੈਮਰਾਬੰਦ ਕਰਕੇ ਸਾਂਝੀ ਕਰਦਾ ਹੈ ਤਾਂ ਦਿਲ ਅਸ਼-ਅਸ਼ ਕਰ ਉਠਦਾ ਹੈ। ਮੈਂ ਉਸ ਦੀ ਅੱਖ ਦੇ ਕਮਾਲ ਦਾ ਕਾਇਲ ਹਾਂ।

ਮੇਰੇ ਅਧਿਆਪਕ ਪ੍ਰੋ. ਹਰਪਾਲ ਸਿੰਘ ਨੇ ਆਪਣਾ ਜੀਵਨ ਵਿਦਿਆਰਥੀਆਂ ਦੇ ਨਾਂ ਲਾਇਆ ਹੋਇਆ ਹੈ, ਜਿਨ੍ਹਾਂ ਦੇ ਦੁੱਖ ਸੁੱਖ ਵਿਚ ਭਾਈਵਾਲ ਅਤੇ ਸਹਾਈ ਹੋਣਾ ਉਨ੍ਹਾਂ ਲਈ ਧਰਮ ਹੈ। ਵਿਦਿਆਰਥੀ ਉਨ੍ਹਾਂ ਨੂੰ ਮਿਲਣ ਲਈ ਤਾਂਘਦੇ ਰਹਿੰਦੇ ਹਨ। ਉਹ ਬਾਹਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਮਿਲਦੇ ਹਨ ਤੇ ਖੂਬ ਘੁੰਮਦੇ ਫਿਰਦੇ ਹਨ; ਸ਼ੋਅ-ਰੂਮਾਂ 'ਚ ਨਹੀਂ; ਉਥੋਂ ਦੇ ਸਕੂਲ, ਕਾਲਜ, ਯੂਨੀਵਰਸਿਟੀਆਂ ਤੇ ਯਾਦਗਾਰਾਂ ਦੇਖਦੇ ਹਨ।

ਕੈਮਰੇ ਦਾ ਸ਼ੌਕ ਰੱਖਦੇ ਹਨ; ਉਹ ਫੋਟੋ ਖਿੱਚਦੇ ਹਨ, ਖਿਚਵਾਉਂਦੇ ਨਹੀਂ। ਨਾ ਹੀ ਉਹ ਸ਼ਰਟਾਂ, ਟਾਈਆਂ, ਟੀ-ਸ਼ਰਟਾਂ, ਜੀਨਾਂ, ਬੈਲਟਾਂ ਤੇ ਬਟੂਏ 'ਕੱਠੇ ਕਰਦੇ ਹਨ। ਕੋਈ ਉਨ੍ਹਾਂ ਨੂੰ ਅੱਛਾ ਪੈੱਨ ਦੇ ਦੇਵੇ ਤਾਂ ਉਹ ਮਨ੍ਹਾਂ ਨਹੀਂ ਕਰਦੇ। ਉਹ ਫੇਸਬੁੱਕ 'ਤੇ ਫੋਟੋ ਪਾਉਣ ਤੋਂ ਪਰਹੇਜ਼ ਕਰਦੇ ਹਨ ਤੇ ਰੜ੍ਹੀ ਹੋਈ ਸਿੱਕੇਬੰਦ ਅੰਗਰੇਜ਼ੀ ਵਿਚ ਕੁਮੈਂਟ ਲਿਖਦੇ ਹਨ। ਉਹ ਬੜੇ ਜ਼ਿੰਦਾ-ਦਿਲ ਇਨਸਾਨ ਹਨ।

ਬਹੁਤੇ ਲੋਕ ਰੋਜ ਆਪਣੇ ਚਿਹਰਿਆਂ ਦਾ ਚੰਦਰਾਪਣ ਫੇਸਬੁੱਕ 'ਤੇ ਚਾੜ੍ਹ ਕੇ ਆਪਣਾ ਸਮਾਂ ਖਰਾਬ ਕਰਦੇ ਹਨ ਤੇ ਦੂਜਿਆਂ ਦੇ ਮੂਡ ਦਾ ਸੱਤਿਆਨਾਸ ਮਾਰ ਦਿੰਦੇ ਹਨ। ਸਾਡੇ ਭਾਈ ਜੀਨਾਂ ਪਾ ਕੇ ਅੰਗਰੇਜ਼ ਬਣਨ ਦੀ ਕੋਸ਼ਿਸ਼ ਕਰਦੇ ਹਨ, ਪਰ ਉਨ੍ਹਾਂ ਤੋਂ ਸਿੱਖਦੇ ਕੁਝ ਨਹੀਂ। ਉਨ੍ਹਾਂ ਤੇ ਸਾਡੇ ਵਿਚ ਫਰਕ ਏਨਾ ਹੈ ਕਿ ਉਹ ਫੋਟੋ ਖਿੱਚਦੇ ਹਨ ਤੇ ਅਸੀਂ ਖਿਚਵਾਉਂਦੇ ਹਾਂ। ਉਹ ਦੂਜਿਆਂ 'ਚ ਦਿਲਚਸਪੀ ਲੈਂਦੇ ਹਨ ਤੇ ਸਾਨੂੰ ਆਪਣੇ ਆਪ ਤੋਂ ਹੀ ਵਿਹਲ ਨਹੀਂ ਮਿਲਦੀ।

ਸੈਲਫੀ ਖਿੱਚਣ ਸਮੇਂ ਰੰਚਕ ਮਾਤਰ ਖੁਸ਼ੀ ਹੁੰਦੀ ਹੈ ਤੇ ਜਦ ਅਸੀਂ ਉਸ ਨੂੰ ਫੇਸਬੁੱਕ 'ਤੇ ਚਾੜ੍ਹਦੇ ਹਾਂ ਤਾਂ ਉਹ ਮਾਣ ਜਿਹੇ ਵਿਚ ਤਬਦੀਲ ਹੋ ਜਾਂਦੀ ਹੈ। ਸੈਲਫੀ 'ਚੋਂ ਉਪਜੀ ਖੁਸ਼ੀ ਅਤੇ ਮਾਣ, ਸਿਰਫ ਦਰਦ ਰੋਕੂ ਪੇਨ-ਕਿੱਲਰ ਹਨ, ਜੋ ਦੁੱਖ ਨਿਵਾਰਨ ਦਾ ਥੋੜ੍ਹ ਚਿਰਾ ਭਰਮ ਸਿਰਜਣ ਵਿਚ ਸਹਾਈ ਹੁੰਦੇ ਹਨ। ਬਹੁਤੇ ਲੋਕ ਦਰਦ ਰਹਿਤ ਹੋਣ ਨੂੰ ਹੀ ਰੋਗ ਰਹਿਤ ਹੋਣ ਦੇ ਭੁਲੇਖੇ ਦੇ ਸ਼ਿਕਾਰ ਹੋ ਜਾਂਦੇ ਹਨ।

ਅਮਰੀਕਨ ਗਵੱਈਏ ਕਿੱਡ ਕਡੀ ਨੇ ਆਪਣੇ ਗੀਤ 'ਸਵਿੰਮ ਇਨ ਦਾ ਲਾਈਟ' ਵਿਚ ਗਾਇਆ ਹੈ ਕਿ 'ਯੂ ਕੈਨ ਟਰਾਈ ਟੂ ਨਮ ਦਾ ਪੇਨ, ਬੱਟ ਇੱਟ ਵਿੱਲ ਨੈਵਰ ਗੋ ਅਵੇ।' ਇੱਥੇ ਮੈਨੂੰ ਆਪਣੇ ਮਰਹੂਮ ਦੋਸਤ ਬਲਜੀਤ ਦਾ ਸ਼ੇਅਰ ਯਾਦ ਆਉਂਦਾ ਹੈ,

ਮੈਂ ਅਪਨੇ ਆਪ ਕੋ ਹੀ
ਢੂੰਡਤਾ ਰਹਿਤਾ ਹੂੰ ਵਰਨਾ,
ਹਰ ਸ਼ਖਸ ਮੇਂ ਇਕ ਦੋਸਤ
ਮਿਲ ਸਕਤਾ ਹੈ ਮੁਝੇ।

# ਅਮਾਜ਼ੋਨ ਜੰਗਲਾਂ ਦੀ ਅੱਗ ਅਤੇ ਵਿਕਸਿਤ ਦੇਸ਼

ਆਲਮੀ ਮਸਲੇ

ਅਗਸਤ ਮਹੀਨੇ ਦੇ ਸ਼ੁਰੂ ਤੋਂ ਹੀ ਬਰਾਜ਼ੀਲ ਵਿਚ ਪੈਂਦੇ ਅਮਾਜ਼ੋਨ ਦੇ ਜੰਗਲਾਂ ਵਿਚ ਭਿਆਨਕ ਅੱਗ ਲੱਗੀ ਹੋਈ ਹੈ ਅਤੇ ਇਸ ਅੱਗ ਦੀ ਭਿਆਨਕਤਾ ਨੂੰ ਦੇਖ ਕੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਧਰਤੀ ਦੇ ਫੇਫੜੇ ਸੜ ਰਹੇ ਹਨ। ਫਰਾਂਸ ਦੇ ਰਾਸ਼ਟਰਪਤੀ ਮੈਕਰੂਨ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਸਾਡਾ ਘਰ ਸੜ ਰਿਹਾ ਹੈ। ਇਸ ਅੱਗ ਨਾਲ ਦੁਨੀਆਂ ਵਿਚ ਹਾਲ-ਦੁਹਾਈ ਮਚੀ ਹੋਈ ਹੈ, ਪਰ ਵਿਕਸਿਤ ਦੇਸ਼ ਡਾਢੇ ਫਿਕਰ ਵਿਚ ਹਨ, ਇਸ ਲਈ ਉਨ੍ਹਾਂ ਨੇ ਹਾਲ ਵਿਚ ਹੋਈ ਜੀ-7 ਦੀ ਕਾਨਫਰੰਸ ਵਿਚ ਇਸ ਮੁੱਦੇ ਨੂੰ ਕੌਮਾਂਤਰੀ ਐਮਰਜੈਂਸੀ ਅਤੇ ਵਾਤਾਵਰਣ ਦਾ ਘਾਣ ਮੰਨਦਿਆਂ ਇਸ ਉਤੇ ਸਾਂਝੇ ਤੌਰ 'ਤੇ ਚਰਚਾ ਕਰਕੇ ਬਰਾਜ਼ੀਲ ਦੇ ਰਾਸ਼ਟਰਪਤੀ ਨੂੰ ਜੰਗਲਾਂ ਵਿਚ ਲੱਗੀ ਅੱਗ ਬੁਝਾਉਣ ਲਈ 22 ਮਿਲੀਅਨ ਅਮਰੀਕੀ ਡਾਲਰ ਮਦਦ ਕਰਨ ਦੀ ਪੇਸ਼ਕਸ਼ ਵੀ ਕੀਤੀ ਹੈ। ਇਸ ਤੋਂ ਬਿਨਾ ਕੈਨੇਡਾ ਨੇ 11 ਮਿਲੀਅਨ ਅਤੇ ਬ੍ਰਿਟੇਨ ਨੇ 12 ਮਿਲੀਅਨ ਡਾਲਰ ਉਸ ਸਾਂਝੀ ਰਕਮ ਤੋਂ ਅਲੱਗ ਦੇਣ ਲਈ ਕਿਹਾ ਹੈ, ਪਰ ਬਰਾਜ਼ੀਲ ਦੇ ਰਾਸ਼ਟਰਪਤੀ ਨੇ ਇਹ ਰਕਮ ਲੈਣ ਤੋਂ ਨਾਂਹ ਕਰਦਿਆਂ ਕਿਹਾ ਹੈ ਕਿ ਉਹ ਇਨ੍ਹਾਂ ਦੇਸ਼ਾਂ ਤੋਂ ਵਿੱਤੀ ਮਦਦ ਸਿਰਫ ਇਕ ਹੀ ਸ਼ਰਤ ਉਤੇ ਲੈਣਗੇ ਕਿ ਜੇ ਫਰਾਂਸ ਦਾ ਰਾਸ਼ਟਰਪਤੀ ਮੈਕਰੂਨ ਉਨ੍ਹਾਂ ਬਾਰੇ ਕਹੇ ਮਾੜੇ ਸ਼ਬਦ ਵਾਪਸ ਲੈ ਲਵੇ।



**ਡਾ. ਗੁਰਿੰਦਰ ਕੌਰ**
ਫੋਨ: 408-493-9776

ਅਮਾਜ਼ੋਨ ਦੇ ਜੰਗਲਾਂ ਨੂੰ ਅੱਗ ਲੱਗਣਾ ਕੋਈ ਅਨੋਖੀ ਗੱਲ ਨਹੀਂ ਹੈ। ਇਨ੍ਹਾਂ ਜੰਗਲਾਂ ਵਿਚ ਹਰ ਸਾਲ ਮਈ ਤੋਂ ਸਤੰਬਰ ਤੱਕ ਦੇ ਮਹੀਨਿਆਂ ਵਿਚ ਚਰਗਾਹਾਂ ਵਿਚਲੇ ਘਾਹ, ਦਰਖਤਾਂ ਤੋਂ ਡਿਗੇ ਸੁੱਕੇ ਪੱਤਿਆਂ ਅਤੇ ਟਾਹਣੀਆਂ ਨੂੰ ਕੁਦਰਤੀ ਤੌਰ 'ਤੇ ਅੱਗ ਲੱਗ ਜਾਂਦੀ ਹੈ ਜਾਂ ਲਾ ਦਿੱਤੀ ਜਾਂਦੀ ਹੈ ਤਾਂ ਕਿ ਅਗਲੇ ਸਾਲ ਲਈ ਚਰਗਾਹਾਂ ਵਿਚ ਨਵਾਂ ਘਾਹ ਉਗ ਸਕੇ ਅਤੇ ਖਾਲੀ ਪਈਆਂ ਥਾਂਵਾਂ 'ਤੇ ਖੇਤੀ ਕੀਤੀ ਜਾ ਸਕੇ, ਪਰ ਇਸ ਸਾਲ ਇਨ੍ਹਾਂ ਜੰਗਲਾਂ ਵਿਚ ਲੱਗੀ ਅੱਗ ਕੌਮਾਂਤਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਗਈ ਹੈ, ਕਿਉਂਕਿ 2019 ਵਿਚ 2018 ਨਾਲੋਂ 85 ਫੀਸਦ ਵਧ ਰਕਬੇ ਉਤੇ ਇਹ ਅੱਗ ਲੱਗੀ ਹੋਈ ਹੈ।

ਬਰਾਜ਼ੀਲ ਦੀ ਨੈਸ਼ਨਲ ਇੰਸਟੀਚਿਊਟ ਫਾਰ ਸਪੇਸ ਰਿਸਰਚ ਦੀ ਇਕ ਰਿਪੋਰਟ ਅਨੁਸਾਰ 2018 ਵਿਚ ਸਿਰਫ 39,759 ਥਾਂਵਾਂ ਉਤੇ ਅੱਗ ਲੱਗੀ ਸੀ, ਪਰ ਇਸ ਸਾਲ 29 ਅਗਸਤ ਨੂੰ ਲਗਭਗ 80,000 ਥਾਂਵਾਂ 'ਤੇ ਅੱਗ ਲੱਗੀ ਦੇਖੀ ਗਈ ਹੈ। ਇਹ ਇੰਸਟੀਚਿਊਟ 2013 ਤੋਂ ਜੰਗਲਾਂ ਨੂੰ ਅੱਗ ਲੱਗਣ ਦਾ ਰਿਕਾਰਡ ਰੱਖ ਰਹੀ ਹੈ। ਇਸ ਸਾਲ ਹੁਣ ਤੱਕ ਦੇ ਰਿਕਾਰਡ ਅਨੁਸਾਰ ਸਭ ਤੋਂ ਵੱਧ ਥਾਂਵਾਂ 'ਤੇ ਅੱਗ ਲੱਗੀ ਹੈ। ਇਹ ਕੁਦਰਤੀ ਵਰਤਾਰਾ ਨਾ ਹੋ ਕੇ ਮਨੁੱਖੀ ਕਾਰਗੁਜ਼ਾਰੀ ਹੈ। ਅਮਰੀਕਾ ਦੀ ਏਜੰਸੀ ਨਾਸਾ ਦੀ ਇਕ ਰਿਪੋਰਟ ਅਨੁਸਾਰ ਬਰਾਜ਼ੀਲ ਦੇ ਜੰਗਲਾਂ ਦੀ ਅੱਗ ਦੇ ਧੂੰਏ ਨੇ ਨਾਲ ਲੱਗਦੇ ਖੇਤਰਾਂ ਤੋਂ ਇਲਾਵਾ ਹਜ਼ਾਰਾਂ ਮੀਲ ਦੂਰ ਵੱਸੇ ਸ਼ਹਿਰ ਸਾਓਪਾਲੋ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਬਰਾਜ਼ੀਲ ਦੀ ਨੈਸ਼ਨਲ ਇੰਸਟੀਚਿਊਟ ਫਾਰ ਸਪੇਸ ਰਿਸਰਚ ਦੀ ਰਿਪੋਰਟ ਆਉਣ ਪਿਛੋਂ ਸਭ ਤੋਂ ਪਹਿਲਾਂ ਫਰਾਂਸ ਦੇ ਰਾਸ਼ਟਰਪਤੀ ਮੈਕਰੂਨ ਅਤੇ ਬਰਾਜ਼ੀਲ ਦੀਆਂ ਗੈਰ-ਸਰਕਾਰੀ ਸੰਸਥਾਵਾਂ ਨੇ ਅੱਗ ਨਾਲ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਉਤੇ ਚਿੰਤਾ ਪ੍ਰਗਟਾਈ ਅਤੇ ਬਰਾਜ਼ੀਲ ਦੇ ਰਾਸ਼ਟਰਪਤੀ ਜੇਅਰ ਬੋਲਸੋਨਾਰੋ ਨਾਲ ਗੱਲਬਾਤ ਕੀਤੀ। ਬੋਲਸੋਨਾਰੋ ਨੇ ਪਹਿਲਾਂ ਤਾਂ ਕਿਹਾ ਕਿ ਇਹ ਕੁਦਰਤੀ ਅੱਗ ਹੈ ਅਤੇ ਉਨ੍ਹਾਂ ਦੇ ਦੇਸ਼ ਦੀ ਨੈਸ਼ਨਲ ਇੰਸਟੀਚਿਊਟ ਦੀ ਰਿਪੋਰਟ ਕੋਰਾ ਝੂਠ ਹੈ, ਪਰ ਬਾਅਦ ਵਿਚ ਸਫਾਈ ਦਿੰਦਿਆਂ ਕਿਹਾ ਕਿ ਮੈਨੂੰ ਸ਼ੱਕ ਹੈ ਕਿ ਜੰਗਲਾਂ ਨੂੰ ਅੱਗ ਗੈਰ-ਸਰਕਾਰੀ ਸੰਸਥਾਵਾਂ ਨੇ ਉਸ ਦੀ ਸਰਕਾਰ ਨੂੰ ਬਦਨਾਮ ਕਰਨ ਲਈ ਲਾਈ ਹੈ, ਕਿਉਂਕਿ ਸਰਕਾਰ ਨੇ ਉਨ੍ਹਾਂ ਦੇ ਫੰਡਾਂ ਵਿਚ ਕਾਫੀ ਕਟੌਤੀ ਕਰ ਦਿੱਤੀ ਹੈ। ਇਸ ਪਿਛੋਂ ਬਰਾਜ਼ੀਲ ਦੇ ਰਾਸ਼ਟਰਪਤੀ ਨੇ ਨੈਸ਼ਨਲ ਇੰਸਟੀਚਿਊਟ ਫਾਰ ਸਪੇਸ ਰਿਸਰਚ ਦੇ ਮੁਖੀ ਨੂੰ ਵੀ ਬਰਖਾਸਤ ਕਰ ਦਿੱਤਾ।

ਬਰਾਜ਼ੀਲ ਵਿਚ ਆਮ ਲੋਕ ਵੀ ਜੰਗਲਾਂ ਵਿਚ ਲੱਗੀ ਅੱਗ ਉਤੇ ਕਾਬੂ ਪਾਉਣ ਲਈ ਰੋਸ ਮੁਜਾਹਰੇ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਪਸ਼ੂ-ਪਾਲਣ, ਖੇਤੀ ਅਤੇ ਲੱਕੜੀ ਦਾ ਧੰਦਾ ਕਰਨ ਵਾਲੇ ਇਕ ਖਾਸ ਵਰਗ ਲਈ ਜੰਗਲਾਂ ਨੂੰ ਅੱਗ ਲਾ ਕੇ ਉਨ੍ਹਾਂ ਨੂੰ ਜ਼ਮੀਨ ਮੁਹੱਈਆ ਕਰਵਾਉਣਾ ਚਾਹੁੰਦੀ ਹੈ। ਨਿਊ ਯਾਰਕ ਟਾਈਮਜ਼ ਅਨੁਸਾਰ ਜੇਅਰ ਬੋਲਸੋਨਾਰੋ ਵਲੋਂ ਵਾਤਾਵਰਣ ਸੰਵੇਦਨਸ਼ੀਲ ਖੇਤਰਾਂ ਵਿਚ ਗੈਰ-ਕਾਨੂੰਨੀ ਤੌਰ 'ਤੇ ਜੰਗਲ ਵੱਢਣ ਵਾਲਿਆਂ ਨੂੰ ਸਿਰਫ ਚੇਤਾਵਨੀ ਦੇਣਾ ਅਤੇ ਉਨ੍ਹਾਂ ਨੂੰ ਜੁਰਮਾਨਾ ਲਾਉਣ ਵਰਗੇ ਕਾਨੂੰਨਾਂ ਨੂੰ ਹਟਾ ਦੇਣ ਨਾਲ ਵੀ ਜੰਗਲਾਂ ਦੀ ਕਟਾਈ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ।

ਜੇਅਰ ਬੋਲਸੋਨਾਰੋ ਨੇ ਆਪਣੀ ਚੋਣ ਮੁਹਿੰਮ ਦੌਰਾਨ ਕਿਹਾ ਸੀ ਕਿ ਉਹ ਜੰਗਲਾਂ ਦੇ ਵਾਤਾਵਰਣ ਸੁਰੱਖਿਅਤ ਖੇਤਰ ਵੀ ਖੁਦਾਈ ਅਤੇ ਖੇਤੀਬਾੜੀ ਲਈ ਮੁਹੱਈਆ ਕਰਵਾ ਦੇਵੇਗਾ। ਇਨ੍ਹਾਂ ਜੰਗਲਾਂ ਵਿਚ ਰਹਿੰਦੇ ਆਦਿਵਾਸੀਆਂ ਨੂੰ ਤਾਂ ਉਸ ਨੇ ਚਿੜੀਆਘਰ ਦੇ ਜਾਨਵਰ ਹੀ ਦੱਸਿਆ ਹੈ। ਬਰਾਜ਼ੀਲ ਦੀ ਮੌਜੂਦਾ ਸਰਕਾਰ ਨੇ ਵਾਤਾਵਰਣ ਸਾਂਭ-ਸੰਭਾਲ ਏਜੰਸੀ (BAMA) ਦੀ ਗਰਾਂਟ ਵਿਚ 24 ਫੀਸਦ ਦੀ ਕਟੌਤੀ ਕਰ ਦਿੱਤੀ ਹੈ। ਇਸ ਤਰ੍ਹਾਂ ਦੇ ਸਭ ਤੱਥ ਇਸ ਗੱਲ ਦਾ ਪੁਖਤਾ ਸਬੂਤ ਹਨ ਕਿ ਬਰਾਜ਼ੀਲ ਦੀ ਮੌਜੂਦਾ ਸਰਕਾਰ ਆਰਥਿਕ ਵਿਕਾਸ ਦੇ ਚੱਕਰ ਵਿਚ ਵਾਤਾਵਰਣ ਨਿਯਮਾਂ ਅਤੇ ਜੰਗਲਾਂ ਦੀ ਸਾਂਭ-ਸੰਭਾਲ ਨੂੰ ਅੱਖੋਂ ਪਰੋਖੇ ਕਰ ਰਹੀ ਹੈ।

ਅਮਾਜ਼ੋਨ ਦੇ ਜੰਗਲਾਂ ਦੀ ਅੱਗ ਸਾਰੀ ਦੁਨੀਆਂ ਲਈ ਚਿੰਤਾ ਦਾ ਵਿਸ਼ਾ ਕਿਉਂ ਹੈ? ਅਸਲ ਵਿਚ ਅਮਾਜ਼ੋਨ ਦੇ ਜੰਗਲਾਂ ਵਿਚ ਦੁਨੀਆਂ ਦੇ ਸਭ ਤੋਂ ਘਣੇ ਅਤੇ ਸਭ ਕਿਸਮਾਂ ਦੇ ਦਰਖਤ ਹਨ, ਜੋ 5.5 ਮਿਲੀਅਨ ਵਰਗ ਕਿਲੋਮੀਟਰ ਵਿਚ ਦੱਖਣੀ ਅਮਰੀਕਾ ਦੇ ਨੌਂ ਦੇਸ਼ਾਂ-ਬਰਾਜ਼ੀਲ, ਗੁਆਨਾ, ਬੋਲੇਵੀਆ, ਪੇਰੂ, ਇਕਵੇਡੋਰ, ਕੋਲੰਬੀਆ, ਵੈਨਜ਼ੁਏਲਾ, ਸੁਰੀਨਾਮ ਅਤੇ ਫਰੈਂਚ-ਗੁਆਨਾ ਵਿਚ ਫੈਲੇ ਹੋਏ ਹਨ, ਪਰ ਇਨ੍ਹਾਂ ਜੰਗਲਾਂ ਦਾ 60 ਤੋਂ 70 ਫੀਸਦ ਰਕਬਾ ਇਕੱਲੇ ਬਰਾਜ਼ੀਲ ਵਿਚ ਹੀ ਪੈਂਦਾ ਹੈ।

ਅਮਾਜ਼ੋਨ ਦੇ ਜੰਗਲ ਧਰਤੀ 'ਤੇ ਕੁੱਲ ਆਕਸੀਜਨ ਦਾ ਲਗਭਗ 20 ਫੀਸਦੀ ਪੈਦਾ ਕਰਦੇ ਹਨ, ਇਸ ਲਈ ਇਨ੍ਹਾਂ ਨੂੰ ਧਰਤੀ ਦੇ ਫੇਫੜੇ ਵੀ ਕਿਹਾ ਜਾਂਦਾ ਹੈ ਅਤੇ ਇੱਥੇ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਲਗਭਗ 10 ਫੀਸਦੀ ਪ੍ਰਜਾਤੀਆਂ ਮਿਲਦੀਆਂ ਹਨ। ਇਸ ਦੇ ਨਾਲ ਨਾਲ ਇੱਥੇ ਕਰੀਬ ਤਿੰਨ ਕਰੋੜ ਲੋਕ ਵੱਸੇ ਹੋਏ ਹਨ, ਜਿਨ੍ਹਾਂ ਵਿਚੋਂ 400 ਕਬੀਲਿਆਂ ਦੇ 20 ਲੱਖ ਆਦਿਵਾਸੀ ਹਨ। ਇਸ ਤੋਂ ਇਲਾਵਾ ਇਹ ਜੰਗਲ ਧਰਤੀ ਨੂੰ ਮਨੁੱਖਾਂ ਦੇ ਰਹਿਣਯੋਗ ਬਣਾਉਣ ਵਾਲੀਆਂ ਪ੍ਰਕ੍ਰਿਆਵਾਂ ਵਿਚ ਅਹਿਮ ਯੋਗਦਾਨ ਪਾਉਂਦੇ ਹਨ ਜਿਵੇਂ ਵਾਤਾਵਰਣ ਵਿਚਲੀਆਂ ਗਰੀਨ ਹਾਊਸ ਗੈਸਾਂ, ਖਾਸ ਕਰ ਕਾਰਬਨ ਡਾਇਆਕਸਾਈਡ ਨੂੰ ਸੋਖ ਕੇ ਆਕਸੀਜਨ ਪੈਦਾ ਕਰਦੇ ਹਨ ਅਤੇ ਇਸੇ ਤਰ੍ਹਾਂ ਨਾਈਟਰੋਜਨ, ਸਲਫਰ ਡਾਇਆਕਸਾਈਡ ਆਦਿ ਨੂੰ ਮੁੜ ਗੇੜ ਵਿਚ ਲਿਆਉਂਦੇ ਹਨ। ਇੱਥੇ ਹੀ ਬੱਸ ਨਹੀਂ, ਇਨ੍ਹਾਂ ਜੰਗਲਾਂ ਵਿਚ ਦਰੱਖਤਾਂ ਤੋਂ ਨਮੀ ਨਿਕਲ ਕੇ ਹਰ ਰੋਜ਼ ਪਹਿਲਾਂ ਬੱਦਲ ਬਣਾਉਂਦੀ ਹੈ ਅਤੇ ਸ਼ਾਮ ਨੂੰ ਤੇਜ਼ ਮੀਂਹ ਵੀ ਪਾਉਂਦੀ ਹੈ। ਇਸ ਤਰ੍ਹਾਂ ਸਾਰੀਆਂ ਪ੍ਰਕ੍ਰਿਆਵਾਂ ਦਰਖਤਾਂ ਨਾਲ ਹੀ ਜੁੜੀਆਂ ਹਨ।

ਅਮਾਜ਼ੋਨ ਦੇ ਦਰਖਤ ਬਹੁਤ ਘਣੇ ਅਤੇ ਪੁਰਾਣੇ ਹਨ ਜਿਸ ਕਰਕੇ ਇਨ੍ਹਾਂ ਦੀਆਂ ਜੜ੍ਹਾਂ ਕਾਫੀ ਮਾਤਰਾ ਵਿਚ ਪਾਣੀ ਆਪਣੇ ਅੰਦਰ ਜਜ਼ਬ ਕਰੀ ਬੈਠੀਆਂ ਹਨ, ਜਿਸ ਨਾਲ ਇੱਥੋਂ ਧਰਤੀ ਹੇਠਲੇ ਪਾਣੀ ਦੇ ਜ਼ਖੀਰੇ ਹਮੇਸ਼ਾ ਭਰੇ ਰਹਿੰਦੇ ਹਨ।



ਅਮਾਜ਼ੋਨ ਜੰਗਲ ਵਿਚ ਲੱਗੀ ਭਿਆਨਕ ਅੱਗ

ਅਮਰੀਕਾ ਦੀ ਨੈਸ਼ਨਲ ਅਕੈਡਮੀ ਆਫ ਸਾਇੰਸ ਦੀ 2007 ਦੀ ਇਕ ਖੋਜ ਅਨੁਸਾਰ ਅਮਾਜ਼ੋਨ ਦੇ ਜੰਗਲ ਤਾਂ ਧਰਤੀ 'ਤੇ ਮਨੁੱਖਾਂ ਵਲੋਂ ਪੈਦਾ ਕੀਤੀ ਕਾਰਬਨ ਡਾਇਆਕਸਾਈਡ ਨੂੰ 9 ਤੋਂ 14 ਦਹਾਕਿਆਂ ਤੱਕ ਸੋਖਣ ਦੀ ਸਮਰੱਥਾ ਰੱਖਦੇ ਹਨ। ਇਹ ਸਾਰੇ ਫਾਇਦੇ ਅਤੇ ਪ੍ਰਕ੍ਰਿਆਵਾਂ ਜੰਗਲਾਂ ਦੀ ਹੋਂਦ ਨਾਲ ਹੀ ਜੁੜੀਆਂ ਹਨ। ਜੇ ਇਹ ਜੰਗਲ ਇਸੇ ਤਰ੍ਹਾਂ ਮਨੁੱਖੀ ਸਵਾਰਥਾਂ ਲਈ ਸਾੜੇ ਜਾਂਦੇ ਰਹੇ ਤਾਂ ਇਕੱਲੇ ਬਰਾਜ਼ੀਲ ਜਾਂ ਦੱਖਣੀ ਅਮਰੀਕਾ ਉਤੇ ਹੀ ਕੁਦਰਤ ਦਾ ਕਹਿਰ ਨਹੀਂ ਟੁੱਟੇਗਾ ਸਗੋਂ ਦੁਨੀਆਂ ਦੇ ਸਾਰੇ ਦੇਸ਼ ਹੀ ਇਸ ਲਾਲਸਾ ਭਰਾ ਮਨੁੱਖੀ ਕਾਰਗੁਜ਼ਾਰੀ ਦਾ ਸ਼ਿਕਾਰ ਹੋ ਜਾਣਗੇ। ਆਰਥਿਕ ਵਿਕਾਸ ਦੀ ਇਸ ਅੰਨੀ ਦੌੜ ਵਿਚ ਬਨਸਪਤੀ ਅਤੇ ਜੀਵ ਜੰਤੂਆਂ ਦੀਆਂ ਲੱਖਾਂ ਪ੍ਰਜਾਤੀਆਂ ਸਵਾਹ ਦੇ ਢੇਰ ਬਣ ਜਾਣਗੀਆਂ ਅਤੇ ਇਸ ਨਾਲ ਇੱਥੇ ਰਹਿਣ ਵਾਲੇ ਆਦਿਵਾਸੀਆਂ ਦੇ ਹੱਕਾਂ ਦਾ ਜੋ ਘਾਣ ਹੋਵੇਗਾ, ਉਸ ਦਾ ਤਾਂ ਵੇਰਵਾ ਦੇਣਾ ਵੀ ਵੱਸੋਂ ਬਾਹਰਾ ਹੈ।

ਜੰਗਲਾਂ ਨੂੰ ਅੱਗ ਲੱਗਣ ਨਾਲ ਤਾਪਮਾਨ ਵਿਚ ਕਾਫੀ ਵਾਧਾ ਹੋ ਸਕਦਾ ਹੈ, ਕਿਉਂਕਿ ਇਕ ਤਾਂ ਜੰਗਲ ਵੱਡੀ ਮਾਤਰਾ ਵਿਚ ਕਾਰਬਨ ਡਾਇਆਕਸਾਈਡ ਸੋਖ ਲੈਂਦੇ ਹਨ, ਜੋ ਮਨੁੱਖ ਦੀਆਂ ਗਤੀਵਿਧੀਆਂ ਰਾਹੀਂ ਪੈਦਾ ਹੁੰਦੀ ਹੈ। ਦੂਜਾ, ਜੰਗਲ ਸੜਨ ਨਾਲ ਕਾਰਬਨ ਡਾਇਆਕਸਾਈਡ ਵਾਤਾਵਰਣ ਵਿਚ ਫੈਲ ਜਾਵੇਗੀ ਅਤੇ ਧਰਤੀ ਦੇ ਤਾਪਮਾਨ ਵਿਚ ਚੋਖਾ ਵਾਧਾ ਕਰ ਦੇਵੇਗੀ।

ਇਸੇ ਕਰਕੇ ਵਿਕਸਿਤ ਦੇਸ਼ ਬਰਾਜ਼ੀਲ ਵਿਚਲੇ ਅਮਾਜ਼ੋਨ ਦੇ ਜੰਗਲਾਂ ਨੂੰ ਲੱਗੀ ਅੱਗ ਤੋਂ ਚਿੰਤਿਤ ਹਨ, ਪਰ ਦੂਜੇ ਪਾਸੇ ਜੇ ਇਸ ਸਾਰੇ ਵਰਤਾਰੇ ਨੂੰ ਧਿਆਨ ਨਾਲ ਸਮਝਿਆ ਜਾਵੇ ਤਾਂ ਜੰਗਲਾਂ ਨੂੰ ਅੱਗ ਲਾਉਣ ਦਾ ਕਾਰਨ ਵੀ ਵਿਕਸਿਤ ਦੇਸ਼ ਹੀ ਹਨ। ਵਿਕਸਿਤ ਦੇਸ਼ਾਂ ਦੀਆਂ ਖਾਣ ਪੀਣ ਦੀਆਂ ਵਸਤਾਂ ਵਿਚ ਗਊ ਮਾਸ ਅਤੇ ਸੋਇਆਬੀਨ ਦੇ ਤੇਲ ਦੀ ਵਰਤੋਂ ਵੱਧ ਹੁੰਦੀ ਹੈ। ਬਰਾਜ਼ੀਲ ਦੇ ਜੰਗਲਾਂ ਨੂੰ ਅੱਗ ਲਾ ਕੇ ਸਾਫ ਕਰਨ ਦਾ ਮੁੱਖ ਕਾਰਨ ਪਸ਼ੂ-ਪਾਲਣ ਅਤੇ ਸੋਇਆਬੀਨ ਦੀ ਖੇਤੀ ਲਈ ਜ਼ਮੀਨ ਤਿਆਰ ਕਰਨਾ ਹੈ। ਬਰਾਜ਼ੀਲ 2018 ਵਿਚ ਗਊ ਦੇ ਮਾਸ ਦੀ ਦਰਾਮਦ ਵਿਚ ਦੁਨੀਆਂ ਵਿਚ ਪਹਿਲੇ ਨੰਬਰ 'ਤੇ ਸੀ। ਇੱਥੋਂ ਪਿਛਲੇ ਸਾਲ 1.64 ਮਿਲੀਅਨ ਟਨ ਗਊ ਦਾ ਮਾਸ ਅਤੇ 83.3 ਮਿਲੀਅਨ ਟਨ ਸੋਇਆਬੀਨ ਬਰਾਮਦ ਕੀਤੀ ਗਈ ਸੀ, ਜਿਸ ਦਾ ਬਹੁਤਾ ਹਿੱਸਾ ਯੂਰਪੀ ਦੇਸ਼ਾਂ ਨੂੰ ਹੀ ਗਿਆ। ਇਹ ਦੇਸ਼ ਆਪਣੇ ਦੇਸ਼ ਵਿਚ ਗਰੀਨ ਹਾਊਸ ਗੈਸਾਂ ਦੇ ਨਿਕਾਸ ਦੀ ਮਾਤਰਾ ਘਟਾਉਣ ਲਈ ਇਹੋ ਜਿਹੀਆਂ ਵਸਤਾਂ ਬਾਹਰਲੇ ਦੇਸ਼ਾਂ ਤੋਂ ਹੀ ਮੰਗਵਾਉਂਦੇ ਹਨ।

ਬਰਾਜ਼ੀਲ ਦੇ ਜੰਗਲਾਂ ਨੂੰ ਅੱਗ ਲੱਗਣ ਜਾਂ ਲਾਉਣ ਦਾ ਮੁੱਦਾ ਤਾਂ ਕੌਮਾਂਤਰੀ ਪੱਧਰ ਉਤੇ ਬਹੁਤ ਜ਼ੋਰ-ਸ਼ੋਰ ਨਾਲ ਚਰਚਾ ਦਾ ਵਿਸ਼ਾ ਬਣ ਗਿਆ, ਪਰ ਅਮਰੀਕਾ ਅਤੇ ਕੁਝ ਹੋਰ ਵਿਕਸਿਤ ਦੇਸ਼ ਧਰਤੀ ਉਤੇ ਵਧਦੇ ਤਾਪਮਾਨ ਪ੍ਰਤੀ ਕਿੰਨੇ ਸੰਜੀਦਾ ਹਨ, ਉਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਜੀ-7 ਦੇਸ਼ਾਂ ਦੀ ਕਾਨਫਰੰਸ ਵਿਚ ਅਮਰੀਕਾ ਦੇ ਰਾਸ਼ਟਰਪਤੀ ਮੌਸਮੀ ਤਬਦੀਲੀਆਂ ਉਤੇ ਹੋਣ ਵਾਲੇ ਵਿਚਾਰ-ਵਟਾਂਦਰੇ ਵਿਚ ਸ਼ਾਮਲ ਹੀ ਨਹੀਂ ਹੋਏ ਅਤੇ ਉਥੋਂ ਵਾਪਸ ਅਮਰੀਕਾ ਪਰਤਦੇ ਸਾਰ 29 ਅਗਸਤ 2019 ਨੂੰ ਮਿਥੇਨ ਗੈਸ ਦੀ ਨਿਕਾਸੀ ਉਤੇ ਓਬਾਮਾ ਦੇ ਸਮੇਂ ਦੀਆਂ ਲੱਗੀਆਂ ਪਾਬੰਦੀਆਂ ਹਟਾ ਦਿੱਤੀਆਂ। ਇਸ ਤੋਂ ਇਲਾਵਾ ਅਮਰੀਕਾ ਹੀ ਉਹ ਦੇਸ਼ ਹੈ, ਜਿਸ ਨੇ ਆਰਥਿਕ ਵਿਕਾਸ ਦੀਆਂ ਪੌੜੀਆਂ ਚੜ੍ਹਦਿਆਂ ਵਾਤਾਵਰਣ ਵਿਚ ਸਭ ਤੋਂ ਵੱਧ ਗਰੀਨ ਹਾਊਸ ਗੈਸਾਂ ਛੱਡੀਆਂ ਹਨ ਅਤੇ ਇਹ ਹੀ ਦੁਨੀਆਂ ਦਾ ਇਕੱਲਾ ਦੇਸ਼ ਹੈ, ਜੋ ਪੈਰਿਸ ਮੌਸਮੀ ਸੰਧੀ ਤੋਂ ਬਾਹਰ ਆਉਣ ਦਾ ਐਲਾਨ ਕਰ ਚੁਕਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਜੇ ਇਕ ਦੇਸ਼ ਕੁਦਰਤੀ ਸਰੋਤਾਂ ਦਾ ਉਜਾੜਾ ਕਰਦਾ ਹੈ ਤਾਂ ਦੂਜਾ ਵੀ ਕਰੇ। ਇਹ ਸੱਚ ਹੈ ਕਿ ਬਰਾਜ਼ੀਲ ਦੇ ਜੰਗਲਾਂ ਨੂੰ ਲੱਗੀ ਅੱਗ ਤਾਪਮਾਨ ਵਿਚ ਵਾਧਾ ਕਰੇਗੀ, ਪਰ ਦੂਜੇ ਪਾਸੇ ਇਹ ਵੀ ਸੱਚ ਹੈ ਕਿ ਕੌਮਾਂਤਰੀ ਪੱਧਰ ਉਤੇ ਹੋਈਆਂ ਕਾਨਫਰੰਸਾਂ ਵਿਚ ਜੰਗਲਾਂ ਵਰਗੇ ਬਹੁਮੁੱਲੇ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਦੇ ਮੁੱਦੇ ਨੂੰ ਸੰਜੀਦਗੀ ਨਾਲ ਨਹੀਂ ਲਿਆ ਗਿਆ। 1992 ਵਿਚ ਬਰਾਜ਼ੀਲ ਦੇ ਹੀ ਰੀਓ ਡੀ ਜਨੇਰੀਓ ਸ਼ਹਿਰ ਵਿਚ ਵਾਤਾਵਰਣ ਅਤੇ ਵਿਕਾਸ ਨਾਂ ਦੀ ਕਾਨਫਰੰਸ ਯੂ. ਐਨ. ਓ. ਵੱਲੋਂ ਕਰਵਾਈ ਗਈ ਸੀ, ਜਿਸ ਵਿਚ ਵਿਕਸਿਤ ਦੇਸ਼ਾਂ ਨੇ ਅਮਾਜ਼ੋਨ ਦੇ ਜੰਗਲਾਂ ਨੂੰ ਕੌਮਾਂਤਰੀ ਵਿਰਾਸਤ ਬਣਾਉਣ ਦਾ ਵਿਚਾਰ ਪ੍ਰਗਟਾਉਂਦਿਆਂ ਕਿਹਾ ਸੀ ਕਿ ਇੱਥੋਂ ਦੇ ਸੰਘਣੇ ਜੰਗਲਾਂ ਦਾ ਧਰਤੀ ਦੇ ਸਮੁੱਚੇ ਵਾਤਾਵਰਣ ਨੂੰ ਸੰਤੁਲਿਤ ਰੱਖਣ ਵਿਚ ਅਹਿਮ ਹਿੱਸਾ ਹੈ, ਪਰ ਇਸ ਖੇਤਰ ਦੇ ਦੇਸ਼ਾਂ ਨੇ ਕਿਹਾ ਸੀ, ਇਸ ਫੈਸਲੇ ਨਾਲ ਇਕ ਤਾਂ ਸਾਰੇ ਦੇਸ਼ਾਂ ਦੀ ਆਜ਼ਾਦੀ ਨੂੰ ਖਤਰਾ ਪੈਦਾ ਹੋ ਜਾਵੇਗਾ ਅਤੇ ਦੂਜਾ ਜੇ ਕੁਦਰਤੀ ਸਰੋਤਾਂ ਦਾ ਤੁਸੀਂ ਲਾਹਾ ਲੈਣਾ ਚਾਹੁੰਦੇ ਹੋ ਤਾਂ ਇਸ ਦੇ ਬਦਲੇ ਇਸ ਖੇਤਰ ਦੇ ਦੇਸ਼ਾਂ ਨੂੰ ਆਰਥਿਕ ਵਿਕਾਸ ਲਈ ਵਿੱਤੀ ਮਦਦ ਦਿੱਤੀ ਜਾਵੇ ਅਤੇ ਕਲੀਨ ਟੈਕਨੋਲੋਜੀ ਸਸਤੇ ਭਾਅ ਜਾਂ ਮੁਫਤ ਦਿੱਤੀ ਜਾਵੇ, ਜਿਸ ਲਈ ਵਿਕਸਿਤ ਦੇਸ਼ਾਂ ਨੇ ਅੱਜ ਤੱਕ ਕੋਈ ਹਾਮੀ ਨਹੀਂ ਭਰੀ।

ਇਸ ਲਈ ਸਾਰੇ ਦੇਸ਼ਾਂ ਨੂੰ ਚਾਹੀਦਾ ਹੈ ਕਿ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਲਈ ਕੌਮਾਂਤਰੀ ਪੱਧਰ ਉਤੇ ਫੈਸਲੇ ਲਵੇ, ਪਰ ਫੈਸਲੇ ਲੈਂਦਿਆਂ ਸਾਰੇ ਦੇਸ਼ਾਂ ਦੇ ਹਿੱਤਾਂ ਅਤੇ ਉਨ੍ਹਾਂ ਦੇ ਆਰਥਿਕ ਵਿਕਾਸ ਦਾ ਧਿਆਨ ਰੱਖਿਆ ਜਾਵੇ, ਨਹੀਂ ਤਾਂ ਸਾਰੇ ਦੇਸ਼ ਆਪਣੀ ਆਪਣੀ ਚਾਲ ਚਲਦਿਆਂ ਧਰਤੀ ਦੇ ਵਾਤਾਵਰਣ ਦੀ ਪਹਿਲਾ ਤੋਂ ਹੀ ਡਾਵਾਂਡੋਲ ਹਾਲਤ ਨੂੰ ਹੋਰ ਤਰਸਯੋਗ ਸਥਿਤੀ ਵਿਚ ਪਹੁੰਚਾ ਦੇਣਗੇ।

## ਅਮਾਜ਼ੋਨ ਸੜ ਰਿਹੈ

ਸੜ ਰਹੀ ਧਰਤ
ਧਰਤ ਦੀ ਹਰ ਪਰਤ
ਪਵਣ ਪਾਣੀ ਅਗਨ ਅਕਾਸ਼
ਸੜ ਰਿਹੈ
ਹਨੇਰ, ਪ੍ਰਕਾਸ਼
ਸੜ ਰਹੇ
ਰੰਗ ਸੁਗੰਧ ਅਨੇਕ
ਸੜ ਰਹੇ
ਅੱਜ ਭਲਕ ਅਵਸ਼ੇਸ਼

ਸੜ ਰਹੀ ਕੁਦਰਤ
ਕਾਦਰ ਸੜ ਰਿਹਾ
ਕੁਦਰਤ ਕੁੱਲ ਦੀ ਮਾਂ
ਸੜ ਰਹੀ ਕੁਦਰਤ
ਮਾਂ ਛਾਂ ਹਰ ਥਾਂ
ਅਮਾਜ਼ੋਨ ਸੜ ਰਿਹੈ।

*-ਪਰਮਜੀਤ ਸਿੰਘ ਕੱਟੂ*
*ਫੋਨ: 91-70873-20578*

# ਕਸ਼ਮੀਰ ਦੀ ਰਿਆਸਤ ਅਤੇ ਸਿਆਸਤ

ਸੰਪਾਦਕ ਦੀ ਡਾਕ

ਪੰਜਾਬ ਟਾਈਮਜ਼ ਦੇ 24 ਅਗਸਤ ਦੇ ਅੰਕ ਵਿਚ ਹਰੀ ਸਿੰਘ ਡੋਗਰਾ ਬਾਰੇ ਹਰਪਾਲ ਸਿੰਘ ਪੰਨੂ ਦਾ ਲੇਖ ਪੜ੍ਹਿਆ, ਮੈਨੂੰ ਲਗਦਾ ਹੈ ਕਿ ਇਸ ਵਿਚਲੇ ਤੱਥ ਸਹੀ ਨਹੀਂ ਹਨ। ਅਸਲ ਗੱਲ ਇਸ ਤਰ੍ਹਾਂ ਹੈ:

ਹਰੀ ਸਿੰਘ ਕਦੀ ਵੀ ਭਾਰਤ ਵਿਚ ਸ਼ਾਮਿਲ ਨਹੀਂ ਸੀ ਹੋਣਾ ਚਾਹੁੰਦਾ। ਡੋਗਰਿਆਂ ਦੇ ਸਿਆਸੀ ਕੱਟੜ ਵਿਰੋਧੀ ਸ਼ੇਖ ਮੁਹੰਮਦ ਅਬਦੁੱਲਾ ਨਾਲ ਪੰਡਿਤ ਨਹਿਰੂ ਦੇ ਨਿੱਘੇ ਸਬੰਧ ਸਨ ਅਤੇ ਦੋਵੇਂ ਹੀ ਚਾਹੁੰਦੇ ਸਨ ਕਿ ਜੰਮੂ ਤੇ ਕਸ਼ਮੀਰ ਆਜ਼ਾਦ ਹੋਵੇ। ਜੰਮੂ ਤੇ ਕਸ਼ਮੀਰ ਦੀ ਸਮੱਸਿਆ ਇਹ ਸੀ ਕਿ ਤਿੰਨੇ ਵਪਾਰਕ ਲਾਂਘੇ-ਸਿਆਲਕੋਟ, ਰਾਵਲਪਿੰਡੀ ਤੇ ਪਿਸ਼ਾਵਰ ਵੰਡ ਪਿਛੋਂ ਪਾਕਿਸਤਾਨ ਵਿਚ ਜਾ ਰਹੇ ਸਨ। ਭਾਰਤ ਨਾਲ ਸਿਰਫ ਇਕ ਹੀ ਸੰਪਰਕ ਜੰਮੂ ਦਾ ਸੀ ਅਤੇ ਜੰਮੂ ਤੇ ਸ੍ਰੀਨਗਰ ਵਿਚਕਾਰ ਪੈਂਦਾ ਰਸਤਾ ਬੜਾ ਰੁਕਾਵਟਾਂ ਵਾਲਾ ਸੀ। ਸਿੱਧਾ ਸੰਪਰਕ ਕੋਈ ਨਹੀਂ ਸੀ।

ਡੋਗਰਾ ਅਤੇ ਸ਼ੇਖ-ਦੋਵੇਂ ਹੀ ਭਾਰਤ ਜਾਂ ਪਾਕਿਸਤਾਨ ਵਿਚ ਸ਼ਾਮਿਲ ਹੋਣ ਲਈ ਦਿਲਚਸਪੀ ਨਹੀਂ ਸਨ ਰੱਖਦੇ। ਦੋਵੇਂ ਸਵਿਟਜ਼ਰਲੈਂਡ ਵਾਂਗ ਖੁਦਮੁਖਤਾਰ ਨਿਰਲੇਪ ਮੁਲਕ ਦੀ ਯੋਜਨਾ ਬਾਰੇ ਸੋਚ ਰਹੇ ਸਨ। ਪਠਾਣ ਕਬਾਇਲੀਆਂ ਦੇ ਹਮਲੇ ਅਤੇ ਪਾਕਿਸਤਾਨੀ ਫੌਜ ਦੀ ਘੁਸਪੈਠ ਤੋਂ ਬਾਅਦ ਹਾਲਾਤ ਤਿੱਖਾ ਮੋੜਾ ਖਾ ਗਏ। ਇਸ ਮੋੜ ਉਤੇ ਭਾਰਤ ਆਪਣੀ ਫੌਜ ਉਥੇ ਭੇਜਣਾ ਚਾਹੁੰਦਾ ਸੀ, ਪਰ ਡੋਗਰਿਆਂ ਦੀ ਸਹਿਮਤੀ ਤੋਂ ਬਿਨਾ ਅਜਿਹਾ ਨਹੀਂ ਸੀ ਕਰ ਸਕਦਾ। ਭਾਰਤ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਸਹਿਮਤ ਨਾ ਹੋਏ। ਫਿਰ ਭਾਰਤ ਸਰਕਾਰ ਨੇ ਵਾਰਤਾ ਲਈ ਸੱਦਿਆ ਪਰ ਦਿੱਲੀ ਹਵਾਈ ਅੱਡੇ ਉਤੇ ਸਮਝੌਤੇ 'ਤੇ ਦਸਤਖਤ ਕਰਨ ਲਈ ਕਿਹਾ। ਕਿਹਾ ਜਾਂਦਾ ਹੈ ਕਿ ਉਹ ਸਹਿਮਤ ਨਾ ਹੋਏ, ਇਸ ਲਈ ਉਸ ਨੂੰ ਇਕ ਹੋਰ ਜਹਾਜ ਰਾਹੀਂ ਬੰਬੇ ਪਹੁੰਚਾ ਦਿੱਤਾ ਗਿਆ ਅਤੇ ਨਜ਼ਰਬੰਦਾਂ ਵਾਂਗ ਹੋਟਲ ਭੇਜ ਦਿੱਤਾ ਗਿਆ (ਸਮਝੌਤੇ ਉਤੇ ਦਸਤਖਤ ਕਿਸ ਨੇ ਕੀਤੇ, ਕੋਈ ਨਹੀਂ ਜਾਣਦਾ)।

ਡੋਗਰੇ ਦੇ ਪੁੱਤਰ, ਜੋ ਉਸ ਵਕਤ ਨੌਜਵਾਨ ਸੀ, ਨੂੰ ਸਦਰ-ਏ-ਰਿਆਸਤ ਬਣਾ ਦਿੱਤਾ ਗਿਆ ਅਤੇ ਰਾਖੀ ਲਈ ਫੌਜ ਭੇਜ ਦਿੱਤੀ ਗਈ, ਜਿਸ ਨੇ ਸਥਾਨਕ ਸਿੱਖ ਵਸੋਂ ਦੀ ਮਦਦ ਨਾਲ ਪਾਕਿਸਤਾਨੀ ਫੌਜ ਨੂੰ ਪਿਛੇ ਧੱਕ ਦਿੱਤਾ। ਉਂਜ, ਇਹ ਕਾਰਵਾਈ ਹਿੰਦੂ ਬਹੁਗਿਣਤੀ ਵਾਲੇ ਇਲਾਕਿਆਂ ਵਿਚ ਹੀ ਕੀਤੀ ਗਈ, ਕਿਉਂਕਿ ਭਾਰਤ ਸਰਕਾਰ ਨਹੀਂ ਸੀ ਚਾਹੁੰਦੀ ਕਿ ਪਾਕਿਸਤਾਨ ਦੇ ਕਬਜ਼ੇ ਵਾਲੀ ਰਿਆਸਤ ਜਿਥੇ ਮੁਸਲਮਾਨ ਵਧੇਰੇ ਸਨ, ਭਾਰਤ ਦਾ ਹਿੱਸਾ ਬਣੇ, ਇਸ ਲਈ ਉਹ ਇਲਾਕਾ ਪਾਕਿਸਤਾਨ ਨੂੰ ਛੱਡ ਦਿੱਤਾ ਗਿਆ।

ਇਸੇ ਦੌਰਾਨ ਸ਼ੇਖ ਅਬਦੁੱਲਾ ਜੰਮੂ ਕਸ਼ਮੀਰ ਦੇ ਪ੍ਰਧਾਨ ਮੰਤਰੀ ਬਣ ਗਏ ਅਤੇ ਉਨ੍ਹਾਂ ਸਵਿਟਜ਼ਰਲੈਂਡ ਵਾਲਾ ਸੁਪਨਾ ਪੂਰਾ ਕਰਨ ਲਈ ਆਪਣੇ ਪਾਕਿਸਤਾਨੀ ਹਮਰੁਤਬਾ ਨਾਲ ਵੀ ਸੰਪਰਕ ਰੱਖਿਆ। ਜਦੋਂ ਤਕ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕਰ ਲਿਆ ਗਿਆ, ਉਹ ਅਕਸਰ ਗੁਲਮਾਰਗ ਦੇ ਗੋਲਫ ਕਲੱਬ ਵਿਚ ਮਿਲਦੇ ਅਤੇ ਆਜ਼ਾਦੀ ਲਈ ਵਿਚਾਰ-ਵਟਾਂਦਰਾ ਕਰਦੇ ਰਹੇ।

*-ਐਚ. ਐਸ. ਪੁਰੀ, ਪੀਐਚ.ਡੀ.*

# ਵੱਡਾ ਫਲਾਤੂ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਕੱਚੀ ਜਮਾਤ ਵਿਚ ਸੇਮਾ ਨਾਂ ਦਾ ਮੁੰਡਾ ਮੇਰੇ ਨਾਲ ਪੜ੍ਹਦਾ ਸੀ। ਪੜ੍ਹਦਾ ਕੀ, ਸਕੂਲ ਆਉਂਦਾ ਕਹਿਣਾ ਹੀ ਠੀਕ ਹੈ, ਕਿਉਂਕਿ ਬਸਤੇ ਨਾਲ ਉਸ ਦਾ ਸਬੰਧ ਇਸ ਨੂੰ ਚੁੱਕਣ ਤੇ ਕਮਰੇ ਵਿਚ ਲਿਆ ਕੇ ਇਸ 'ਤੇ ਬੈਠਣ ਤੱਕ ਹੀ ਸੀ। ਕੈਦਾ ਫੱਟੀ ਕਦੇ ਉਸ ਨੇ ਕੱਢ ਕੇ ਨਹੀਂ ਸੀ ਦੇਖੇ। ਉਹ ਅਕਸਰ ਚੁੱਪ-ਗੜੁੱਪ ਹੀ ਰਹਿੰਦਾ, ਅਧਿਆਪਕ ਦੇ ਕਿਸੇ ਪੁੱਛੇ ਦਾ ਉਸ ਨੇ ਜਵਾਬ ਕੀ ਦੇਣਾ ਹੁੰਦਾ! ਪੱਕੀ ਜਮਾਤ ਵਿਚ ਚੜ੍ਹਨ ਤੋਂ ਪਹਿਲਾਂ ਪਹਿਲਾਂ ਹੀ ਇੱਕ ਦਿਨ ਉਸ ਦਾ ਪਿਉ ਆਇਆ, ਨਾਲ ਸੇਮੇ ਦਾ ਵੱਡਾ ਭਰਾ ਸ਼ਿੰਦਰ ਸੀ। ਮੁੰਡਿਆਂ ਦਾ ਪਿਉ ਮਾਸਟਰ ਨੂੰ ਕੁਝ ਇਸ ਤਰ੍ਹਾਂ ਬੋਲਿਆ, "ਮੈਂ ਬੜੇ ਨੂੰ ਲੈ ਕੇ ਆਇਆਂ। ਦੇਖ ਲਿਓ ਏਹਦੇ ਢਿਡ ਚਾਰ ਅੱਖਰ ਪੈਂਦੇ ਕਿ ਨਹੀਂ। ਸੇਮੇ ਨੂੰ ਮੈਂ ਲੈ ਜਾਨਾਂ। ਖੇਤਾਂ 'ਚ ਹੱਥ ਵਟਾਉਣ ਲਈ ਬੀ ਕੋਈ ਚਾਹੀਦਾ।" ਮਾਸਟਰ ਦਾ ਹੁੰਗਾਰਾ ਉਡੀਕੇ ਬਿਨਾ ਪਿਉ ਸੇਮੇ ਦਾ ਹੱਥ ਫੜੀ ਕਮਰੇ ਤੋਂ ਬਾਹਰ ਹੋ ਗਿਆ। ਲੱਗਾ, ਮਾਸਟਰ ਨੇ ਸੇਮੇ ਦੀ ਪੜ੍ਹਾਈ 'ਚ ਦਿਲਚਸਪੀ ਨਾ ਹੋਣ ਦੀ ਸ਼ਿਕਾਇਤ ਭੇਜੀ ਸੀ।



ਪਲੈਟੋ

ਨਵਾਂ ਦਾਖਲ ਹੋਇਆ ਸ਼ਿੰਦਰ ਕਲਾਸ ਵਿਚ ਸਭ ਤੋਂ ਵੱਡੀ ਉਮਰ ਦਾ ਲਗਦਾ ਸੀ, ਸਭ ਨਾਲੋਂ ਪੰਜ-ਛੇ ਸਾਲ ਵੱਡਾ ਜ਼ਰੂਰ ਹੋਊ। ਮੂਹਰੇ ਬੈਠਾ ਹੋਵੇ ਤਾਂ ਮਾਸਟਰ ਨਹੀਂ ਸੀ ਦਿਸਦਾ। ਉਸ ਨੇ ਦਿਨਾਂ ਵਿਚ ਹੀ ਪੜ੍ਹਾਈ ਦਾ ਘਾਪਾ ਪੂਰ ਲਿਆ ਤੇ ਹੁਸ਼ਿਆਰ ਸਮਝਿਆ ਜਾਣ ਲੱਗਾ। ਪ੍ਰਾਇਮਰੀ ਤੇ ਅੱਗੇ ਹਾਈ ਸਕੂਲ ਵਿਚ ਅੱਠਵੀਂ ਜਮਾਤ ਤੱਕ ਉਹ ਮੇਰਾ ਹਮ-ਜਮਾਤੀ ਹੀ ਨਹੀਂ, ਪੱਕਾ ਯਾਰ-ਬੇਲੀ ਵੀ ਬਣਿਆ ਰਿਹਾ। ਉਸ ਦਾ ਨਿੱਕੀਆਂ ਇੱਟਾਂ ਵਾਲਾ ਘਰ ਸਾਡੀ ਗਲੀ ਵਿਚ ਹੀ ਸੀ। ਸਭ ਤੋਂ ਵੱਡੀ ਉਮਰ ਦਾ ਹੋਣ ਕਰਕੇ ਕੁਦਰਤੀ ਤੌਰ 'ਤੇ ਉਸ ਵਿਚ ਔਸਤ ਬੁਧੀ ਵੀ ਹੋਰਨਾਂ ਨਾਲੋਂ ਵੱਧ ਸੀ। ਸੱਤਵੀਂ-ਅੱਠਵੀਂ ਵਿਚ ਜਾ ਕੇ ਤਾਂ ਉਹ ਪੂਰਾ ਗੱਭਰੂ, ਪ੍ਰੌੜ ਤੇ ਸਿਆਣਾ ਸਿਆਣਾ ਲੱਗਣ ਲੱਗ ਪਿਆ। ਉਹ ਸਾਡੇ ਨਾਲ ਗੱਲਾਂ ਵੀ ਵੱਡੀ ਉਮਰ ਵਾਲੀਆਂ ਕਰਦਾ। ਜ਼ਿੰਦਗੀ ਵਿਚ ਪਹਿਲੀ ਵਾਰੀ ਉਸ ਤੋਂ ਲੰਮੀਆਂ ਲੰਮੀਆਂ, ਗੰਦੀਆਂ ਗੰਦੀਆਂ ਬੋਲੀਆਂ ਸੁਣੀਆਂ ਤੇ ਸਿੱਖੀਆਂ। ਹੋਰ ਤਾਂ ਹੋਰ ਉਸ ਨੇ ਆਪਣੀ ਗਲੀ ਵਿਚਲੀ ਕਿਸੇ ਗੁਆਂਢਣ ਕੁੜੀ ਨਾਲ ਆਪਣੀ ਯਾਰੀ ਦੇ ਅਨੁਭਵ ਵੀ ਦੱਸਣੇ ਸ਼ੁਰੂ ਕਰ ਦਿੱਤੇ। ਉਸ ਦੀਆਂ ਗੱਲਾਂ ਸੁਣ ਕੇ ਅਸੀਂ ਤਾਂ ਬੁੱਲਾਂ 'ਤੇ ਜੀਭ ਹੀ ਫੇਰ ਛੱਡਦੇ। ਇਸ ਤਰ੍ਹਾਂ ਬਹੁਤਿਆਂ ਵਿਚ ਕਾਮ-ਚੇਤਨਾ ਉਮਰ ਤੋਂ ਪਹਿਲਾਂ ਹੀ ਜਾਗ੍ਰਿਤ ਹੋ ਗਈ।

ਇੱਕ ਦਿਨ ਮੈਂ ਉਸ ਨੂੰ ਕੋਈ ਗੱਲ ਆਖੀ, ਜੋ ਹੁਣ ਯਾਦ ਨਹੀਂ, ਸਿਆਣਿਆਂ ਵਾਲੀ ਹੋਣੀ ਹੈ, ਤਾਂ ਉਸ ਨੇ ਤਮਕ ਕੇ ਕਿਹਾ, "ਜਾਹ ਵੱਡਾ ਫਲਾਤੂ।" ਮੇਰੀ ਸ਼ਕਲ ਮਾਨੋ ਪ੍ਰਸ਼ਨਵਾਚੀ ਬਣ ਗਈ, "ਫਲਾਤੂ? ਇਹ ਕੀ ਹੁੰਦਾ?" ਮੈਂ ਸਹਿਜ ਭਾਅ ਪੁੱਛਿਆ। "ਫਲਾਤੂ, ਫਲਾਤੂ ਹੁੰਦਾ, ਤੈਨੂੰ ਨਹੀਂ ਪਤਾ!" ਕਹਿੰਦਿਆਂ ਉਹ ਪਰੇ ਹੋ ਗਿਆ। ਸ਼ਬਦ ਦੀ ਪਰਿਭਾਸ਼ਾ ਦੇਣਾ ਸੌਖਾ ਕੰਮ ਨਹੀਂ ਤੇ ਸ਼ਿੰਦਰ ਜਿਹਾ ਸਿਆਣਾ-ਬਿਆਣਾ ਵੀ ਇਸ ਤੋਂ ਅਸਮਰੱਥ ਸੀ। ਫਲਾਤੂ ਬਾਰੇ ਹੋਰ ਅੱਗੇ ਲਿਖਣ ਤੋਂ ਪਹਿਲਾਂ ਇਹ ਦੱਸ ਦੇਵਾਂ ਕਿ ਸ਼ਿੰਦਰ ਤਾਂ ਅੱਠਵੀ ਪਾਸ ਕਰ ਕੇ ਹੀ ਹਟ ਗਿਆ, ਪਰ ਮੈਂ ਅੱਗੇ ਪੜ੍ਹਦਾ ਯੂਨੀਵਰਸਿਟੀ ਤੱਕ ਚਲੇ ਗਿਆ ਸਾਂ।

ਇੱਕ ਦਿਨ ਪਿੰਡ ਗਿਆ ਤਾਂ ਉਹ ਗਲੀ ਵਿਚ ਮਿਲਿਆ। ਮੈਂ ਹਾਲ-ਚਾਲ ਪੁੱਛਿਆ ਤਾਂ ਉਹ ਮੁਸ਼ਕੜੀਏਂ ਕਹਿੰਦਾ, "ਵਧਕੇ, ਪੋਤੀ ਕਨੇਡੇ ਵਿਆਹ ਦਿੱਤੀ।" ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਮੇਰਾ ਵਿਆਹ ਵੀ ਨਹੀਂ ਹੋਇਆ ਤੇ ਇਸ ਨੇ ਪੋਤੀ ਵੀ ਵਿਆਹ ਲਈ। ਮੈਂ ਆਪਣੀ ਉਮਰ ਦੇ ਸਾਲ ਗਿਣਨ ਲੱਗ ਪਿਆ। ਪਰ ਆਪਣੇ ਜਵਾਬ ਵਿਚ ਉਸ ਨੇ ਇਕ ਤਰ੍ਹਾਂ ਮੇਰੇ ਅਜੇ ਤੱਕ ਵੀ ਅਣ-ਵਿਆਹੇ ਰਹਿਣ 'ਤੇ ਵਿਅੰਗ ਹੀ ਕੱਸਿਆ ਸੀ, ਜਿਸ ਨੂੰ ਉਸ ਨੇ ਝੱਟ ਹੀ ਪਿਛੋਂ ਢਿੱਲ੍ਹਾ ਕੀਤਾ, "ਕਨੇਡੇ ਪੋਤੀ ਹੋਈ ਹੈ, ਮੂਰਖਾ।" ਮੁੱਦਤਾਂ ਬਾਅਦ ਮਿਲੇ ਹੋਣ ਕਾਰਨ ਉਸ ਨੇ ਮੁੰਡੇ ਦੇ ਕੈਨੇਡਾ ਵਿਆਹੇ ਜਾਣ ਤੇ ਪੋਤੀ ਹੋਣ ਦੀ ਖਬਰ ਇੱਕ ਤਰ੍ਹਾਂ ਇਕੱਠੀ ਹੀ ਦਿੱਤੀ ਸੀ।

ਇਸ ਤਰ੍ਹਾਂ ਫਲਾਤੂ ਸ਼ਬਦ ਨਾਲ ਮੇਰਾ ਪਰਿਚੈ ਅੱਠਵੀਂ ਜਮਾਤ ਵਿਚ ਸ਼ਿੰਦਰ ਨੇ ਹੀ ਕਰਾਇਆ ਸੀ। ਦਸਵੀਂ ਵਿਚ ਹੋਇਆ ਤਾਂ ਮਾਰਕਸਵਾਦੀ ਸਾਹਿਤ ਪੜ੍ਹਨ ਦੀ ਚੇਟਕ ਲੱਗ ਗਈ। ਜਲੰਧਰ ਸ਼ਹਿਰ ਦੇ 'ਪੰਜਾਬ ਬੁੱਕ ਸੈਂਟਰ' ਜਾ ਕੇ ਅਕਸਰ ਮਾਰਕਸਵਾਦੀ ਸਾਹਿਤ ਤੇ ਹੋਰ ਰਿਸਾਲੇ, ਕਿਤਾਬਾਂ ਖਰੀਦਣ ਲੱਗ ਪਿਆ। ਇਕ ਦਿਨ ਓ. ਯਾਕੂਤ ਵਲੋਂ ਲਿਖੀ ਪੰਜਾਬੀ ਵਿਚ ਅਨੁਵਾਦਿਤ ਪੁਸਤਕ 'ਅਫਲਾਤੂਨ ਤੋਂ ਲੈਨਿਨ ਤੱਕ' ਖਰੀਦ ਲਿਆਇਆ। ਇਹ ਫਲਸਫੇ ਦੇ ਇਤਿਹਾਸ ਦੀ ਸਰਲ ਕਿਤਾਬ ਸੀ। ਪੜ੍ਹਨ 'ਤੇ ਪਤਾ ਲੱਗਾ ਕਿ ਇਸ ਵਿਚ ਜ਼ਿਕਰ ਕੀਤਾ ਫਿਲਾਸਫਰ ਅਫਲਾਤੂਨ ਦਰਅਸਲ ਯੂਨਾਨੀ ਫਿਲਾਸਫਰ ਪਲੈਟੋ ਹੈ। ਉਦੋਂ ਮਾੜੀ ਮੋਟੀ ਹੈਰਾਨੀ ਵੀ ਹੋਈ ਕਿ ਪੰਜਾਬੀਆਂ ਨੇ 'ਪਲੈਟੋ' ਨੂੰ ਵਿਗਾੜ ਕੇ ਅਟਪਟਾ ਜਿਹਾ 'ਅਫਲਾਤੂਨ' ਕਿਉਂ ਬਣਾ ਲਿਆ?

ਅੱਜ ਤੋਂ ਕੋਈ ਢਾਈ ਹਜ਼ਾਰ ਸਾਲ ਪਹਿਲੋਂ ਜਨਮੇ ਅਫਲਾਤੂਨ ਉਰਫ ਪਲੈਟੋ ਨੂੰ ਪੱਛਮੀ ਫਿਲਾਸਫੀ ਦਾ ਮੋਢੀ ਮੰਨਿਆ ਜਾਂਦਾ ਹੈ। ਇਹ ਗੱਲ ਨਹੀਂ ਕਿ ਉਸ ਤੋਂ ਪਹਿਲਾਂ ਫਿਲਾਸਫੀ ਨਹੀਂ ਸੀ ਬਲਕਿ ਇਕ ਹੋਰ ਵੱਡਾ ਫਿਲਾਸਫਰ ਅਰਸਤੂ ਉਸ ਦਾ ਉਸਤਾਦ ਸੀ। ਭਾਵ ਪਲੈਟੋ ਨੇ ਇਕ ਤਰ੍ਹਾਂ ਸੁਗਠਿਤ ਦਰਸ਼ਨ ਪੇਸ਼ ਕੀਤਾ, ਜਿਸ ਵਿਚ ਦਵੰਦਾਤਮਕ ਵਿਧੀ ਸੀ। ਉਸ ਨੇ ਰਾਜਨੀਤੀ, ਕਲਾ, ਸਾਹਿਤ, ਨੀਤੀ-ਸ਼ਾਸਤਰ, ਅਧਿਆਤਮਵਾਦ, ਗਣਿਤ, ਜੀਵ ਵਿਗਿਆਨ, ਭਾਸ਼ਾ-ਗੱਲ ਕੀ ਲਗਭਗ ਹਰ ਤਰ੍ਹਾਂ ਦੇ ਵਿਸ਼ੇ 'ਤੇ ਭਵਿੱਖਮੁਖੀ ਕੰਮ ਕੀਤਾ। ਪਲੈਟੋ ਦੇ ਫਲਸਫੇ 'ਤੇ ਆਧਾਰਤ ਇਕ ਆਦਰਸ਼ਕ ਪਿਆਰ ਦਾ ਵਿਚਾਰ ਪੈਦਾ ਹੋਇਆ, ਜਿਸ ਵਿਚ ਵਾਸਨਾ ਰਹਿਤ ਰੂਹਾਨੀ ਪਿਆਰ ਦੀ ਵਕਾਲਤ ਕੀਤੀ ਜਾਂਦੀ ਹੈ। ਪੰਜਾਬੀ ਵਿਚ ਇਸ ਲਈ 'ਅਫਲਾਤੂਨੀ ਪਿਆਰ' ਉਕਤੀ ਪ੍ਰਚਲਿਤ ਹੈ। 'ਪਿਆਰ ਕਬਜ਼ਾ ਨਹੀਂ, ਪਛਾਣ ਹੈ' ਦੀ ਰਟ ਲਾ ਕੇ ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਇਸ ਦਾ ਖੂਬ ਪ੍ਰਸਾਰ ਕੀਤਾ।



ਪਹਿਲਵਾਨੀ ਕਰਦੇ ਪਲੈਟੋ ਦਾ ਇਕ ਬੁੱਤ

'ਅਫਲਾਤੂਨ' ਨੂੰ ਅੰਗਰੇਜ਼ ਆਪਣੀ ਭਾਸ਼ਾ ਵਿਚ ਪਲੈਟੋ ਕਹਿੰਦੇ ਹਨ। ਕਿਉਂਕਿ ਹਰ ਪੜ੍ਹਿਆ ਲਿਖਿਆ ਅੰਗਰੇਜ਼ੀ ਦੇ ਪਿਛੇ ਲਗਦਾ ਹੈ, ਇਸ ਲਈ ਅੱਜ ਬਹੁਤੀਆਂ ਭਾਸ਼ਾਵਾਂ ਵਿਚ ਇਹ ਦਾਰਸ਼ਨਿਕ ਇਸੇ ਨਾਂ ਨਾਲ ਜਾਣਿਆ ਜਾਂਦਾ ਹੈ। ਅਸਲ ਵਿਚ ਉਸ ਦੀ ਆਪਣੀ ਗਰੀਕ ਭਾਸ਼ਾ ਵਿਚ ਬੋਲਿਆ ਜਾਣ ਵਾਲਾ ਨਾਂ ਪਲਾਟੋਨ ਸੀ। ਇਹ ਨਾਂ ਉਸ ਦੇ ਘਰਦਿਆਂ ਨੇ ਨਹੀਂ ਸੀ ਰੱਖਿਆ। ਉਸ ਦਾ ਜਮਾਂਦਰੂ ਨਾਂ ਸ਼ਾਇਦ ਉਸ ਦੇ ਦਾਦੇ ਦੇ ਨਾਂ ਪਿਛੇ ਅਰਿਸਟੋਕਲਜ਼ ਰੱਖਿਆ ਗਿਆ ਸੀ। ਉਸ ਵੇਲੇ ਏਥਨਜ਼ ਵਿਚ ਮੁੰਡਿਆਂ ਦਾ ਨਾਂ ਦਾਦੇ ਦੇ ਨਾਂ ਪਿੱਛੇ ਰੱਖਣ ਦੀ ਰੀਤ ਸੀ; ਪਰ ਸਾਡੇ ਫਿਲਾਸਫਰ ਨੇ ਆਪ ਆਪਣਾ ਨਾਂ ਪਲਾਟੋਨ ਪ੍ਰਚਾਰਿਆ।

ਇਸ ਨਾਂ ਪਿਛੇ ਵੀ ਇਕ ਕਹਾਣੀ ਹੈ। ਬਹੁਪ੍ਰਤਿਭਾਸ਼ਾਲੀ ਪਲੈਟੋ ਨੂੰ ਪਹਿਲਵਾਨੀ ਦਾ ਵੀ ਸ਼ੌਕ ਸੀ। ਕਹਿੰਦੇ ਹਨ, ਪਲੈਟੋ ਦੇ ਮੋਢੇ (ਕਈਆਂ ਅਨੁਸਾਰ ਛਾਤੀ ਜਾਂ ਮੱਥਾ) ਬਹੁਤ ਚੌੜੇ ਸਨ। ਉਸ ਦੇ ਅਜਿਹੇ ਚੌੜੇ-ਚਕਲੇ ਜੁੱਸੇ ਤੋਂ ਪ੍ਰਭਾਵਤ ਹੋਇਆ ਉਸ ਦਾ ਕੋਚ ਉਸ ਨੂੰ ਪਲਾਟੋਨ ਕਹਿਣ ਲੱਗ ਪਿਆ। ਪ੍ਰਾਚੀਨ ਗਰੀਕ ਭਾਸ਼ਾ ਵਿਚ 'ਚੌੜਾ' ਲਈ ਪਲੇਟਸ (Platys) ਜਿਹਾ ਸ਼ਬਦ ਹੈ, ਜਿਸ ਤੋਂ ਵਿਅਕਤੀ ਨਾਂ ਬਣਾਇਆ ਗਿਆ, ਪਲਾਟੋਨ। ਇਹ ਨਾਂ ਲਾਤੀਨੀ ਵਿਚ ਗਿਆ ਤਾਂ 'ਨ' ਧੁਨੀ ਅਲੋਪ ਹੋ ਗਈ ਤੇ ਨਾਂ ਦਾ ਸ਼ਬਦ ਪਲੈਟੋ ਜਿਹਾ ਬਣ ਗਿਆ। ਯੂਰਪ ਦੇ ਇੱਕ ਖਿੱਤੇ ਵਿਚ ਲਾਤੀਨੀ ਭਾਰੂ ਹੋਣ ਕਰਕੇ ਅੰਗਰੇਜ਼ੀ ਸਮੇਤ ਕਈ ਭਾਸ਼ਾਵਾਂ ਵਿਚ ਇਹੀ ਸ਼ਬਦ ਪ੍ਰਚਲਿਤ ਹੋਇਆ।

ਐਪਰ ਸਲਾਵਿਕ ਤੇ ਕਈ ਹੋਰ ਭਾਸ਼ਾਵਾਂ ਵਿਚ ਇਸ ਨੇ ਪਲਾਤੋਨ ਜਿਹਾ ਰੂਪ ਅਖਤਿਆਰ ਕਰ ਲਿਆ। ਗਰੀਸ ਅਰਬ ਦੇਸ਼ਾਂ ਦਾ ਗੁਆਂਢੀ ਵੀ ਹੈ, ਇਸ ਲਈ ਦੋਹਾਂ ਧਿਰਾਂ ਵਿਚਾਲੇ ਕਈ ਤਰ੍ਹਾਂ ਦੇ ਵਪਾਰਕ ਤੇ ਵਿਚਾਰਕ ਆਦਾਨ-ਪ੍ਰਦਾਨ ਹੁੰਦਾ ਰਿਹਾ ਹੈ। ਸੋ ਅਰਬੀ ਵਿਚ ਜਾ ਕੇ ਪਲਾਤੋਨ ਅਫਲਾਤੂਨ ਬਣ ਗਿਆ। ਅਸਲ ਵਿਚ ਅਰਬੀ ਜ਼ਬਾਨ ਵਿਚ 'ਪ' ਧੁਨੀ ਨਹੀਂ ਹੈ ਤੇ ਨਾ ਹੀ ਇਸ ਦਾ ਲਖਾਇਕ ਕੋਈ ਅੱਖਰ (ਬਾਅਦ ਵਿਚ ਤਿੰਨ ਨੁਕਤੇ ਲਾ ਕੇ ਬਣਾਇਆ ਗਿਆ)। ਇਸ ਲਈ 'ਪ' ਧੁਨੀ 'ਫ' ਵਿਚ ਬਦਲ ਗਈ। ਪੈਲਸਟਾਈਨ ਨੂੰ ਅਰਬੀ ਵਿਚ ਫਲਸਤੀਨ ਇਸੇ ਕਰਕੇ ਕਿਹਾ ਜਾਂਦਾ ਹੈ। ਸ਼ਾਇਦ 'ਫ' ਧੁਨੀ ਇਕੱਲੀ ਬੋਲਣੀ ਆਸਾਨ ਨਹੀਂ ਸੀ, ਇਸ ਲਈ ਸ਼ੁਰੂ ਵਿਚ 'ਅ' ਲਾ ਦਿੱਤਾ ਗਿਆ। ਉਂਜ ਫਲਾਤੂਨ ਵੀ ਅਰਬੀ ਫਾਰਸੀ ਵਿਚ ਚਲਦਾ ਹੈ। ਅਰਬੀ ਤੋਂ ਹੀ ਅਫਲਾਤੂਨ ਫਾਰਸੀ ਵਿਚ ਗਿਆ ਤੇ ਉਥੋਂ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ। ਪੰਜਾਬੀ ਤੇ ਸ਼ਾਇਦ ਹੋਰ ਭਾਰਤੀ ਭਾਸ਼ਾਵਾਂ ਵਿਚ ਇਹ ਸ਼ਬਦ ਵਿਦਵਾਨ, ਕਾਰੀਗਰ, ਹੁਸ਼ਿਆਰ, ਘਾਗ, ਚਤੁਰ, ਸ਼ੇਖੀਖੋਰਾ ਜਿਹੇ ਅਰਥਾਂ ਵਿਚ ਵੀ ਵਰਤਿਆ ਜਾਣ ਲੱਗਾ। ਅਰਬੀ ਫਾਰਸੀ ਗਿਆਨ ਨਾਲ ਭਰੇ ਪੰਜਾਬੀ ਸੂਫੀ ਅਤੇ ਕਿੱਸਾ ਕਾਵਿ ਵਿਚ ਅਫਲਾਤੂਨ ਦਾ ਖੂਬ ਬੋਲਬਾਲਾ ਹੋ ਗਿਆ। ਹਾਸ਼ਮ ਸ਼ਾਹ ਦਾ ਕਲਾਮ ਸੁਣੋ,

ਜਿਸ ਉਸਤਾਦ ਸੰਦੂਕ ਸੱਸੀ ਦਾ,  
ਘੜਿਆ ਨਾਲ ਮਿਹਰ ਦੇ।  
ਅਫਲਾਤੂਨ ਅਰਸਤੂ ਜਿਹੇ,  
ਹੋਣ ਸ਼ਾਗਿਰਦ ਹੁਨਰ ਦੇ।

ਅਤੇ ਵਾਰਸ ਸ਼ਾਹ,  
ਫੈਲਸੂਫ ਜਹਾਂ ਦੀਆਂ ਅਸੀਂ ਰੰਨਾਂ,  
ਸਾਡੇ ਮਕਰ ਦੇ ਭੇਤ ਕਿਸ ਪਾਵਨੇ ਵੇ।  
ਅਫਲਾਤੂਨ ਸ਼ਾਗਿਰਦ ਜ਼ੁਲਾਮ ਅਰੱਸਤੂ,  
ਲੁਕਮਾਨ ਥੀਂ ਪੈਰ ਧੁਆਵਨੇ ਵੇ।  
ਹੀਰ ਨੂੰ ਸੱਪ ਨੇ ਡੰਗਿਆ ਤਾਂ,  
ਕੁੜੀਆਂ ਕਾਂਗ ਕੀਤੀ ਆ ਪਈ ਵਾਹਰ,  
ਲੋਕਾਂ ਕੰਮ ਤੇ ਕਾਜ ਵਸਾਰਿਆ ਈ।  
ਮੰਜੇ ਪਾਇਕੇ ਹੀਰ ਨੂੰ ਘਰੀ ਘਿਨਿਆ,  
ਜਟੀ ਪਲੋ ਪਲੀ ਅੰਗ ਨਿਹਾਰਿਆ ਈ।  
ਦੇਖੋ ਫਾਰਸੀ ਤੋਰਕੀ ਨਜ਼ਮ ਨਸਰੋਂ,  
ਇਹ ਮਕਰ ਘਿਉ ਵਾਂਗ ਨਿਤਾਰਿਆ ਈ।  
ਅੱਗੇ ਕਿਸੇ ਕਿਤਾਬ ਵਿਚ ਨਹੀਂ ਪੜ੍ਹਿਆ,  
ਜੇਹਾ ਖਚਰਿਆਂ ਪਚਰਪੌਂ ਸਾਰਿਆ ਈ।  
ਸ਼ੈਤਾਨ ਨੇ ਆਣ ਸਲਾਮ ਕੀਤਾ,  
ਤੁਸਾਂ ਜਿੱਤਿਆ ਤੇ ਅਸਾਂ ਹਾਰਿਆ ਈ।  
ਅਫਲਾਤੂਨ ਦੀ ਰੀਸ਼ ਮਿਕਰਾਜ਼ ਕੀਤੀ,  
ਵਾਰਸ ਕੁਦਰਤਾਂ ਦੇਖ ਕੇ ਵਾਰਿਆ ਈ।

'ਅਫਲਾਤੂਨ ਦੀ ਰੀਸ਼ ਮਿਕਰਾਜ਼ ਕੀਤੀ' ਦਾ ਮਤਲਬ ਹੈ ਅਫਲਾਤੂਨ ਦੀ ਦਾਅੜੀ ਕੈਂਚੀ ਨਾਲ ਕੱਟ ਦਿੱਤੀ, ਭਾਵ ਕੁੜੀਆਂ ਅਫਲਾਤੂਨ ਨੂੰ ਵੀ ਚਾਰ ਸਕਦੀਆਂ ਹਨ।...ਅਰਬੀ ਵਿਚ ਅਫਲਾਤੂਨ ਦਾ ਇੱਕ ਰੁਪਾਂਤਰ ਫਲਾਤੂਨ ਵੀ ਹੈ। ਪੰਜਾਬੀ 'ਫਲਾਤੂ' ਵੀ ਅਸਲ ਵਿਚ ਫਲਾਤੂਨ ਦਾ ਹੋਰ ਲਘੂ ਰੂਪ ਹੈ, ਪਲੈਟੋ ਦਾ ਵਿਗਾੜ ਨਹੀਂ। ਬਾਬੂ ਰਜਬ ਅਲੀ ਦੀ ਤਸਦੀਕ ਪੇਸ਼ ਹੈ,

ਕਿੰਗਰੇ ਦਲੇਰ, ਮੱਖੀ ਚੂਸ ਨੇ ਥਰਾਜ ਵਾਲੇ,  
ਜੰਮਦੇ ਫਲਾਤੂ ਕੁਤਰਨ ਕੰਨ ਸਿਆਣੇ ਦੇ।  
ਦਾਨੇ ਵਾਲੇ ਮੂੜ੍ਹ ਤੇ ਗਰੀਬ ਲੋਕ ਰੱਥੜੀਆਂ ਦੇ  
ਮੜ੍ਹਕ ਵਾਲੇ ਬਾਹਲੇ ਵਿਚ ਅਬੂਲ ਖੁਰਾਣੇ ਦੇ।

ਅਫਲਾਤੂਨ ਫਿਲਾਸਫਰ ਸੀ। ਫਿਲਾਸਫਰ ਲੋਕ ਵਿਲਾਸ ਅਵਸਥਾ ਵਿਚ ਖੂਬ ਫੈਲਸੂਫੀਆਂ ਕਰਦੇ ਹਨ। ਸ਼ਾਇਦ ਇਸੇ ਲਈ ਸਿੰਘ ਬੋਲੇ ਘੜਨ ਵਾਲਿਆਂ ਨੇ ਰਜਾਈ ਲਈ ਅਫਲਾਤੂਨੀ ਬੋਲਾ ਘੜਿਆ। ਅਸੀਂ ਵੀ ਇਸ ਸ਼ਬਦ ਦੀ ਹੋਰ ਨਿਰੁਕਤਕ ਫੈਲਸੂਫੀ ਕਰਕੇ ਇਸ ਦੀਆਂ ਅੰਗਲੀਆਂ ਸੰਗਲੀਆਂ ਫਰੋਲਣੀਆਂ ਹਨ। ਇਹ ਕੰਮ ਅਗਲੇ ਅੰਕ ਵਿਚ ਸਹੀ।

## ਸੰਪਾਦਕ ਦੀ ਡਾਕ

## "ਗੁਰਬਾਣੀ ਵਿਚ 'ਦੇਵ' ਅਤੇ 'ਦੇਉ' ਸ਼ਬਦ ਦੀ ਬਹੁ-ਭਾਂਤੀ ਵਰਤੋਂ"

ਪ੍ਰੋ. ਕਸ਼ਮੀਰਾ ਸਿੰਘ ਦੇ ਲੇਖ 'ਗੁਰੂ ਨਾਨਕ ਦੇਵ ਜੀ ਕਿ ਗੁਰੂ ਨਾਨਕ ਸਾਹਿਬ ਜੀ' ਸਬੰਧੀ ਮੈਂ ਆਪਣੇ ਪੱਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਦੋ ਪਵਿੱਤਰ ਫੁਰਮਾਨਾਂ ਦਾ ਹਵਾਲਾ ਦਿੱਤਾ ਸੀ। 'ਪੰਜਾਬ ਟਾਈਮਜ਼' ਦੇ 7 ਸਤੰਬਰ ਦੇ ਅੰਕ ਵਿਚ ਪ੍ਰੋ. ਕਸ਼ਮੀਰਾ ਸਿੰਘ ਵਲੋਂ ਆਪਣੇ ਨਵੇਂ ਲੇਖ "ਗੁਰਬਾਣੀ ਵਿਚ 'ਦੇਵ' ਅਤੇ 'ਦੇਉ' ਸ਼ਬਦ ਦੀ ਬਹੁ-ਭਾਂਤੀ ਵਰਤੋਂ" ਵਿਚ ਇਨ੍ਹਾਂ ਪਵਿੱਤਰ ਕਥਨਾਂ ਦੇ ਦਿੱਤੇ ਅਰਥਾਂ ਸਬੰਧੀ ਮੈਂ ਆਪਣੇ ਵਲੋਂ ਸਥਿਤੀ ਸਪਸ਼ਟ ਕਰਨਾ ਚਾਹੁੰਦਾ ਹਾਂ:

(1) ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥ (ਭੱਟ ਮਥੁਰਾ ਜੀ, ਸਵਈਏ ਮਹਲੇ ਪੰਜਵੇ ਕੇ, ਪੰਨਾ 1409)

ਪ੍ਰੋ. ਸਾਹਿਬ ਸਿਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਅਤੇ ਪੁਸਤਕ 'ਭੱਟਾਂ ਦੇ ਸਵਈਏ ਸਟੀਕ' ਵਿਚ ਇਸ ਤੁਕ ਦੇ ਅਰਥ ਇਸ ਤਰ੍ਹਾਂ ਲਿਖੇ ਹੋਏ ਹਨ, "ਜਿਨ੍ਹਾਂ ਨੇ ਗੁਰੂ ਅਰਜੁਨ ਦੇਵ (ਜੀ) ਨੂੰ ਜਪਿਆ ਹੈ, ਉਹ ਪਰਤ ਕੇ ਗਰਭ ਜੂਨ ਦੇ ਦੁੱਖਾਂ ਵਿਚ ਨਹੀਂ ਆਏ।"

ਸਪਸ਼ਟ ਹੀ ਹੈ ਕਿ ਟੀਕਾਕਾਰ ਨੇ ਇਥੇ 'ਅਰਜੁਨ ਦੇਵ ਗੁਰ' ਅਰਥ ਪੰਜਵੇਂ ਪਾਤਿਸ਼ਾਹ ਦੇ ਨਾਂ 'ਗੁਰੂ ਅਰਜਨ ਦੇਵ ਜੀ' ਵਜੋਂ ਹੀ ਕੀਤੇ ਹਨ। ਪ੍ਰੋ. ਸਾਹਿਬ ਸਿੰਘ ਨੇ ਗੁਰੂ ਇਤਿਹਾਸ, ਦਰਪਣ ਅਤੇ ਗੁਰਬਾਣੀ ਦੇ ਟੀਕਿਆਂ ਵਾਲੀਆਂ ਪੁਸਤਕਾਂ ਵਿਚ ਪਹਿਲੀ, ਦੂਜੀ ਅਤੇ ਪੰਜਵੀਂ ਪਾਤਿਸ਼ਾਹੀ ਦੇ ਨਾਂ ਲਿਖਦਿਆਂ 'ਸਾਹਿਬ' ਅਤੇ 'ਦੇਵ'-ਦੋਹਾਂ ਸ਼ਬਦਾਂ ਦੀ ਭਰਪੂਰ ਵਰਤੋਂ ਕੀਤੀ ਹੋਈ ਹੈ। ਸਾਨੂੰ ਵੀ ਅਜਿਹੀ ਸੋਚਣੀ ਅਪਨਾਉਣੀ ਚਾਹੀਦੀ ਹੈ।

(2) ਸਲੋਕ ਮ: 2॥ ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥

ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥

(ਵਾਰ ਮਾਝ ਕੀ ਤਥਾ ਸਲੋਕ ਮਹਲਾ 1, ਸਲੋਕ ਮ: 2, ਪੰਨਾ 150)

ਇਸ ਸਲੋਕ ਦੇ ਜੋ ਪਦ ਅਰਥ ਅਤੇ ਅਰਥ ਪ੍ਰੋ. ਕਸ਼ਮੀਰਾ ਸਿੰਘ ਨੇ ਲਿਖੇ ਹਨ, ਉਹ ਉਨ੍ਹਾਂ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿਚੋਂ ਹੀ ਲਿਖੇ ਹਨ। ਨਿਰਸੰਦੇਹ ਪ੍ਰੋ. ਸਾਹਿਬ ਸਿੰਘ 'ਗੁਰੂ ਨਾਨਕ ਦੇਉ' ਸ਼ਬਦਾਂ ਦੇ ਅਰਥ ਪਹਿਲੀ ਪਾਤਿਸ਼ਾਹੀ ਦੇ ਨਾਂ ਵਜੋਂ ਨਹੀਂ ਕਰਦੇ। ਪ੍ਰਿੰ. ਤੇਜਾ ਸਿੰਘ, ਪ੍ਰਿੰ. ਬਾਵਾ ਹਰਿਕ੍ਰਿਸ਼ਨ ਸਿੰਘ ਅਤੇ ਪ੍ਰੋ. ਨਰਾਇਣ ਸਿੰਘ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਇਸ ਸਲੋਕ ਦੇ ਅਰਥ ਇਸ ਤਰ੍ਹਾਂ ਕਰਦੇ ਹਨ, "ਜਿਨ੍ਹਾਂ ਦਾ ਗੁਰੂ ਨਾਨਕ ਦੇਵ ਹੈ ਤੇ ਜਿਨ੍ਹਾਂ ਨੂੰ ਗੁਰੂ ਨੇ ਸਿੱਖਿਆ ਦੇ ਕੇ ਸਮਝਾਇਆ ਹੈ ਕਿ ਸੱਚ ਰਾਹੀਂ ਸਿਫਤ ਵਿਚ ਜੁੜ ਜਾਓ, ਉਨ੍ਹਾਂ ਨੂੰ ਹੋਰ ਦੱਸਣ ਦੀ ਕੀ ਲੋੜ ਹੈ!"

'ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਇੰਦਰਾਜ 'ਨਾਨਕ ਦੇਵ ਸਤਿਗੁਰੂ' ਵਿਚ ਗੁਰੂ ਸਾਹਿਬ ਜੀ ਦੀ ਵਡਿਆਈ ਵਾਲੇ ਗੁਰਬਾਣੀ ਦੇ ਨੌਂ ਪਵਿੱਤਰ ਫੁਰਮਾਨ ਲਿਖੇ ਹਨ, ਜਿਨ੍ਹਾਂ ਵਿਚ ਪਹਿਲੇ ਨੰਬਰ 'ਤੇ ਹੀ ਦੂਜੀ ਪਾਤਿਸ਼ਾਹੀ ਦਾ ਇਕ ਸਲੋਕ ਹੈ। ਇਹ ਸਾਰੇ ਵਿਦਵਾਨ 'ਗੁਰੂ ਨਾਨਕ ਦੇਉ' ਤੋਂ ਭਾਵ ਗੁਰੂ ਸਾਹਿਬ ਜੀ ਦੇ ਨਾਂ ਵਜੋਂ ਹੀ ਮੰਨਦੇ ਹਨ।

*-ਸੁਖਦੇਵ ਸਿੰਘ ਸ਼ਾਂਤ, ਇੰਡੀਆਨਾ*  
*ਫੋਨ: 317-406-0002*

---

## ਅਰਜੁਨ ਬਾਰੇ

ਬਲਜੀਤ ਬਾਸੀ ਦਾ ਅਰਜੁਨ ਦਰਖਤ ਬਾਰੇ ਲੇਖ ਬੜੀ ਦਿਲਚਸਪੀ ਨਾਲ ਪੜ੍ਹਿਆ। ਇਸ ਦਰਖਤ ਦਾ ਛਿਲਕਾ ਹਲਕੇ ਲਸੂੜੀ (ਆਫ ਵ੍ਹਾਈਟ) ਰੰਗ ਦਾ ਹੁੰਦਾ ਹੈ, ਇਸ ਲਈ ਇਸ ਨੂੰ ਅਰਜੁਨ ਕਹਿੰਦੇ ਹਨ। ਅਯੁਰਵੇਦ ਵਿਚ ਇਸ ਦਾ ਮਤਲਬ ਸਫੈਦ ਹੈ। ਇਸ ਦਾ ਸਹੀ ਉਚਾਰਣ ਅਰਜੁਨ ਹੈ, ਅਰਜਨ ਨਹੀਂ ਹੈ, ਜੋ ਆਮ ਕਰਕੇ ਵਰਤ ਲਿਆ ਜਾਂਦਾ ਹੈ।

ਬਾਲੀ ਟਾਪੂ (ਇੰਡੋਨੇਸ਼ੀਆ), ਜਿਥੇ ਲੋਕ ਅਜੇ ਵੀ ਪ੍ਰਾਚੀਨ ਭਾਰਤੀ ਧਰਮ ਦੇ ਪੈਰੋਕਾਰ ਹਨ, ਮਹਾਭਾਰਤ ਦਾ ਨਾਇਕ ਕ੍ਰਿਸ਼ਨ ਨੂੰ ਨਹੀਂ, ਅਰਜੁਨ ਨੂੰ ਮੰਨਦੇ ਹਨ। ਚਿੱਤਰਾਂ ਵਿਚ ਅਰਜੁਨ ਦਾ ਰੰਗ ਗੋਰਾ (ਸਫੈਦ/ਚਿੱਟਾ) ਹੈ, ਜਦਕਿ ਉਸ ਦੇ ਹੋਰ ਭਰਾਵਾਂ ਦਾ ਰੰਗ ਥੋੜ੍ਹਾ ਕਣਕਵੰਨਾ ਦਿਖਾਇਆ ਗਿਆ ਹੈ। ਉਂਜ ਵੀ, ਬਾਲੀ ਵਿਚ ਕ੍ਰਿਸ਼ਨ ਦੀ ਸਾਥਣ ਰਾਧਾ ਨਹੀਂ, ਸੁਭੱਦਰਾ ਹੈ। ਰਾਮ ਅਤੇ ਕ੍ਰਿਸ਼ਨ-ਦੋਹਾਂ ਦਾ ਰੰਗ ਕਾਲਾ ਹੈ।

ਜਿਥੋਂ ਤੱਕ ਅਰਜੁਨ ਦੇ ਬਨਸਪਤੀ (ਬੂਟੈਨੀਕਲ) ਨਾਂ 'ਟਰਮੀਨਾਲੀਆ ਅਰਜੁਨਾ' ਦਾ ਸਬੰਧ ਹੈ, ਬੂਟੈਨੀਕਲ ਨਾਂ ਦੇ ਦੋ ਹਿੱਸੇ ਹੁੰਦੇ ਹਨ। ਪਹਿਲਾ ਹਿੱਸਾ 'ਟਰਮੀਨਾਲੀਆ' ਆਮ (ਜੈਨੇਰਿਕ) ਹੈ ਅਤੇ ਜਦੋਂ ਅਸੀਂ ਅੰਗਰੇਜ਼ੀ ਵਿਚ ਲਿਖਦੇ ਹਾਂ ਤਾਂ ਇਸ ਦਾ ਪਹਿਲਾ ਅੱਖਰ ਵੱਡਾ ਪਾਇਆ ਜਾਂਦਾ ਹੈ। ਦੂਜਾ ਹਿੱਸਾ 'ਅਰਜੁਨਾ' ਖਾਸ (ਸਪੈਸਿਫਿਕ-ਵਿਸ਼ੇਸ਼) ਹੈ। ਇਸ ਦੂਜੇ ਹਿੱਸੇ ਦਾ ਪਹਿਲਾ ਅੱਖਰ ਵੱਡਾ ਨਹੀਂ ਪਾਇਆ ਜਾਂਦਾ। ਇਹ ਭਾਵੇਂ ਤੁੱਛ ਜਿਹਾ ਜਾਪਦਾ ਨੁਕਤਾ ਹੈ ਪਰ ਜਾਣਕਾਰੀ ਖਾਤਰ ਜ਼ਰੂਰੀ ਹੈ।

*-ਐਚ. ਐਸ. ਪੁਰੀ, ਪੀਐਚ.ਡੀ.*

# ਸਿੰਬਲ ਦਾ ਰੁੱਖ ਤੇ ਭੂਰੀ ਚਿੜੀ

ਮਨੁੱਖ ਦਾ ਜੰਗਲ, ਪਸ਼ੂ-ਪੰਛੀਆਂ ਨਾਲ ਨੇੜੇ ਦਾ ਰਿਸ਼ਤਾ ਹੈ। ਜੰਗਲ ਮਨੁੱਖ ਦਾ ਘਰ ਤੇ ਪਸ਼ੂ-ਪੰਛੀ ਘਰ ਦੇ ਜੀਅ। ਪੰਛੀ ਪਿਆਰ, ਸਿਦਕ, ਸਬਰ ਦਾ ਪ੍ਰਤੀਕ। ਹੱਦਾਂ, ਬੰਨਿਆਂ ਤੇ ਵਖਰੇਵਿਆਂ ਤੋਂ ਦੂਰ। ਪੰਛੀਆਂ ਨੂੰ ਪਾਇਆ ਚੋਗਾ ਮਨੁੱਖ ਦਾ ਆਪਣਾ ਰੱਜ ਹੁੰਦਾ ਹੈ। ਪੰਛੀਆਂ ਦੇ ਆਪਸੀ ਕਲੋਲ ਮਨੁੱਖ ਲਈ ਮੁਹੱਬਤ ਦਾ ਸੁਨੇਹਾ। ਪੰਛੀਆਂ ਦੀ ਅੰਬਰੀ ਪਰਵਾਜ਼ ਮਨੁੱਖ ਲਈ ਵਲਗਣਾਂ ਤੋੜ ਕੇ ਆਪਸੀ ਸਾਂਝ ਦੀ ਪੁਕਾਰ। ਪੰਛੀਆਂ ਦਾ ਜਿਉਣ ਸਲੀਕਾ ਮਨੁੱਖੀ ਜੀਵਨ ਲਈ ਰਾਹ ਦਸੇਰਾ। ਮਨੁੱਖ ਦੀ ਹੋਂਦ ਅੱਜ ਜੇ ਬਰਕਰਾਰ ਹੈ ਤਾਂ ਪਸ਼ੂ-ਪੰਛੀਆਂ ਦੀ ਸਾਂਝ ਸਦਕਾ ਹੈ। ਰੁੱਖਾਂ, ਪੰਛੀਆਂ ਨੂੰ ਇਸੇ ਲਈ ਦਰਵੇਸ਼ ਕਿਹਾ ਗਿਆ ਹੈ।

ਅਸੀਂ ਆਪਣੀਆਂ ਸੋਹਣੀਆਂ ਚੀਜ਼ਾਂ ਦੀ ਤਸ਼ਬੀਹ ਬਹੁਤੀ ਵਾਰੀ ਪਸ਼ੂ-ਪੰਛੀਆਂ ਦੀ ਸੁੰਦਰਤਾ ਨਾਲ ਕਰਦੇ ਹਾਂ। ਜੇ ਮਹਿਬੂਬਾ ਦੀ ਅੱਖ ਦੀ ਪ੍ਰਸ਼ੰਸਾ ਕਰਨੀ ਹੋਵੇ ਤਾਂ ਹਿਰਨੀ ਦੀ ਅੱਖ ਨਾਲ ਕਰਦੇ ਹਾਂ। ਹਿਰਨੀ ਦੀ ਸੁੰਦਰਤਾ ਹਮੇਸ਼ਾ ਮਨੁੱਖ ਨੂੰ ਕਾਇਲ ਕਰਦੀ ਰਹੀ ਹੈ। ਦਿਲ ਨੂੰ ਧੂਹ ਪਾਉਂਦੇ ਸੁਰੀਲੇ ਬੋਲਾਂ ਦੀ ਤੁਲਨਾ ਅਸੀਂ ਕੋਇਲ ਦੀ ਆਵਾਜ਼ ਨਾਲ ਕਰਦੇ ਹਾਂ। ਇਸੇ ਲਈ ਮਿੱਠੀ ਆਵਾਜ਼ ਦੀ ਮਲਕਾ



**ਸੰਤੋਖ ਮਿਨਹਾਸ**
ਫੋਨ: 559-283-6376

ਸੁਰਿੰਦਰ ਕੌਰ ਨੂੰ 'ਪੰਜਾਬ ਦੀ ਕੋਇਲ' ਦਾ ਖਿਤਾਬ ਲੋਕਾਂ ਨੇ ਬਖਸ਼ਿਆ ਹੈ। ਕੋਇਲ, ਮੈਨਾ, ਬੁਲਬੁਲ ਦੇ ਸੁਰੀਲੇ ਬੋਲਾਂ ਦੀ ਹੂਕ ਫਿਜ਼ਾ ਵਿਚ ਵੈਰਾਗ ਖਿੰਡਾ ਦਿੰਦੀ ਹੈ। ਮੁਹੱਬਤ ਦੀ ਤੋਰ 'ਚ ਵਗਦੇ ਪੈਰਾਂ ਦੀ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਪੈਲਾਂ ਪਾਉਂਦੇ ਮੋਰ ਦੀ ਤਸਵੀਰ ਸਾਡੇ ਮਨ 'ਚ ਉਭਰਦੀ ਹੈ। ਬਾਜ਼ ਸੂਰਬੀਰ ਯੋਧਿਆਂ ਦੀ ਨਿਸ਼ਾਨੀ, ਹੋਸ਼ ਅਤੇ ਜੋਸ਼ ਦਾ ਪ੍ਰਤੀਕ ਹੈ।

ਕੁਦਰਤ ਦੀ ਕਾਇਨਾਤ ਵਿਚ ਹਜ਼ਾਰਾਂ ਸ਼ੋਖੀਆਂ ਭਰਦੇ ਇਹ ਲਟਬੌਰੇ ਉਡਣ ਖਟੋਲੇ ਸਾਡੇ ਸੋਹਣੇ ਸੁਪਨਿਆਂ ਦੇ ਪ੍ਰਛਾਵੇਂ ਹਨ। ਫੁੱਲ, ਕਿਤਾਬਾਂ, ਪਸ਼ੂ-ਪੰਛੀ ਆਦਿ ਮਨੁੱਖੀ ਜੀਵਨ ਦਾ ਆਧਾਰ ਹਨ। ਮੈਨੂੰ ਸਭ ਤੋਂ ਵੱਧ ਖੁਸ਼ੀ ਉਦੋਂ ਮਿਲਦੀ ਹੈ, ਜਦੋਂ ਮੈਂ ਅਨੋਖੇ ਰੰਗ-ਬਰੰਗੇ ਫੁੱਲ ਤੇ ਪੰਛੀ ਵੇਖਦਾ ਹਾਂ। ਮੈਨੂੰ ਕਈ ਵਾਰ ਹੇਮਕੁੰਟ ਸਾਹਿਬ ਜਾਣ ਦਾ ਮੌਕਾ ਮਿਲਿਆ, ਪਰ ਮੇਰੀ ਬਹੁਤੀ ਖਿੱਚ ਫਲਾਵਰ ਘਾਟੀ ਵੇਖਣ ਦੀ ਰਹੀ ਹੈ, ਜਿਸ ਨੂੰ ਜੰਨਤ ਕਿਹਾ ਗਿਆ ਹੈ। ਫੁੱਲਾਂ ਨੂੰ ਵੇਖ ਕੇ ਸੁਦਾਈ ਹੋਣਾ ਕਿਸੇ ਕਿਸੇ ਦੇ ਹਿੱਸੇ ਆਉਂਦਾ ਹੈ। ਸੱਚ-ਮੁੱਚ ਉਥੇ ਫੁੱਲਾਂ ਦੀ ਸੁਦੇਹਿਣ ਕਬਰ ਹੈ, ਜਿਸ ਨੂੰ ਫੁੱਲਾਂ ਵਿਚ ਸਵਰਗ ਦਿਸਿਆ। ਆਖਰੀ ਸਾਹ ਵੀ ਫੁੱਲਾਂ ਦੇ ਇਸ ਜਹਾਨ 'ਤੇ ਨਿਛਾਵਰ ਕਰ ਦਿੱਤਾ। ਰੁੱਖਾਂ, ਪੰਛੀਆਂ ਦੀ ਸਾਂਝ ਮਨੁੱਖ ਨੂੰ ਖੇੜਾ ਬਖਸ਼ਦੀ ਹੈ। ਇਨ੍ਹਾਂ ਦੀ ਦੋਸਤੀ ਵਿਚ ਨਾ ਵਲ, ਨਾ ਛਲ; ਨਾ ਸਵਾਰਥ ਦੀ ਬੂ। ਪੱਛਮੀ ਮੁਲਕਾਂ ਵਿਚ ਬੰਦੇ ਦੀ ਦੋਸਤੀ ਤੋਂ ਜਾਨਵਰਾਂ ਦੀ ਦੋਸਤੀ ਦਾ ਰਿਵਾਜ਼ ਵੱਧ ਪ੍ਰਚਲਿਤ ਹੋ ਰਿਹਾ ਹੈ। ਇਸੇ ਲਈ ਕੁੱਤੇ ਦੀ ਵਫਾਦਾਰੀ ਨੂੰ ਵਡਿਆਇਆ ਗਿਆ ਹੈ।

ਅੱਜ ਸਿੰਬਲ ਦਾ ਰੁੱਖ ਤੇ ਭੂਰੀ ਚਿੜੀ ਕਿਉਂ ਯਾਦ ਆਏ? ਇਹੀ ਗੱਲ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ। ਕੈਲੀਫੋਰਨੀਆ ਰਹਿੰਦਿਆਂ ਕੋਈ ਦਸ ਵਰਿਆਂ ਤੋਂ ਉਪਰ ਹੋ ਚੱਲੇ ਹਨ। ਇੱਥੇ ਆਉਂਦਿਆਂ ਕੰਮ 'ਤੇ ਲੱਗਣ ਸਾਰ ਮੈਂ ਛੇਤੀ ਹੀ ਘਰ ਖਰੀਦ ਲਿਆ ਸੀ। ਜਦੋਂ ਬੱਚੇ ਪੜ੍ਹ-ਲਿਖ ਕੇ ਨੌਕਰੀਆਂ 'ਤੇ ਲੱਗ ਗਏ ਤਾਂ ਸਾਨੂੰ ਇਹ ਘਰ ਛੋਟਾ ਲੱਗਣ ਲੱਗ ਪਿਆ। ਅਸਲ ਵਿਚ ਮੇਰੇ ਘਰ ਕਾਫੀ ਲੇਖਕ ਦੋਸਤਾਂ ਦੇ ਆਉਣ-ਜਾਣ ਨਾਲ ਸਹਿਤਕ ਬੈਠਕਾਂ ਵੇਲੇ ਘਰ ਦੇ ਜੀਅ ਔਖ ਮਹਿਸੂਸ ਕਰਦੇ ਸਨ। ਇਸੇ ਸਮਸਿਆ ਵਿਚੋਂ ਨਵਾਂ ਘਰ ਲੈਣ ਦੀ ਗੱਲ ਤੁਰੀ ਸੀ। ਜਦੋਂ ਮੈਂ ਜੋੜ ਤੋੜ ਲਾ ਕੇ ਵੇਖਿਆ ਤਾਂ ਨਵਾਂ ਘਰ ਮੇਰੀ ਪਹੁੰਚ ਤੋਂ ਬਾਹਰ ਸੀ। ਨਵਾਂ ਘਰ ਲੈਣ ਦੀ ਥਾਂ ਮੈਂ ਸੋਚਿਆ ਕਿਉਂ ਨਾ ਇੱਕ ਖੁੱਲ੍ਹਾ ਕਮਰਾ ਹੋਰ ਬਣਾ ਲਈਏ।





ਬਾਹਰ ਬਣੇ ਪੈਟੀਓ ਨੂੰ ਤੋੜ ਕੇ ਉਸ ਦੀ ਥਾਂ ਕਮਰਾ ਬਣਾਉਣ ਲਈ ਇੱਕ ਕੰਪਨੀ ਨਾਲ ਕਰਾਰ ਕਰ ਲਿਆ। ਪੈਟੀਓ ਬੜਾ ਖੁੱਲ੍ਹਾ ਸੀ। ਆਮ ਪੰਜਾਬੀਆਂ ਵਾਂਗ ਮੇਰੀ ਪਤਨੀ ਵੀ ਇਸ ਨੂੰ ਰਸੋਈ ਲਈ ਵੱਧ ਵਰਤਦੀ ਸੀ। ਘੁੱਗੀਆਂ, ਚਿੜੀਆਂ ਦਾ ਵੀ ਇਹ ਰੈਣ ਬਸੇਰਾ ਸੀ। ਜਿਸ ਦਿਨ ਇਸ ਨੂੰ ਤੋੜਿਆ ਗਿਆ, ਉਸ ਦਿਨ ਇਹ ਪੰਛੀਆਂ ਦਾ ਰੈਣ ਬਸੇਰਾ ਵੀ ਟੁੱਟ ਗਿਆ। ਛੱਤ ਦੇ ਮੁੱਢ ਵਿਚ ਬਣੇ ਆਲ੍ਹਣੇ ਨੂੰ, ਜਿਸ ਵਿਚ ਕੁਝ ਆਂਡੇ ਵੀ ਸਨ, ਬਥੇਰਾ ਬਚਾਉਣ ਦੀ ਕੋਸ਼ਿਸ਼ ਕੀਤੀ, ਫਿਰ ਵੀ ਬਹੁਤੇ ਤੀਲੇ ਖਿਲਰ ਗਏ। ਬਾਕੀ ਬਚੇ ਉਨ੍ਹਾਂ ਪੀਚ ਦੇ ਰੁੱਖ ਦੇ ਮੁੱਢ ਨਾਲ ਰੱਖ ਦਿੱਤੇ। ਕਿਸੇ ਨੇ ਇਸ ਗੱਲ ਵੱਲ ਬਹੁਤਾ ਧਿਆਨ ਨਾ ਦਿੱਤਾ। ਜਿੰਨੇ ਦਿਨ ਇਹ ਕਮਰਾ ਬਣਦਾ ਰਿਹਾ, ਮਸ਼ੀਨਾਂ ਤੇ ਹਥੌੜਿਆਂ ਦਾ ਸ਼ੋਰ ਕਾਫੀ ਤੰਗ ਕਰਦਾ ਰਿਹਾ। ਉਨੇ ਦਿਨ ਸਾਡੇ ਘਰ ਦੇ ਰੁੱਖ ਵੀ ਪੰਛੀਆਂ ਦੀ ਆਮਦ ਤੋਂ ਸੱਖਣੇ ਰਹੇ। ਤਿੰਨ ਕੁ ਹਫਤਿਆਂ ਪਿਛੋਂ ਕਮਰਾ ਬਣ ਗਿਆ। ਕੰਪਨੀ ਆਪਣਾ ਨਿੱਕ ਸੁਕ ਸਾਂਭ ਤੁਰਦੀ ਬਣੀ।

ਸ਼ਾਮ ਦਾ ਵੇਲਾ ਹੋਵੇਗਾ। ਮੈਂ ਉਸ ਕਮਰੇ ਦਾ ਬੂਹਾ ਖੋਲ੍ਹ ਕੇ ਬਾਹਰ ਮਾੜੀ ਮੋਟੀ ਸਫਾਈ ਕਰ ਰਿਹਾ ਸਾਂ। ਜਦ ਵਾਪਸ ਮੁੜਿਆ ਤਾਂ ਵੇਖਿਆ ਇੱਕ ਘੁੱਗੀਆਂ ਦਾ ਜੋੜਾ ਉਸ ਕਮਰੇ ਅੰਦਰ ਪੱਖੇ 'ਤੇ ਬੈਠਾ ਸੀ। ਮੈਂ ਹੈਰਾਨ ਹੋ ਗਿਆ ਕਿ ਇਹ ਅੰਦਰ ਕਿਵੇਂ ਆ ਗਏ? ਅਚਾਨਕ ਉਨ੍ਹਾਂ ਦੇ ਆਲ੍ਹਣੇ ਵਾਲੀ ਘਟਨਾ ਯਾਦ ਆਈ। ਮੈਂ ਇੱਕ ਦਮ ਠਠੰਬਰ ਗਿਆ। ਮਨ ਵਿਚ ਤਰਸ ਆਇਆ। ਮੈਨੂੰ ਆਪਣੇ ਆਪ 'ਤੇ ਸ਼ਰਮ ਆਈ, ਜਿਵੇਂ ਮੈਂ ਬਹੁਤ ਵੱਡਾ ਦੋਸ਼ੀ ਹੋਵਾਂ। ਮੈਂ ਆਪਣੇ ਘਰ ਦੀ ਖੁਸ਼ੀ ਲਈ ਉਨ੍ਹਾਂ ਦਾ ਘਰ ਬਰਬਾਦ ਕਰ ਦਿੱਤਾ ਸੀ। ਭਾਵੇਂ ਹੁਣ ਬਾਹਰ ਰੁੱਖਾਂ 'ਤੇ ਪੰਛੀ ਆਉਣ ਲੱਗ ਪਏ ਸਨ, ਪਰ ਜਦੋਂ ਉਹ ਚਹਿਚਹਾਉਂਦੇ ਹਨ ਤਾਂ ਮੈਨੂੰ ਐਂ ਲਗਦਾ ਏ, ਜਿਵੇਂ ਮੈਨੂੰ ਲਾਹਨਤਾਂ ਪਾ ਰਹੇ ਹੋਣ। ਪਹਿਲਾਂ ਮੈਨੂੰ ਉਨ੍ਹਾਂ ਦੀ ਅਵਾਜ਼ ਸੰਗੀਤ ਲੱਗਦੀ ਹੁੰਦੀ ਸੀ। ਇਹ ਸੰਗੀਤ ਤੋਂ ਲਾਹਨਤਾਂ ਤੱਕ ਦਾ ਸਫਰ ਹੁਣ ਮੇਰੇ ਮਨ ਨੂੰ ਕੁਰੇਦਦਾ ਹੈ। ਇਹ ਸਫਰ ਹੀ ਮੈਨੂੰ ਸਿੰਬਲ ਦੇ ਰੁੱਖ ਤੇ ਭੂਰੀ ਚਿੜੀ ਦੀ ਘਟਨਾ ਨਾਲ ਜੋੜਦਾ ਹੈ।

ਮੈਂ ਕੋਈ ਪੱਚੀ ਕੁ ਸਾਲ ਪਹਿਲਾਂ ਆਪਣੇ ਜੱਦੀ ਘਰ ਵਿਚ ਹੀ ਇੱਕ ਨਵਾਂ ਘਰ ਬਣਾਇਆ ਸੀ। ਜਿਵੇਂ ਹਰ ਇੱਕ ਦੀ ਖਾਹਿਸ਼ ਹੁੰਦੀ ਹੈ, ਮੈਂ ਵੀ ਆਪਣੀਆਂ ਰੀਝਾਂ, ਲੋੜਾਂ ਮੁਤਾਬਕ ਉਸ ਦੀ ਉਸਾਰੀ ਵਿਚ ਕੋਈ ਕਸਰ ਨਾ ਰਹਿਣ ਦਿੱਤੀ। ਘਰ ਦੇ ਵਿਹੜੇ ਵਿਚ ਬਹੁਤ ਵੱਡੀ ਨਿੰਮ ਹੈ, ਜਿੱਥੇ ਹਮੇਸ਼ਾ ਪੰਛੀਆਂ ਦੀ ਭਰਮਾਰ ਰਹਿੰਦੀ ਹੈ ਤੇ ਨਾਲੇ ਘਰ ਨੂੰ ਵੀ ਹਰਿਆ ਭਰਿਆ ਦਰਸਾਉਂਦੀ ਹੈ। ਘਰ ਨੂੰ ਹੋਰ ਸਜਾਉਣ ਲਈ ਮੈਂ ਨਵੇਂ ਫੁੱਲ ਬੂਟੇ, ਵੇਲਾਂ ਲਾਈਆਂ। ਇੱਕ ਵਾਰ ਨਰਸਰੀ 'ਚੋਂ ਬੂਟੇ ਲਿਆਉਣ ਵੇਲੇ ਉਥੇ ਸੀਜ਼ਨਲ ਕੰਮ ਕਰਦੇ ਮੇਰੇ ਇੱਕ ਲਿਹਾਜੀ ਕਾਮੇ ਨੇ ਇਹ ਕਹਿ ਕੇ ਇੱਕ ਬੂਟਾ ਦਿੱਤਾ ਕਿ ਇਹ ਬੂਟੇ ਸਰਕਾਰੀ ਅਫਸਰਾਂ ਦੀਆਂ ਕੋਠੀਆਂ ਵਿਚ ਲਾਉਣ ਲਈ ਰੱਖੇ ਹਨ। ਬੂਟਾ ਸੋਹਣਾ ਦਿਸਦਾ ਸੀ, ਪਰ ਨਾ ਉਸ ਨੂੰ ਪਤਾ ਸੀ ਕਿ ਇਹ ਕਾਹਦਾ ਬੂਟਾ ਹੈ, ਨਾ ਮੈਨੂੰ। ਮੈਂ ਵੀ ਇਹ ਸੋਚ ਕੇ ਲੈ ਲਿਆ ਕਿ ਜੋ ਬੂਟੇ ਅਫਸਰਾਂ ਦੀਆਂ ਕੋਠੀਆਂ ਵਾਸਤੇ ਰੱਖੇ ਹਨ, ਵਧੀਆ ਹੀ ਹੋਣਗੇ।

ਜਦੋਂ ਬੂਟਾ ਵੱਡਾ ਹੋਇਆ ਤਾਂ ਸਿੰਬਲ ਦਾ ਰੁੱਖ ਨਿਕਲਿਆ। ਕਈ ਸਾਲ ਤਾਂ ਸੋਹਣਾ ਲੱਗਿਆ। ਪੰਛੀਆਂ ਦੀ ਵੀ ਇਸ ਉਤੇ ਕਾਫੀ ਰੌਣਕ ਬਣੀ ਰਹਿੰਦੀ, ਪਰ ਜਿਉਂ ਜਿਉਂ ਵੱਡਾ ਹੋ ਕੇ ਫੈਲਣ ਲੱਗਾ, ਘਰ ਲਈ ਸਮਸਿਆ ਬਣ ਲੱਗਾ। ਗਵਾਢੀਆਂ ਦੀਆਂ ਕੰਧਾਂ ਤੇ ਘਰ ਦੇ ਫਰਸ਼ ਨੂੰ ਨੁਕਸਾਨ ਪਹੁੰਚਾਉਣ ਲੱਗਾ। ਆਖਰ ਮੈਂ ਭਰੇ ਮਨ ਨਾਲ ਫੈਸਲਾ ਕਰ ਲਿਆ ਕਿ ਇਸ ਨੂੰ ਵਢਾ ਦਿੱਤਾ ਜਾਵੇ। ਮੈਂ ਆਪਣੇ ਖੇਤੀ ਕਰਦੇ ਛੋਟੇ ਭਰਾ ਨੂੰ ਕਿਹਾ, ਯਾਰ ਕਿਸੇ ਦਿਨ ਖੇਤੋਂ ਬੰਦੇ ਲਿਆ ਕੇ ਇਸ ਨੂੰ ਵੱਢਾ ਦੇ। ਉਸ ਨੂੰ ਕਈ ਹਫਤੇ ਵਿਹਲ ਨਾ ਮਿਲੀ; ਮੈਂ ਕਈ ਵਾਰ ਯਾਦ ਵੀ ਕਰਾਇਆ, ਪਰ ਗੱਲ ਉਥੇ ਦੀ ਉਥੇ ਖੜੀ ਰਹੀ। ਅਚਾਨਕ ਇੱਕ ਦਿਨ ਵੱਡੇ ਤੜਕੇ ਸਿੰਬਲ ਉਤੇ ਇੱਕ ਸੁਰੀਲੇ ਪੰਛੀ ਦੀ ਆਵਾਜ਼ ਨੇ ਮੈਨੂੰ ਉਠਾ ਦਿੱਤਾ, 'ਚਰਰ...ਚਰਰ...ਚਰ...ਚਰ...ਚ...ਚ...!' ਪਹਿਲਾਂ ਤਾਂ ਮੈਂ ਸਮਝਿਆ ਸ਼ਾਇਦ ਗਵਾਂਢੀਆਂ ਨੇ ਨਵੀਂ ਬੈੱਲ ਲਵਾਈ ਹੈ, ਕਿਉਂਕਿ ਉਸ ਦੀ ਆਵਾਜ਼ ਜਵਾਂ ਇਲੈਕਟ੍ਰਾਨਿਕ ਬੈੱਲ ਵਰਗੀ ਸੀ। ਹੋ ਸਕਦਾ ਇਸ ਪੰਛੀ ਦੀ ਆਵਾਜ਼ ਨੂੰ ਆਧਾਰ ਬਣਾ ਕੇ ਹੀ ਇਸ ਬੈੱਲ ਦੀ ਕਾਢ ਕੱਢੀ ਹੋਵੇ। ਜਦੋਂ ਮੈਂ ਬਾਹਰ ਨਿਕਲ ਕੇ ਦੇਖਿਆ, ਇੱਕ ਭੂਰੇ ਰੰਗ ਦੀ ਚਿੜੀ ਇਹ ਆਵਾਜ਼ ਕੱਢ ਰਹੀ ਸੀ।

ਮੈਨੂੰ ਉਸ ਦੀ ਆਵਾਜ਼ ਬਹੁਤ ਪਿਆਰੀ ਲੱਗੀ। ਹੁਣ ਉਹ ਨਿੱਤ-ਨੇਮ ਵਾਂਗ ਹਰ ਰੋਜ਼ ਵੱਡੇ ਤੜਕੇ ਆਪਣੀ ਆਵਾਜ਼ ਦਾ ਜਾਦੂ ਬਿਖੇਰਦੀ। ਸਾਡੇ ਘਰ ਪਸਰੇ ਸੰਨਾਟੇ ਦੀ ਚੁੱਪ ਟੁੱਟਦੀ। ਮੇਰਾ ਘਰ ਰੌਣਕ ਨਾਲ ਭਰ ਜਾਂਦਾ। ਮੇਰੀ ਉਸ ਨਾਲ ਸਾਂਝ ਇੱਕ ਲਗਾਓ ਵਿਚ ਬਦਲ ਗਈ। ਮੈਨੂੰ ਰਾਮਚਰਿਤ ਮਾਨਸ ਵਿਚ ਤੁਲਸੀ ਦਾਸ ਦੇ ਕਹੇ ਸ਼ਬਦ ਯਾਦ ਆਏ, "ਪਸ਼ੂ-ਪੰਛੀ ਰਿਸ਼ੀਆਂ ਮੁਨੀਆਂ ਕੋਲ ਬੇਧੜਕ ਚਲੇ ਜਾਂਦੇ ਹਨ; ਪਰ ਹਿੰਸਾ ਕਰਨ ਵਾਲਿਆਂ ਨੂੰ ਦੇਖਦੇ ਹੀ ਭੱਜ ਜਾਂਦੇ ਹਨ। ਮਿੱਤਰ ਅਤੇ ਦੁਸ਼ਮਣ ਨੂੰ ਪੰਛੀ ਵੀ ਪਛਾਣਦੇ ਹਨ।" ਹੁਣ ਮੈਂ ਉਸ ਦੇ ਮਿੱਤਰਤਾ ਦੇ ਘੇਰੇ ਵਿਚ ਸਾਂ। ਹੁਣ ਹਰ ਰੋਜ਼ ਉਸ ਦੀ ਆਵਾਜ਼ ਨਾਲ ਮੇਰੀ ਪ੍ਰਭਾਤ ਹੁੰਦੀ। ਮੈਂ ਉਸ ਨੂੰ ਦੇਖਦਾ, ਸ਼ਾਇਦ ਉਹ ਵੀ ਮੇਰੀ ਹਾਜ਼ਰੀ ਮਹਿਸੂਸ ਕਰਦੀ।

ਅਚਾਨਕ ਇੱਕ ਦਿਨ ਮੇਰਾ ਭਰਾ ਸਿੰਬਲ ਵੱਢਣ ਲਈ ਖੇਤੋਂ ਬੰਦੇ ਲੈ ਕੇ ਆ ਗਿਆ। ਮੈਂ ਬੰਦਿਆਂ ਨੂੰ ਰੋਕ ਦਿੱਤਾ। ਉਹ ਬੜਾ ਹੈਰਾਨ ਹੋਇਆ। ਮੇਰੇ ਫੈਸਲੇ 'ਤੇ ਆਖਣ ਲੱਗਾ, "ਚੰਗਾ ਬੰਦਾ ਤੂੰ, ਦੋ ਮਹੀਨੇ ਹੋਗੇ ਮੇਰੇ ਮਗਰ ਪਏ ਨੂੰ, ਅੱਜ ਮੈਂ ਮਸਾਂ ਕੰਮ ਤੋਂ ਹਟਾ ਕੇ ਬੰਦੇ ਲੈ ਕੇ ਆਇਆਂ, ਹੁਣ ਕਹਿੰਦਾ ਇਹ ਵੱਢਣਾ ਨਹੀਂ।"

ਮੈਂ ਉਸ ਨੂੰ ਗੰਭੀਰ ਹੋ ਕੇ ਕਿਹਾ, "ਤੜਕੇ ਏਹਦੇ 'ਤੇ ਇੱਕ ਚਿੜੀ ਬਹੁਤ ਵਧੀਆ ਬੋਲਦੀ ਐ। ਉਸ ਨਾਲ ਮੇਰੀ ਇੱਕ ਸਾਂਝ ਜਿਹੀ ਹੋ'ਗੀ। ਜੇ ਸਿੰਬਲ ਵੱਢਦਾਂ, ਉਹ ਵਿਚਾਰੀ ਪਤਾ ਨਹੀਂ ਕਿੱਥੇ ਜਾਊ? ਮੇਰੀ ਗੱਲ 'ਤੇ ਸਾਰੇ ਹੱਸਣ ਲੱਗ ਪਏ। ਪਰ ਸਿੰਬਲ ਦਾ ਰੁੱਖ ਵੱਢ ਹੋਣੋਂ ਬਚ ਗਿਆ।

ਭੂਰੀ ਚਿੜੀ ਹਰ ਰੋਜ਼ ਸਵੇਰੇ ਫਿਰ ਬੋਲੀ, ਜਿਵੇਂ ਮੇਰਾ ਧੰਨਵਾਦ ਕਰ ਰਹੀ ਹੋਵੇ। ਦੋ ਕੁ ਹਫਤਿਆਂ ਬਾਅਦ ਮੈਂ ਅਮਰੀਕਾ ਆ ਗਿਆ, ਪਰ ਅਖੀਰਲੇ ਦਿਨ ਤੱਕ ਵੀ ਮੇਰੀ ਉਸ ਨਾਲ ਸਾਂਝ ਬਣੀ ਰਹੀ।

ਪਰਦੇਸ ਆ ਕੇ ਮਨੁੱਖ ਮਸ਼ੀਨ ਬਣ ਜਾਂਦਾ ਹੈ। ਫੁੱਲਾਂ, ਪੰਛੀਆਂ ਦੀਆਂ ਗੱਲਾਂ ਰੋਟੀ ਦੇ ਚੱਕਰ ਵਿਚ ਬੰਦੇ ਨੂੰ ਕਿੱਥੇ ਯਾਦ ਰਹਿੰਦੀਆਂ ਹਨ! ਮੈਂ ਵੀ ਇੱਥੇ ਆ ਕੇ ਘਰ ਤੋਰਨ ਦੀ ਦੌੜ ਵਿਚ ਸ਼ਾਮਲ ਹੋ ਗਿਆ। ਜਦ ਦੋ ਕੁ ਸਾਲ ਬਾਅਦ ਮੈਂ ਆਪਣੇ ਜੱਦੀ ਘਰ ਵਾਪਸ ਪਰਤਿਆ ਤਾਂ ਸਿੰਬਲ ਦਾ ਰੁੱਖ ਉਥੇ ਨਹੀਂ ਸੀ। ਮੈਂ ਇਸ ਦਾ ਕੋਈ ਖਾਸ ਨੋਟਿਸ ਨਾ ਲਿਆ। ਮੈਨੂੰ ਕਈ ਦਿਨ ਹੋ ਗਏ ਸਨ ਘਰ ਰਹਿੰਦਿਆਂ, ਪਰ ਉਹ ਚਿੜੀ ਕਦੇ ਨਹੀਂ ਸੀ ਬੋਲੀ, ਭਾਵੇਂ ਨਿੰਮ 'ਤੇ ਹੁਣ ਵੀ ਟਾਵੀਆਂ ਟਾਵੀਆਂ ਚਿੜੀਆਂ ਆਪਣਾ ਰਾਗ ਅਲਾਪਦੀਆਂ ਹਨ। ਮੈਨੂੰ ਹੈਰਾਨੀ ਜਰੂਰ ਹੋਈ। ਹੁਣ ਘਰ ਦੇ ਰੁੱਖਾਂ ਤੋਂ ਦੇਸੀ ਚਿੜੀਆਂ ਅਲੋਪ ਸਨ, ਪਰ ਮੈਂ ਭੂਰੀ ਚਿੜੀ ਵਾਲੀ ਗੱਲ ਭੁੱਲ ਭੁਲਾ ਗਿਆ ਸਾਂ।

ਇਨ੍ਹੀਂ ਦਿਨੀਂ ਹੀ ਸਿੱਧੂ ਦਮਦਮੀ ਤੇ ਉਸ ਦੇ ਤਿੰਨ ਕੁ ਹੋਰ ਸਾਥੀ ਭਾਜੀ ਗੁਰਸ਼ਰਨ 'ਤੇ ਇੱਕ ਫਿਲਮ ਬਣਾਉਣ ਦੇ ਸਬੰਧ ਵਿਚ ਮੇਰੇ ਕੋਲ ਠਹਿਰੇ ਸਨ। ਇੱਕ ਦਿਨ ਸਵੇਰੇ ਸਵੇਰੇ ਅਚਾਨਕ ਉਸ ਭੂਰੀ ਚਿੜੀ ਦੀ ਆਵਾਜ਼ ਸੁਣੀ। ਕੈਮਰਾਮੈਨ ਤੇ ਉਸ ਦਾ ਸਾਥੀ ਉਪਰਲੀ ਮੰਜ਼ਿਲ ਦੀ ਟੈਂਕੀ 'ਤੇ ਚੜ੍ਹ ਕੇ ਨਿੰਮ 'ਤੇ ਬੈਠੇ ਪੰਛੀਆਂ ਨੂੰ ਸ਼ੂਟ ਕਰ ਰਹੇ ਸਨ। ਮੈਂ ਵੀ ਆਵਾਜ਼ ਸੁਣ ਕੇ ਬਾਹਰ ਨਿਕਲਿਆ ਤਾਂ ਕੈਮਰਾਮੈਨ ਨੇ ਮੈਨੂੰ ਕਿਹਾ, ਭਾਜੀ ਆਹ ਆਵਾਜ਼ ਵਾਲਾ ਪੰਛੀ ਸਾਡੀ ਪਕੜ ਵਿਚ ਨਹੀਂ ਆ ਰਿਹਾ।

ਜਦ ਮੈਂ ਗਹੁ ਨਾਲ ਦੇਖਿਆ, ਇੱਕ ਚਿੜੀ ਗਵਾਂਢੀਆਂ ਦੇ ਅਸ਼ੋਕ ਟਰੀ 'ਤੇ ਬੈਠੀ ਸਾਡੇ ਨਾਲ ਸਾਂਝ ਪਾ ਰਹੀ ਸੀ। ਮੈਨੂੰ ਇੱਕ ਦਮ ਉਹ ਸਿੰਬਲ ਦੇ ਰੁੱਖ ਵਾਲੀ ਭੂਰੀ ਚਿੜੀ ਯਾਦ ਆਈ। ਮੈਨੂੰ ਲੱਗਾ ਜਿਵੇਂ ਉਹ ਵਾਪਸ ਪਰਤ ਆਈ ਹੋਵੇ ਤੇ ਮੈਨੂੰ ਲਾਹਨਤਾਂ ਪਾ ਰਹੀ ਹੋਵੇ, ਵੇਖ ਹੁਣ ਮੈਂ ਤੇਰੇ ਘਰ ਦੇ ਰੁੱਖ 'ਤੇ ਨਹੀਂ ਬੈਠੀ, ਅਸ਼ੋਕ ਟਰੀ ਵਾਲਾ ਮੇਰਾ ਘਰ ਹੈ।

ਕੈਮਰੇ ਵਾਲਾ ਮੁੰਡਾ ਆਖ ਰਿਹਾ ਸੀ, ਜੇ ਇਹ ਪੰਛੀ ਨਿੰਮ 'ਤੇ ਬੈਠੇ ਪੰਛੀਆਂ ਦੇ ਵਿਚ ਬੈਠਾ ਹੁੰਦਾ ਤਾਂ ਬੜਾ ਵਧੀਆ ਸ਼ੂਟ ਹੋਣਾ ਸੀ। ਮੈਂ ਚੁੱਪ ਰਿਹਾ, ਮੇਰੇ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਮੇਰੇ ਲਈ ਹੁਣ ਘੁੱਗੀਆਂ ਦੇ ਆਲ੍ਹਣੇ ਤੋੜਨ ਦੀ ਘਟਨਾ ਤੇ ਸਿੰਬਲ ਦੇ ਰੁੱਖ ਦੀ ਘਟਨਾ ਇੱਕੋ ਹਾਦਸਾ ਬਣ ਗਿਆ ਸੀ। ਮੈਨੂੰ ਉਸ ਵਕਤ ਇੱਕ ਵਿਦਵਾਨ ਦੇ ਕਹੇ ਸ਼ਬਦ ਚੇਤੇ ਆਏ, "ਮਨੁੱਖ ਕੋਲ ਕੁਝ ਵੀ ਅਜਿਹਾ ਨਹੀਂ ਜੋ ਜਾਨਵਰਾਂ ਲਈ ਲਾਹੇਵੰਦ ਹੋਵੇ, ਪਰ ਜਾਨਵਰਾਂ ਕੋਲ ਬਹੁਤ ਕੁੱਝ ਹੈ, ਜੋ ਮਨੁੱਖ ਲਈ ਸਿੱਖਣਯੋਗ ਹੈ।"

## ਕਾਵਿ ਜਗਤ

### ਉੱਡਣ ਖਟੋਲਾ

ਮੈਂ ਸੀਮਤ ਸੀਮਤ ਬੰਦਾ ਹਾਂ
ਮੇਰੀ ਸੀਮਤ ਜਿਹੀ ਪਰਿਕਰਮਾ ਹੈ।
ਮੈਂ ਆਮ ਜਿਹੀ ਜ਼ਿੰਦਗੀ ਜੀਅ ਰਿਹਾ
ਮੈਂ ਆਮ ਜਿਹੀ ਮੌਤੇ ਮਰਨਾ ਹੈ।
ਖੁਦ ਆਪਣੇ ਹੱਥੋਂ ਹਾਰ ਰਿਹਾਂ
ਕੀ ਦੁਨੀਆਂ ਨੂੰ ਸਰ ਕਰਨਾ ਹੈ।
ਕੋਈ ਝੱਖੜ ਤਾਂ ਮੈਂ ਮੰਗਿਆ ਨਹੀ
ਇਕ 'ਵਾ ਵਰੋਲਾ ਚਾਹੀਦਾ,
ਬੱਸ ਆਂਢ ਗੁਆਂਢ 'ਤੇ ਉੱਡਣਾ ਹੈ
ਇਕ ਉੱਡਣ ਖਟੋਲਾ ਚਾਹੀਦਾ।

ਮੇਰੀ ਭਰੀ ਉਡਾਰੀ ਦੇ ਸਾਹਵੇਂ
ਮੇਰੇ ਪਿੰਡ ਦੀ ਮਿੱਟੀ ਹੱਲੇ ਜੀ
ਹਰ ਅੱਖ ਮੇਰੇ ਵੱਲ ਉੱਠੇ ਜੀ
ਹਰ ਪੈਰ ਮੇਰੇ ਵੱਲ ਚੱਲੇ ਜੀ।
ਹਰ ਬੰਦਾ ਅੰਦਰੋਂ ਬਾਹਰ ਆਏ
ਮੇਰੀ ਕਰਦਾ ਬੱਲੇ ਬੱਲੇ ਜੀ।
ਹਰ ਵਿਹੜਾ ਤਾੜੀਆ ਨਾਲ ਗੂੰਜੇ
ਮਿਲੇ ਹੁਝਕਾ ਰਮਜ਼ ਇਲਾਹੀ ਦਾ,
ਬੱਸ ਆਂਢ ਗੁਆਂਢ 'ਤੇ ਉੱਡਣਾ ਹੈ
ਇਕ ਉੱਡਣ ਖਟੋਲਾ ਚਾਹੀਦਾ।

ਗਿਆਨ ਵਿਗਿਆਨ ਦੀ ਚਾਹਨਾਂ ਨਾ
ਮਨ ਧੂਹ ਜਿਹੀ ਪੈਂਦੀ ਰਹਿੰਦੀ ਹੈ।
ਝੰਡੇ ਝੁਲਣ ਮੇਰੇ ਇਲਮਾਂ ਦੇ
ਇਕ ਧੂਹ ਬੱਸ ਇਹੀਓ ਕਹਿੰਦੀ ਹੈ।
ਇਹ ਚਾਹ 'ਤੇ ਧੂਹ ਵਿਚ ਵੈਰ ਕਥਾ
ਨਿੱਤ ਮੇਰੀ ਰੂਹ 'ਤੇ ਢਹਿੰਦੀ ਹੈ।

ਝੁੱਲ ਝੰਡੇ ਨਹੀਂ ਤਾਂ ਝੰਡੀ ਸਹੀ
ਨਹੀਂ ਜੀਵਨ ਕਿੱਦਾਂ ਗਾਹੀਦਾ,
ਬੱਸ ਆਂਢ ਗੁਆਂਢ 'ਤੇ ਉੱਡਣਾ ਹੈ
ਇਕ ਉੱਡਣ ਖਟੋਲਾ ਚਾਹੀਦਾ।

ਐ ਮਰ ਗਏ ਦਿਉ-ਕੱਦ ਪੁਰਸ਼ੋ ਜੀ
ਮੈਨੂੰ ਮੋਰਾਂ ਉਤੇ ਚੜ੍ਹਨ ਦਿਉ।
ਫਿਰ ਮੁਲਖ ਸਾਹਮਣੇ ਚੋਟੀ 'ਤੇ
ਮੈਨੂੰ ਚੜ੍ਹ ਕੇ ਲੈਕਚਰ ਕਰਨ ਦਿਉ।
ਮੇਰੇ ਬੌਣੇਪਨ ਨੂੰ ਅੰਬਰਾਂ ਤੋਂ
ਡਿਗ ਕੇ ਹੱਤਿਆ ਕਰਨ ਦਿਉ।
ਨਾ ਸਾੜੇ ਪਰ ਚਮਕਾ ਦੇਵੇ
ਮੈਨੂੰ ਐਸਾ ਸ਼ੋਹਲਾ ਚਾਹੀਦਾ,
ਬੱਸ ਆਂਢ ਗੁਆਂਢ 'ਤੇ ਉੱਡਣਾ ਹੈ
ਇਕ ਉੱਡਣ ਖਟੋਲਾ ਚਾਹੀਦਾ।

ਕਰ ਸੈਰ ਸ਼ਹੀਦੀਗਾਹਾਂ ਦੀ
ਮੈਨੂੰ ਤਾਕਤ ਗੈਬੀ ਚਰਨ ਦਿਉ।
ਪਰ੍ਹਾਂ ਹਟ ਜਾਉ ਦੇਵੀ ਦੇਵਤਿਓ
ਮੈਨੂੰ ਰੱਬ ਦੇ ਵਰਗਾ ਬਣਨ ਦਿਉ।
ਕਰ 'ਕੱਠੀ ਇਧਰੋਂ ਉਧਰੋਂ ਜੀ
ਮੈਨੂੰ ਅਮਰ ਉਡਾਰੀ ਭਰਨ ਦਿਉ।
ਬੇਸ਼ਰਮੀ ਦੀ ਹੱਦ ਨਹੀਂ ਮੰਗਦਾ
ਉਂਜ ਕੁਝ ਤਾਂ ਓਹਲਾ ਚਾਹੀਦਾ,
ਬੱਸ ਆਂਢ ਗੁਆਂਢ 'ਤੇ ਉੱਡਣਾ ਹੈ
ਇਕ ਉੱਡਣ ਖਟੋਲਾ ਚਾਹੀਦਾ।

-ਡਾ. ਸੁਖਪਾਲ ਸੰਘੇੜਾ
dr.sukhpal.sanghera@gmail.com

### ਕਵਿਤਾ

ਕਿਉਂ ਰੱਬਾ ਦੋ ਰੰਗ ਬਣਾਏ?
ਚਿੱਟੇ-ਕਾਲੇ ਵਿਚ ਭੇਦ ਤੂੰ ਪਾਏ।
ਚਿੱਟਾ ਹੀ ਚਿੱਟਾ ਕਰਦੇ ਲੋਕੀਂ
ਕਾਲੇ ਨੂੰ ਸਭ ਲਾਹਨਤ ਪਾਏ।
ਕਿਉਂ ਰੱਬਾ ਦੋ ਰੰਗ ਬਣਾਏ?

ਚਿੱਟੇ ਦੀਆਂ ਸਭ ਕਰਨ ਤਾਰੀਫਾਂ
ਕੋਈ ਨਾ ਕਾਲੇ ਨੂੰ ਸਲਾਹੇ।
ਚਿੱਟੇ ਨੂੰ ਸਭ ਆਖਣ ਚੰਗਾ
ਕਾਲੇ ਨੂੰ ਫਿਟਕਾਰਾਂ ਪਾਏ।
ਕਿਉਂ ਰੱਬਾ ਦੋ ਰੰਗ ਬਣਾਏ?

-ਕਿਰਨਪ੍ਰੀਤ ਕੌਰ
ਫੋਨ: +4368864013133

### ਦੇਖ ਮਾਮਲੇ!

ਇੱਕੋ ਥਾਂ 'ਤੇ ਜੰਮ ਕੇ ਗੱਡੀ ਚਲਦੀ ਨਾ,
ਰਾਹੀ ਬਣਨਾ ਪੈਂਦਾ ਬਿਖੜੇ ਰਾਹਾਂ ਦੇ।
ਗੱਡੀ ਇੱਕ ਸਟੇਸ਼ਨ ਉਤੇ ਰੁਕਦੀ ਨਾ,
ਰਹਿ ਜਾਂਦੇ ਨੇ ਰੋਂਦੇ ਚੂੜੇ ਬਾਹਾਂ ਦੇ।

ਜਿੱਥੇ ਆਹਾਂ ਚੁੱਪ ਚੁਪੀਤੇ ਦੱਬੀਆਂ ਨੇ,
ਉਹ ਵਿਹੜੇ ਤਾਂ ਹੁੰਦੇ ਵੱਡਿਆਂ ਸ਼ਾਹਾਂ ਦੇ।
ਐਵੇਂ ਬਿਨਾਂ ਕਰ ਕਰ ਧਰਤ ਲਬੇੜੀ ਹੈ,
ਹੁੰਦੇ ਪਰ ਉਹ ਭਾਈ 'ਮਾਮਲੇ' ਤਾਹਾਂ ਦੇ।

ਦਾਲਾਂ ਦੇ ਵਿਚ ਕਾਲਾ ਕਹਿੰਦੇ ਹੁੰਦਾ ਹੈ,
ਪਰ ਅੰਦਰ ਖਾਤੇ ਬਣੇ ਕੋਕੜੂ ਮਾਹਾਂ ਦੇ।
ਚਾਰੇ ਪਾਸੇ ਲੱਗਿਆ ਪਹਿਰਾ ਵਿਸਕੀ ਦਾ,
ਰੌਲੇ ਮੁੱਕੇ ਲੱਸੀਆਂ ਦੇ ਨਾਲ ਚਾਹਾਂ ਦੇ।
ਨਹੀਂ ਭਰੋਸਾ ਇੱਥੇ ਲੰਮੀਆਂ ਡੋਰਾਂ ਦਾ,
ਦੇਖ ਮਾਮਲੇ ਆ ਕੇ ਟੁੱਟਿਆਂ ਸਾਹਾਂ ਦੇ।

-ਹਰਜਿੰਦਰ ਗੁਲਪੁਰ

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਂਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

**ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ**

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

ਫੋਨ: 317-750-1900

# 5aab CDL Learning Center

445 Commerce Square, Columbus, OH 43228

Email: info@5aabcdl.com www.5aabcdl.com



ਟਰੱਕ ਟਰੇਲਰ ਚਲਾਉਣਾ 4 ਹਫਤਿਆਂ ਵਿਚ ਸਿੱਖੋ

ਆਪਣੀ ਰਿਹਾਇਸ਼ ਵਾਲੀ ਸਟੇਟ ਤੋਂ ਲਰਨਿੰਗ ਪਰਮਿਟ ਲਿਆਓ ਤੇ ਓਹਾਇਓ 'ਚ ਟਰੇਨਿੰਗ ਲਓ ਤੇ ਟੈਸਟ ਦੇ ਕੇ ਆਪਣੀ ਸਟੇਟ ਤੋਂ ਸੀ.ਡੀ.ਐਲ. ਕਲਾਸ ਏ ਲਾਇਸੈਂਸ ਲਓ।

*ਵਧੀਆ ਇਕੁਇਪਮੈਂਟ ਅਤੇ ਟਰੇਨਿੰਗ ਸੈਂਟਰ
*ਮਾਹਿਰ ਇੰਸਟਰਕਟਰਾਂ ਤੋਂ ਹੱਥੋ ਹੱਥ ਮੁਕੰਮਲ ਟਰੇਨਿੰਗ
*ਛੋਟੇ ਸਾਈਜ਼ ਦੀਆਂ ਕਲਾਸਾਂ ਹੱਥੀਂ ਟਰੇਨਿੰਗ ਲਈ ਚੋਖਾ ਸਮਾਂ
*Small class sizes with plenty of hands on time.

**5ਆਬ ਸੀ.ਡੀ.ਐਲ. ਲਰਨਿੰਗ ਸੈਂਟਰ**

ਸੰਪਰਕ ਕਰੋ, ਫੋਨ: 614-423-6861
614-749-6718

# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**